**GS CPA, INC.**
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
*Certified Public Accountant*
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

**AMANTEL.COM**
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
*24/7 Customer Service*
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268, 732-983-4332/4333

**PJ Insurance, Inc.**
5450 Lafayette Road, Suite # 3, Indianapolis, IN 46254
For All Your Insurance Needs.
Life, Health & Disability insurance
Home, Auto, Commercial, Worker Comp, Business
General Liability & other
"Ask us for new Obamacare health insurance quote"
*Contact: Satvir K. Singh*
*Office Manager*
Ph:317-248-4802
Email: info@pjinsuranceinc.com

USPS - PP 1
Fifteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 30, July 26, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਬਾਦਲਾਂ ਲਈ ਵੰਗਾਰ ਬਣ ਗਈ ਵੱਖਰੀ ਕਮੇਟੀ

## ਖੁਰ ਰਹੀ ਸਾਖ ਬਹਾਲ ਕਰਨ ਲਈ ਹੋਏ ਤਰਲੋਮੱਛੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਨੂੰ ਲੈ ਕੇ ਹਾਲਾਤ ਬੇਹੱਦ ਪੇਚੀਦਾ ਅਤੇ ਤਣਾਅਪੂਰਨ ਬਣ ਗਏ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪਣੀ ਖੁਰ ਰਹੀ ਸਾਖ ਨੂੰ ਬਹਾਲ ਕਰਨ ਲਈ ਇਹ ਮੁੱਦਾ ਕਿਸੇ ਵੀ ਹਾਲਤ ਵਿਚ ਹੱਥੋਂ ਜਾਣ ਨਹੀਂ ਦੇਣਾ ਚਾਹੁੰਦਾ ਅਤੇ ਇਸ ਮਕਸਦ ਲਈ ਮੋਰਚਾ ਲਾਉਣ ਦੇ ਰੌਂਅ ਵਿਚ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਲੋੜ ਪੈਣ 'ਤੇ ਕਿਸੇ ਵੀ ਲਹਿਰ ਦੀ ਅਗਵਾਈ ਕਰਨ ਲਈ ਤਿਆਰ ਹਨ ਤੇ ਇਸ ਕਾਰਜ ਲਈ ਉਹ ਆਪਣੇ ਅਹੁਦੇ ਤੋਂ ਅਸਤੀਫਾ ਵੀ ਦੇ ਸਕਦੇ ਹਨ।

ਦੂਜੇ ਪਾਸੇ ਵੱਖਰੀ ਕਮੇਟੀ ਦੇ ਹਮਾਇਤੀਆਂ ਨੇ ਦੋਸ਼ ਲਾਇਆ ਹੈ ਕਿ ਕਿ ਸ. ਬਾਦਲ ਲੋਕਾਂ ਦਾ ਧਿਆਨ ਪੰਜਾਬ ਦੇ ਅਸਲ ਮੁੱਦਿਆਂ ਤੋਂ ਪਾਸੇ ਕਰਨਾ ਚਾਹੁੰਦੇ ਹਨ ਤੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦੀ ਗੱਦੀ ਸੌਂਪਣ ਲਈ ਬਹਾਨਾ ਬਣਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ. ਬਾਦਲ ਹਰਿਆਣਾ ਵਿਚ ਸਿੱਖਾਂ ਖ਼ਿਲਾਫ਼ ਮੋਰਚਾ ਖੋਲ੍ਹ ਕੇ ਹਰ ਫਰੰਟ 'ਤੇ ਆਪਣੀ ਸਰਕਾਰ ਦੀ ਅਸਫ਼ਲਤਾ ਤੇ ਭ੍ਰਿਸ਼ਟਾਚਾਰ ਨੂੰ ਛੁਪਾਉਣਾ ਚਾਹੁੰਦੇ ਹਨ। ਅਸਲ ਵਿਚ ਲੋਕ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਅੰਦਰ ਵੱਡਾ ਵਾਵਰੋਲਾ ਉੱਠਿਆ ਹੈ। ਟਕਸਾਲੀ ਆਗੂਆਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਜਸ਼ੈਲੀ 'ਤੇ ਬੜੇ ਤਿੱਖੇ ਰੂਪ ਵਿਚ ਸਵਾਲ ਉਠਾਏ ਹਨ। ਅਕਾਲੀ ਦਲ ਦੇ ਅੰਦਰ ਇਹ ਧਾਰਨਾ ਉਭਰ ਕੇ ਸਾਹਮਣੇ ਆਈ ਹੈ ਕਿ ਦਲ, ਪੰਥਕ ਏਜੰਡੇ ਤੋਂ ਲਾਂਭੇ ਜਾ ਰਿਹਾ ਹੈ ਜਿਸ ਕਰ ਕੇ ਇਸ ਦੀ ਪਕੜ ਸਿੱਖ ਵੋਟਰਾਂ ਵਿਚ ਘਟੀ ਹੈ। ਵਿਰੋਧੀ ਧਿਰਾਂ ਇਲਜ਼ਾਮ ਲਾ ਰਹੀਆਂ ਹਨ ਕਿ ਪਾਰਟੀ ਅੰਦਰਲੀ ਇਸ ਵਿਰੋਧੀ ਲਹਿਰ ਨੂੰ ਠੱਲ੍ਹਣ ਲਈ ਮੁੱਖ ਮੰਤਰੀ ਬਾਦਲ ਵੱਖਰੀ ਕਮੇਟੀ ਦੇ ਮੁੱਦੇ ਨੂੰ ਵਰਤਣਾ ਚਾਹੁੰਦੇ ਹਨ।

ਵੱਖਰੀ ਕਮੇਟੀ ਦੇ ਹਮਾਇਤੀਆਂ ਨੇ ਸਵਾਲ ਉਠਾਇਆ ਹੈ ਕਿ ਦਿੱਲੀ ਕਮੇਟੀ ਲਈ ਦਿੱਲੀ ਸਰਕਾਰ, ਮਹਾਰਾਸ਼ਟਰ ਕਮੇਟੀ ਲਈ ਮਹਾਰਾਸ਼ਟਰ ਸਰਕਾਰ, ਬਿਹਾਰ ਕਮੇਟੀ ਲਈ ਬਿਹਾਰ ਸਰਕਾਰ ਵੱਲੋਂ ਗੁਰਦੁਆਰਾ ਐਕਟ ਪਾਸ ਕੀਤੇ ਗਏ ਸਨ। ਇਸ ਲਈ ਹਰਿਆਣਾ ਸਰਕਾਰ ਨੇ ਐਕਟ ਬਣਾ ਕੇ ਕਿਹੜੀ ਅਨੋਖੀ ਗੱਲ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 1970 ਵਿਚ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਨੇ ਦਿੱਲੀ ਕਮੇਟੀ ਬਣਾਉਣ ਲਈ ਮੋਰਚਾ ਲਾਇਆ ਸੀ ਅਤੇ ਹੁਣ ਹਰਿਆਣੇ ਦੇ ਸਿੱਖਾਂ ਲਈ ਦੋਹਰਾ ਮਿਆਰ ਕਿਉਂ ਅਪਣਾਇਆ ਜਾ ਰਿਹਾ ਹੈ।

ਉਧਰ, ਹਰਿਆਣਾ ਦੇ ਗੁਰਦੁਆਰਿਆਂ ਅਤੇ ਗੋਲਕ 'ਤੇ ਨਜ਼ਰ ਰੱਖਣ ਲਈ ਅਕਾਲੀ ਦਲ ਨੇ ਸੀਨੀਅਰ ਆਗੂਆਂ, ਸ਼੍ਰੋਮਣੀ ਕਮੇਟੀ ਮੈਂਬਰਾਂ, ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ ਜਿਸ ਕਾਰਨ ਹਰਿਆਣਾ ਦੇ ਸਿੱਖਾਂ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਟਕਰਾਅ ਦੇ ਆਸਾਰ ਬਣ ਗਏ ਹਨ। ਸੂਤਰਾਂ ਅਨੁਸਾਰ ਅੰਮ੍ਰਿਤਸਰ ਹੈੱਡਕੁਆਰਟਰ ਤੋਂ ਤਕਰੀਬਨ 100 ਮੁਲਾਜ਼ਮ ਤੇ ਅੰਮ੍ਰਿਤਸਰ ਤੋਂ ਬਾਹਰਲੇ ਗੁਰਦੁਆਰਿਆਂ ਤੋਂ ਤਕਰੀਬਨ 250 ਮੁਲਾਜ਼ਮਾਂ ਦੀ ਡਿਊਟੀ ਹਰਿਆਣਾ ਤਬਦੀਲ ਕਰ ਦਿੱਤੀ ਗਈ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦਾ ਇਸ ਬਾਰੇ ਕਹਿਣਾ ਹੈ ਕਿ ਅਕਾਲੀ ਆਗੂ ਹਰਿਆਣਾ ਦੇ

*(ਬਾਕੀ ਸਫਾ 6 'ਤੇ)*


## ਹਰਿਆਣਾ ਦੇ ਸਿੱਖ ਆਪਣੇ ਫੈਸਲੇ 'ਤੇ ਦ੍ਰਿੜ੍ਹ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਵਿਰੋਧ ਦਾ ਜਵਾਬ ਦੇਣ ਲਈ ਹਰਿਆਣਾ ਦੇ ਸਿੱਖ ਵੀ ਦ੍ਰਿੜ੍ਹ ਹਨ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਆਗੂਆਂ ਨੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵੱਲੋਂ 27 ਜੁਲਾਈ ਨੂੰ ਅੰਮ੍ਰਿਤਸਰ ਵਿਚ ਕੀਤੇ ਜਾ ਰਹੇ ਸਿੱਖ ਇਕੱਠ ਤੋਂ ਅਗਲੇ ਦਿਨ 28 ਜੁਲਾਈ ਨੂੰ ਕਰਨਾਲ ਵਿਚ ਸਿੱਖ ਕਨਵੈਨਸ਼ਨ ਸੱਦੀ ਹੈ ਜਿਸ ਵਿਚ ਹਰਿਆਣਾ ਦੇ ਗੁਰਦੁਆਰਿਆਂ 'ਤੇ ਕਬਜ਼ੇ ਹਟਾਉਣ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਵੱਖਰੀ ਕਮੇਟੀ ਦੇ ਆਗੂਆਂ ਨੇ ਦੇਸ਼ ਭਰ ਦੇ ਸਿੱਖਾਂ ਨੂੰ ਕਨਵੈਨਸ਼ਨ ਵਿਚ ਹਿੱਸਾ ਲੈਣ ਲਈ ਸੱਦਾ ਦੇਣ ਦਾ ਫੈਸਲਾ ਕੀਤਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਆਗੂਆਂ ਨੇ 28 ਜੁਲਾਈ ਨੂੰ ਕਰਨਾਲ ਦੇ ਡੇਰਾ ਕਾਰ ਸੇਵਾ ਵਿਚ ਦੇਸ਼ ਭਰ ਦੇ ਸਿੱਖਾਂ ਦੀ ਕਨਵੈਨਸ਼ਨ ਬੁਲਾਉਣ ਦਾ ਫੈਸਲਾ

*(ਬਾਕੀ ਸਫਾ 6 'ਤੇ)*



*ਸ਼ਿਕਾਗੋ: ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਦੇ 20 ਜੁਲਾਈ ਨੂੰ ਸ਼ਾਮਬਰਗ ਦੇ ਬੂਮਰਜ਼ ਬੇਸਬਾਲ ਸਟੇਡੀਅਮ ਵਿਚ ਹੋਏ 12ਵੇਂ ਖੇਡ ਤੇ ਸਭਿਆਚਾਰਕ ਪ੍ਰੋਗਰਾਮ ਵਿਚ ਨਾਮੀ ਕਬੱਡੀ ਖਿਡਾਰੀਆਂ ਨੇ ਖੇਡ ਦਾ ਚੰਗਾ ਪ੍ਰਦਰਸ਼ਨ ਕੀਤਾ। ਕਬੱਡੀ ਦੇ ਫਾਈਨਲ ਮੁਕਾਬਲੇ ਵਿਚ ਮਿਲਵਾਕੀ ਸਪੋਰਟਸ ਕਲੱਬ ਨੇ ਇੰਡੀਆਨਾ ਦੀ ਟੀਮ ਨੂੰ ਹਰਾ ਕੇ ਕੱਪ ਉਤੇ ਕਬਜ਼ਾ ਕਰ ਲਿਆ। ਕਬੱਡੀ ਮੁਕਾਬਲਿਆਂ ਪਿਛੋਂ ਗੁਰਦਾਸ ਮਾਨ ਨੇ ਆਪਣੀ ਗਾਇਕੀ ਦੇ ਖੁੱਲ੍ਹੇ ਅਖਾੜੇ ਰਾਹੀਂ ਸਰੋਤਿਆਂ ਨੂੰ ਨਿਹਾਲ ਕੀਤਾ। ਇਸ ਪ੍ਰੋਗਰਾਮ ਦਾ ਸਿਖਰ ਉਸ ਦਾ ਗੀਤ 'ਛੱਲਾ' ਸੀ। ਤਸਵੀਰ ਵਿਚ ਗੁਰਦਾਸ ਮਾਨ ਪ੍ਰੋਗਰਾਮ ਪੇਸ਼ ਕਰਦਿਆਂ (ਵਿਸਤ੍ਰਿਤ ਰਿਪੋਰਟ ਅਗਲੇ ਅੰਕ 'ਚ)*

**Dhade & Associates, PC**
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ

Herman Singh Dhade
Immigration Lawyer
Ph:248-254-3441
Fax:(248) 254-3443 www.eagle.pro, Email: info@eagle.pro
7071 Orchard Lake Rd, Suite 320, W. Bloomfield, MI 48322

Estb. 1975
**World Wide Travel**
www.fly2world.com
ਸਸਤੇ ਟਿਕਟ ਬਿਹਤਰ ਸੇਵਾ
DETROIT 734 838 9998
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa American Airlines

ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ

# ਪੰਜਾਬੀ ਮੇਲਾ PUNJABI MELA

## ਸਨਿਚਰਵਾਰ, ਅਗਸਤ 9, 2014, Sat. Aug. 9, 2014

*Starts @10:00 a.m.*

*at Busse Woods Forest Preserve, Elk Grove Village, IL 60007*

"ਸਉਣ ਵੀਰ 'ਕੱਠੀਆਂ ਕਰੇ ਭਾਦੋਂ ਚੰਦਰੀ ਵਿਛੋੜੇ ਪਾਵੇ"

## ਧੀਆਂ ਦੀਆਂ ਤੀਆਂ Dheeyan Deeyan Teeyan

1st time @ PHO's PUNJABI MELA starts 2:00 pm





Contact:
Jasbir Kaur Mann (847) 890-2390
Beant Kaur Virk (262) 412-2068
Raj Kaur Randhawa







ਖੇਡਾਂ Sports



ਬੱਚਿਆਂ ਦਾ ਦਸਤਾਰ ਮੁਕਾਬਲਾ





ਵੰਨ ਸੁਵੰਨਾ ਪਹਿਰਾਵਾ ਮੁਕਾਬਲਾ
Fancy Dress Competition

ਔਰਤਾਂ ਦੀ ਲੰਬੀ ਗੁੱਤ ਲਈ ਇਨਾਮ (ਪਰਾਂਦੇ ਤੋਂ ਬਿਨਾਂ)

## ਰਿਵਾਇਤੀ ਪਹਿਰਾਵਾ ਮੁਕਾਬਲਾ

Punjabi Dress Competition
for children, teen, adult & senior
(Male & Female)

ਵਾਲੀਬਾਲ, ਕਬੱਡੀ ਸ਼ੋਅ ਮੈਚ, ਮਲਵਈ ਗਿੱਧਾ ਅਤੇ ਹੋਰ ਸਭਿਆਚਾਰਕ ਵੰਨਗੀਆਂ।

ਹੋਰ ਜਾਣਕਾਰੀ ਲਈ ਫੋਨ ਕਰੋ: (630) 549-5983, (847) 975-3877, (847) 833-5340

Manminder Singh Bhathal (630) 549-5983, Harjit Singh Gill (847) 833-5340, Mohinderjit Singh Rakalla (630) 878-9833, Lakhbir Singh Sandhu (847) 975-3877, Tony Sanghera (630) 728-5490, Dr. Harjinder Singh Khaira (630) 479-0031, Darshan Singh Basraon (815) 557-4991, Roopwinder Singh Dhillon (630) 504-8584, Bikram Singh Sidhu (630) 330-8682 Paramjit Singh Sangha (224) 388-9393, Tejinder Singh Minhas (630) 803-1877, Jairam Singh Kahlon (224) 456-8096,

## PUNJABI HERITAGE ORGANIZATION OF CHICAGO

P.O. BOX 2556, PALATINE, IL. 60078

( PHO is a non-profit community organization dedicated to promote Punjabi cultural heritage, sports and social events.)

Website: www.phochicago.org Email: phochicago@hotmail.com

ਪੰਜਾਬ ਟਾਈਮਜ਼ Nilesh Topiwala Desi Junction radio Spot Printing hello nri ਅੰਮ੍ਰਿਤਸਰ ਟਾਈਮਜ਼

# ਕਾਟਜੂ ਦੇ ਦੋਸ਼ਾਂ ਪਿੱਛੋਂ ਛਿੜੀ ਸ਼ਬਦੀ ਜੰਗ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਨੇ ਤਿੰਨ ਸਾਬਕਾ ਚੀਫ ਜਸਟਿਸ 'ਤੇ ਦੋਸ਼ ਲਾ ਕੇ ਨਵਾਂ ਵਿਵਾਦ ਪੈਦਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਯੂ.ਪੀ.ਏ. ਦੇ ਰਾਜਕਾਲ ਦੌਰਾਨ ਤਾਮਿਲਨਾਡੂ ਵਿਚ ਇਕ ਭ੍ਰਿਸ਼ਟ ਜੱਜ ਦੀ ਬਹਾਲੀ ਲਈ ਸਾਬਕਾ ਚੀਫ ਜਸਟਿਸਾਂ ਨੇ 'ਗਲਤ ਸਮਝੌਤੇ' ਕੀਤੇ। ਸ੍ਰੀ ਕਾਟਜੂ ਮੁਤਾਬਕ ਜਸਟਿਸ ਆਰ.ਸੀ. ਲਾਹੋਟੀ, ਵਾਈ.ਕੇ. ਸਭਰਵਾਲ ਤੇ ਕੇ.ਜੀ. ਬਾਲਾਕ੍ਰਿਸ਼ਨਨ ਨੇ ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਦੇ ਬਾਵਜੂਦ ਇਸ ਜੱਜ ਨੂੰ ਅਹੁਦੇ 'ਤੇ ਬਣਾਈ ਰੱਖਿਆ। ਤਾਮਿਲਨਾਡੂ ਦੀ ਇਕ ਪਾਰਟੀ (ਡੀ.ਐਮ.ਕੇ.) ਦੇ ਦਬਾਅ ਹੇਠ ਯੂ.ਪੀ.ਏ. ਸਰਕਾਰ ਨੇ ਇਸ ਜੱਜ ਨੂੰ ਬਣਾਈ ਰੱਖਿਆ।



ਜਸਟਿਸ ਕਾਟਜੂ ਦੇ ਦੋਸ਼ਾਂ ਵਾਲਾ ਇਹ ਬਿਆਨ ਸੰਸਦ ਵਿਚ ਵੀ ਗੂੰਜਿਆ ਤੇ ਅੰਨਾ ਡੀ.ਐਮ.ਕੇ. ਦੇ ਸੰਸਦ ਮੈਂਬਰਾਂ ਨੇ ਸ਼ੋਰ-ਸ਼ਰਾਬਾ ਕੀਤਾ। ਲੋਕ ਸਭਾ ਵਿਚ ਪਾਰਟੀ ਮੈਂਬਰਾਂ ਨੇ ਦੋਸ਼ ਲਾਇਆ ਕਿ ਡੀ.ਐਮ.ਕੇ. ਤੇ ਸਾਬਕਾ ਯੂ.ਪੀ.ਏ. ਸਰਕਾਰ ਨੇ ਜੱਜਾਂ ਦੀ ਨਿਯੁਕਤੀ ਵਿਚ ਦਖਲ ਦਿੱਤਾ।

ਜਸਟਿਸ ਕਾਟਜੂ ਨੇ ਦਾਅਵਾ ਕੀਤਾ ਕਿ ਭ੍ਰਿਸ਼ਟਾਚਾਰ ਦੇ ਦੋਸ਼ੀ ਜੱਜ ਨੂੰ ਇਸ ਲਈ ਤਰੱਕੀ ਦਿੱਤੀ ਗਈ ਕਿਉਂਕਿ ਉਨ੍ਹਾਂ ਜ਼ਿਲ੍ਹਾ ਜੱਜ ਰਹਿੰਦਿਆਂ ਤਾਮਿਲਨਾਡੂ ਪਾਰਟੀ ਦੇ ਇਕ ਆਗੂ ਨੂੰ ਜ਼ਮਾਨਤ ਦਿੱਤੀ ਸੀ। ਯੂ.ਪੀ.ਏ. ਉਸ ਸਮੇਂ ਕਸੂਤੀ ਹਾਲਤ ਵਿਚ ਫਸੀ ਹੋਈ ਸੀ ਕਿਉਂਕਿ ਉਸ ਨੂੰ ਭਾਈਵਾਲਾਂ ਤੋਂ ਸਮਰਥਨ ਲੈਣਾ ਪੈ ਰਿਹਾ ਸੀ। ਕਈ ਸਾਲਾਂ ਬਾਅਦ ਇਹ ਮਾਮਲਾ ਚੁੱਕਣ ਬਾਰੇ ਸ੍ਰੀ ਕਾਟਜੂ ਨੇ ਕਿਹਾ ਕਿ ਸਮੇਂ ਦੀ ਗੱਲ ਨਹੀਂ ਹੈ, ਸਗੋਂ ਇਸ ਮਾਮਲੇ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਸ੍ਰੀ ਕਾਟਜੂ ਵੱਲੋਂ ਲਾਏ ਗਏ ਦੋਸ਼ਾਂ ਤੋਂ ਛਿੜੇ ਵੱਡੇ ਵਿਵਾਦ ਕਾਰਨ ਹੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਸੰਸਦ ਨੂੰ ਇਹ ਦੱਸਣ ਦਾ ਮੌਕਾ ਮਿਲ ਗਿਆ ਕਿ ਜੱਜਾਂ ਦੀ ਨਿਯੁਕਤੀ ਪ੍ਰਣਾਲੀ ਵਿਚ ਸੋਧ ਕਰਨ ਦੀ ਲਾਜ਼ਮੀ ਲੋੜ ਹੈ ਤੇ ਸਰਕਾਰ ਇਸ ਮੰਤਵ ਲਈ ਕੌਮੀ ਨਿਆਂਇਕ ਕਮਿਸ਼ਨ ਨਿਯੁਕਤ ਕਰਨ ਦੀ ਇੱਛੁਕ ਹੈ। ਇਸ ਵੇਲੇ ਪ੍ਰੈਸ ਕੌਂਸਲ ਦੇ ਚੇਅਰਮੈਨ ਕਾਟਜੂ ਆਪਣੇ ਬਿਆਨ 'ਤੇ ਅਜੇ ਵੀ ਕਾਇਮ ਹਨ।

# ਪੰਜਾਬ ਵਿਚ 'ਆਪ' ਦਾ ਭਵਿੱਖ ਜ਼ਿਮਨੀ ਚੋਣ ਤੈਅ ਕਰੇਗੀ

**ਨਵੀਂ ਦਿੱਲੀ (ਬਿਊਰੋ):** ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੀਆਂ ਦੋ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਲੜਨ ਦੀ ਯੋਜਨਾ ਉਲੀਕੀ ਜਾ ਰਹੀ ਹੈ। ਪਾਰਟੀ ਵੱਲੋਂ ਆਉਣ ਵਾਲੇ ਦਿਨਾਂ ਵਿਚ ਉਮੀਦਵਾਰਾਂ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

ਪੰਜਾਬ ਮਾਮਲਿਆਂ ਦੇ ਨਿਗਰਾਨ ਜਰਨੈਲ ਸਿੰਘ ਨੇ ਦੱਸਿਆ ਕਿ ਪੰਜਾਬ ਦੀ ਆਰਜ਼ੀ ਕਾਰਜਕਾਰਨੀ ਦੀ ਬੈਠਕ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਦਿੱਲੀ ਵਿਖੇ ਹੋਈ ਜਿਸ ਵਿਚ ਪਾਰਟੀ ਦੇ ਚਾਰੇ ਸੰਸਦ ਮੈਂਬਰ, ਕਾਰਜਕਾਰਨੀ ਮੈਂਬਰ ਐਚ.ਐਸ. ਫੂਲਕਾ, ਡਾ. ਦਲਜੀਤ ਸਿੰਘ ਤੇ ਸੁੱਚਾ ਸਿੰਘ ਛੋਟੇਪੁਰ ਤੋਂ ਇਲਾਵਾ ਪਾਰਟੀ ਦੇ ਬੁਲਾਰੇ ਆਸ਼ੂਤੋਸ਼ ਤੇ ਗੋਪਾਲ ਰਾਇ ਸ਼ਾਮਲ ਹੋਏ।

ਇਸ ਦੌਰਾਨ ਇਹ ਰਾਇ ਬਣੀ ਕਿ ਪੰਜਾਬ ਦੇ ਦੋਵਾਂ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ 'ਆਪ' ਵੱਲੋਂ ਲੜੀ ਜਾਵੇ। ਜ਼ਿਮਨੀ ਚੋਣ ਬਾਰੇ ਆਮ ਆਦਮੀ ਪਾਰਟੀ ਦੀ ਕੌਮੀ ਕਾਰਜਕਾਰਨੀ ਵਿਚ ਮਾਮਲਾ ਵਿਚਾਰਿਆ ਜਾਵੇਗਾ ਤੇ ਫ਼ੈਸਲਾ ਹੋਣ 'ਤੇ ਉਮੀਦਵਾਰਾਂ ਦੀ ਚੋਣ ਦੇ ਮਾਮਲੇ ਵੀ ਵਿਚਾਰੇ ਜਾਣਗੇ।

ਬੈਠਕ ਵਿਚ ਹਰਿਆਣਾ ਸਰਕਾਰ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਵੀ ਚਰਚਾ ਕੀਤੀ ਗਈ। ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਵੱਲੋਂ ਪੰਜਾਬ ਦੀਆਂ ਚੋਣਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਪਾਰਟੀ ਵੱਲੋਂ ਸੁਨਾਮ ਵਿਖੇ ਕੀਤੀ ਜਾਣ ਵਾਲੀ ਕੌਮੀ ਕਾਰਜਕਾਰਨੀ ਦੀ ਬੈਠਕ ਲਈ ਤਿਆਰੀ ਜ਼ੋਰਾਂ 'ਤੇ ਹੈ।

# ਪੰਜਾਬ 'ਚ 1250 ਕਰੋੜ ਕੀਟਨਾਸ਼ਕਾਂ 'ਤੇ ਖ਼ਰਚ

**ਲੁਧਿਆਣਾ:** ਪੰਜਾਬ ਦੇ ਕਿਸਾਨਾਂ ਨੂੰ ਦਿਨੋ-ਦਿਨ ਆਰਥਿਕ ਮੰਦਹਾਲੀ ਵਾਲੇ ਪਾਸੇ ਲੈ ਕੇ ਜਾਣ ਲਈ ਜਿਥੇ ਸਰਕਾਰਾਂ ਤੇ ਹੋਰ ਸਾਧਨ ਜ਼ਿੰਮੇਵਾਰ ਹਨ, ਉਥੇ ਕਿਸਾਨ ਦੇ ਖ਼ੂਨ ਪਸੀਨੇ ਦੀ ਕਮਾਈ ਵਿਚੋਂ 1250 ਕਰੋੜ ਰੁਪਏ ਦੀ ਵੱਡੀ ਰਕਮ ਕੀਟਨਾਸ਼ਕਾਂ 'ਤੇ ਖਰਚ ਹੁੰਦੀ ਹੈ। ਕਿਸਾਨ ਹਾੜੀ ਤੇ ਸਾਉਣੀ ਦੀਆਂ ਫ਼ਸਲਾਂ ਸਮੇਂ ਆਪਣੀਆਂ ਕਣਕ ਤੇ ਝੋਨੇ ਤੋਂ ਇਲਾਵਾ ਹੋਰ ਜਿਣਸਾਂ ਨੂੰ ਕੀਟਾਂ ਤੋਂ ਬਚਾਉਣ ਲਈ ਵੱਖ-ਵੱਖ ਕਿਸਮ ਦੀਆਂ ਦਵਾਈਆਂ ਦੀ ਸਪਰੇਅ ਕਰਦੇ ਹਨ, ਜਿਸ ਨਾਲ ਕਿਸਾਨਾਂ ਦੀਆਂ ਜਿਣਸਾਂ ਨੂੰ ਲੱਗਣ ਵਾਲੀ ਬਿਮਾਰੀ ਤੋਂ ਤਾਂ ਛੁਟਕਾਰਾ ਮਿਲ ਜਾਂਦਾ ਹੈ, ਪਰ ਕੀਟਨਾਸ਼ਕਾਂ ਦੇ ਸਪਰੇਅ ਵਾਲੀਆਂ ਜਿਣਸਾਂ ਕਿਸਾਨਾਂ ਨੂੰ ਆਰਥਿਕ ਪੱਖੋਂ ਤੇ ਇਨ੍ਹਾਂ ਜਿਣਸਾਂ ਨੂੰ ਖਾਣ ਵਾਲੇ ਲੋਕਾਂ ਨੂੰ ਸਿਹਤ ਪੱਖੋਂ ਕਾਫ਼ੀ ਵੱਡਾ ਨੁਕਸਾਨ ਪਹੁੰਚਾਉਂਦੀਆਂ ਹਨ।

ਦੂਜੇ ਪਾਸੇ ਜੇਕਰ ਕਿਸਾਨਾਂ ਦੀ ਗੱਲ ਕਰੀਏ ਤਾਂ ਉਹ ਕਹਿੰਦੇ ਹਨ ਕਿ ਕੀਟਨਾਸ਼ਕਾਂ ਦਾ ਸਪਰੇਅ ਨਾ ਕਰਨ ਨਾਲ ਉਨ੍ਹਾਂ ਦੀਆਂ ਜਿਣਸਾਂ ਨੂੰ ਗੁੱਲੀ ਡੰਡਾ, ਪੀਲੀ ਕੁੰਗੀ, ਜੜ੍ਹਾਂ ਗਲਣਾ ਦੀ ਬਿਮਾਰ ਤੋਂ ਇਲਾਵਾ ਕਈ ਕਿਸਮ ਤੇ ਕੀੜੇ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਉਨ੍ਹਾਂ ਨੂੰ ਮਜ਼ਬੂਰੀ ਵੱਸ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਪੈਂਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਤੇ ਖੇਤੀ ਵਿਰਾਸਤ ਮਿਸ਼ਨ ਵਰਗੇ ਸਵੈ-ਸੇਵੀ ਅਦਾਰੇ ਕਿਸਾਨਾਂ ਨੂੰ ਕੀਟਨਾਸ਼ਕਾਂ ਦੀ ਵਰਤੋਂ ਘਟਾ ਕੇ ਘਰੇਲੂ ਤਰੀਕਿਆਂ ਨਾਲ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਦਾ ਸੁਝਾਅ ਦਿੰਦੇ ਹਨ, ਪਰ ਇਸ ਪ੍ਰਣਾਲੀ 'ਤੇ ਜ਼ਿਆਦਾ ਮਿਹਨਤ ਤੇ ਸਮਾਂ ਲੱਗਣ ਕਾਰਨ ਕਿਸਾਨ ਕੀਟਨਾਸ਼ਕ ਦਾ ਛਿੜਕਾਅ ਵਾਲਾ ਸੌਖਾ ਤਰੀਕਾ ਅਪਣਾ ਰਹੇ ਹਨ।


H K TRANSPORT INC

Division of HK Incorporated

1401 West Ray St, Indianapolis, IN 46221

Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ | 42 ਸੈਂਟ ਤੱਕ ਪ੍ਰਤੀ ਮੀਲ |
| 30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | 95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| ਨਵੇਂ ਨਕੋਰ ਟਰੇਲਰ | ਨਵੇਂ ਨਕੋਰ ਟਰੇਲਰ |
| ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | ਵਧੀਆ ਅਤੇ ਸਾਫ ਸੁਥਰੇ ਟਰੱਕ |
| ਹਰ 15 ਦਿਨ ਬਾਅਦ ਅਦਾਇਗੀ | ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ

■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ


# ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕਰੇਗਾ ਕੋਹਲੀ ਬਾਰੇ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਵੱਲੋਂ ਬਰਤਰਫ਼ ਕੀਤੇ ਗਏ ਚਰਚਿਤ ਚਾਰਟਡ ਅਕਾਊਂਟੈਂਟ ਐਸ.ਐਸ. ਕੋਹਲੀ ਨੂੰ ਬਹਾਲ ਕੀਤੇ ਜਾਣ ਨੂੰ ਇਥੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਚੁਣੌਤੀ ਦੇ ਦਿੱਤੀ ਗਈ ਹੈ। ਸਿੱਖ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਪਾਈ ਇਸ ਪਟੀਸ਼ਨ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਨੂੰ ਗੈਰ-ਕਾਨੂੰਨੀ ਨਿਯੁਕਤੀ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਦੇ ਕੰਮਕਾਜ 'ਤੇ ਰੋਕ ਲਾਉਣ ਦੇ ਨਾਲ-ਨਾਲ ਸ: ਕੋਹਲੀ ਨੂੰ ਤੁਰੰਤ ਬਰਤਰਫ਼ ਕਰਨ ਦੀ ਮੰਗ ਕੀਤੀ ਹੈ।



ਆਪਣੇ ਵਕੀਲ ਰਾਹੀਂ ਇਥੇ ਸਿੱਖ ਗੁਰਦੁਆਰਾ ਐਕਟ 1925 ਦੇ ਸੈਕਸ਼ਨ 142 ਤਹਿਤ ਦਾਇਰ ਕਰਵਾਈ ਪਟੀਸ਼ਨ ਬਾਰੇ ਸ: ਸਿਰਸਾ ਨੇ ਕਿਹਾ ਕਿ ਇਕ ਕਰੋੜ ਦੀ ਸਾਲਾਨਾ ਤਨਖ਼ਾਹ ਲੈਣ ਵਾਲੇ ਉਕਤ ਅਧਿਕਾਰੀ ਕੋਹਲੀ ਖ਼ਿਲਾਫ਼ ਖ਼ਬਰਾਂ ਨਸ਼ਰ ਹੋਣ ਉਪਰੰਤ ਭਾਵੇਂ 11 ਜੁਲਾਈ ਨੂੰ ਚੰਡੀਗੜ੍ਹ ਵਿਚ ਹੋਈ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਬਰਖਾਸਤ ਕਰਨ ਦਾ ਫ਼ੈਸਲਾ ਕੀਤਾ ਗਿਆ ਪਰ ਇਹ ਫ਼ੈਸਲਾ 16 ਜੁਲਾਈ ਨੂੰ ਲਾਗੂ ਹੋਇਆ ਤੇ ਬਿਨਾਂ ਕਾਰਜਕਾਰਨੀ ਦੀ ਪ੍ਰਵਾਨਗੀ ਦੇ ਮੁੜ ਉਸ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਹੀ ਬਹਾਲ ਕਰ ਦਿੱਤਾ ਗਿਆ। ਇਹ ਨਿਯੁਕਤੀ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਵੱਲੋਂ ਸਾਰੇ ਨਿਯਮਾਂ ਨੂੰ ਛਿੱਕੇ ਟੰਗੇ ਕੇ ਕੀਤੀ ਗਈ। ਪਟੀਸ਼ਨ ਵਿਚ ਸ: ਸਿਰਸਾ ਨੇ ਮੰਗ ਕੀਤੀ ਕਿ ਉਕਤ ਅਧਿਕਾਰੀ ਨੂੰ ਤੁਰੰਤ ਅਹੁਦੇ ਤੋਂ ਬਰਤਰਫ਼ ਕੀਤਾ ਜਾਵੇ ਤੇ ਹੁਣ ਤੱਕ ਉਸ ਪਾਸੋਂ ਕਰੋੜਾਂ ਰੁਪਏ ਦੀਆਂ ਤਨਖ਼ਾਹਾਂ ਵੀ ਵਸੂਲੀਆਂ ਜਾਣ ਤੇ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਜਿਹੇ ਗੈਰ-ਕਾਨੂੰਨੀ ਫ਼ੈਸਲੇ ਗਏ ਜਾਣ ਕਾਰਨ ਕੰਮ ਕਾਜ 'ਤੇ ਰੋਕ ਲਗਾਈ ਜਾਵੇ।


INDIAN BAZAAR ਇੰਡੀਅਨ ਬਜ਼ਾਰ

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ


■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ

■ਕੈਟਰਿੰਗ ਵੀ ਕਰਦੇ ਹਾਂ

■ਵੱਡੇ ਆਰਡਰ ਲਈ ਸਪੈਸ਼ਲ ਰੇਟ

■ਤਾਜ਼ਾ ਸਬਜ਼ੀਆਂ ਹਰ ਵੀਰਵਾਰ

*ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ*



ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*

Ph: 317-534-5151, 317-997-9140

Call India and world wide

ਸਾਫ ਸੁਥਰੀ ਆਵਾਜ਼ ਅਤੇ ਵਧੀਆਂ ਸਰਵਿਸ

25 ਡਾਲਰ ਵਿਚ 37½ ਘੰਟੇ

ਹੁਣ ਤੁਹਾਡੇ ਆਪਣੇ ਹੀ ਇਲਾਕੇ ਇੰਡੀਆਨਾ ਵਿਚ ਸਾਡੇ ਡੀਲਰ ਨੂੰ ਕਾਲ ਕਰੋ ਅਤੇ ਡੀਲ ਲਵੋ।



Local Dealer in Indiana


Preet Boutique

Call Now 317-603-4018

Sukhpreet Kaur

334, South Emersom AVe, Green Wood In. 46143

spkaurus@yahoo.co.in www.canamfone.com



ਆਪਣੇ ਰੂਪ ਨੂੰ ਚਾਰ ਚੰਨ ਲਾਓ

DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ ਬੱਚਿਆਂ ਦੀਆਂ ਪੁਸ਼ਾਕਾਂ

Gidha Bhangra Dresess On Rent

Preet BOUTIQUE

ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ

Call: 317-603-4018, 317-332-1387

E-mail:spkaurus@yahoo.co.in

Facebook preetboutique

# ਪੰਜਾਬ ਸਰਕਾਰ ਦੇ ਬਜਟ 'ਤੇ ਮਾਲੀ ਤੰਗੀ ਦਾ ਪਰਛਾਵਾਂ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੇ 7ਵੇਂ ਬਜਟ ਨੇ ਸੂਬੇ ਦੇ ਗੰਭੀਰ ਮਾਲੀ ਸੰਕਟ ਦੀ ਗ੍ਰਿਫ਼ਤ ਵਿਚ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪੇਸ਼ ਕੀਤੇ ਗਏ ਬਜਟ 'ਤੇ ਸਰਕਾਰ ਦੀ ਆਰਥਿਕ ਤੰਗੀ ਦਾ ਪਰਛਾਵਾਂ ਸਾਫ ਝਲਕ ਰਿਹਾ ਹੈ। ਭਾਵੇਂ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਸ ਨੇ ਆਪਣੇ ਬਜਟ ਵਿਚ ਕੋਈ ਨਵਾਂ ਟੈਕਸ ਨਹੀਂ ਲਾਇਆ ਪਰ ਇਸ ਬਜਟ ਵਿਚ ਆਮ ਲੋਕਾਂ ਨੂੰ ਕੋਈ ਰਾਹਤ ਵੀ ਨਹੀਂ ਮਿਲੀ। 4,252 ਕਰੋੜ ਰੁਪਏ ਦੇ ਮਾਲੀ ਘਾਟੇ ਵਾਲੇ ਬਜਟ ਵਿਚ ਬਜਟ ਘੱਟ ਤੇ ਅਨੁਮਾਨਾਂ ਤੇ ਅੰਕੜਿਆਂ ਦਾ ਹਿਸਾਬ-ਕਿਤਾਬ ਵੱਧ ਸੀ। ਬਜਟ ਵਿਚ ਮਾਲੀ ਪ੍ਰਾਪਤੀਆਂ ਤੇ ਮਾਲੀ ਖਰਚਿਆਂ ਦਾ ਜੋ ਲੇਖਾ-ਜੋਖਾ ਦਿੱਤਾ ਗਿਆ ਹੈ, ਉਸ ਮੁਤਾਬਕ ਸਾਰੀ ਕਮਾਈ ਬੱਝਵੇਂ ਖਰਚਿਆਂ ਦੀ ਹੀ ਭੇਟ ਚੜ੍ਹਨੀ ਹੈ।

ਸਰਕਾਰ ਨੂੰ ਇਸ ਮਾਲੀ ਸਾਲ ਦੌਰਾਨ ਮਾਲੀ ਸਰੋਤਾਂ ਤੇ ਕੇਂਦਰ ਸਰਕਾਰ ਦੇ ਕਰਾਂ ਤੋਂ ਕੁੱਲ 44,893 ਕਰੋੜ ਰੁਪਏ ਦੀ ਆਮਦਨ ਹੋਣੀ ਹੈ। ਇਸ ਦੇ ਉਲਟ ਖਰਚੇ 49,145 ਕਰੋੜ ਰੁਪਏ ਦੇ ਮਿਥੇ ਗਏ ਹਨ। ਵਿੱਤ ਮੰਤਰੀ ਨੇ ਕੁੱਲ 73,593 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ। ਇਸ ਮੁਤਾਬਕ ਸਾਲਾਨਾ ਯੋਜਨਾ 20100 ਕਰੋੜ ਰੁਪਏ ਦੀ ਹੋਵੇਗੀ। ਸਰਕਾਰ ਦਾ ਮਾਲੀ ਘਾਟਾ ਕੁੱਲ ਘਰੇਲੂ ਉਤਪਾਦ ਦਾ 1.66 ਫੀਸਦੀ ਬਣਦਾ ਹੈ ਜਦੋਂਕਿ ਰਾਜਕੋਸ਼ੀ ਘਾਟਾ, ਜੋ ਕਿ 10273 ਕਰੋੜ ਰੁਪਏ ਹੈ, ਕੁੱਲ ਘਰੇਲੂ ਉਤਪਾਦ ਦਾ 2.84 ਫੀਸਦੀ ਬਣਦਾ ਹੈ। ਵਿੱਤ ਮੰਤਰੀ ਵੱਲੋਂ



ਬਜਟ ਵਿਚ ਵਿਭਾਗੀ ਸਕੀਮਾਂ ਲਈ ਮਾਲੀ ਸਾਲ ਦੌਰਾਨ ਖਰਚੇ ਕਰਨ ਦੀ ਜੋ ਤਜਵੀਜ਼ ਰੱਖੀ ਗਈ ਹੈ, ਉਹ ਜ਼ਿਆਦਾਤਰ ਕੇਂਦਰੀ ਸਕੀਮਾਂ 'ਤੇ ਨਿਰਭਰ ਹਨ।

ਬਜਟ ਅਨੁਮਾਨਾਂ ਮੁਤਾਬਕ ਪੰਜਾਬ ਸਰਕਾਰ ਸਿਰ ਮਾਲੀ ਸਾਲ ਦੇ ਅੰਤ ਤੱਕ ਕਰਜ਼ੇ ਦਾ ਭਾਰ ਵਧ ਕੇ 1,13,053 ਕਰੋੜ ਰੁਪਏ ਹੋ ਜਾਵੇਗਾ ਤੇ ਇਸ ਸਾਲ ਦੌਰਾਨ ਕੰਮ ਚਲਾਉਣ ਲਈ 13,448 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਵੇਗਾ। ਪੰਜਾਬ ਸਰਕਾਰ ਨੂੰ ਵੈਟ ਤੋਂ 17,760 ਕਰੋੜ ਰੁਪਏ, ਸ਼ਰਾਬ ਤੋਂ 4600 ਕਰੋੜ ਰੁਪਏ, ਅਸ਼ਟਾਮ 'ਤੇ ਰਜਿਸਟਰੀਆਂ ਤੋਂ 2760 ਕਰੋੜ ਰੁਪਏ, ਵਾਹਨਾਂ ਦੀ ਵਿਕਰੀ ਤੋਂ 1350 ਕਰੋੜ ਰੁਪਏ, ਬਿਜਲੀ 'ਤੇ ਐਕਸਾਈਜ਼ ਡਿਊਟੀ ਤੋਂ 1860 ਕਰੋੜ ਰੁਪਏ ਕੇਂਦਰੀ ਕਰਾਂ ਵਿਚੋਂ ਹਿੱਸੇ ਵਜੋਂ 5400 ਕਰੋੜ ਰੁਪਏ, ਕੇਂਦਰੀ ਗਰਾਂਟਾਂ ਦੇ ਰੂਪ ਵਿਚ 8230 ਕਰੋੜ ਰੁਪਏ, ਸ਼ਹਿਰੀ ਵਿਕਾਸ ਤੋਂ 150 ਕਰੋੜ ਰੁਪਏ, ਪੰਜਾਬ ਰੋਡਵੇਜ਼ ਤੋਂ 229 ਕਰੋੜ ਰੁਪਏ ਦੀ ਆਮਦਨ ਦਾ ਅਨੁਮਾਨ ਹੈ। ਹੋਰ ਛੋਟੀ-ਮੋਟੀ ਆਮਦਨ ਮਿਲਾ ਕੇ ਕੁੱਲ 44893 ਕਰੋੜ ਰੁਪਏ ਸਰਕਾਰ ਨੂੰ ਆਉਣ ਦੀ ਉਮੀਦ ਹੈ।

ਇਸ ਦੇ ਮੁਕਾਬਲੇ ਖਰਚ ਵੱਧ ਲੰਮਾ-ਚੌੜਾ ਹੈ। ਤਨਖਾਹਾਂ 15841.28 ਕਰੋੜ ਰੁਪਏ, ਪੈਨਸ਼ਨਾਂ ਤੇ ਸੇਵਾਮੁਕਤੀ ਲਾਭ 6886 ਕਰੋੜ ਰੁਪਏ, ਬਿਜਲੀ ਸਬਸਿਡੀ 5300 ਕਰੋੜ ਰੁਪਏ, ਕਰਜ਼ੇ 'ਤੇ ਵਿਆਜ ਦੀ ਅਦਾਇਗੀ 8380 ਕਰੋੜ ਰੁਪਏ ਤੇ ਸਰਕਾਰੀ ਰਿਣਾਂ ਦੀਆਂ ਅਦਾਇਗੀਆਂ 3562.93 ਕਰੋੜ ਰੁਪਏ ਰਹਿਣਗੀਆਂ। ਇਸ ਤਰ੍ਹਾਂ ਸਰਕਾਰ ਦੇ ਹੋਰ ਛੋਟੇ-ਮੋਟੇ ਖਰਚੇ ਮਿਲਾ ਕੇ ਇਸ ਮਾਲੀ ਸਾਲ ਦੌਰਾਨ ਕੁੱਲ 49145 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਹੈ। ਵਿੱਤ ਮੰਤਰੀ ਵੱਲੋਂ ਸਿੱਖਿਆ, ਸਿਹਤ, ਖੇਤੀਬਾੜੀ, ਸਿੰਜਾਈ, ਸੜਕਾਂ ਤੇ ਪੁਲਾਂ ਦਾ ਨਿਰਮਾਣ, ਪੁਲਿਸ, ਸ਼ਹਿਰੀ ਵਿਕਾਸ, ਦਿਹਾਤੀ ਵਿਕਾਸ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਆਦਿ ਯੋਜਨਾਵਾਂ ਲਈ ਜੋ ਖਰਚ ਕਰਨ ਦੀ ਵਿਵਸਥਾ ਰੱਖੀ ਗਈ ਹੈ, ਉਹ ਜ਼ਿਆਦਾਤਰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਹਨ। ਸਰਕਾਰ ਵੱਲੋਂ ਆਪਣੇ ਬਜਟ ਵਿਚੋਂ ਬਹੁਤ ਘੱਟ ਵਿਵਸਥਾ ਕੀਤੀ ਗਈ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮਾਲੀ ਸੰਕਟ ਦਾ ਸ਼ਿਕਾਰ ਪਿਛਲੇ ਸਾਲਾਂ ਦੌਰਾਨ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਵਿਚ ਵੀ ਆਪਣਾ ਹਿੱਸਾ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਉਂਜ, ਸਰਕਾਰ ਨੇ ਨਸ਼ਿਆਂ ਵਿਰੁਧ ਮੁਹਿੰਮ ਚਲਾਉਣ ਦਾ ਐਲਾਨ ਤਾਂ ਕੀਤਾ ਹੈ, ਪਰ ਬਜਟ ਵਿਚ ਨਸ਼ਾ ਛੁਡਾਊ ਕੇਂਦਰਾਂ ਦੇ ਸੁਧਾਰ ਲਈ ਵੱਡੇ ਕਦਮ ਚੁੱਕਣ ਦਾ ਕੋਈ ਵਾਅਦਾ ਨਹੀਂ ਕੀਤਾ ਗਿਆ।

ਉਦਯੋਗਾਂ ਦੇ ਖੇਤਰ ਵਿਚ ਤਾਂ ਸਰਕਾਰ ਨੇ ਪੁਰਾਣਾ ਹੀ ਖਾਕਾ ਪੇਸ਼ ਕੀਤਾ ਹੈ। ਪਿਛਲੇ ਸਾਲਾਂ ਦੀਆਂ ਪ੍ਰਾਪਤੀਆਂ ਗਿਣਾ ਦਿੱਤੀਆਂ ਹਨ। ਇਸ ਖੇਤਰ ਲਈ ਪੈਸੇ ਦੀ ਵਿਵਸਥਾ ਨਹੀਂ ਕੀਤੀ ਗਈ। ਚੰਡੀਗੜ੍ਹ ਦੇ ਨਜ਼ਦੀਕ ਮੁੱਲਾਂਪੁਰ ਗਰੀਬਦਾਸ ਖੇਤਰ ਵਿਚ ਨਵਾਂ ਚੰਡੀਗੜ੍ਹ ਵਸਾਉਣ ਦੇ ਨਾਂ 'ਤੇ ਸਿਹਰਾ ਬੰਨ੍ਹਣ ਦਾ ਯਤਨ ਕੀਤਾ ਗਿਆ ਹੈ। ਇਸ ਖੇਤਰ ਵਿਚ ਐਜੂਸਿਟੀ ਤੇ ਮੈਡੀਸਿਟੀ ਸਥਾਪਤ ਕਰਨ ਤੇ ਚੰਡੀਗੜ੍ਹ ਹਵਾਈ ਅੱਡੇ ਦੇ ਨੇੜੇ ਆਈ.ਸੀ. ਸਿਟੀ ਵਿਕਸਿਤ ਕਰਨ ਦਾ ਐਲਾਨ ਕਰਦਿਆਂ ਪ੍ਰਗਟਾਵਾ ਕੀਤਾ ਹੈ ਕਿ ਸਰਕਾਰ ਨੇ ਨਾਮੀ ਕੰਪਨੀਆਂ ਨੂੰ ਜ਼ਮੀਨ ਅਲਾਟ ਵੀ ਕਰ ਦਿੱਤੀ ਹੈ। ਵਪਾਰੀਆਂ ਨੂੰ ਰਾਹਤ ਦੀ ਉਮੀਦ ਸੀ, ਪਰ ਮਹਿਜ਼ ਵਾਅਦੇ ਹੀ ਕੀਤੇ ਗਏ ਹਨ, ਕੋਈ ਐਲੋਕੇਸ਼ਨ ਨਹੀਂ ਕੀਤੀ ਗਈ। ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਮੁਆਵਜ਼ਾ ਵਧਾਉਣ ਤੇ ਸਰਹੱਦੀ ਖੇਤਰ ਦੇ ਪਿੰਡਾਂ ਲਈ ਵਿਕਾਸ ਦੇ ਵਾਅਦੇ ਵੀ ਕੀਤੇ ਗਏ ਹਨ। ਬਿਜਲੀ ਦੇ ਖੇਤਰ ਵਿਚ ਨਿੱਜੀ ਖੇਤਰ ਦੇ ਥਰਮਲ ਪਲਾਂਟਾਂ ਦੇ ਸਹਾਰੇ ਸਰਪਲੱਸ ਬਿਜਲੀ ਦਾ ਦਾਅਵਾ ਦੁਹਰਾਇਆ ਗਿਆ ਹੈ ਤੇ ਜਾਂ ਫਿਰ ਕੇਂਦਰੀ ਸਕੀਮਾਂ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ।

## ਸਰਕਾਰ ਦੀ ਜ਼ਿਆਦਾਤਰ ਟੇਕ ਕੇਂਦਰੀ ਯੋਜਨਾਵਾਂ ਉਤੇ

ਵਿੱਤ ਮੰਤਰੀ ਵੱਲੋਂ ਸਿੱਖਿਆ, ਸਿਹਤ, ਖੇਤੀਬਾੜੀ, ਸਿੰਜਾਈ, ਸੜਕਾਂ ਤੇ ਪੁਲਾਂ ਦਾ ਨਿਰਮਾਣ, ਪੁਲਿਸ, ਸ਼ਹਿਰੀ ਵਿਕਾਸ, ਦਿਹਾਤੀ ਵਿਕਾਸ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਆਦਿ ਯੋਜਨਾਵਾਂ ਲਈ ਜੋ ਖਰਚ ਕਰਨ ਦੀ ਵਿਵਸਥਾ ਰੱਖੀ ਗਈ ਹੈ, ਉਹ ਜ਼ਿਆਦਾਤਰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਹਨ।

ਸਰਕਾਰ ਵੱਲੋਂ ਆਪਣੇ ਬਜਟ ਵਿਚੋਂ ਬਹੁਤ ਘੱਟ ਵਿਵਸਥਾ ਕੀਤੀ ਗਈ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮਾਲੀ ਸੰਕਟ ਦਾ ਸ਼ਿਕਾਰ ਪਿਛਲੇ ਸਾਲਾਂ ਦੌਰਾਨ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਵਿਚ ਵੀ ਆਪਣਾ ਹਿੱਸਾ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਕੇਂਦਰੀ ਸਕੀਮਾਂ ਤਹਿਤ ਆਉਣ ਵਾਲੇ ਪੈਸੇ ਤੋਂ ਬਿਨਾਂ ਪੰਜਾਬ ਸਰਕਾਰ ਨੇ ਆਪਣੇ ਕੋਲੋਂ ਕਿਸੇ ਵੀ ਅਜਿਹੀ ਸਕੀਮ ਦਾ ਐਲਾਨ ਨਹੀਂ ਕੀਤਾ ਜਿਸ ਤੋਂ ਪੰਜਾਬ ਸਰਕਾਰ ਦੇ ਭਵਿੱਖਮੁਖੀ ਹੋਣ ਦੀ ਕੋਈ ਉਮੀਦ ਬੱਝਦੀ ਹੋਵੇ। ਬਜਟ ਵਿੱਚ ਬੇਸ਼ੱਕ ਕਿਸੇ ਨਵੇਂ ਕਰ ਦਾ ਐਲਾਨ ਨਹੀਂ ਕੀਤਾ ਗਿਆ ਪਰ 4252 ਕਰੋੜ ਦਾ ਮਾਲੀ ਘਾਟਾ ਦਿਖਾਇਆ ਗਿਆ ਹੈ। ਇਸ ਨੂੰ ਪੂਰਾ ਕਰਨ ਲਈ ਵੀ ਜਾਂ ਤਾਂ ਹੋਰ ਟੈਕਸ ਲਗਾਉਣੇ ਪੈਣਗੇ ਜਾਂ ਮੰਡੀ ਵਿੱਚੋਂ ਉਧਾਰ ਲੈ ਕੇ ਹੋਰ ਕਰਜ਼ਾ ਸਿਰ ਚੜ੍ਹਾਉਣਾ ਪਵੇਗਾ।

ਇਕ ਅਨੁਮਾਨ ਮੁਤਾਬਕ ਪੂਰੇ ਸਾਲ ਦਾ ਕੰਮ ਕਾਜ ਚਲਾਉਣ ਲਈ ਸਰਕਾਰ ਨੂੰ 13448 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣਾ ਪਵੇਗਾ ਕਿਉਂਕਿ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਮਹਿੰਗਾਈ ਨੇ ਪਹਿਲਾਂ ਹੀ ਲੋਕਾਂ ਦਾ ਲੱਕ ਤੋੜ ਰੱਖਿਆ ਹੈ। ਕੇਂਦਰ ਸਰਕਾਰ ਆਮ ਸਬਸਿਡੀਆਂ ਘੱਟ ਕਰਕੇ ਡੀਜ਼ਲ, ਪੈਟਰੋਲ, ਰਸੋਈ ਗੈਸ ਤੇ ਖਾਦਾਂ ਨੂੰ ਕੰਟਰੋਲ ਮੁਕਤ ਕਰ ਚੁੱਕੀ ਹੈ। ਪੰਜਾਬ ਸਰਕਾਰ ਨੇ ਬੱਸਾਂ ਦਾ ਕਿਰਾਇਆ ਪਹਿਲਾਂ ਹੀ ਡੀਜ਼ਲ ਦੇ ਵਾਧੇ ਨਾਲ ਜੋੜ ਦਿੱਤਾ ਹੈ, ਜੋ ਹੋਰ ਵਧਦਾ ਜਾਵੇਗਾ।

## ਬਾਦਲ ਲਈ ਬਜਟ ਬਹੁਤ ਵਿਕਾਸਮੁਖੀ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਪੇਸ਼ ਕੀਤੇ ਬਜਟ ਨੂੰ ਸੰਤੁਲਿਤ ਤੇ ਵਿਕਾਸਮੁਖੀ ਕਰਾਰ ਦਿੱਤਾ ਹੈ। ਇਕ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ ਬਜਟ ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣ ਤੋਂ ਇਲਾਵਾ ਸਮਾਜ ਦੇ ਸਾਰੇ ਵਰਗਾਂ ਦੀ ਖੁਸ਼ਹਾਲੀ ਯਕੀਨੀ ਬਣਾਏਗਾ। ਮੁੱਖ ਮੰਤਰੀ ਨੇ ਕਿਹਾ ਕਿ ਟੈਕਸ ਰਹਿਤ ਇਸ ਬਜਟ ਵਿਚ ਸਿਹਤ, ਸਿੱਖਿਆ, ਬਿਜਲੀ, ਬੁਨਿਆਦੀ ਢਾਂਚੇ ਤੇ ਸਮਾਜਿਕ ਸੁਰੱਖਿਆ ਵਰਗ ਅਹਿਮ ਖੇਤਰਾਂ ਉਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਤੇ ਇਸ ਦੇ ਨਾਲ ਸੂਬੇ ਨੂੰ ਉਚ ਵਿਕਾਸ ਦੇ ਮਾਰਗ ਉਤੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਹੈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬਜਟ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਵਿੱਤੀ ਸਥਿਤੀ ਨੂੰ ਮਜ਼ਬੂਤ ਕਰਨ ਵੱਲ ਸੇਧਿਤ ਹੈ। ਉਨ੍ਹਾਂ ਕਿਹਾ ਕਿ ਬਜਟ ਦੀਆਂ ਪ੍ਰਸਤਾਵਿਤ ਮੱਦਾਂ ਨਾਲ ਪੂੰਜੀ ਖਰਚ ਵਧੇਗਾ ਜਿਸ ਨਾਲ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਵਿਕਾਸ ਹੋਵੇਗਾ ਤੇ ਨਾਲ ਹੀ ਸੂਬੇ ਦੀ ਮਾਲੀ ਹਾਲਤ ਹੋਰ ਮਜ਼ਬੂਤ ਹੋਵੇਗੀ। ਟੈਕਸ ਰਹਿਤ ਬਜਟ ਸਾਰੇ ਖੇਤਰਾਂ ਤੇ ਵਰਗਾਂ ਲਈ ਹੈ।

ਉਨ੍ਹਾਂ ਨਸ਼ਾ ਛੁਡਾਊ ਕੇਂਦਰਾਂ ਦੇ ਵਿਸਥਾਰ ਤੇ ਪੰਜ ਸੂਬਾ ਪੱਧਰੀ ਨਸ਼ਾ ਛੁਡਾਊ ਕੇਂਦਰ ਸਥਾਪਤ ਕਰਨ ਲਈ 50 ਕਰੋੜ ਰੁਪਏ ਰਾਖਵੇਂ ਰੱਖਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਨੂੰ ਬਲ ਮਿਲੇਗਾ।

## ਕਾਂਗਰਸ ਵੱਲੋਂ ਬਜਟ ਦੀ ਆਲੋਚਨਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਬਜਟ ਨੂੰ ਲੋਕਾਂ ਨਾਲ ਧੋਖਾ ਕਰਾਰ ਦਿੱਤਾ ਹੈ। ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਸੂਬੇ ਦੀ ਅਰਥਵਿਵਸਥਾ ਪ੍ਰਤੀ ਸੋਚ ਨੂੰ ਦਰਸਾਉਣ ਤੋਂ ਫੇਲ੍ਹ ਰਹੇ ਹਨ।



ਉਨ੍ਹਾਂ ਬਜਟ ਪੇਸ਼ ਕਰਨ ਮੌਕੇ ਵਿਧਾਨ ਸਭਾ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਗੈਰ-ਮੌਜੂਦਗੀ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਇਸ ਤੋਂ ਸ. ਬਾਦਲ ਦੇ ਬਜਟ ਪ੍ਰਤੀ ਮਹੱਤਵ ਦਾ ਪਤਾ ਚੱਲਦਾ ਹੈ। ਸ੍ਰੀ ਬਾਜਵਾ ਮੁਤਾਬਕ ਸਰਕਾਰ ਨੇ ਬਜਟ ਵਿਚ ਖੁਦ ਮੰਨਿਆ ਹੈ ਕਿ 73593 ਕਰੋੜ ਰੁਪਏ ਦੇ ਬਜਟ ਦਾ ਅਸਲੀ ਹਿੱਸਾ 58593 ਕਰੋੜ ਰੁਪਏ ਹੀ ਹੈ ਜਿਸ ਵਿਚ 15000 ਕਰੋੜ ਰੁਪਏ ਦੀ ਖਰਚਿਆਂ ਕਾਰਨ ਤਜਵੀਜ਼ ਕੀਤੀ ਗਈ ਹੈ। ਸ੍ਰੀ ਬਾਜਵਾ ਨੇ ਬਜਟ ਵਿਚੋਂ ਸਾਧਨ ਜੁਟਾਉਣ ਬਾਰੇ ਜਾਣਕਾਰੀ ਗਾਇਬ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਵਿਦਿਆਰਥੀਆਂ ਨੂੰ ਲੈਪਟਾਪ ਦੇਣ ਬਾਰੇ ਬਜਟ ਵਿਚ ਤਜਵੀਜ਼ ਨਾ ਕਰ ਕੇ ਇਸ ਨੂੰ ਦਫ਼ਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਆਜ ਦੀ ਅਦਾਇਗੀ ਕਰਜ਼ੇ ਦੀ ਵਾਪਸੀ ਤੋਂ ਵੀ ਵਧ ਚੁੱਕੀ ਹੈ।

ਇਸ ਦੌਰਾਨ ਲੋਕ ਸਭਾ ਵਿਚ ਕਾਂਗਰਸ ਧਿਰ ਦੇ ਉਪ ਨੇਤਾ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਜਟ ਨੂੰ ਅਕਾਲੀ-ਭਾਜਪਾ ਸਰਕਾਰ ਦੀ ਵਿੱਤੀ ਅਸਫਲਤਾ ਤੇ ਨਾਕਾਬਲੀਅਤ ਦੇ ਖੁਲਾਸੇ ਦੀ ਸਟੇਟਮੈਂਟ ਕਰਾਰ ਦਿੱਤਾ ਹੈ। ਉਨ੍ਹਾਂ ਵਧਦੇ ਜਾ ਰਹੇ ਕਰਜ਼ੇ 'ਤੇ ਪ੍ਰਤੀਕ੍ਰਿਆ ਜ਼ਾਹਰ ਕਰਦਿਆਂ ਕਿਹਾ ਕਿ ਇਸ ਦੇ ਵਿੱਤੀ ਵਰ੍ਹੇ ਦੇ ਅਖੀਰ ਤੱਕ 113053 ਕਰੋੜ ਰੁਪਏ ਤੱਕ ਪਹੁੰਚਣ ਦੀ ਸ਼ੰਕਾ ਹੈ।

## ਹਾਈ ਕੋਰਟ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਨੋਟਿਸ

**ਚੰਡੀਗੜ੍ਹ:** ਪਾਰਲੀਮਾਨੀ ਚੋਣਾਂ ਦੇ ਨਤੀਜੇ ਐਲਾਨੇ ਜਾਣ ਨੂੰ ਇਕ ਮਹੀਨੇ ਤੋਂ ਵੱਧ ਦਾ ਸਮਾਂ ਹੋਣ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਂਦਰੀ ਕੈਬਨਿਟ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ 29 ਅਗਸਤ ਲਈ ਨੋਟਿਸ ਜਾਰੀ ਕੀਤਾ ਹੈ, ਜੋ 11-ਬਠਿੰਡਾ ਪਾਰਲੀਮਾਨੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਵਜੋਂ ਉਸ ਦੀ ਚੋਣ ਨੂੰ ਚੁਣੌਤੀ ਦਿੰਦੀ ਪਟੀਸ਼ਨ ਦੇ ਆਧਾਰ 'ਤੇ ਜਾਰੀ ਕੀਤਾ ਗਿਆ ਹੈ। ਆਪਣੀ ਪਟੀਸ਼ਨ ਵਿਚ ਮੁਕਤਸਰ ਜ਼ਿਲ੍ਹੇ ਦੇ ਨਵਜੋਤ ਸਿੰਘ (ਡੱਬਵਾਲੀ ਢਾਬ) ਦੀ ਦਲੀਲ ਸੀ ਕਿ ਚੋਣਾਂ ਦੌਰਾਨ ਭ੍ਰਿਸ਼ਟ ਢੰਗ ਤਰੀਕੇ ਵਰਤੇ ਜਾਣ ਕਾਰਨ ਇਹ ਚੋਣ ਲਾਂਭੇ ਕਰਨਯੋਗ ਹੈ। ਪਟੀਸ਼ਨਰ ਮੁਤਾਬਕ ਹਰਸਿਮਰਤ ਕੌਰ ਲੋਕ ਪ੍ਰਤੀਨਿਧਤਾ ਐਕਟ ਅਧੀਨ ਵੀ ਅਯੋਗ ਕਰਾਰ ਦਿੱਤੀ ਜਾਣੀ ਬਣਦੀ ਹੈ। ਆਪਣੇ ਆਪ ਨੂੰ ਵੋਟਰ ਵਜੋਂ ਪੇਸ਼ ਕਰਦਿਆਂ, ਉਸ ਨੇ ਕਿਹਾ ਹੈ ਕਿ ਪੀ.ਟੀ.ਸੀ. ਨਿਊਜ਼ ਤੇ ਫਾਸਟ ਵੇਅ ਕੇਬਲ ਟੀ.ਵੀ. ਨੈੱਟਵਰਕ ਨੇ ਅਕਾਲੀ-ਭਾਜਪਾ ਉਮੀਦਵਾਰਾਂ ਦੀ ਤੇ ਖਾਸ ਕਰ ਹਰਸਿਮਰਤ ਕੌਰ ਬਾਦਲ ਦੀ ਚੋਣ ਮੁਹਿੰਮ ਚਲਾਈ।

ਹਰਸਿਮਰਤ ਕੌਰ ਨੂੰ ਬਠਿੰਡਾ ਪਾਰਲੀਮਾਨੀ ਹਲਕੇ ਦੀ ਮਸੀਹਾ ਵਜੋਂ ਪੇਸ਼ ਕੀਤਾ ਗਿਆ ਤੇ ਉਸ ਬਾਰੇ ਵਿਸ਼ੇਸ਼ ਪ੍ਰੋਗਰਾਮ ਤਿਆਰ ਕੀਤੇ ਗਏ। ਇਹ ਇਸ਼ਤਿਹਾਰ ਸੱਤ ਅਪਰੈਲ ਤੱਕ ਪੀ.ਟੀ. ਨਿਊਜ਼ ਸਮੇਤ ਟੀ.ਵੀ. ਚੈਨਲਾਂ 'ਤੇ ਦਿਖਾਏ ਜਾਂਦੇ ਰਹੇ। ਸ਼੍ਰੋਮਣੀ ਅਕਾਲੀ ਦਲ ਨੇ ਇਹ ਸਾਰੇ ਚੋਣ ਇਸ਼ਤਿਹਾਰ ਉਮੀਦਵਾਰ ਦੀ ਸਹਿਮਤੀ ਨਾਲ ਦਿੱਤੇ ਜੋ ਉਸ ਵੱਲੋਂ ਕੀਤੀ ਗਈ ਭ੍ਰਿਸ਼ਟ ਕਾਰਵਾਈ ਬਣਦੀ ਹੈ।

## ਪੰਜਾਬ ਦਾ ਕਰਜ਼ਾ ਦੋ ਲੱਖ ਕਰੋੜ ਤੱਕ ਪੁੱਜਾ

**ਚੰਡੀਗੜ੍ਹ:** ਪੰਜਾਬ ਸਰਕਾਰ ਤੇ ਇਸ ਦੇ ਨਿਗਮਾਂ ਤੇ ਬੋਰਡਾਂ ਉਪਰ ਕਰਜ਼ੇ ਦਾ ਭਾਰ 1 ਲੱਖ 99 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। 31 ਮਾਰਚ 1997 ਨੂੰ ਜਦੋਂ ਕਾਂਗਰਸ ਦੀ ਹਕੂਮਤ ਜਾਣ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਸਰਕਾਰ ਸਿਰ 15 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ। ਇਸ ਵਿਚ ਅਵਿਵਾਦ ਵੇਲੇ ਦਾ ਕਰਜ਼ਾ ਵੀ ਸ਼ਾਮਲ ਹੈ। ਉਸ ਤੋਂ ਬਾਅਦ ਪੰਜ ਸਾਲ ਗੱਠਜੋੜ ਦੀ ਸਰਕਾਰ ਨੇ ਜਦੋਂ ਸਾਲ 2002 ਵਿਚ ਸੱਤਾ ਕਾਂਗਰਸ ਨੂੰ ਸੌਂਪੀ ਤਾਂ ਕਰਜ਼ਾ ਵਧ ਕੇ 36854 ਕਰੋੜ ਰੁਪਏ ਹੋ ਗਿਆ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਪੰਜ ਸਾਲਾਂ ਦੇ ਸਮੇਂ ਦੌਰਾਨ 15 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਤੇ ਕਰਜ਼ਾ 51155 ਕਰੋੜ ਰੁਪਏ ਹੋ ਗਿਆ। ਉਸ ਤੋਂ ਬਾਅਦ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਨੇ ਅੱਠ ਸਾਲਾਂ ਦੇ ਸਮੇਂ ਦੌਰਾਨ ਕਰਜ਼ਾ 51155 ਕਰੋੜ ਰੁਪਏ ਤੋਂ ਵਧਾ ਕੇ 1 ਲੱਖ 13 ਹਜ਼ਾਰ ਕਰੋੜ ਰੁਪਏ ਤੱਕ ਲੈ ਆਂਦਾ ਹੈ। ਇਹ ਦਾਅਵਾ ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਲਾਲ ਸਿੰਘ ਨੇ ਕੀਤਾ।

ਸ. ਲਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕਮਾਈ ਦਾ 78.81 ਫੀਸਦੀ ਹਿੱਸਾ ਬੱਝਵੇਂ ਖਰਚਿਆਂ ਤਨਖਾਹਾਂ, ਪੈਨਸ਼ਨਾਂ, ਵਿਆਜ ਤੇ ਸਬਸਿਡੀ ਵਿਚ ਹੀ ਚਲਾ ਜਾਂਦਾ ਹੈ। ਸਰਕਾਰ ਨੇ ਬਜਟ ਵਿਚ ਟੈਕਸ ਨਹੀਂ ਲਾਇਆ, ਪਰ ਬਾਅਦ ਵਿਚ ਲੋਕਾਂ 'ਤੇ ਟੈਕਸਾਂ ਦਾ ਬੋਝ ਪਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਵਿਦਿਆਰਥੀਆਂ ਨੂੰ ਲੈਪਟਾਪ ਦੇਣ, ਬੇਰੁਜ਼ਗਾਰੀ ਭੱਤਾ ਦੇਣ, ਗਰੀਬਾਂ ਨੂੰ ਗੈਸ ਕੁਨੈਕਸ਼ਨ ਦੇਣ, ਪੈਨਸ਼ਨ ਤੇ ਸ਼ਗਨ ਸਕੀਮ ਵਿਚ ਵਾਧਾ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਅਜੇ ਤੱਕ ਵਫ਼ਾ ਨਹੀਂ ਹੋਇਆ। ਉਂਜ ਵੀ ਸਰਕਾਰ ਨੇ ਵਾਅਦੇ ਪੂਰਾ ਕਰਨ ਵੱਲ ਕੋਈ ਵੀ ਕਦਮ ਨਹੀਂ ਵਧਾਇਆ ਹੈ। ਅਸਲ ਵਿਚ ਵਾਅਦੇ ਪੂਰੇ ਕਰਨੇ ਸਰਕਾਰ ਦੀ ਨੀਅਤ ਹੀ ਨਹੀਂ ਹੈ।

## ਅਮਰੀਕਾ ਵੱਲੋਂ ਰੂਸ ਉਤੇ ਪਾਬੰਦੀਆਂ

**ਵਾਸ਼ਿੰਗਟਨ:** ਯੂਕਰੇਨ ਦੀ ਅਸਥਿਰ ਰਾਜਨੀਤਕ ਸਥਿਤੀ ਵਿਚ ਸੁਧਾਰ ਲਈ ਚੁੱਕਵੇਂ ਕਦਮ ਚੁੱਕਣ ਵਿਚ ਮਾਸਕੋ ਦੇ ਅਸਫਲ ਰਹਿਣ 'ਤੇ ਅਮਰੀਕਾ ਨੇ ਰੂਸ ਦੀਆਂ ਆਰਥਿਕ ਸੇਵਾਵਾਂ ਤੇ ਊਰਜਾ ਖੇਤਰਾਂ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ, ਯੂਰਪੀ ਸੰਘ ਨੇ ਵੀ ਰੂਸ 'ਤੇ ਸਖ਼ਤ ਪਾਬੰਦੀਆਂ ਲਗਾਉਂਦਿਆਂ ਯੂਰਪੀ ਨਿਵੇਸ਼ ਬੈਂਕ ਨੂੰ ਕਿਹਾ ਹੈ ਕਿ ਉਹ ਮਾਸਕੋ ਦੇ ਨਾਲ ਨਵੇਂ ਆਰਥਿਕ ਸਮਝੌਤਿਆਂ 'ਤੇ ਹਸਤਾਖਰ ਨਾ ਕਰੇ।

ਉਧਰ ਰੂਸ ਨੇ ਅਮਰੀਕੀ ਪਾਬੰਦੀਆਂ ਨੂੰ ਰੱਦ ਕਰਦਿਆ ਜੁਆਬੀ ਕਾਰਵਾਈ ਦੀ ਧਮਕੀ ਦਿੱਤੀ ਹੈ। ਅੱਤਵਾਦ ਤੇ ਵਿੱਤੀ ਮਾਮਲਿਆਂ ਨਾਲ ਸਬੰਧਤ ਅਮਰੀਕੀ ਉਪ ਵਿੱਤ ਮੰਤਰੀ ਡੇਵਿਡ ਐਸ ਕੋਹੇਨ ਨੇ ਕਿਹਾ ਕਿ ਰੂਸ ਆਪਣੇ ਬਿਆਨਾਂ ਤੋਂ ਅਲੱਗ ਲਗਾਤਾਰ ਯੂਕਰੇਨ ਨੂੰ ਅਸਥਿਰ ਕਰਨ ਵਿਚ ਤੇ ਵੱਖਵਾਦੀਆਂ ਨੂੰ ਸਹਿਯੋਗ ਦਿੰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਰੂਸ ਅੰਤਰਰਾਸ਼ਟਰੀ ਪੱਧਰ 'ਤੇ ਆਮ ਮਾਪਦੰਡਾਂ ਉਤੇ ਖਰਾ ਉਤਰਨ ਵਿਚ ਅਸਫਲ ਰਿਹਾ ਹੈ, ਇਸ ਲਈ ਅਸੀਂ ਰੂਸ ਦੀਆਂ ਆਰਥਿਕ ਸੇਵਾਵਾਂ ਤੇ ਊਰਜਾ ਖੇਤਰਾਂ 'ਤੇ ਪਾਬੰਦੀਆਂ ਲਗਾ ਰਹੇ ਹਾਂ, ਇਸ ਦੇ ਨਾਲ ਹੀ ਅਸੀਂ ਰੂਸ ਦੇ ਦੋ ਪ੍ਰਮੁੱਖ ਬੈਂਕਾਂ ਤੇ ਦੋ ਪ੍ਰਮੁੱਖ ਊਰਜਾ ਕੰਪਨੀਆਂ ਦੀ ਪਹੁੰਚ ਅਮਰੀਕੀ ਆਰਥਿਕ ਸਰੋਤਾਂ ਤੱਕ ਸੀਮਤ ਕਰ ਰਹੇ ਹਾਂ। ਅਸੀਂ ਅੱਠ ਹਥਿਆਰ ਕੰਪਨੀਆਂ ਅਤੇ ਰੂਸ ਦੇ ਕੁਝ ਸੀਨੀਅਰ ਅਧਿਕਾਰੀਆਂ ਖਿਲਾਫ਼ ਸਖ਼ਤ ਪਾਬੰਦੀਆਂ ਲਗਾ ਰਹੇ ਹਾਂ।

ਬਰਸਲਜ਼ ਵਿਚ ਬੈਠਕ ਦੌਰਾਨ ਯੂਰਪੀ ਸੰਘ ਦੇ ਨੇਤਾ ਇਕੱਠੇ ਮਿਲ ਕੇ ਇਸ ਗੱਲ 'ਤੇ ਵੀ ਸਹਿਮਤ ਹੋਏ ਕਿ ਰੂਸ ਵਿਚ ਨਵੇਂ ਯੂਰਪੀ ਪੁਨਰਨਿਰਮਾਣ ਤੇ ਵਿਕਾਸ ਕੰਮਾਂ ਲਈ ਵਿੱਤੀ ਮਦਦ ਨੂੰ ਬੰਦ ਕਰ ਦਿੱਤਾ ਜਾਵੇ।

# Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju

Tel: 773-973-0200

Fax: 773-973-0557

2542 W Devon Ave. Chicago IL 60659

*To Advertise with Punjab Times Call: 847-359-0746*

## ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ

**ਫੋਨ: 816-806-6065**


## ਤਲਵੰਡੀ ਸਾਬੋ ਤੋਂ ਜੀਤ ਮਹਿੰਦਰ ਸਿੱਧੂ ਅਕਾਲੀ ਉਮੀਦਵਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਜੀਤਮਹਿੰਦਰ ਸਿੰਘ ਸਿੱਧੂ ਨੂੰ ਤਲਵੰਡੀ ਸਾਬੋ ਜ਼ਿਮਨੀ ਚੋਣ ਲਈ ਪਾਰਟੀ ਦੇ ਉਮੀਦਵਾਰ ਵਜੋਂ ਐਲਾਨਿਆ ਗਿਆ ਹੈ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ।

ਸ੍ਰੀ ਸਿੱਧੂ 2012 ਤੇ 2007 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤੇ ਸਨ। ਉਹ 1997 ਦੀ ਚੋਣ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਲੜੇ, ਪਰ ਉਦੋਂ ਕਾਂਗਰਸ ਦੇ ਹਰਮਿੰਦਰ ਸਿੰਘ ਜੱਸੀ ਤੋਂ ਹਾਰ ਗਏ ਸਨ। ਅਕਾਲੀ ਦਲ ਨੇ 2002 ਵਿਚ ਉਨ੍ਹਾਂ ਨੂੰ ਟਿਕਟ ਨਹੀਂ ਸੀ ਦਿੱਤੀ ਤੇ ਉਹ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਜੇਤੂ ਰਹੇ ਸਨ। ਇਸੇ ਸਮੇਂ ਦੌਰਾਨ ਹੀ ਉਨ੍ਹਾਂ ਦੀ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਨੇੜਤਾ ਹੋ ਗਈ ਪਰ ਇਸ ਸਾਲ ਮਾਰਚ ਮਹੀਨੇ ਦੌਰਾਨ ਹੀ ਉਹ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਵੱਲੋਂ ਅਸਤੀਫਾ ਦੇਣ ਕਾਰਨ ਹੀ ਤਲਵੰਡੀ ਸਾਬੋ ਜ਼ਿਮਨੀ ਚੋਣ ਹੋ ਰਹੀ ਹੈ।

## ਮੋਦੀ ਦੇ ਸਹੁੰ ਚੁੱਕ ਸਮਾਗਮ 'ਤੇ ਖ਼ਰਚ ਹੋਏ 17.60 ਲੱਖ ਰੁਪਏ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦੇ ਰੂਪ ਵਿਚ ਨਰੇਂਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ 17.60 ਲੱਖ ਰੁਪਏ ਖ਼ਰਚ ਹੋਏ ਸਨ। ਇਨ੍ਹਾਂ ਵਿਚ ਦੇਸ਼-ਵਿਦੇਸ਼ ਦੇ 4,017 ਮਹਿਮਾਨ ਸ਼ਾਮਲ ਹੋਏ ਸਨ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਮਿਲੀ ਜਾਣਕਾਰੀ ਮੁਤਾਬਕ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਟੈਂਟ, ਮੰਚ, ਫਰਨੀਚਰ ਤੇ ਹੋਰ ਸਾਜ਼ੋ ਸਾਮਾਨ 'ਤੇ 17.60 ਲੱਖ ਰੁਪਏ ਖ਼ਰਚ ਆਇਆ ਸੀ। ਰਾਸ਼ਟਰਪਤੀ ਦਫ਼ਤਰ ਦੇ ਮੁੱਖ ਜਨ ਸੰਪਰਕ ਅਧਿਕਾਰੀ ਸੌਰਭ ਵਿਜੇ ਨੇ ਦੱਸਿਆ ਕਿ ਪ੍ਰਾਪਤ ਰਿਕਾਰਡ ਮੁਤਾਬਕ 26 ਮਈ, 2014 ਨੂੰ ਪ੍ਰਧਾਨ ਮੰਤਰੀ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ 4017 ਮਹਿਮਾਨਾਂ ਨੇ ਹਿੱਸਾ ਲਿਆ ਸੀ।

## ਸ਼ੇਰੇ ਪੰਜਾਬ ਸਪੋਰਟਸ ਤੇ ਕਲਚਰਲ ਸੁਸਾਇਟੀ (ਓਹਾਇਓ) ਦਾ ਤੀਆਂ ਦਾ ਮੇਲਾ 26 ਨੂੰ

**ਸਿਨਸਿਨੈਟੀ, ਓਹਾਇਓ (ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ (ਓਹਾਇਓ) ਦਾ ਚੌਥਾ ਤੀਆਂ ਦਾ ਮੇਲਾ 26 ਜੁਲਾਈ ਨੂੰ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 7 ਵਜੇ ਤੱਕ ਮੋਨਰੋ ਦੇ ਓ ਟੀ ਐਸ ਹਾਲ ਵਿਚ ਹੋਵੇਗਾ। ਇਸ ਮੌਕੇ ਮਿਸ ਅਤੇ ਮਿਸਿਜ਼ ਪੰਜਾਬਣ ਚੁਣੀ ਜਾਣ ਵਾਲੀਆਂ ਬੀਬੀਆਂ ਨੂੰ ਐਵਾਰਡ ਦਿੱਤੇ ਜਾਣਗੇ ਅਤੇ ਵਧੀਆ ਪਹਿਰਾਵਾ ਮੁਕਾਬਲੇ ਵਿਚ ਜੇਤੂ ਦੋ ਬੀਬੀਆਂ ਨੂੰ ਵੀ ਹੌਸਲਾ ਅਫਜ਼ਾਈ ਇਨਾਮ ਦਿੱਤੇ ਜਾਣਗੇ। ਦਾਖਲਾ, ਖਾਣਾ ਅਤੇ ਪਾਰਕਿੰਗ ਮੁਫਤ ਹੋਵੇਗੀ। 12 ਸਾਲ ਤੱਕ ਦੇ ਬੱਚੇ ਇਸ ਮੇਲੇ ਵਿਚ ਹਿੱਸਾ ਲੈ ਸਕਦੇ ਹਨ। ਹੋਰ ਜਾਣਕਾਰੀ ਲਈ ਭੁਪਿੰਦਰ ਮਾਵੀ 513-746-9176, ਸਪਿੰਦਰ ਤੱਖਰ 937-479-5091, ਜਸਵਿੰਦਰ ਬਾਠ 513-328-8493 ਅਤੇ ਬਲਵਿੰਦਰ ਫੰਟੂ 513-328-7555 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਸੁਸਾਇਟੀ ਵਲੋਂ ਜਾਰੀ ਬਿਆਨ ਅਨੁਸਾਰ ਇਸ ਦਾ ਚੌਥਾ ਸਾਲਾਨਾ ਖੇਡ ਮੇਲਾ 6 ਸਤੰਬਰ ਨੂੰ ਜੀ ਈ ਪਾਰਕ, ਸਪਰਿੰਗਡੇਲ ਵਿਚ ਰੱਖਿਆ ਗਿਆ ਹੈ। ਇਸ ਮੌਕੇ ਕਬੱਡੀ, ਵਾਲੀਬਾਲ, ਫੁੱਟਬਾਲ ਅਤੇ ਹੋਰ ਖੇਡਾਂ ਹੋਣਗੀਆਂ।


# LIQUOR/GROCERY STORE FOR SALE!

*Located at Kalamazoo, MI*

Well established high volume neighborhood grocery store with liquor, beer and wine.

Monthly income around $80,000

*For more information, please contact:*

**Call: 972-838-8370**

# ਗੁਰਪਤਵੰਤ ਸਿੰਘ ਪੰਨੂੰ

ਅਟਾਰਨੀ ਐਟ ਲਾਅ



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ? ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?

ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

## ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370
* ADMITTED IN THE STATE OF NEW YORK ONLY

CALIFORNIA
T 510.796.9000
39180 LIBERTY STREET, SUITE 118
FREEMONT. CA 94538

# ਅਮਰ ਕਾਰਪੈਟਸ


ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

# Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਸਰਕਾਰ ਦੇ ਲੇਖੇ-ਜੋਖੇ ਵਿਚ ਬੇਅੰਤ ਬੇਨੇਮੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲੋਕਾਂ ਤੋਂ ਕੀਤੀ ਜਾਂਦੀ ਵਸੂਲੀ ਦੀ ਵਰਤੋਂ ਗ਼ੈਰ-ਵਿਧਾਨਕ ਢੰਗਾਂ ਨਾਲ ਕੀਤੀ ਜਾ ਰਹੀ ਹੈ। ਕੇਂਦਰੀ ਯੋਜਨਾ ਦੇ ਪੈਸੇ ਦੀ ਵੀ ਗ਼ਲਤ ਤਰੀਕੇ ਨਾਲ ਵਰਤੋਂ ਕੀਤੀ ਗਈ ਹੈ। ਇਹ ਗੱਲ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂਪ੍ਰੀਖਿਅਕ (ਕੈਗ) ਵੱਲੋਂ ਵਿਧਾਨ ਸਭਾ ਵਿਚ ਪੇਸ਼ ਕੀਤੀ ਰਿਪੋਰਟ ਦੌਰਾਨ ਸਾਹਮਣੇ ਆਈ ਹੈ। 'ਕੈਗ' ਮੁਤਾਬਕ ਸਰਕਾਰ ਨੇ ਕਾਨੂੰਨ ਬਣਾ ਕੇ ਜਾਂ ਨੋਟੀਫਿਕੇਸ਼ਨਾਂ ਰਾਹੀਂ ਫੰਡ ਸਥਾਪਤ ਕੀਤੇ ਜਿਸ ਅਧੀਨ ਇਕੱਠੀਆਂ ਕੀਤੀਆਂ ਗਈਆਂ ਮਾਲੀ ਪ੍ਰਾਪਤੀਆਂ ਨੂੰ ਜਮ੍ਹਾਂ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਬੀਤੇ ਮਾਲੀ ਵਰ੍ਹੇ ਦੌਰਾਨ 1169.49 ਕਰੋੜ ਰੁਪਏ ਗ਼ੈਰ-ਵਿਧਾਨਕ ਤਰੀਕਿਆਂ ਰਾਹੀਂ ਖ਼ਰਚ ਕੀਤੇ ਗਏ ਹਨ।

'ਕੈਗ' ਦੇ ਦਾਅਵਿਆਂ ਮੁਤਾਬਕ 1184.65 ਕਰੋੜ ਰੁਪਏ ਦੀਆਂ ਕੁੱਲ ਸਰਕਾਰੀ ਪ੍ਰਾਪਤੀਆਂ ਨੂੰ ਸੂਬਾ ਸਰਕਾਰ ਨੇ ਸੰਚਿਤ ਫੰਡ ਤੋਂ ਬਾਹਰ ਰੱਖਿਆ ਹੈ। ਸਰਕਾਰ ਨੇ ਮਾਲੀ ਸਾਲ 2012-13 ਦੌਰਾਨ ਕਈ ਕੇਂਦਰੀ ਯੋਜਨਾਵਾਂ ਦਾ ਪੈਸਾ ਵੀ ਸਰਕਾਰੀ ਖ਼ਜ਼ਾਨੇ ਵਿਚ ਲਿਆਉਣ ਦੀ ਥਾਂ ਸਿੱਧਾ ਵਿਭਾਗਾਂ ਨੂੰ ਹੀ ਭੇਜ ਦਿੱਤਾ। 'ਕੈਗ' ਮੁਤਾਬਕ ਜਿਨ੍ਹਾਂ ਫੰਡਾਂ ਨੂੰ ਰਾਜ ਦੇ ਬਜਟ ਤੋਂ ਬਾਹਰ ਹੀ ਤਬਦੀਲ ਕਰ ਦਿੱਤਾ ਗਿਆ, ਉਨ੍ਹਾਂ ਵਿਚ ਸਰਵ ਸਿੱਖਿਆ ਅਭਿਆਨ ਦੇ 598.40 ਕਰੋੜ ਰੁਪਏ, ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਦੇ 169.65 ਕਰੋੜ ਰੁਪਏ, ਰਾਸ਼ਟਰੀ ਦਿਹਾਤੀ ਮਿਸ਼ਨ ਦੇ 87.84 ਕਰੋੜ ਰੁਪਏ, ਕੌਮੀ ਦਿਹਾਤੀ ਸਿਹਤ ਮਿਸ਼ਨ ਦੇ ਪ੍ਰਜਨਕ ਬੱਚਾ ਸਿਹਤ ਦੇ 88.38 ਕਰੋੜ ਰੁਪਏ, ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀ ਦੇ 11.84 ਕਰੋੜ ਰੁਪਏ, ਨਰੇਗਾ ਦੇ 32.46 ਕਰੋੜ ਰੁਪਏ, ਸੰਸਦ ਮੈਂਬਰਾਂ ਦਾ ਅਖ਼ਤਿਆਰੀ ਫੰਡ 2.38 ਕਰੋੜ ਰੁਪਏ, ਅੰਨ੍ਹਾਪਣ ਰੋਕਣ ਦੇ ਕੌਮੀ ਪ੍ਰੋਗਰਾਮ ਦੇ 2.95 ਕਰੋੜ ਰੁਪਏ, ਕੌਮੀ ਕੁਸ਼ਟ ਖ਼ਾਤਮਾ ਪ੍ਰੋਗਰਾਮ ਦੇ 1.50 ਕਰੋੜ, ਸਵਰਨਜਯੰਤੀ ਗ੍ਰਾਮ ਸਵੈਰੁਜ਼ਗਾਰ ਯੋਜਨਾ ਦੇ 2.80 ਕਰੋੜ ਰੁਪਏ ਤੇ ਸੋਧਿਆ ਹੋਇਆ ਕੌਮੀ ਟੀਬੀ ਪ੍ਰੋਗਰਾਮ ਸ਼ਾਮਲ ਹਨ। ਸਿਰਫ਼ ਕੇਂਦਰੀ ਸਕੀਮਾਂ ਦੀ ਕੁੱਲ ਰਕਮ 1002.22 ਕਰੋੜ ਰੁਪਏ ਬਣਦੀ ਹੈ।

ਸਰਵ ਸਿੱਖਿਆ ਅਭਿਆਨ ਦੇ ਅਹਿਮ ਫੰਡਾਂ ਨੂੰ ਤਬਦੀਲ ਕਰਨ ਲਈ ਕੀਤੀ ਕਾਰਵਾਈ ਨੂੰ 'ਕੈਗ' ਨੇ ਗੰਭੀਰ ਮੰਨਿਆ ਹੈ। ਇਸ ਮੁਤਾਬਕ ਡਿਪਟੀ ਕਮਿਸ਼ਨਰ ਤੇ ਐਸ.ਡੀ.ਐਮ. ਦਫ਼ਤਰਾਂ ਵੱਲੋਂ ਦੁਕਾਨਾਂ ਤੇ ਸਾਈਕਲ ਸਟੈਂਡਾਂ ਆਦਿ ਦੇ ਕਿਰਾਏ ਤੋਂ ਪੰਜਾਬ ਭਰ ਵਿਚੋਂ ਹੁੰਦੀ ਕਮਾਈ ਦੇ ਹਿਸਾਬ-ਕਿਤਾਬ ਦਾ ਕੋਈ ਪੱਕਾ ਸਿਸਟਮ ਨਹੀਂ ਬਣਾਇਆ ਗਿਆ ਹੈ। 'ਕੈਗ' ਨੇ ਆਪਣੀਆਂ ਰਿਪੋਰਟਾਂ ਵਿਚ ਖ਼ੁਲਾਸਾ ਕੀਤਾ ਹੈ ਕਿ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਲੁਧਿਆਣਾ ਵਰਗੇ ਸ਼ਹਿਰ ਵਿਚ ਪ੍ਰਦੂਸ਼ਣ ਰੋਕਣ ਲਈ ਉਸਾਰੂ ਭੂਮਿਕਾ ਨਹੀਂ ਨਿਭਾਅ ਸਕਿਆ। 'ਕੈਗ' ਮੁਤਾਬਕ 1022 ਸਨਅਤੀ ਇਕਾਈਆਂ ਅਜਿਹੀਆਂ ਹਨ ਜੋ ਬੋਰਡ ਦੀ ਪ੍ਰਵਾਨਗੀ ਤੋਂ ਬਗ਼ੈਰ ਹੀ ਚੱਲ ਰਹੀਆਂ ਹਨ। ਰਿਪੋਰਟ ਮੁਤਾਬਕ ਸਤਲੁਜ ਦਰਿਆ ਦੇ ਪਾਣੀ ਦੀ ਗੁਣਵੱਤਾ ਸਤਲੁਜ ਐਕਸ਼ਨ ਪਲਾਨ ਦੇ ਲਾਗੂ ਹੋਣ ਦੇ ਬਾਅਦ ਵੀ ਨਹੀਂ ਸੁਧਰੀ ਤੇ ਪਾਣੀ ਦਾ ਪੱਧਰ ਲੁਧਿਆਣੇ ਵਿਚ ਪੰਜ ਸੀਵਰੇਜ ਟਰੀਟਮੈਂਟ ਪਲਾਂਟਾਂ ਦੀ ਸਥਾਪਨਾ ਦੇ ਬਾਵਜੂਦ ਡੀ ਦਰਜੇ ਤੱਕ ਡਿੱਗ ਗਿਆ ਹੈ। ਬੋਰਡ 1.78 ਕਰੋੜ ਦੀ ਵਸੂਲੀ ਵਿਚ ਅਸਫ਼ਲ ਰਿਹਾ।

ਸਤਲੁਜ ਦਰਿਆ ਦਾ ਗੰਦਾ ਪਾਣੀ ਸੂਬੇ ਦੇ ਵੱਡੇ ਹਿੱਸੇ ਵਿਚ ਸਪਲਾਈ ਹੁੰਦਾ ਹੈ। ਸਹਿਕਾਰੀ ਵਿਭਾਗ ਦੀ ਕਾਰਜਪ੍ਰਣਾਲੀ ਤੇ ਅੰਦਰੂਨੀ ਆਡਿਟ ਦੀਆਂ ਰਿਪੋਰਟਾਂ ਮੁਤਾਬਕ ਕਾਰਵਾਈ ਨਾ ਕਰਨ ਦੇ ਤੱਥ ਵੀ ਰਿਪੋਰਟ ਵਿਚ ਦਿੱਤੇ ਹਨ। 'ਕੈਗ' ਨੇ ਪੰਚਾਇਤ ਵਿਭਾਗ ਰਾਹੀਂ ਗ਼ਰੀਬ ਪਰਿਵਾਰਾਂ ਨੂੰ ਇੰਦਰਾ ਆਵਾਸ ਯੋਜਨਾ ਅਧੀਨ ਘਰ ਬਣੇ ਕੇ ਦਿੱਤੇ ਜਾਣ ਦੇ ਮਾਮਲੇ ਵਿਚ ਵੱਡੀਆਂ ਬੇਨਿਯਮੀਆਂ ਸਾਹਮਣੇ ਲਿਆਂਦੀਆਂ ਹਨ। ਰਿਪੋਰਟ ਮੁਤਾਬਕ ਸੂਬੇ ਦੇ 3 ਜ਼ਿਲ੍ਹਿਆਂ ਨਵਾਂ ਸ਼ਹਿਰ, ਮੁਹਾਲੀ ਤੇ ਤਰਨ ਤਾਰਨ ਦੇ 1129 ਵਿਅਕਤੀ ਜੋ ਇਸ ਯੋਜਨਾ ਦੇ ਯੋਗ ਨਹੀਂ ਸਨ, ਨੂੰ 3.51 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਵਿਭਾਗ ਨੇ ਹੋਮਸਟੈਡ ਸਾਈਟਸ ਸਕੀਮ ਸੂਬੇ ਵਿਚ ਲਾਗੂ ਹੀ ਨਹੀਂ ਕੀਤੀ। ਸਾਲ 2008 ਤੋਂ 2013 ਦੌਰਾਨ ਫੰਡਾਂ ਦੀ ਵਰਤੋਂ ਵਿਚ 21 ਤੋਂ 66 ਫ਼ੀਸਦੀ ਦੀ ਕਮੀ ਆਈ ਹੈ। ਸਰਕਾਰ ਦਾ ਹਿੱਸਾ ਦੇਰੀ ਨਾਲ ਜਾਰੀ ਕੀਤੇ ਜਾਣ ਤੇ ਫੰਡ ਦੇਰੀ ਨਾਲ ਵਰਤੇ ਜਾਣ ਕਾਰਨ ਕੇਂਦਰ ਸਰਕਾਰ ਨੇ 7.48 ਕਰੋੜ ਦੇ ਫੰਡਾਂ ਦੀ ਕਟੌਤੀ ਲਗਾ ਦਿੱਤੀ। 'ਕੈਗ' ਨੇ ਇਸ ਵਿਭਾਗ ਵਿਚ ਕਰੋੜਾਂ ਰੁਪਏ ਦਾ ਗਬਨ ਹੋਣ ਦੇ ਸ਼ੰਕੇ ਵੀ ਪ੍ਰਗਟਾਏ ਹਨ।

# ਅਕਾਲੀ ਦਲ ਲਈ ਇਕ ਹੋਰ ਅਗਨੀ ਪ੍ਰੀਖਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਤਲਵੰਡੀ ਸਾਬੋ ਅਤੇ ਪਟਿਆਲਾ (ਸ਼ਹਿਰੀ) ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਅਗਨੀ ਪ੍ਰੀਖਿਆ ਦੇਣੀ ਪਵੇਗੀ।

ਲੋਕ ਸਭਾ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਨਾ ਕਰਨ ਕਰ ਕੇ ਸੂਬੇ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਅੰਦਰ ਖਿੱਚੋਤਾਣ ਚੱਲ ਰਹੀ ਹੈ। ਕਾਂਗਰਸ ਅੰਦਰ ਤਾਂ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਗੱਦੀ ਤੋਂ ਲਾਹੁਣ ਲਈ ਲਾਮਬੰਦੀ ਵੀ ਹੋਈ, ਪਰ ਹਾਈਕਮਾਨ ਨੇ ਅਜੇ ਇਹ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਹੈ।

ਦੂਜੇ ਪਾਸੇ ਪਿਛਲੇ ਸਾਢੇ ਸੱਤ ਸਾਲਾਂ ਤੋਂ ਸੱਤਾ 'ਤੇ ਕਾਬਜ਼ ਅਕਾਲੀ ਦਲ ਵੀ ਲੋਕ ਸਭਾ ਚੋਣਾਂ ਵਿਚ ਸਾਹਮਣੇ ਆਏ ਲੋਕ ਰੋਹ ਤੋਂ ਖ਼ੌਫਜ਼ਦਾ ਹੈ। ਆਰਥਿਕ ਸੰਕਟ, ਨਸ਼ਾ ਤਸਕਰੀ, ਰੇਤਾ-ਬਜਰੀ ਮਾਫ਼ੀਆ, ਟੈਕਸਾਂ ਦਾ ਬੋਝ, ਬਿਜਲੀ ਦੀ ਸਮੱਸਿਆ, ਪੁਲਿਸ ਵਧੀਕੀਆਂ ਤੇ ਮਾੜਾ ਪ੍ਰਸ਼ਾਸਨਕ ਢਾਂਚਾ ਮੁੱਦੇ ਸਰਕਾਰ ਦੇ ਗਲੇ ਦੀ ਹੱਡੀ ਬਣੇ ਹੋਏ ਹਨ। ਅਕਾਲੀ-ਭਾਜਪਾ ਸਰਕਾਰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਅਜੇ ਵੀ ਕੋਈ ਠੋਸ ਕਦਮ ਨਹੀਂ ਪੁੱਟ ਸਕੀ ਜਿਸ ਦਾ ਜਵਾਬ ਜ਼ਿਮਨੀ ਚੋਣਾਂ ਵਿਚ ਦੇਣਾ ਪੈ ਸਕਦਾ ਹੈ।

ਤਲਵੰਡੀ ਸਾਬੋ ਅਤੇ ਪਟਿਆਲਾ (ਸ਼ਹਿਰੀ) ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ 21 ਅਗਸਤ ਨੂੰ ਹੋ ਰਹੀਆਂ ਹਨ। ਪਟਿਆਲਾ (ਸ਼ਹਿਰੀ) ਹਲਕਾ ਕੈਪਟਨ ਅਮਰਿੰਦਰ ਸਿੰਘ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਕਾਰਨ ਖਾਲੀ ਹੋਇਆ ਹੈ।

ਤਲਵੰਡੀ ਸਾਬੋ ਹਲਕੇ ਤੋਂ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦਲ ਬਦਲੀ ਕਰ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਮਾਰਚ ਮਹੀਨੇ ਵਿਚ ਦਲਬਦਲੀ ਕੀਤੀ ਸੀ। ਇਹ ਦੋਵੇਂ ਵਿਧਾਨ ਸਭਾ ਹਲਕੇ ਕਾਂਗਰਸ ਦੇ ਕਬਜ਼ੇ ਹੇਠ ਸਨ। ਸਾਲ 2012 ਦੀਆਂ ਆਮ ਚੋਣਾਂ ਦੌਰਾਨ ਤਲਵੰਡੀ ਸਾਬੋ ਤੋਂ ਕਾਂਗਰਸ ਦੀ ਟਿਕਟ 'ਤੇ ਜੀਤਮਹਿੰਦਰ ਸਿੰਘ ਸਿੱਧੂ ਅਤੇ ਪਟਿਆਲਾ (ਸ਼ਹਿਰੀ) ਤੋਂ ਕੈਪਟਨ ਅਮਰਿੰਦਰ ਸਿੰਘ ਜੇਤੂ ਰਹੇ ਸਨ।

ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਵੱਲੋਂ ਵੀ ਕਿਸਮਤ ਅਜ਼ਮਾਈ ਜਾਵੇਗੀ। ਪਾਰਟੀ ਵੱਲੋਂ ਆਉਣ ਵਾਲੇ ਦਿਨਾਂ ਵਿਚ ਉਮੀਦਵਾਰਾਂ ਦਾ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ। ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਸਾਢੇ 24 ਫ਼ੀਸਦੀ ਦੇ ਕਰੀਬ ਵੋਟ ਲੈ ਕੇ ਤੀਜੀ ਵੱਡੀ ਪਾਰਟੀ ਵਜੋਂ ਉੱਭਰੀ ਹੈ। ਇਹ ਵੋਟ ਅਕਾਲੀ ਦਲ ਨਾਲੋਂ ਮਹਿਜ਼ ਦੋ ਫ਼ੀਸਦੀ ਹੀ ਘੱਟ ਹਨ। ਕਾਂਗਰਸ ਤੇ ਅਕਾਲੀ ਦਲ ਦੀ ਹਾਲਤ ਨੂੰ ਵੇਖਦਿਆਂ ਆਮ ਆਦਮੀ ਪਾਰਟੀ ਮੋਰਚਾ ਫਤਹਿ ਕਰਨ ਲਈ ਹਰ ਵਾਹ ਲਾਏਗੀ।

## ਹਰਿਆਣਾ ਦੇ ਸਿੱਖ ਆਪਣੇ ਫੈਸਲੇ ਉਤੇ ਦ੍ਰਿੜ੍ਹ

*(ਸਫਾ ਇਕ ਦੀ ਬਾਕੀ)*

ਕੀਤਾ ਹੈ ਜਿਸ ਵਿਚ ਸਿੱਖ ਬੁੱਧੀਜੀਵੀ ਵੀ ਹਿੱਸਾ ਲੈਣਗੇ। ਉਧਰ, ਹਰਿਆਣਾ ਦੇ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੇ ਕਿਹਾ ਹੈ ਕਿ ਹਰਿਆਣਾ ਵਿਚ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਲਈ ਰਾਜ ਸਰਕਾਰ ਦੇਸ਼ ਹਿੱਤ, ਰਾਜ ਹਿੱਤ ਤੇ ਜਨਤਾ ਦੇ ਹਿਤ ਲਈ ਕੁਰਬਾਨੀ ਦੇਣ ਲਈ ਤਿਆਰ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਬਿੱਲ, 2014 ਹੁਣ ਕਾਨੂੰਨ ਬਣ ਚੁੱਕਿਆ ਹੈ ਤੇ ਇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਨਾਲ ਹੀ ਇਸ ਬਿਲ ਨੂੰ ਨਾ ਤਾਂ ਰਾਜਪਾਲ ਕੋਲ ਅਤੇ ਨਾ ਹੀ ਰਾਸ਼ਟਰਪਤੀ ਕੋਲ ਰੈਫਰੈਂਸ ਲਈ ਭੇਜਿਆ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਕੇਂਦਰ ਸਰਕਾਰ ਰਾਜ ਸਰਕਾਰ ਨੂੰ ਬਰਖ਼ਾਸਤ ਕਰਨਾ ਚਾਹੁੰਦੀ ਹੈ ਤਾਂ ਕਰ ਦੇਵੇ।

## ਬਾਦਲਾਂ ਲਈ ਵੰਗਾਰ ਬਣ ਗਈ ਵੱਖਰੀ ਕਮੇਟੀ

*(ਸਫਾ ਇਕ ਦੀ ਬਾਕੀ)*

ਗੁਰਦੁਆਰਿਆਂ 'ਤੇ ਕੀਤੇ ਗਏ ਗੈਰ-ਕਾਨੂੰਨੀ ਕਬਜ਼ੇ ਛੱਡ ਕੇ ਆਪਣੇ ਘਰਾਂ ਨੂੰ ਵਾਪਸ ਜਾਣ। ਹਰਿਆਣਾ ਦੇ ਆਗੂਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਬੇਨਤੀ ਕੀਤੀ ਹੈ ਕਿ ਗੁਰਦੁਆਰਿਆਂ ਦੀ ਮਰਿਆਦਾ ਭੰਗ ਕਰਨ ਵਾਲਿਆਂ ਨੂੰ ਪੰਥ ਵਿਚੋਂ ਛੇਕਿਆ ਜਾਵੇ। ਭੁਪਿੰਦਰ ਸਿੰਘ ਹੁੱਡਾ ਨੇ ਕੇਂਦਰ ਦੀ ਹਦਾਇਤ ਨੂੰ ਦਰਕਿਨਾਰ ਕਰਦਿਆਂ ਵੱਖਰੀ ਕਮੇਟੀ ਬਾਰੇ ਬਣਾਇਆ ਕਾਨੂੰਨ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ।

ਅਕਾਲੀ ਦਲ ਨੇ ਇਸ ਮੁੱਦੇ ਉਤੇ ਮੋਰਚਾ ਲਾਉਣ ਦਾ ਸੰਕੇਤ ਦਿੰਦਿਆਂ 27 ਜੁਲਾਈ ਨੂੰ ਅੰਮ੍ਰਿਤਸਰ ਵਿਚ ਪੰਥਕ ਇਕੱਤਰਤਾ ਬੁਲਾ ਲਈ



*ਹਰਿਆਣਾ ਦੇ ਸ਼ਹਿਰ ਕੁਰੂਕਸ਼ੇਤਰ ਦੇ ਗੁਰਦੁਆਰੇ ਵਿਚ ਪਹਿਰਾ ਦੇ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਹਮਾਇਤੀ ਨਿਹੰਗ।*

ਚੇਤੇ ਰਹੇ ਕਿ ਨੈਤਿਕ ਅਤੇ ਤਕਨੀਕੀ ਪੱਖ ਤੋਂ ਅਕਾਲੀ ਦਲ ਵੱਲੋਂ ਵੱਖਰੀ ਕਮੇਟੀ ਬਾਰੇ ਮੱਲਿਆ ਪੈਂਤੜਾ ਬੇਹੱਦ ਕਮਜ਼ੋਰ ਹੈ। ਇਸੇ ਲਈ ਸ. ਬਾਦਲ ਨੇ ਸਾਰਾ ਜ਼ੋਰ ਕੇਂਦਰ ਸਰਕਾਰ ਤੋਂ ਕੋਈ ਕਾਰਵਾਈ ਕਰਵਾਉਣ ਲਈ ਲਗਾ ਦਿੱਤਾ ਹੈ। ਇਸੇ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਹੈ। ਸੂਤਰਾਂ ਅਨੁਸਾਰ ਅੰਮ੍ਰਿਤਸਰ ਵਿਚ ਹੋਣ ਵਾਲੇ ਪੰਥਕ ਇਕੱਠ ਦੌਰਾਨ ਮੋਰਚੇ ਆਰੰਭਣ ਬਾਰੇ ਆਖ਼ਰੀ ਫੈਸਲਾ ਕੀਤਾ ਜਾਵੇਗਾ। ਇਸ ਇਕੱਠ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਹੁਦੇ ਤੋਂ ਅਸਤੀਫ਼ਾ ਦੇ ਕੇ ਮੋਰਚੇ ਦੀ ਅਗਵਾਈ ਦਾ ਐਲਾਨ ਕਰ ਸਕਦੇ ਹਨ।

## ਗ਼ੈਰ-ਪੰਜਾਬੀ ਮਾਹਿਰ ਕਰਨਗੇ ਨਸ਼ੇੜੀ ਨੌਜਵਾਨਾਂ ਦਾ ਇਲਾਜ

**ਚੰਡੀਗੜ੍ਹ:** ਨਸ਼ੇ ਦੀ ਗ੍ਰਿਫ਼ਤ ਵਿਚ ਆ ਚੁੱਕੇ ਪੰਜਾਬੀਆਂ ਦਾ ਇਲਾਜ ਪੰਜਾਬ ਦੀ ਬੋਲੀ, ਮਾਨਸਿਕਤਾ ਤੇ ਸੱਭਿਆਚਾਰ ਤੋਂ ਅਣਜਾਣ ਮਨੋਰੋਗ ਦੇ ਮਾਹਿਰ ਗ਼ੈਰਪੰਜਾਬੀ ਡਾਕਟਰ ਕਰਿਆ ਕਰਨਗੇ। ਸੂਬੇ ਵਿਚਲੇ ਨਸ਼ਾ ਛੁਡਾਊ ਕੇਂਦਰਾਂ ਲਈ ਮਾਹਿਰ ਡਾਕਟਰ ਭਰਤੀ ਕਰਨ ਵਿਚ ਅਸਫਲ ਰਹੀ ਸਰਕਾਰ ਨੇ ਬਾਹਰਲੇ ਸੂਬਿਆਂ 'ਤੇ ਟੇਕ ਲਾਈ ਹੈ। ਸਿਹਤ ਵਿਭਾਗ ਨੇ ਮਨੋਰੋਗ ਦੇ ਮਾਹਿਰ ਡਾਕਟਰਾਂ ਦੀ ਭਰਤੀ ਲਈ ਕਪੂਰਥਲਾ ਹਾਊਸ, ਦਿੱਲੀ ਵਿਚ ਦੋ ਅਗਸਤ ਨੂੰ ਇੰਟਰਵਿਊ ਸੱਦੀ ਹੈ।

ਇਹ ਪਹਿਲੀ ਵਾਰ ਹੈ ਜਦੋਂ ਮਾਹਿਰ ਡਾਕਟਰ ਨਾ ਮਿਲਣ ਕਰਕੇ ਸਰਕਾਰ ਨੂੰ ਸੂਬੇ ਤੋਂ ਬਾਹਰ ਕੌਮੀ ਰਾਜਧਾਨੀ ਦਿੱਲੀ ਵਿਚ ਇੰਟਰਵਿਊ ਕਰਨੀ ਪੈ ਰਹੀ ਹੈ। ਸਰਕਾਰ ਵੱਲੋਂ 19 ਮਨੋਰੋਗ ਮਾਹਿਰ ਡਾਕਟਰਾਂ ਦੀ ਭਰਤੀ ਲਈ 26 ਜੂਨ ਨੂੰ ਇੰਟਰਵਿਊ ਰੱਖੀ ਗਈ ਸੀ। ਇਸ ਲਈ ਸਿਰਫ ਚਾਰ ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਪਰ ਇੰਟਰਵਿਊ ਲਈ ਇਕ ਵੀ ਨਹੀਂ ਆਇਆ ਸੀ, ਜਿਸ ਕਰਕੇ ਭਰਤੀ ਅਮਲ 'ਫਲਾਪ' ਹੋ ਕੇ ਰਹਿ ਗਿਆ ਸੀ। ਵਿਭਾਗ ਵੱਲੋਂ ਇਸ ਦਿਨ 226 ਹੋਰ ਮਾਹਿਰ ਡਾਕਟਰਾਂ ਦੀ ਭਰਤੀ ਲਈ ਵੀ ਇੰਟਰਵਿਊ ਰੱਖੀ ਗਈ ਸੀ ਪਰ ਸਿਰਫ 42 ਉਮੀਦਵਾਰ ਹਾਜ਼ਰ ਹੋਏ ਸਨ। ਇਨ੍ਹਾਂ ਵਿਚੋਂ ਸਿਰਫ ਨੌਂ ਨੇ ਜੁਆਇਨ ਕੀਤਾ ਹੈ।

ਜਾਣਕਾਰੀ ਅਨੁਸਾਰ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ 450 ਤੋਂ ਵੱਧ ਮਾਹਿਰ ਡਾਕਟਰਾਂ ਦੀਆਂ ਅਸਾਮੀਆਂ ਖ਼ਾਲੀ ਪਈਆਂ ਹਨ ਤੇ ਡਾਕਟਰ ਮਿਲ ਨਹੀਂ ਰਹੇ ਹਨ। ਵਿਭਾਗ ਵੱਲੋਂ ਮਾਹਿਰ ਡਾਕਟਰਾਂ ਦੀ ਭਰਤੀ ਲਈ ਹਰ ਮਹੀਨੇ ਦੀ 17 ਤਰੀਕ ਨੂੰ ਵਾਕ ਇਨ ਇੰਟਰਵਿਊ ਰੱਖੀ ਜਾਂਦੀ ਹੈ ਪਰ ਇਸ ਨੂੰ ਨਾਮਾਤਰ ਹੁੰਗਾਰਾ ਮਿਲ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਕਲੀਨਸ਼ੇਵ, 24 ਸਾਲ, ਕੱਦ 6 ਫੁੱਟ, ਕੈਲੀਫੋਰਨੀਆ ਰਹਿੰਦੇ, ਫੈਡਰਲ ਗੌਰਮਿੰਟ ਦੀ ਜੌਬ ਕਰਦੇ ਲੜਕੇ ਲਈ ਪੜ੍ਹੀ-ਲਿਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੀ ਗਰੀਨ ਕਾਰਡ ਹੋਲਡਰ ਜਾਂ ਅਮੈਰਿਕਨ ਸਿਟੀਜ਼ਨ ਹੋਵੇ। ਵਿਆਹ ਬਿਨਾ ਦਾਜ-ਦਹੇਜ ਤੋਂ। ਸੰਪਰਕ ਕਰੋ: sikhjatt1@yahoo.com 30 to 33

ਸੈਣੀ ਸਿੱਖ, 28 ਸਾਲ, ਕੱਦ 5'-8", ਇੰਡੀਆ ਰਹਿੰਦੇ ਬੀ.ਏ. ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 571-428-5175 ਜਾਂ 91-99159-72923 (ਭਾਰਤ)

### ਵਰ ਦੀ ਲੋੜ

ਯੂ ਐਸ ਸਿਟੀਜ਼ਨ ਜੱਟ ਸਿੱਖ ਤਲਾਕਸ਼ੁਦਾ ਲੜਕੀ ਉਮਰ 35 ਸਾਲ (ਇਕ ਬੱਚੀ) ਲਈ 35-40 ਸਾਲ ਦੇ ਲੜਕੇ ਦੀ ਲੋੜ ਹੈ। ਕੇਵਲ ਮਾਝੇ ਤੇ ਮਾਲਵੇ ਵਾਲੇ ਹੀ 9 ਤੋਂ 5 ਦਰਮਿਆਨ ਫੋਨ: 510-943-9100 'ਤੇ ਸੰਪਰਕ ਕਰਨ। 30 to 33

Suitable Match for Green Card holder, Jat Sikh girl, 28, 5'-3", fair complexion, BSc nursing, innocently divorcee after brief marriage, working as a RN. Divorcees considerable. Send bio-data and photo to E-mail: csahi1949@gmail.com or Call: 209-483-9783 26 to 30

# ਖੁਦ ਸਰਕਾਰ ਨੇ ਰੱਖਿਆ ਰੇਤ ਮਾਫੀਆ ਦੇ ਸਿਰ 'ਤੇ ਹੱਥ

**ਬਠਿੰਡਾ:** ਗੈਰਕਾਨੂੰਨੀ ਖੁਦਾਈ ਕਰਨ ਵਾਲੇ ਰੇਤ ਮਾਫ਼ੀਏ ਦੇ ਸਿਰ 'ਤੇ ਪੰਜਾਬ ਸਰਕਾਰ ਦਾ ਹੱਥ ਹੈ। ਲੰਘੇ ਤਿੰਨ ਵਰ੍ਹਿਆਂ ਵਿਚ ਰੇਤ ਮਾਫ਼ੀਏ ਨੇ ਪੂਰੇ ਹੱਥ ਰੰਗੇ ਹਨ ਪਰ ਸਰਕਾਰ ਨੇ ਇਨ੍ਹਾਂ ਨੂੰ ਸਖ਼ਤੀ ਨਾਲ ਹੱਥ ਨਹੀਂ ਪਾਇਆ। ਬਹੁਤੇ ਤਾਂ ਮਾਮੂਲੀ ਕਾਰਵਾਈ ਮਗਰੋਂ ਹੀ ਛੱਡ ਦਿੱਤੇ ਗਏ ਹਨ ਤੇ ਟਾਵਿਆਂ ਖ਼ਿਲਾਫ਼ ਹੀ ਪੁਲਿਸ ਕੇਸ ਦਰਜ ਕਰਵਾਏ ਗਏ ਹਨ। ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿਚ ਰਿਆਇਤ ਵਰਤੀ ਜਾਂਦੀ ਰਹੀ ਹੈ। ਕੇਂਦਰੀ ਖਾਣ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਪੰਜਾਬ ਵਿਚ ਇਕ ਅਪਰੈਲ 2010 ਤੋਂ 31 ਦਸੰਬਰ 2013 ਤੱਕ ਰੇਤ ਮਾਫ਼ੀਏ ਖ਼ਿਲਾਫ਼ ਕਾਰਵਾਈ ਢਿੱਲੀ ਰਹੀ ਹੈ।



ਇਸ ਸਮੇਂ ਦੌਰਾਨ ਗ਼ੈਰਕਾਨੂੰਨੀ ਖਣਨ ਦੇ 1087 ਕੇਸ ਫੜੇ ਗਏ ਜਿਨ੍ਹਾਂ ਵਿਚੋਂ ਸਿਰਫ਼ 86 ਕੇਸਾਂ, ਜੋ ਕਿ ਅੱਠ ਫੀਸਦੀ ਬਣਦੇ ਹਨ, ਵਿਚ ਪੁਲਿਸ ਕੇਸ ਦਰਜ ਕਰਾਇਆ ਗਿਆ ਹੈ। ਬਾਕੀ ਮਾਮਲਿਆਂ ਵਿਚ ਮਾਮੂਲੀ ਕਾਰਵਾਈ ਕੀਤੀ ਗਈ ਹੈ। ਇਵੇਂ ਹੀ 1087 ਕੇਸਾਂ ਵਿਚ ਸਿਰਫ਼ 61 ਵਾਹਨ ਹੀ ਮਹਿਕਮੇ ਤੇ ਪੁਲਿਸ ਨੇ ਫੜੇ ਹਨ। ਇਨ੍ਹਾਂ ਮਾਮਲਿਆਂ ਵਿਚ ਪੰਜਾਬ ਸਰਕਾਰ ਨੇ 1.44 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਹੈ। ਪੰਜਾਬ ਵਿਚ ਰੇਤਾ ਕਾਫ਼ੀ ਮਹਿੰਗਾ ਹੋ ਗਿਆ ਹੈ, ਜਿਸ ਕਰਕੇ ਹਾਕਮ ਧਿਰ ਨੂੰ ਇਸ ਦਾ ਲੋਕ ਸਭਾ ਚੋਣਾਂ ਵਿਚ ਖਮਿਆਜ਼ਾ ਵੀ ਭੁਗਤਣਾ ਪਿਆ ਹੈ।

ਕੇਂਦਰੀ ਬਿਊਰੋ ਆਫ ਮਾਈਨਜ਼ ਕੋਲ ਸੂਬਾ ਸਰਕਾਰ ਵੱਲੋਂ ਤਿਮਾਹੀ ਰਿਟਰਨ ਭਰੀ ਜਾਂਦੀ ਹੈ, ਜਿਸ ਦੇ ਵੇਰਵਿਆਂ ਮੁਤਾਬਕ ਪੰਜਾਬ ਵਿਚ ਸਾਲ 2010-11 ਵਿਚ ਗ਼ੈਰਕਾਨੂੰਨੀ ਖੁਦਾਈ ਦੇ 754 ਕੇਸ ਸਾਹਮਣੇ ਆਏ ਜਦਕਿ ਸਾਲ 2011- 12 ਵਿਚ ਇਨ੍ਹਾਂ ਕੇਸਾਂ ਦੀ ਗਿਣਤੀ 314 ਰਹਿ ਗਈ। ਇਵੇਂ ਹੀ ਸਾਲ 2012-13 ਵਿਚ ਸਿਰਫ਼ 19 ਕੇਸ ਹੀ ਗ਼ੈਰਕਾਨੂੰਨੀ ਖੁਦਾਈ ਦੇ ਫੜੇ ਗਏ ਹਨ। ਸਾਲ 2013-14 ਦੀ ਰਿਟਰਨ ਹਾਲੇ ਰਾਜ ਸਰਕਾਰ ਨੇ ਭੇਜੀ ਨਹੀਂ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਕੁੱਲ 1087 ਕੇਸ ਫੜੇ ਗਏ ਹਨ, ਜਿਨ੍ਹਾਂ ਵਿਚੋਂ ਕਿਸੇ ਵੀ ਕੇਸ ਵਿਚ ਅਦਾਲਤਾਂ ਵਿਚ ਕੇਸ ਦਾਇਰ ਨਹੀਂ ਕੀਤੇ ਗਏ ਹਨ। ਕੇਂਦਰ ਸਰਕਾਰ ਵੱਲੋਂ ਸੂਬਿਆਂ ਵਿਚ ਗ਼ੈਰਕਾਨੂੰਨੀ ਖੁਦਾਈ ਰੋਕਣ ਵਾਸਤੇ ਤਾਲਮੇਲ ਕੀਤਾ ਜਾਂਦਾ ਹੈ ਤੇ ਇਸ ਬਾਰੇ ਕੇਂਦਰੀ ਤਾਲਮੇਲ ਅਤੇ ਤਾਕਤੀ ਕਮੇਟੀ ਬਣੀ ਹੋਈ ਹੈ, ਜਿਸ ਦੀ ਅਗਵਾਈ ਸੱਕਤਰ (ਖਾਣਾਂ) ਕਰਦੇ ਹਨ।

ਇਸ ਕਮੇਟੀ ਵੱਲੋਂ ਚਾਰ ਮਹੀਨਿਆਂ ਮਗਰੋਂ ਮੀਟਿੰਗ ਕਰਕੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਪੰਜਾਬ ਵਿਚ ਪਿਛਲੇ ਕੁਝ ਅਰਸੇ ਤੋਂ ਰੇਤ ਮਾਫ਼ੀਏ ਨੇ ਆਮ ਲੋਕਾਂ ਦੀ ਬੱਸ ਕਰਵਾ ਦਿੱਤੀ ਹੈ, ਜਿਸ ਕਰਕੇ ਰੇਤਾ ਵੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਹੁਣ ਪੰਜਾਬ ਸਰਕਾਰ ਨੇ ਪੰਜਾਬ ਮੰਡੀ ਬੋਰਡ ਨੂੰ ਨੋਡਲ ਏਜੰਸੀ ਬਣਾ ਕੇ ਹਰ ਜ਼ਿਲ੍ਹੇ ਵਿਚ ਕੇਂਦਰ ਸਥਾਪਤ ਕਰ ਦਿੱਤੇ ਹਨ ਤਾਂ ਜੋ ਰੇਤ ਦੀਆਂ ਕੀਮਤਾਂ ਨੂੰ ਕੰਟਰੋਲ ਕੀਤਾ ਜਾ ਸਕੇ। ਇਸ ਮਾਮਲੇ ਵਿਚ ਕੁਝ ਮਹੀਨਿਆਂ ਵਿਚ ਕਾਫ਼ੀ ਪੁਲਿਸ ਕੇਸ ਵੀ ਦਰਜ ਕੀਤੇ ਗਏ ਹਨ। ਉਦਯੋਗ ਵਿਭਾਗ ਬਠਿੰਡਾ ਦੇ ਜਨਰਲ ਮੈਨੇਜਰ ਚਮਨ ਲਾਲ ਦਾ ਕਹਿਣਾ ਹੈ ਕਿ ਨਿਯਮਾਂ ਮੁਤਾਬਕ ਗ਼ੈਰਕਾਨੂੰਨੀ ਖੁਦਾਈ ਕਰਨ ਵਾਲਿਆਂ ਨੂੰ ਜੁਰਮਾਨੇ ਪਾਏ ਜਾਂਦੇ ਹਨ। ਉਨ੍ਹਾਂ ਆਖਿਆ ਕਿ ਜੋ ਕੇਸ ਵੀ ਧਿਆਨ ਵਿਚ ਆਉਂਦਾ ਹੈ, ਫੌਰੀ ਕਾਰਵਾਈ ਕੀਤੀ ਜਾਂਦੀ ਹੈ। ਕਈ ਮਾਮਲਿਆਂ ਵਿਚ ਪੁਲਿਸ ਕੇਸ ਵੀ ਦਰਜ ਕਰਵਾਏ ਗਏ ਹਨ। ਉਨ੍ਹਾਂ ਆਖਿਆ ਕਿ ਹੁਣ ਮੰਡੀ ਬੋਰਡ ਨੂੰ ਨੋਡਲ ਏਜੰਸੀ ਬਣਾ ਦਿੱਤਾ ਗਿਆ ਹੈ ਤੇ ਬਠਿੰਡਾ ਦੇ ਟਰਾਂਸਪੋਰਟ ਨਗਰ ਵਿਚ ਕੇਂਦਰ ਸਥਾਪਤ ਕੀਤਾ ਗਿਆ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

# ਆਸਟਰੇਲੀਅਨ ਆਵਾਸ ਵਿਭਾਗ ਵੱਲੋਂ 28 ਪੰਜਾਬੀ ਗ੍ਰਿਫਤਾਰ

**ਮੈਲਬਰਨ:** ਆਸਟਰੇਲੀਆ ਦੇ ਆਵਾਸ ਵਿਭਾਗ ਨੇ ਤਕਰੀਬਨ 28 ਪੰਜਾਬੀ ਨੌਜਵਾਨਾਂ ਨੂੰ ਵੀਜ਼ਾ ਸ਼ਰਤਾ ਪੂਰੀਆਂ ਨਾ ਕਰਨ ਤੇ ਆਵਾਸ ਵਿਭਾਗ ਦੇ ਨਿਯਮਾਂ ਦੀ ਉਲੰਘਣਾ ਕਰਨ ਦੋਸ਼ ਹੇਠ ਹਿਰਾਸਤ ਵਿਚ ਭੇਜ ਦਿੱਤਾ ਹੈ। ਮੈਲਬਰਨ ਦੇ ਵੱਖ-ਵੱਖ ਇਲਾਕਿਆਂ ਵਿਚ ਵਿਭਾਗ ਵੱਲੋਂ ਛਾਪੇਮਾਰੀ ਦੌਰਾਨ ਇਨ੍ਹਾਂ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਗਿਆ।

ਸ਼ਹਿਰ ਵਿਚ ਕੰਮਕਾਜ ਵਾਲੀਆਂ ਥਾਵਾਂ, ਫੈਕਟਰੀਆਂ ਆਦਿ ਸਮੇਤ ਇਹ ਕਾਰਵਾਈ ਟੈਕਸੀ ਡਰਾਈਵਰਾਂ 'ਤੇ ਵੀ ਅਮਲ ਵਿਚ ਲਿਆਂਦੀ ਗਈ

### ਏਜੰਟ ਨੇ ਡਾਲਰਾਂ ਦਾ ਲਾਲਚ ਦੇ ਕੇ ਮਾਰੀ ਠੱਗੀ

ਹੈ। ਮਿਲੀ ਜਾਣਕਾਰੀ ਮੁਤਾਬਕ ਇਸੇ ਕਾਰਵਾਈ ਤਹਿਤ ਨਜ਼ਰਬੰਦ ਕੀਤੇ ਗਏ ਪੰਜਾਬ ਨਾਲ ਸਬੰਧਤ ਮਨਦੀਪ ਸਿੰਘ ਨੂੰ ਟੈਕਸੀ ਚਲਾਉਂਦਿਆਂ ਮੌਕੇ 'ਤੇ ਕੀਤੀ ਗਈ ਪੁੱਛਗਿੱਛ ਮਗਰੋਂ ਵੀਜ਼ਾ ਰੱਦ ਕਰਕੇ ਹਿਰਾਸਤ ਕੇਂਦਰ ਭੇਜ ਦਿੱਤਾ ਗਿਆ ਹੈ, ਏਜੰਟ ਵੱਲੋਂ ਡਾਲਰਾਂ ਦਾ ਲਾਲਚ ਦੇ ਕੇ ਮਾਰੀ ਠੱਗੀ ਕਾਰਨ ਮਨਦੀਪ ਇਸ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਿਹਾ ਹੈ। ਇਸ ਨੌਜਵਾਨ ਕੋਲ ਸਪਾਂਸਰਸ਼ਿਪ ਵੀਜ਼ਾ ਸੀ ਜਿਸ ਤਹਿਤ ਸਬੰਧਤ ਅਦਾਰੇ ਨਾਲ ਹੀ ਦੋ ਸਾਲ ਕੰਮ ਕਰਨ ਦੀ ਵਿਭਾਗ ਵੱਲੋਂ ਲਾਈ ਸ਼ਰਤ ਲਾਗੂ ਹੁੰਦੀ ਹੈ।

ਕੰਮਕਾਜ ਵਿਚ ਮੰਦੀ ਦੇ ਚੱਲਦਿਆਂ ਏਜੰਟ ਸਮੇਤ ਸਪਾਂਸਰਸ਼ਿਪ ਦੇ ਕਰਜ਼ੇ ਨੂੰ ਲਾਹੁਣ ਲਈ ਮਨਦੀਪ ਟੈਕਸੀ ਚਲਾਉਣ ਲੱਗਿਆ ਸੀ ਪਰ ਇਸ ਛਾਪੇਮਾਰੀ ਦੌਰਾਨ ਹੁਣ ਉਸ ਦਾ ਵੀਜ਼ਾ ਹੀ ਰੱਦ ਕਰ ਦਿੱਤਾ ਗਿਆ ਹੈ। ਮਨਦੀਪ ਛੇ ਸਾਲ ਪਹਿਲਾਂ ਹੇਅਰਡਰੈਸਿੰਗ ਦੇ ਕੋਰਸ ਵਿਚ ਪੰਜਾਬ ਤੋਂ ਆਸਟਰੇਲੀਆ ਆਇਆ ਸੀ।

ਆਵਾਸ ਨਿਯਮਾਂ ਦੀ ਘੁੰਮਣਘੇਰੀ ਵਿਚ ਫਸੇ ਇਨ੍ਹਾਂ ਪੰਜਾਬੀ ਨੌਜਵਾਨਾਂ ਨੂੰ ਸ਼ਹਿਰ ਨੇੜਲੇ ਮੈਰੀਬਰਨੌਂਗ ਆਵਾਸ ਹਿਰਾਸਤ ਕੇਂਦਰ ਵਿਚ ਰੱਖਿਆ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਇਨ੍ਹਾਂ ਨੌਜਵਾਨਾਂ ਨੂੰ ਕਾਨੂੰਨੀ ਤੌਰ 'ਤੇ ਆਪਣਾ ਪੱਖ ਰੱਖਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ ਪਰ ਵੀਜ਼ਾ ਰੱਦ ਹੋਣ ਦੇ ਮਾਮਲੇ ਵਿਚ ਭਾਰਤ ਵਾਪਸ ਭੇਜੇ ਜਾਣ ਦੀ ਸੰਭਾਵਨਾ ਹੈ। ਆਵਾਸ ਵਿਭਾਗ ਵੱਲੋਂ ਅਜਿਹੀ ਕਾਰਵਾਈ ਖੇਤਰੀ ਇਲਾਕਿਆਂ ਵਿਚ ਵੀ ਕੀਤੀ ਜਾ ਰਹੀ ਹੈ।

To Advertise with Punjab Times
Call: 847-359-0746

Need of a live in Housekeeper
A Punjabi family in Aurora, Illinois needs a live in housekeeper.
Good salary with boarding and lodging.
Please call Sunita
@ 773-370-7106

ਲੁਈਸੀਆਨਾ ਵਿਚ
Business For Sale/Lease
Unbranded Gas Station
*Sales inside $45,000 to $50,000 *ATM $400 *Check Cashing $800 *Poker $8,000 *Gas Sales $39,000
Price $75,000/Rent $4,000 (Property $450,000)
Exxon Branded Gas Station
*Sales $58,000 to $60,000 *ATM $500
*Rent/Lease $75,000, Rent $4000
Property $550,000
(Very Good 2 Highways Signal Light, Downtown Property)
4½ Acers Corner Property For Sale
7 Apartments (Income $3500)
Good For Convenience Store or Gas Station
Contac: Beant Singh 337-513-2504
e-mail: beantsingh94553@yahoo.com 30-31

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
J FRESH VEGETABLES EVERY THURSDAY
J FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

# ਜਹਾਜ਼ ਹਾਦਸਾ: ਅਮਰੀਕਾ ਤੇ ਰੂਸ ਵਿਚਾਲੇ ਸ਼ਬਦੀ ਜੰਗ ਤੇਜ਼

**ਵਾਸ਼ਿੰਗਟਨ:** ਮਲੇਸ਼ੀਆ ਦੇ ਹਾਦਸਾਗ੍ਰਸਤ ਜਹਾਜ਼ ਨੂੰ ਲੈ ਕੇ ਅਮਰੀਕਾ ਤੇ ਰੂਸ ਵਿਚਕਾਰ ਸ਼ਬਦੀ ਜੰਗ ਤੇਜ਼ ਹੁੰਦੀ ਦਿਖਾਈ ਦੇ ਰਹੀ ਹੈ। ਰੂਸ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਉਸ ਬਿਆਨ ਦੀ ਨਿਖੇਧੀ ਕੀਤੀ ਹੈ, ਜਿਸ ਵਿਚ ਉਨ੍ਹਾਂ ਜਹਾਜ਼ ਨੂੰ ਡੇਗਣ ਲਈ ਰੂਸ ਪੱਖੀ ਬਾਗ਼ੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਰੂਸ ਦੇ ਉਪ ਵਿਦੇਸ਼ ਮੰਤਰੀ ਸਰਗੇਈ ਰਿਬਕੋਵ ਨੇ ਕਿਹਾ ਹੈ ਕਿ ਅਮਰੀਕੀ ਪ੍ਰਸ਼ਾਸਨ ਜਾਂਚ ਦੇ ਨਤੀਜੇ ਦਾ ਇੰਤਜ਼ਾਰ ਕੀਤੇ ਬਿਨਾਂ ਬਾਗ਼ੀਆਂ ਤੇ ਰੂਸ ਨੂੰ ਜਹਾਜ਼ ਹਾਦਸੇ ਲਈ ਜ਼ਿੰਮੇਵਾਰ ਠਹਿਰਾ ਰਿਹਾ ਹੈ।

ਉਧਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਜਿਸ ਇਲਾਕੇ ਤੋਂ ਮਿਸਾਈਲ ਦਾਗੀ ਗਈ ਉਹ ਇਲਾਕਾ ਰੂਸ ਦੇ ਕੰਟ੍ਰੋਲ ਵਿਚ ਹੈ। ਓਬਾਮਾ ਦਾ ਕਹਿਣਾ ਹੈ ਕਿ ਇਹ ਮੰਨਣਾ ਔਖਾ ਹੈ ਕਿ ਵਿਦਰੋਹੀਆਂ ਦੇ ਜਿਸ ਇਲਾਕੇ ਤੋਂ ਮਿਸਾਈਲ ਦਾਗੀ ਗਈ ਉਹ ਰੂਸ ਦੀ ਸਹਾਇਤਾ ਦੇ ਬਿਨਾਂ ਸੰਭਵ ਹੋਵੇ। ਓਬਾਮਾ ਨੇ ਸਾਫ਼ ਕਿਹਾ ਕਿ ਉਸ ਇਲਾਕੇ ਵਿਚ ਹਿੰਸਾ ਨੂੰ ਰੂਸ ਦਾ ਸਮਰਥਨ ਪ੍ਰਾਪਤ ਹੈ। ਹਾਲਾਂਕਿ ਹੁਣ ਦੋ ਦਿਨ ਬਾਅਦ ਵੀ ਇਹ ਸਵਾਲ ਕਾਇਮ ਹੈ ਕਿ ਆਖਿਰ ਜਹਾਜ਼ 'ਤੇ ਮਿਸਾਈਲ ਹਮਲਾ ਕੀਤਾ ਤਾਂ ਕਿਸਨੇ ਕੀਤਾ। ਇਸ ਪੂਰੇ ਮਾਮਲੇ ਦੀ ਸੁਤੰਤਰ ਜਾਂਚ ਲਈ ਰੂਸ ਸਮਰਥਕ ਅਲਗਾਵਵਾਦੀਆਂ ਨੇ ਅੰਤਰਰਾਸ਼ਟਰੀ ਜਾਂਚਕਰਤਾਵਾਂ ਨੂੰ ਘਟਨਾ ਸਥਲ 'ਤੇ ਜਾਣ ਦੀ ਇਜਾਜ਼ਤ ਤਾਂ ਦਿੱਤੀ ਸੀ, ਪਰ ਜਦੋਂ ਇਹ ਦਲ ਉਥੇ ਅੱਪੜਿਆ ਤਾਂ ਉਨ੍ਹਾਂ ਨੂੰ ਕੁਝ ਬੰਦੂਕਧਾਰੀਆਂ ਨੇ ਰੋਕ ਦਿੱਤਾ। ਜਾਂਚ ਦਲ ਦਾ ਇਲਜ਼ਾਮ ਹੈ ਕਿ 75 ਮਿੰਟ ਦੀ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਰੋਕਿਆ ਗਿਆ। ਇਸ ਦਲ ਵਿਚ ਐਫ.ਬੀ.ਆਈ. ਦੇ ਦੋ ਮੈਂਬਰ ਸਨ। ਉਧਰ ਰੂਸੀ



ਰੱਖਿਆ ਮੰਤਰਾਲੇ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਾਡਾਰ 'ਤੇ ਯੂਕਰੇਨ ਦੀ 'ਬੁੱਕ' ਮਿਜ਼ਾਈਲ ਦੀ ਸਰਗਰਮੀ ਨਜ਼ਰ ਆਈ ਹੈ।ਯੂਕਰੇਨ ਦੇ ਅਧਿਕਾਰੀਆਂ ਨੇ ਵੀ ਕਿਹਾ ਹੈ ਕਿ ਰੂਸ ਪੱਖੀ ਬਾਗੀਆਂ ਨੇ 'ਬੁੱਕ' ਮਿਜ਼ਾਈਲ ਰਾਹੀਂ ਜਹਾਜ਼ ਨੂੰ ਡੇਗਿਆ ਹੈ। ਅਮਰੀਕੀ ਖੁਫੀਆ ਅਧਿਕਾਰੀਆਂ ਨੇ ਵੀ ਦਾਅਵਾ ਕੀਤਾ ਹੈ ਕਿ ਜਹਾਜ਼ ਨੂੰ ਧਰਤੀ ਤੋਂ ਹਵਾ ਵਿਚ ਮਾਰ ਕਰਨ ਵਾਲੀ ਮਿਜ਼ਾਈਲ ਨੇ ਨਿਸ਼ਾਨਾ ਬਣਾਇਆ ਹੈ। ਹਾਦਸੇ ਵਿਚ ਮਾਰੇ ਗਏ ਲੋਕ ਵੱਖ-ਵੱਖ ਮੁਲਕਾਂ ਤੋਂ ਸਨ।

ਜ਼ਿਕਰਯੋਗ ਹੈ ਕਿ ਮਲੇਸ਼ੀਆ ਏਅਰਲਾਈਨਜ਼ ਦਾ ਬੋਇੰਗ 777 ਜਹਾਜ਼ ਰੂਸ ਦੀ ਸਰਹੱਦ ਨੇੜੇ ਪੂਰਬੀ ਯੂਕਰੇਨ ਵਿਚ ਹਾਦਸਾਗ੍ਰਸਤ ਹੋ ਗਿਆ ਸੀ। ਇਸ ਵਿਚ 280 ਯਾਤਰੀ ਤੇ 15 ਜਹਾਜ਼ੀ ਅਮਲੇ ਦੇ ਮੈਂਬਰ ਸਵਾਰ ਸਨ। ਇਸ ਜਹਾਜ਼ ਨੂੰ ਯੂਕਰੇਨ ਦੇ ਬਾਗੀਆਂ ਉਪਰ ਮਿਜ਼ਾਈਲ ਰਾਹੀਂ ਡੇਗਣ ਦਾ ਦੋਸ਼ ਲੱਗਿਆ ਹੈ। ਯੂਕਰੇਨ ਸਰਕਾਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਹ ਸਪਸ਼ਟ ਕੀਤਾ ਹੈ ਕਿ ਉਸ ਦੀ ਫੌਜ ਨੇ ਨਹੀਂ ਡੇਗਿਆ। ਇਹ ਜਹਾਜ਼ ਐਮਸਟਰਡਮ ਤੋਂ ਕੁਆਲਾਲੰਪਰ ਜਾ ਰਿਹਾ ਸੀ। ਮਲੇਸ਼ੀਆ ਏਅਰਲਾਈਨ ਵੱਲੋਂ ਟਵਿੱਟਰ 'ਤੇ ਪਾਈ ਜਾਣਕਾਰੀ ਅਨੁਸਾਰ ਜਦੋਂ ਇਹ ਜਹਾਜ਼ ਯੂਕਰੇਨ ਦੇ ਹਵਾਈ ਖੇਤਰ ਵਿਚੋਂ ਲੰਘ ਰਿਹਾ ਸੀ ਤਾਂ ਇਸ ਦਾ ਐਮ ਐਚ 17 ਨਾਲੋਂ ਸੰਪਰਕ ਟੁੱਟ ਗਿਆ।ਰੂਸ ਦੇ ਹਵਾਈ ਖੇਤਰ ਤੋਂ ਇਹ 50 ਕਿਲੋਮੀਟਰ ਦੂਰ ਸੀ ਜਦੋਂ ਇਹ ਹਾਦਸਾਗ੍ਰਸਤ ਹੋਇਆ। ਇਹ ਉਸ ਖੇਤਰ ਵਿਚ ਡਿੱਗਿਆ ਦੱਸਿਆ ਜਾ ਰਿਹਾ ਹੈ ਜਿਥੇ ਯੂਕਰੇਨ ਸਰਕਰ ਦੀ ਫੌਜ ਤੇ ਰੂਸ ਪੱਖੀ ਬਾਗ਼ੀਆਂ ਵਿਚਾਲੇ ਲੜਾਈ ਚੱਲ ਰਹੀ ਹੈ। ਯੂਕਰੇਨ ਦੇ ਸੁਰੱਖਿਆ ਤੰਤਰ ਦੇ ਇਕ ਸੂਤਰ ਨੇ ਇੰਟਰਫੈਕਸ ਦੇ ਹਵਾਲੇ ਨਾਲ ਦੱਸਿਆ ਕਿ 10,000 ਮੀਟਰ ਦੀ ਉਚਾਈ 'ਤੇ ਰਾਡਾਰ ਤੋਂ ਇਹ ਜਹਾਜ਼ ਲਾਪਤਾ ਹੋਇਆ ਤੇ ਫਿਰ ਦੋਨੇਤਸਕ ਖੇਤਰ ਲਾਗੇ ਸ਼ਾਖਤਾਇਓਰਸਕ ਸ਼ਹਿਰ ਨੇੜੇ ਡਿੱਗ ਗਿਆ। ਯੂਕਰੇਨ ਦੇ ਗ੍ਰਹਿ ਮੰਤਰਾਲੇ ਦੀਆਂ ਰਿਪੋਰਟਾਂ ਅਨੁਸਾਰ ਇਹ ਜਹਾਜ਼ ਧਰਤੀ ਤੋਂ ਹਵਾ ਵਿਚ ਮਾਰ ਕਰਨ ਵਾਲੀ ਮਿਜ਼ਾਈਲ ਨੇ ਡੇਗਿਆ ਹੈ। ਮਲੇਸ਼ੀਆ ਏਅਰ ਲਾਈਨਜ਼ ਨੇ ਟਵਿੱਟਰ ਉੱਤੇ ਪੁਸ਼ਟੀ ਕੀਤੀ ਹੈ ਕਿ ਮਲੇਸ਼ੀਅਨ ਏਅਰ ਲਾਈਨਜ਼ ਦੇ ਐਮਸਟਰਡਰਮ ਤੋਂ ਉਡੇ ਜਹਾਜ਼ ਐਮ.ਐਚ. 17 ਨਾਲ ਰਾਬਤਾ ਟੁੱਟ ਗਿਆ ਹੈ। ਆਖਰੀ ਸਮੇਂ ਜਹਾਜ਼ ਯੂਕਰੇਨ ਦੇ ਹਵਾਈ ਖੇਤਰ ਵਿਚ ਉਡਾਣ ਭਰ ਰਿਹਾ ਸੀ ਪਰ ਇਹ ਰੂਸ ਦੀ ਸਰਹੱਦ ਟੱਪ ਕੇ 60 ਕਿਲੋਮੀਟਰ ਦੂਰ ਯੂਕਰੇਨ ਵਿਚ ਡਿੱਗਾ।

## ਵਿਸ਼ਵ ਤਾਕਤਾਂ ਦੇ ਸੌੜੇ ਹਿੱਤਾਂ ਖਿਲਾਫ ਉਠੀ ਆਵਾਜ਼

ਮਲੇਸ਼ਿਆਈ ਮੁਸਾਫ਼ਰ ਜਹਾਜ਼ ਨੂੰ ਮਿਜ਼ਾਇਲ ਨਾਲ ਡੇਗਣ ਦੀ ਘਟਨਾ ਨਾ ਸਿਰਫ ਮਲੇਸ਼ੀਆ ਸਗੋਂ ਸਮੁੱਚੇ ਵਿਸ਼ਵ ਲਈ ਇਕ ਚੁਣੌਤੀ ਬਣ ਗਿਆ ਹੈ। ਅਮਰੀਕਾ ਤੇ ਰੂਸ ਸਮੇਤ ਹੋਰ ਕਈ ਵਿਸ਼ਵ ਤਾਕਤਾਂ ਨੇ ਆਪਸੀ ਖਹਿਬਾਜ਼ੀ ਤੇ ਸੌੜੇ ਨਿੱਜੀ ਹਿੱਤਾਂ ਕਾਰਨ ਦੁਨੀਆਂ ਦੇ ਕਈ ਹਿੱਸਿਆਂ ਵਿਚ ਗ੍ਰਹਿਯੁੱਧ ਵਾਲੇ ਹਾਲਾਤ ਪੈਦਾ ਕਰ ਰੱਖੇ ਹਨ ਜਿਨ੍ਹਾਂ ਦਾ ਖ਼ਮਿਆਜ਼ਾ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਇਸ ਮੰਦਭਾਗੀ ਘਟਨਾ ਦੀ ਸੰਯੁਕਤ ਰਾਸ਼ਟਰ ਦੀ ਦੇਖ-ਰੇਖ ਹੇਠ ਕੌਮਾਂਤਰੀ ਪੱਧਰ 'ਤੇ ਜਾਂਚ ਦੀ ਮੰਗ ਜ਼ੋਰ-ਸ਼ੋਰ ਨਾਲ ਉੱਠੀ ਹੈ। ਯੂਕਰੇਨ ਤੋਂ ਇਲਾਵਾ ਅਫ਼ਗਾਨਿਸਤਾਨ, ਈਰਾਨ, ਇਰਾਕ, ਸੀਰੀਆ, ਮਿਸਰ ਤੇ ਪਾਕਿਸਤਾਨ ਸਮੇਤ ਕਈ ਮੁਲਕ ਇਨ੍ਹਾਂ ਵਿਸ਼ਵ ਤਾਕਤਾਂ ਦੀ ਦਖ਼ਲਅੰਦਾਜ਼ੀ ਕਾਰਨ ਪਿਛਲੇ ਕਾਫ਼ੀ ਸਮੇਂ ਤੋਂ ਘਰੇਲੂ ਖ਼ਾਨਾਜੰਗੀ ਦਾ ਸ਼ਿਕਾਰ ਬਣੇ ਹੋਏ ਹਨ।

ਜੱਗ ਜਾਣਦਾ ਹੈ ਕਿ ਅਮਰੀਕਾ ਵਿਸ਼ਵ ਵਿਚ ਹਥਿਆਰਾਂ ਦਾ ਸਭ ਤੋਂ ਵੱਡਾ ਵਪਾਰੀ ਹੈ ਤੇ ਉਸ ਦੇ ਹਥਿਆਰ ਤਾਂ ਹੀ ਵਿਕਣਗੇ ਜੇਕਰ ਲੜਾਈ ਲੱਗੇ ਜਾਂ ਯੁੱਧ ਵਰਗੇ ਹਾਲਾਤ ਬਣੇ ਰਹਿਣ। ਗ਼ਰੀਬ ਤੇ ਵਿਕਾਸਸ਼ੀਲ ਮੁਲਕ ਵਿਸ਼ਵ ਦੀਆਂ ਦਿਓ-ਕਦ ਤਾਕਤਾਂ ਦੀ ਚੌਧਰ ਭੇੜ ਦਾ ਸ਼ਿਕਾਰ ਹੋ ਰਹੇ ਹਨ ਜਿਸ ਕਰਕੇ ਉਨ੍ਹਾਂ ਵਿਚ ਗ਼ਰੀਬੀ ਅਤੇ ਭੁੱਖਮਰੀ ਵਧ ਰਹੀ ਹੈ। ਇਹ ਤਾਕਤਾਂ ਉਨ੍ਹਾਂ ਨੂੰ ਗ਼ਰੀਬੀ ਤੇ ਭੁੱਖਮਰੀ ਦੇ ਹੱਲ ਲਈ ਸਹਾਇਤਾ ਦੇਣ ਦੇ ਪੱਜ ਹੇਠ ਭਾਰੀ ਕਰਜ਼ੇ ਦੇ ਕੇ ਨਾ ਸਿਰਫ ਉਨ੍ਹਾਂ ਦੇ ਕੁਦਰਤੀ ਵਸੀਲਿਆਂ ਨੂੰ ਹੀ ਲੁੱਟ ਰਹੇ ਹਨ ਸਗੋਂ ਉਨ੍ਹਾਂ ਅੰਦਰ ਖ਼ਾਨਾਜੰਗੀ ਜਿਹੇ ਹਾਲਾਤ ਪੈਦਾ ਕਰ ਕੇ ਆਪਣੇ ਹਥਿਆਰ ਤੇ ਹੋਰ ਉਤਪਾਦ ਵੇਚ ਕੇ ਉਨ੍ਹਾਂ ਦੀ ਆਰਥਿਕਤਾ ਨੂੰ ਹੋਰ ਨਿਘਾਰ ਵੱਲ ਲੈ ਕੇ ਜਾਣ ਦਾ ਕਾਰਨ ਬਣੇ ਹੋਏ ਹਨ। ਮਲੇਸ਼ਿਆਈ ਜਹਾਜ਼ ਨੂੰ ਮਿਜ਼ਾਇਲ ਨਾਲ ਡੇਗਣ ਦੀ ਘਟਨਾ ਨੂੰ ਵੀ ਇਸੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ। ਯੂਕਰੇਨ ਦੀ ਸਰਕਾਰ ਨੇ ਭਾਵੇਂ ਇਸ ਘਟਨਾ ਦੀ ਜਾਂਚ ਕਰਵਾਉਣ ਦਾ ਐਲਾਨ ਕੀਤਾ ਹੈ ਪਰ ਜਿਸ ਹਾਲਾਤ ਤੇ ਦਬਾਅ ਵਿਚ ਇਹ ਸਰਕਾਰ ਕੰਮ ਕਰ ਰਹੀ ਹੈ, ਉਸ ਤੋਂ ਇਸ ਮੁੱਦੇ ਉਤੇ ਕੋਈ ਸਹੀ ਤੇ ਨਿਰਪੱਖ ਜਾਂਚ ਦੀ ਆਸ ਨਹੀਂ ਕੀਤੀ ਜਾ ਸਕਦੀ। ਸੰਯੁਕਤ ਰਾਸ਼ਟਰ ਤੇ ਵਿਸ਼ਵ ਦੀਆਂ ਅਮਨ ਪਸੰਦ ਮਜ਼ਬੂਤ ਸ਼ਕਤੀਆਂ ਨੂੰ ਅਜਿਹੇ ਅਣਮਨੁੱਖੀ ਹਮਲੇ ਰੋਕਣ ਲਈ ਅੱਗੇ ਆਉਣ ਦੀ ਜ਼ਰੂਰਤ ਹੈ।

# ਨਸ਼ਿਆਂ ਦੇ ਮੁੱਦੇ 'ਤੇ ਮਜੀਠੀਆ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਨਸ਼ਾ ਤਸਕਰੀ ਦੇ ਮੁੱਦੇ 'ਤੇ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਫਿਰ ਘੇਰ ਲਿਆ ਹੈ। ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੋਸ਼





ਲਾਇਆ ਹੈ ਕਿ ਪੰਜਾਬ ਦੇ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਡਰੱਗ ਮਾਫੀਏ ਦੇ ਇਕ ਸਰਗਨੇ ਕੋਲੋਂ 70 ਲੱਖ ਰੁਪਏ ਹਵਾਲਾ ਰਕਮ ਲਈ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਡਰਗ ਸਰਗਨੇ ਜਗਦੀਸ਼ ਭੋਲਾ ਨੇ ਸ੍ਰੀ ਮਜੀਠੀਆ ਦਾ ਨਾਂ ਤੱਥਾਂ ਦੇ ਅਧਾਰ 'ਤੇ ਹੀ ਲਿਆ ਸੀ। ਸ. ਮਜੀਠੀਆ ਨੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ।

ਸ੍ਰੀ ਖਹਿਰਾ ਨੇ ਗੰਭੀਰ ਦੋਸ਼ ਲਾਇਆ ਕਿ ਪੰਜਾਬ ਪੁਲਿਸ ਦੇ ਫਾਈਨੈਂਸ਼ੀਅਲ ਇਨਵੈਸਟੀਗੇਸ਼ਨ ਯੂਨਿਟ (ਐਫ.ਆਈ.ਯੂ.) ਦੇ ਇਕ ਅਧਿਕਾਰੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸ. ਮਜੀਠੀਆ ਨੇ ਹਵਾਲਾ ਦੇ ਮਾਮਲੇ ਵਿਚ ਨਾਭਾ ਜੇਲ੍ਹ ਵਿਚ ਬੰਦ ਗੁਰਮੀਤ ਮਨਚੰਦਾ ਦੇ ਇਕ ਕੋਰੀਅਰ ਰਾਹੀਂ 70 ਲੱਖ ਰੁਪਏ ਪ੍ਰਾਪਤ ਕੀਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਐਫ.ਆਈ.ਯੂ. ਨੇ ਇਹ ਜਾਣਕਾਰੀ ਮੋਬਾਈਲਾਂ ਦੀ ਰਿਕਾਰਡਿੰਗ ਦੇ ਆਧਾਰ 'ਤੇ ਹਾਸਲ ਕੀਤੀ ਹੈ। ਸ੍ਰੀ ਖਹਿਰਾ ਨੇ ਪੁਲਿਸ ਵੱਲੋਂ ਰਿਕਾਰਡਿੰਗ 'ਤੇ ਲਾਏ ਫੋਨ ਨੰਬਰਾਂ ਦੀ ਸੂਚੀ ਜਾਰੀ ਕਰਕੇ ਦਾਅਵਾ ਕੀਤਾ ਕਿ ਇਸ ਵਿਚ ਸ. ਮਜੀਠੀਆ ਦਾ ਮੋਬਾਈਲ ਫੋਨ ਵੀ ਸ਼ਾਮਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿਆਸੀ ਦਬਾਅ ਕਾਰਨ ਪੁਲਿਸ ਨੇ ਇਹ ਮਾਮਲਾ ਦਬਾ ਦਿੱਤਾ ਸੀ ਪਰ ਪੁਲਿਸ ਦੇ ਰਿਕਾਰਡ ਵਿਚ ਸਭ ਕੁਝ ਸਪਸ਼ਟ ਹੈ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਕਿ ਸ. ਮਜੀਠੀਆ ਦਾ ਅਸਤੀਫ਼ਾ ਲੈ ਕੇ ਉਸ ਵਿਰੁੱਧ ਕੇਸ ਦਰਜ ਕੀਤਾ ਜਾਵੇ।

ਉਧਰ ਸ. ਮਜੀਠੀਆ ਨੇ ਕਿਹਾ ਹੈ ਕਿ ਸ੍ਰੀ ਖਹਿਰਾ ਦਾ ਲਗਾਤਾਰ ਹਾਰਾਂ ਦਾ ਸਾਹਮਣਾ ਕਰਨ ਕਰਕੇ ਦਿਮਾਗੀ ਸੰਤੁਲਨ ਵਿਗੜ ਗਿਆ ਹੈ। ਉਨ੍ਹਾਂ ਕਿਹਾ ਕਿ ਜਾਅਲੀ ਦਸਤਾਵੇਜ਼ਾਂ ਰਾਹੀਂ ਕਿਸੇ ਦੇ ਅਕਸ ਨੂੰ ਵੱਟਾ ਲਾਉਣ ਦੀ ਕੋਸ਼ਿਸ਼ ਮਹਿਜ਼ ਉਸ ਦੇ ਦਿਮਾਗ ਦੀ ਹੀ ਉਪਜ ਹੋ ਸਕਦੀ ਹੈ। ਖਹਿਰਾ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸਨਸਨੀ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਸ੍ਰੀ ਖਹਿਰਾ ਕਹਿੰਦੇ ਹਨ ਕਿ ਇਹ ਮਾਮਲਾ 2011 ਦਾ ਹੈ ਤੇ ਉਹ ਹੁਣ 2014 ਵਿਚ ਇਸ ਨੂੰ ਉਜਾਗਰ ਕਿਉਂ ਕਰ ਰਹੇ ਹਨ। ਪਿਛਲੇ 10 ਸਾਲਾਂ ਤੱਕ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ ਤਾਂ ਉਸ ਸਮੇਂ ਖਹਿਰਾ ਨੇ ਕੇਂਦਰ ਸਰਕਾਰ ਜਾਂ ਕੇਂਦਰੀ ਏਜੰਸੀਆਂ ਕੋਲ ਪਹੁੰਚ ਕਿਉਂ ਨਹੀਂ ਕੀਤੀ।

## ਜੇਲ੍ਹਾਂ ਵਿਚ ਸਮਰੱਥਾ ਨਾਲੋਂ ਡੇਢ ਗੁਣਾਂ ਵੱਧ ਕੈਦੀ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਸਮਰੱਥਾ ਨਾਲੋਂ ਕਿਤੇ ਵੱਧ ਕੈਦੀ ਡੱਕੇ ਹੋਏ ਹਨ। ਜੇਲ੍ਹਾਂ ਵਿਚ 18629 ਕੈਦੀ ਰੱਖਣ ਦੀ ਸਮਰੱਥਾ ਹੈ, ਪਰ ਇਸ ਸਮੇਂ ਜੇਲ੍ਹਾਂ ਵਿਚ 27383 ਕੈਦੀ ਹਨ। ਇਹ ਖੁਲਾਸਾ ਪੰਜਾਬ ਵਿਧਾਨ ਸਭਾ ਵਿਚ ਜੇਲ੍ਹ ਮੰਤਰੀ ਸੋਹਨ ਸਿੰਘ ਠੰਡਲ ਨੇ ਕੀਤਾ ਹੈ। ਉਨ੍ਹਾਂ ਮੰਨਿਆ ਕਿ ਜੇਲ੍ਹਾਂ ਵਿਚ ਸਮਰੱਥਾ ਨਾਲੋਂ ਜ਼ਿਆਦਾ ਕੈਦੀ ਹੋਣ ਕਾਰਨ ਸਥਿਤੀ ਮਾੜੀ ਹੈ। ਕੁਝ ਨਵੀਆਂ ਜੇਲ੍ਹਾਂ ਬਣ ਰਹੀਆਂ ਹਨ, ਉਸ ਤੋਂ ਬਾਅਦ ਸਥਿਤੀ ਵਿਚ ਸੁਧਾਰ ਆ ਜਾਵੇਗਾ। ਇਸ ਵੇਲੇ ਹੁਸ਼ਿਆਰਪੁਰ ਜੇਲ੍ਹ ਦੇ ਜ਼ਨਾਨਾ ਅਹਾਤੇ ਵਿਚ 45 ਮਹਿਲਾ ਕੈਦੀ ਰੱਖੇ ਜਾ ਸਕਦੇ ਹਨ, ਪਰ ਉਥੇ ਗਿਣਤੀ 63 ਹੈ।

## ਅਮਰਿੰਦਰ ਵੱਲੋਂ ਮਜੀਠੀਆ ਦੀ ਵਕਾਲਤ

**ਨਵੀਂ ਦਿੱਲੀ:** ਸੀਨੀਆਰ ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੰਥੈਟਿਕ ਡਰੱਗ ਦੇ ਕਰੋੜਾਂ ਰੁਪਏ ਦੇ ਧੰਦੇ ਦੇ ਸਵਾਲ 'ਤੇ ਸਿਆਸੀ ਕਿੜਬਾਜ਼ੀ ਨਹੀਂ ਹੋਣੀ ਚਾਹੀਦੀ ਹੈ ਤੇ ਪੰਜਾਬ ਪੁਲਿਸ ਦੀ ਜਾਂਚ ਪੂਰੀ ਹੋਣ ਤੋਂ ਪਹਿਲਾਂ ਇਸ ਮੁੱਦੇ ਬਾਰੇ ਹੂੰਝਾਫੇਰੂ ਬਿਆਨਬਾਜ਼ੀ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ "ਇਸ ਮੁੱਦੇ 'ਤੇ ਕਿਸੇ ਵੱਲ ਐਵੇਂ ਉਂਗਲ ਨਹੀਂ ਉਠਾਈ ਜਾਣੀ ਚਾਹੀਦੀ। ਲੋਕਾਂ ਨੂੰ ਸਿਆਸੀ ਕਿੜਬਾਜ਼ੀ ਵਿਚ ਨਹੀਂ ਪੈਣਾ ਚਾਹੀਦਾ। ਜਦੋਂ ਤੱਕ ਪੰਜਾਬ ਪੁਲਿਸ ਆਪਣੀ ਰਿਪੋਰਟ ਪੇਸ਼ ਨਹੀਂ ਕਰ ਦਿੰਦੀ, ਸਭ ਨੂੰ ਇੰਤਜ਼ਾਰ ਕਰਨੀ ਚਾਹੀਦੀ ਹੈ।"ਲੋਕ ਸਭਾ ਵਿਚ ਵਿਰੋਧੀ ਧਿਰ ਦੇ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ "ਜਗਦੀਸ਼ ਭੋਲਾ ਇਸ ਧੰਦੇ ਦਾ ਸੂਤਰਧਾਰ ਤੇ ਮੁੱਖ ਮੁਲਜ਼ਮ ਹੈ। ਉਸ ਨੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੁਝ ਦੋਸ਼ ਲਾਏ ਹਨ। ਉਂਜ, ਜੇਕਰ ਪੰਜਾਬ ਪੁਲਿਸ ਇਸ ਕੇਸ ਵਿਚ ਮਜੀਠੀਏ ਨੂੰ ਦੋਸ਼ੀ ਪਾਉਂਦੀ ਹੈ ਤਾਂ ਕਾਨੂੰਨ ਨੂੰ ਆਪਣਾ ਰਾਹ ਅਖ਼ਤਿਆਰ ਕਰਨਾ ਚਾਹੀਦਾ ਹੈ ਪਰ ਉਦੋਂ ਤੱਕ ਸਿਆਸੀ ਨਿਸ਼ਾਨੇਬਾਜ਼ੀ ਬੰਦ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ "ਸੀ.ਬੀ.ਆਈ. ਉਪਰ ਕੰਮ ਦਾ ਬਹੁਤ ਬੋਝ ਹੈ ਤੇ ਇਸ ਕੇਸ ਦੀ ਜਾਂਚ ਨੂੰ 10 ਸਾਲ ਲੱਗ ਸਕਦੇ ਹਨ। ਇਸ ਲਈ ਪੰਜਾਬ ਪੁਲਿਸ ਨੂੰ ਜਾਂਚ ਕਰਨ ਦੇਣੀ ਚਾਹੀਦੀ ਹੈ। ਜੇਕਰ ਜਾਂਚ ਨਾਲ ਤਸੱਲੀ ਨਹੀਂ ਹੁੰਦੀ ਤਾਂ ਅਸੀਂ ਹੋਰ ਜਾਂਚ ਕਰਵਾ ਸਕਦੇ ਹਾਂ।

# ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਲਈ 50 ਕਰੋੜ ਰੁਪਏ ਦਾ ਪ੍ਰਬੰਧ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਹੈ ਕਿ ਉਸ ਨੇ ਆਪਣੇ ਬਜਟ ਵਿਚ 50 ਕਰੋੜ ਰੁਪਏ ਦੀ ਰਕਮ ਪੰਜਾਬ ਵਿਚ ਨਸ਼ਾ ਛੁਡਾਊ ਕੇਂਦਰਾਂ ਦੀ ਸਥਾਪਨਾ ਲਈ ਰੱਖੀ ਹੈ। ਲੋਕ ਸਭਾ ਵਿਚ 2014-15 ਦੇ ਆਮ ਬਜਟ 'ਤੇ ਹੋਈ ਚਰਚਾ ਦਾ ਜਵਾਬ ਦਿੰਦਿਆ ਸ੍ਰੀ ਜੇਤਲੀ ਨੇ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ ਦੇ ਅਰਥਚਾਰੇ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਾਧਨ ਜੁਟਾਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦ ਤੱਕ ਸਾਡੇ ਕੋਲ ਪੂਰੇ ਸਾਧਨ ਨਹੀਂ ਹੋਣਗੇ ਅਰਥਚਾਰੇ ਨੂੰ ਤੇਜ਼ੀ ਨਾਲ ਅੱਗੇ ਨਹੀਂ ਵਧਾਇਆ ਜਾ ਸਕੇਗਾ ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਗਰੀਬੀ ਨੂੰ ਖਤਮ ਕਰਨ ਲਈ ਕਲਿਆਣਕਾਰੀ ਯੋਜਨਾਵਾਂ ਲਈ ਧੰਨ ਨਹੀਂ ਇਕੱਠਾ ਕੀਤਾ ਜਾ ਸਕੇਗਾ। ਉਨ੍ਹਾਂ ਵਿਰੋਧੀ ਧਿਰ ਦੀ ਇਸ ਆਲੋਚਨਾ ਨੂੰ ਗਲਤ ਦੱਸਿਆ ਕਿ ਸਰਕਾਰ ਸਿਰਫ਼ ਵਪਾਰ ਤੇ ਕਾਰੋਬਾਰ ਨੂੰ ਉਤਸ਼ਾਹਿਤ ਕਰ ਰਹੀ ਹੈ ਤੇ ਸਰਕਾਰ ਨੂੰ ਗਰੀਬਾਂ ਦੀ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਦੋਵਾਂ ਨੂੰ ਇਕ ਦੂਜੇ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਅਰਥਚਾਰੇ ਨੂੰ ਵਧਾਉਣ ਲਈ ਵਪਾਰ ਤੇ ਕਾਰੋਬਾਰ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ ਤੇ ਇਸ ਦੇ ਨਾਲ ਹੀ ਗਰੀਬਾਂ ਲਈ ਪੈਸੇ ਦੇ ਸਾਧਨ ਮੁਹੱਈਆ ਕਰਵਾਏ ਜਾਣਗੇ। ਵਿੱਤ ਮੰਤਰੀ ਨੇ ਆਰਥਿਕ ਸਥਿਤੀ ਦਾ ਜ਼ਿਕਰ ਕਰਦਿਆ ਕਿਹਾ ਕਿ ਪਿਛਲੇ ਤਿੰਨ-ਚਾਰ ਸਾਲਾਂ ਤੋਂ ਦੇਸ਼ ਵਿਚ ਨਿਰਾਸ਼ਾ ਦਾ ਮਾਹੌਲ ਸੀ। ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ ਟੁੱਟ ਰਿਹਾ ਸੀ ਤੇ ਸਾਡੀ ਕਰ ਪ੍ਰਣਾਲੀ ਨੂੰ ਲੈ ਕੇ ਉਨ੍ਹਾਂ ਦਾ ਵਿਸ਼ਵਾਸ ਘਟ ਰਿਹਾ ਸੀ।

## ਰਾਸ਼ਟਰਪਤੀ ਵੱਲੋਂ ਕੋਲੀ ਸਣੇ ਛੇ ਦੀਆਂ ਰਹਿਮ ਅਪੀਲਾਂ ਰੱਦ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਨਿਠਾਰੀ ਬਲਾਤਕਾਰ ਤੇ ਕਤਲ ਕਾਂਡ ਦੇ ਦੋਸ਼ੀ ਸੁਰਿੰਦਰ ਕੋਲੀ ਸਮੇਤ ਮੌਤ ਦੀ ਸਜ਼ਾ ਪ੍ਰਾਪਤ ਛੇ ਵਿਅਕਤੀਆਂ ਦੀਆਂ ਰਹਿਮ ਦੀਆਂ ਪਟੀਸ਼ਨਾਂ ਰੱਦ ਕਰ ਦਿੱਤੀਆਂ ਹਨ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਦੀ ਸਿਫਾਰਸ਼ ਦੇ ਆਧਾਰ 'ਤੇ ਕੋਲੀ, ਰੇਣੁਕਾਬਾਈ ਤੇ ਸੀਮਾ (ਮਹਾਰਾਸ਼ਟਰ), ਰਜਿੰਦਰ ਪ੍ਰਹਿਲਾਦ ਰਾਓ ਵਾਸਨਿਕ (ਮਹਾਰਾਸ਼ਟਰ), ਜਗਦੀਸ਼ (ਮੱਧ ਪ੍ਰਦੇਸ਼) ਤੇ ਹੋਲੀਰਾਮ ਬੋਰਦੋਲੋਈ (ਆਸਾਮ) ਦੀਆਂ ਰਹਿਮ ਅਪੀਲਾਂ ਨੂੰ ਖਾਰਜ ਕਰ ਦਿੱਤਾ ਗਿਆ ਹੈ। ਕੋਲੀ 'ਤੇ ਆਪਣੇ ਮਾਲਕ ਮਨਿੰਦਰ ਸਿੰਘ ਪੰਧੇਰ ਦੇ ਨਿਠਾਰੀ ਵਿਚ ਘਰ ਵਿਖੇ 2005 ਤੇ 2006 ਵਿਚਕਾਰ ਕਈ ਬੱਚਿਆਂ ਨਾਲ ਬਲਾਤਕਾਰ ਤੋਂ ਬਾਅਦ ਕਤਲ ਕਰਨ ਦੇ ਦੋਸ਼ ਲੱਗੇ ਸਨ। ਕੋਲੀ ਖ਼ਿਲਾਫ਼ 16 ਮਾਮਲੇ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਚਾਰ ਵਿਚ ਮੌਤ ਦੀ ਸਜ਼ਾ ਸਣਾਈ ਗਈ ਹੈ ਤੇ ਬਾਕੀ ਮਾਮਲੇ ਅਜੇ ਚੱਲ ਰਹੇ ਹਨ। ਰੇਣੁਕਾਬਾਈ ਤੇ ਸੀਮਾ ਭੈਣਾਂ ਨੇ ਆਪਣੀ ਮਾਂ ਤੇ ਇਕ ਹੋਰ ਸਾਥਣ ਕਿਰਨ ਸ਼ਿੰਦੇ ਨਾਲ ਮਿਲ ਕੇ 1990 ਤੋਂ 1996 ਵਿਚਕਾਰ 13 ਬੱਚਿਆਂ ਨੂੰ ਅਗਵਾ ਕਰਕੇ ਉਨ੍ਹਾਂ ਵਿਚੋਂ 9 ਨੂੰ ਜਾਨੋਂ ਮਾਰ ਦਿੱਤਾ ਸੀ। ਉਂਜ ਉਨ੍ਹਾਂ ਖ਼ਿਲਾਫ਼ ਪੰਜ ਕਤਲਾਂ ਦੇ ਦੋਸ਼ ਹੀ ਸਾਬਤ ਹੋਏ ਤੇ ਦੋਵੇਂ ਭੈਣਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

## ਲੋਕਪਾਲ ਦੇ ਦਾਇਰੇ ਵਿਚ ਬਾਬੂ ਵੀ ਆਏ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਬਾਬੂਆਂ 'ਤੇ ਨਜ਼ਰ ਰੱਖਣ ਲਈ ਲੋਕਪਾਲ ਐਕਟ ਦੇ ਨਿਯਮਾਂ ਨੂੰ ਨੋਟੀਫਾਈ ਕਰ ਦਿੱਤਾ ਹੈ। ਇਸ ਤਹਿਤ ਹੁਣ ਕੇਂਦਰ ਦੇ ਮੁਲਾਜ਼ਮਾਂ ਨੂੰ ਆਪਣੀ ਜਾਇਦਾਦ ਤੇ ਕਰਜ਼ਿਆਂ ਦਾ ਵੇਰਵਾ ਦੇਣਾ ਲਾਜ਼ਮੀ ਹੋਏਗਾ। ਨਾਲ ਹੀ ਪਤਨੀ ਤੇ ਬੱਚਿਆਂ ਦੀ ਸੰਪਤੀ ਬਾਰੇ ਵੀ ਜਾਣਕਾਰੀ ਦੇਣੀ ਹੋਏਗੀ।

ਪਰਸੋਨਲ ਤੇ ਸਿਖਲਾਈ ਵਿਭਾਗ ਵੱਲੋਂ ਪਿਛਲੇ ਹਫਤੇ ਇਸ ਬਾਰੇ ਅਧਿਸੂਚਨਾ ਜਾਰੀ ਕੀਤੀ ਗਈ ਹੈ। ਬਾਬੂਆਂ ਲਈ ਨਵੇਂ ਫਾਰਮ ਜਾਰੀ ਕੀਤੇ ਗਏ ਹਨ ਜਿਨ੍ਹਾਂ ਵਿਚ ਨਕਦੀ, ਬੈਂਕ ਖਾਤਿਆਂ ਵਿਚ ਜਮ੍ਹਾਂ ਰਾਸ਼ੀ, ਬਾਂਡ, ਡਿਬੈਂਚਰਾਂ, ਸ਼ੇਅਰਾਂ, ਮਿਊਚਲ ਫੰਡ, ਇੰਸ਼ੋਰੈਂਸ ਪਾਲਿਸੀ, ਪ੍ਰਾਵੀਡੈਂਟ ਫੰਡ, ਨਿੱਜੀ ਕਰਜ਼ੇ ਤੇ ਅਡਵਾਂਸ ਬਾਰੇ ਜਾਣਕਾਰੀ ਦੇਣੀ ਪਏਗੀ।

# ਵਿਗਿਆਨ ਅਤੇ ਧਰਮ

*ਵਿਗਿਆਨ ਅਤੇ ਧਰਮ ਦੋ ਵੱਖ-ਵੱਖ ਖੇਤਰ ਹਨ ਪਰ ਇਨ੍ਹਾਂ ਬਾਰੇ ਹੁਣ ਤੱਕ ਪ੍ਰਗਟਾਏ ਗਏ ਵਿਚਾਰਾਂ ਦੇ ਗੱਡਿਆਂ ਦੇ ਗੱਡੇ ਭਰੇ ਪਏ ਹਨ। ਅਵਤਾਰ ਗੋਂਦਾਰਾ ਨੇ ਆਪਣੇ ਇਸ ਲੇਖ ਵਿਚ ਵਿਗਿਆਨ ਅਤੇ ਧਰਮ ਦੇ ਵੱਖ-ਵੱਖ ਪੱਖਾਂ ਬਾਰੇ ਗੱਲਾਂ ਕਰਦਿਆਂ ਆਮ ਬੰਦੇ ਦੇ ਨਜ਼ਰੀਏ ਤੋਂ ਕੁਝ ਗੱਲਾਂ ਨਿਤਾਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੀਆਂ ਇਨ੍ਹਾਂ ਗੱਲਾਂ ਨਾਲ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ, ਪਰ ਇਨ੍ਹਾਂ ਸਾਰੀਆਂ ਗੱਲਾਂ ਦਾ ਸਿੱਧਾ ਸਬੰਧ ਕਿਉਂਕਿ ਵਰਤਮਾਨ ਵਿਚ ਜੀਅ ਰਹੇ ਮਨੁੱਖ ਨਾਲ ਹੈ, ਇਸ ਲਈ ਅਜਿਹੀਆਂ ਗੱਲਾਂ ਬਾਰੇ ਚਰਚਾ ਜ਼ਰੂਰੀ ਹੋ ਜਾਂਦੀ ਹੈ। ਨਾਲੇ ਇਹ ਤੱਥ ਵੀ ਵਜ਼ਨ ਵਾਲਾ ਹੈ ਕਿ ਗੱਲਾਂ ਵਿਚੋਂ ਹੀ ਅਗਾਂਹ ਗੱਲਾਂ ਨਿਕਲਦੀਆਂ ਹਨ, ਜਿਨ੍ਹਾਂ ਨੇ ਮਨੁੱਖੀ ਜ਼ਿੰਦਗੀ ਉਤੇ ਅਸਰ-ਅੰਦਾਜ਼ ਹੋਣਾ ਹੁੰਦਾ ਹੈ। -ਸੰਪਾਦਕ*

ਵਿਗਿਆਨ ਅਤੇ ਧਰਮ ਦੇ ਆਪਸੀ ਵਿਰੋਧ ਅਤੇ ਪਰਸਪਰ ਪੂਰਕ ਹੋਣ ਦੀ ਗੱਲ ਅਕਸਰ ਕੀਤੀ ਜਾਂਦੀ ਹੈ। ਵਿਗਿਆਨ ਨੂੰ ਪ੍ਰਤੱਖ ਸੱਚਾਈਆਂ ਅਤੇ ਧਰਮ ਨੂੰ 'ਅੰਤਮ ਸੱਚਾਈਆਂ' ਦਾ ਭਾਲੂ ਵੀ ਕਿਹਾ ਗਿਆ ਹੈ। 'ਵਿਗਿਆਨ' ਅਤੇ 'ਧਰਮ' ਦੋ ਸੰਕਲਪ ਹਨ। ਇਹ ਕਿਤਾਬਾਂ ਜਾਂ ਗ੍ਰੰਥਾਂ ਵਿਚ ਪਏ ਕੁਝ ਨਹੀਂ ਕਹਿੰਦੇ ਅਤੇ ਆਪ ਕੁਝ ਨਹੀਂ ਕਰਦੇ। ਤੁਸੀਂ ਇਕ ਸਫੇ 'ਤੇ ਕੁਰਾਨ ਦੀਆਂ ਆਇਤਾਂ, ਬਾਈਬਲ ਦੀਆਂ ਨਸੀਹਤਾਂ ਜਾਂ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਅਤੇ ਆਈਨਸਟਾਈਨ ਦੀ ਊਰਜਾ ਵਾਲੀ ਕੁਟੇਸ਼ਨ ਲਿਖ ਕੇ ਅਲਮਾਰੀ ਵਿਚ ਰੱਖ ਦਿਓ, ਉਨ੍ਹਾਂ ਦਾ ਝਗੜਾ ਨਹੀਂ ਹੋਵੇਗਾ; ਪਰ ਇਹੀ ਸੰਕਲਪ ਜਦੋਂ ਜਿਉਂਦੇ ਜਾਗਦੇ ਮਨੁੱਖਾਂ ਦੇ ਦਿਮਾਗ ਵਿਚ ਬੈਠ ਜਾਂਦੇ ਹਨ, ਤਾਂ ਇਹ ਅਸੀਮ



ਸ਼ਕਤੀ ਦਾ ਰੂਪ ਧਾਰ ਲੈਂਦੇ ਹਨ, ਤਬਾਹੀ ਜਾਂ ਸਿਰਜਣਾ ਦਾ ਸਾਧਨ ਬਣਦੇ ਹਨ। ਇਸ ਲਈ ਅਸਲੀ ਸੁਆਲ ਧਰਮ ਤੇ ਵਿਗਿਆਨ ਦੇ ਵਿਰੋਧ ਦੇ ਨਾਲ-ਨਾਲ, ਵਿਗਿਆਨਕ ਅਤੇ

**ਅਵਤਾਰ ਗੋਂਦਾਰਾ**

ਫੋਨ: 559-375-2589

ਧਾਰਮਿਕ ਪਹੁੰਚ ਦਾ, ਵਿਧੀ ਦਾ ਬਣਦਾ ਹੈ।

ਹੁਣ ਧਰਮ (ਧਰਮ ਆਚਾਰੀਆਂ ਜਾਂ ਗੁਰੂਆਂ) ਦੁਆਰਾ ਲੱਭੀਆਂ ਅੰਤਮ ਜਾਂ ਸਦੀਵੀ ਸੱਚਾਈਆਂ ਵੱਲ ਆਈਏ। ਅੰਤਮ ਸੱਚਾਈ ਇਕ ਹੀ ਹੋ ਸਕਦੀ ਹੈ, ਬਾਹਲੀਆਂ ਨਹੀਂ। ਜੇ ਸੱਚਾਈਆਂ ਇਕ ਤੋਂ ਵੱਧ ਹਨ ਤਾਂ ਕੋਈ ਵੀ ਆਪਣੇ ਆਪ ਵਿਚ ਅੰਤਮ ਹੋਣ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦੀ। ਦੁਨੀਆਂ ਦੇ ਮੁੱਖ ਧਰਮਾਂ ਨੇ ਇਕੋ ਇੱਕ ਅੰਤਮ ਸੱਚਾਈ ਲੱਭਣ ਦਾ ਦਾਅਵਾ ਕੀਤਾ ਹੈ, ਉਹ ਹੈ- ਰੱਬ, ਅੱਲਾ, ਵਾਹਿਗੁਰੂ ਆਦਿ। ਇਸ ਲੱਭਤ ਦਾ ਆਧਾਰ, ਇਲਹਾਮ, ਦੇਵਤੇ ਦੇ ਦਰਸ਼ਨ (ਨਿਜੀ ਅਨੁਭਵ) ਹੈ। ਇਸ 'ਚ ਵਿਗਿਆਨ ਦੇ ਸੰਦ ਜਿਵੇਂ ਮਨੁੱਖੀ ਅਕਲ, ਦਲੀਲ, ਪਰਖ, ਪੜਤਾਲ ਜਾਂ ਪ੍ਰਯੋਗ ਦਾ ਕੋਈ ਰੋਲ ਨਹੀਂ। ਇਸ ਤੋਂ ਬਿਨਾਂ ਹੋਰ ਅੰਤਮ ਸੱਚਾਈ ਦੇ ਲੱਭੇ ਜਾਣ ਦੀ ਭਿਣਕ ਨਹੀਂ ਪਈ। ਇਹ ਲੱਭਤ ਵੀ ਹਰ ਮੱਤ ਦੇ ਮੋਢੀ ਗੁਰੂ ਦੀ ਹੁੰਦੀ ਹੈ। ਉਸ ਪਿਛੋਂ ਧਾਰਮਿਕ ਖੋਜ ਦਾ ਕਾਰਜ ਬੰਦ ਹੋ ਜਾਂਦਾ ਹੈ, ਕਿਉਂਕਿ ਵੱਖ-ਵੱਖ ਧਰਮਾਂ ਦੇ ਪੈਰੋਕਾਰ, ਮੋਢੀ ਮੁੱਖ ਗੁਰੂ ਦੁਆਰਾ ਲੱਭੀ ਸੱਚਾਈ ਦਾ ਗੁਣ-ਗਾਣ ਤੇ ਪ੍ਰਚਾਰ ਹੀ ਕਰਦੇ ਹਨ। ਧਾਰਮਿਕ ਸੱਚਾਈਆਂ ਦੀ ਇਹ ਵਿਡੰਬਨਾ ਹੈ ਕਿ ਤੁਸੀਂ ਇਨ੍ਹਾਂ ਨੂੰ ਮੰਨ ਤਾਂ ਸਕਦੇ ਹੋ, ਇਸ 'ਤੇ ਕਿੰਤੂ ਨਹੀਂ ਕਰ ਸਕਦੇ। ਪੁਣ-ਛਾਣ ਦੀ ਹਾਲਤ ਵਿਚ ਤੁਹਾਨੂੰ 'ਧਾਰਮਿਕ ਭਾਵਨਾਵਾਂ ਨੂੰ ਠੇਸ' ਦੇ ਦੋਸ਼ 'ਚ ਜੇਲ੍ਹ ਘੱਲਿਆ ਸਕਦਾ ਹੈ, ਜਾਂ ਤੁਹਾਡੇ ਸਿਰ ਦਾ ਮੁੱਲ ਰੱਖਿਆ ਜਾ ਸਕਦਾ ਹੈ। ਕਿਸੇ ਇੱਕ ਧਰਮ ਦੀ ਅੰਤਮ ਸੱਚਾਈ, ਦੂਜੇ ਨਾਲ ਮੇਲ ਵੀ ਨਹੀਂ ਖਾਂਦੀ। ਵਿਦਵਾਨਾਂ ਮੁਤਾਬਿਕ ਏਕਈਸ਼ਵਰਵਾਦੀ ਇਸਾਈ, ਇਸਲਾਮ, ਸਿੱਖ ਆਦਿ ਧਰਮਾਂ ਦੇ ਰੱਬ ਇਕ ਦੂਜੇ ਨਾਲ ਨਹੀਂ ਮਿਲਦੇ। ਇਸ ਬਾਰੇ ਮਣਾਂ ਮੂੰਹੀਂ ਲਿਖਿਆ ਗਿਆ ਹੈ। ਸਾਰਿਆਂ ਦੀਆਂ ਵੱਖੋ-ਵੱਖ ਖਾਸੀਅਤਾਂ ਗਿਣਾਈਆਂ ਜਾਂਦੀਆਂ ਹਨ। ਉਂਜ ਵੀ ਜੇ ਫਲਸਫਾ ਜਾਂ ਸੱਚਾਈ ਇਕ ਹੋਵੇ, ਤਾਂ ਸਾਰੇ ਧਰਮਾਂ ਦੀ ਲੋੜ ਨਹੀਂ, ਇਕ ਧਰਮ ਦੀਆਂ ਸੱਚਾਈਆਂ ਦਾ ਵੱਖੋ-ਵੱਖ ਭਾਸ਼ਾਵਾਂ 'ਚ ਉਲੱਥਾ ਕਰ ਕੇ ਕੰਮ ਚਲਾਇਆ ਜਾ ਸਕਦਾ ਹੈ। ਸਾਰੇ ਜੀਵ ਇਕੋ ਨੂਰ 'ਚੋਂ ਉਪਜੇ ਹੋਣ ਦੇ ਲੱਖ ਦਾਅਵੇ ਕੀਤੇ ਜਾਣ, ਹਰ ਮੱਤ/ਧਰਮ ਦੇ ਪ੍ਰਚਾਰਕ ਆਪੋ-ਆਪਣੇ ਧਰਮ ਦੀ ਵਿਲੱਖਣਤਾ, ਨਿਆਰੇਪਣ ਨੂੰ ਉਭਾਰਨ ਦੀ ਵਾਹ ਲਾਉਂਦੇ ਰਹਿੰਦੇ ਹਨ। ਸਾਰੇ ਧਰਮਾਂ ਦੇ ਕੁਦਰਤੀ ਵਰਤਾਰਿਆਂ ਬਾਰੇ ਸੱਚ (ਸੰਕਲਪ) ਆਪਾ ਵਿਰੋਧੀ ਹਨ। ਜੇ ਨਾਨਕ ਦੇ ਦੇਸ਼ ਦੀ ਧਰਤੀ 'ਚ ਗੁਰੂਤਾ ਖਿੱਚ ਹੈ, ਤਾਂ ਮੁਹੰਮਦ ਦੇ ਮੱਕੇ ਵਿਚ ਵੀ ਹੈ, ਤੇ ਕਰਾਇਟ ਦੇ ਯੋਰੋਸ਼ਲਮ ਵਿਚ ਵੀ ਹੋਵੇਗੀ। ਸਾਰੇ ਦੇਸ਼ਾਂ, ਧਰਮਾਂ ਵਾਲਿਆਂ ਵਲੋਂ ਵਰਤੇ ਜਾਂਦੇ ਪਾਣੀ ਦੀ ਅਣੂਵਿਕ ਬਣਤਰ ਉਹੀ ਹੋਵੇਗੀ ਜੋ ਵਿਗਿਆਨੀਆਂ ਨੇ ਦੱਸੀ ਹੈ। ਵਿਗਿਆਨਕ ਸੱਚਾਈਆਂ ਅੰਤਮ ਹੋਣ ਦਾ ਦਾਅਵਾ ਨਾ ਕਰਨ ਦੇ ਬਾਵਜੂਦ ਲਗਭਗ ਸਦੀਵੀ ਹਨ। ਆਮ ਤੌਰ 'ਤੇ ਧਾਰਮਿਕ ਸੱਚਾਈਆਂ ਨਿੱਜੀ ਸੱਚਾਈਆਂ ਹੁੰਦੀਆਂ ਹਨ, ਇਸ ਲਈ ਇਸ ਬਾਰੇ ਦੂਜਾ ਬੰਦਾ ਨਾ ਜਾਣ ਸਕਦਾ ਹੈ, ਨਾ ਹੀ ਇਸ ਦੇ ਸੱਚ-ਝੂਠ ਦਾ ਕੋਈ ਦਾਅਵਾ ਕਰ ਸਕਦਾ ਹੈ। ਸਰਬਵਿਆਪੀ ਸੱਚਾਈ ਉਹੀ ਹੋ ਸਕਦੀ ਹੈ ਜੋ ਸਾਰਿਆਂ ਦੀ ਪਹੁੰਚ ਵਿਚ ਹੋਵੇ; ਜਿਸ ਨੂੰ ਕੋਈ ਵੀ, ਕਿਤੇ ਵੀ ਪਰਖ ਸਕਦਾ ਹੋਵੇ। ਧਾਰਮਿਕ ਸੱਚਾਈਆਂ ਨੂੰ ਕੋਈ, ਸਿਵਾਏ ਧਰਮ ਗੁਰੂ ਦੇ, ਨਹੀਂ ਜਾਣਦਾ। ਧਾਰਮਿਕ ਪੈਰੋਕਾਰਾਂ ਦਾ ਇਨ੍ਹਾਂ ਸੱਚਾਈਆਂ ਨਾਲ ਰਿਸ਼ਤਾ ਦੂਜੈਲਾ ਹੁੰਦਾ ਹੈ, ਉਧਾਰਾ ਹੁੰਦਾ ਹੈ, ਇਸ ਰਿਸ਼ਤੇ ਦਾ ਆਧਾਰ ਆਸਥਾ ਜਾਂ ਸ਼ਰਧਾ ਹੁੰਦੀ ਹੈ ਪਰ ਵਿਗਿਆਨੀਆਂ ਦੁਆਰਾ ਲੱਭੀਆਂ ਸੱਚਾਈਆਂ ਨੂੰ, ਕੋਈ ਵੀ ਹੋਰ ਬੰਦਾ ਜਾਂ ਹੋਰ ਵਿਗਿਆਨੀ ਜਾਣ ਸਕਦਾ ਹੈ, ਪਰਖ ਸਕਦਾ ਹੈ, ਉਸ ਨੂੰ ਰੱਦ ਕਰਨ ਦਾ ਵੀ ਹੱਕ ਹੈ। ਇਸ ਲਈ ਧਰਮ (ਧਾਰਮਿਕ ਪੁਰਸ਼ਾਂ) ਦੁਆਰਾ, ਅੰਤਮ ਸੱਚਾਈਆਂ ਲੱਭਣ ਦੀ ਗੱਲ ਜਚਦੀ ਨਹੀਂ ਜਿਨ੍ਹਾਂ ਦੇ ਅੰਤਮ ਹੋਣ ਦਾ ਦਾਅਵਾ ਕੀਤਾ ਜਾ ਸਕੇ। ਜੇ ਕੋਈ ਸੱਚਾਈ ਅੰਤਮ ਜਾਂ ਸਦੀਵੀ ਹੈ ਤਾਂ ਇਹ ਇੱਕ ਹੀ ਹੋ ਸਕਦੀ ਹੈ, ਜੇ ਸੱਚਾਈਆਂ ਜ਼ਿਆਦਾ ਹਨ ਤਾਂ ਉਹ ਅੰਤਮ ਨਹੀਂ ਹੋ ਸਕਦੀਆਂ।

ਵਿਗਿਆਨਕ ਲੱਭਤਾਂ, ਸਨਅਤੀ, ਸੂਚਨਾ ਜਾਂ ਹਰੀ ਕ੍ਰਾਂਤੀ ਨਾਲ ਦੂਜੀਆਂ ਕੌਮਾਂ ਨੂੰ ਗੁਲਾਮ ਕਰਨ, ਉਨ੍ਹਾਂ ਦੇ ਸਭਿਆਚਾਰ ਤੇ ਵਾਤਾਵਰਣ ਨੂੰ ਤਬਾਹ ਕਰਨ ਦਾ ਉਜਰ ਕੀਤਾ ਜਾਂਦਾ ਹੈ। ਕਸੂਰ ਵਿਗਿਆਨਕ ਲੱਭਤਾਂ ਦਾ ਨਹੀਂ ਹੈ, ਕਸੂਰ ਉਨ੍ਹਾਂ ਲੋਟੂ ਪ੍ਰਬੰਧਾਂ ਦਾ ਹੈ ਜਿਸ ਵਿਚ ਇਨ੍ਹਾਂ ਦੀ ਦੁਰਵਰਤੋਂ ਹੁੰਦੀ ਹੈ। ਜਿੱਥੇ ਵਿਤਕਰਾ ਹੈ, ਨਾ ਬਰਾਬਰੀ ਹੈ, ਵਸੀਲਿਆਂ ਦੀ ਕਾਣੀ ਵੰਡ ਹੈ; ਉਥੇ ਇਨ੍ਹਾਂ ਲੱਭਤਾਂ ਦੀ ਦੁਰਵਰਤੋਂ ਅਟੱਲ ਹੈ। ਜਿੱਥੇ ਕਿਸੇ ਵੀ ਚੀਜ਼ ਦੀ ਵਰਤੋਂ ਮਾਨਵੀ ਲੋੜਾਂ ਲਈ ਨਹੀਂ, ਬਲਕਿ ਮੁਨਾਫੇ ਲਈ ਹੁੰਦੀ ਹੈ। ਇਨ੍ਹਾਂ ਲੋਟੂ ਪ੍ਰਬੰਧਾਂ ਵਿਚ ਵਿਗਿਆਨਕ ਲੱਭਤਾਂ ਦੀ ਤਾਂ ਗੱਲ ਛੱਡੋ, ਧਾਰਮਕਿ ਲੱਭਤਾਂ/ਸੰਸਥਾਵਾਂ ਦਾ ਵੀ ਦੁਰਪ੍ਰਯੋਗ ਹੁੰਦਾ ਹੈ। ਕੀ ਦੁਨੀਆਂ ਭਰ ਵਿਚ ਭਾਰੂ ਧਿਰਾਂ ਵਲੋਂ, ਰਾਜ-ਧਰਮਾਂ ਨੂੰ ਸੱਤਾ 'ਤੇ ਕਬਜ਼ਾ ਕਰਨ ਜਾਂ ਕਬਜ਼ਾ ਬਣਾਈ ਰੱਖਣ ਲਈ ਨਹੀਂ ਵਰਤਿਆ ਗਿਆ, ਜਾਂ ਜਾ ਰਿਹਾ? ਰੌਲਾ ਵਿਗਿਆਨ ਦੀਆਂ ਖਾਮੀਆਂ ਦਾ ਨਹੀਂ, ਮੁਨਾਫੇ ਅਤੇ ਲੁੱਟ ਆਧਾਰਤ ਰਾਜਸੀ/ਸਮਾਜਕ ਪ੍ਰਬੰਧਾਂ ਦਾ ਹੈ। ਜੇ ਕਿਸੇ ਨੂੰ ਵਾਕਿਆ ਹੀ ਲੋਕਾਂ ਦਾ, ਧਰਤੀ ਦਾ, ਵਾਤਾਵਰਨ ਦੇ ਪਲੀਤ ਹੋਣ ਦਾ ਦਰਦ ਹੈ, ਤਾਂ ਆਪਣੀ ਕਲਮ/ਗੁੱਸੇ ਦਾ ਨਿਸ਼ਾਨਾ, ਨਿੱਜੀ ਜਾਇਦਾਦ (ਜੋ ਪਾਪਾਂ ਬਾਝੋਂ ਨਹੀਂ ਹੁੰਦੀ), ਮਾਨਵ ਵਿਰੋਧੀ ਸਿਆਸੀ ਪ੍ਰਬੰਧਾਂ, ਮੰਡੀ ਤੰਤਰ ਦੇ ਖਾਤਮੇ ਵੱਲ ਸੇਧਣਾ ਚਾਹੀਦਾ ਹੈ ਜਿਨ੍ਹਾਂ ਵਿਚ ਹਰ ਸੱਚਾਈ/ਜਾਣਕਾਰੀ ਨੂੰ, ਇਕ ਦੂਜੇ ਨੂੰ ਕਾਬੂ ਕਰਨ ਜਾਂ ਲੁੱਟਣ ਲਈ ਵਰਤਿਆ ਜਾਂਦਾ ਹੈ; ਜਿੱਥੇ ਬੰਦਾ ਦੂਜੇ ਨੂੰ ਮਿੱਧ ਕੇ ਅੱਗੇ ਲੰਘਣਾ ਚਾਹੁੰਦਾ ਹੈ।

ਵਿਗਿਆਨ ਵਲੋਂ ਕੁਦਰਤ ਨੂੰ ਟਿੱਚ ਸਮਝਣ ਦਾ ਦੋਸ਼ ਵੀ ਕਈ ਸੱਜਣ ਲਾਉਂਦੇ ਹਨ ਪਰ ਇਸ ਦਾ ਹਵਾਲਾ ਨਹੀਂ ਦਿੱਤਾ ਕਿ ਕਿਸ ਵਿਗਿਆਨੀ ਨੇ ਕਦੋਂ ਤੇ ਕਿੱਥੇ ਕੁਦਰਤ ਨੂੰ ਟਿੱਚ ਸਮਝਿਆ। ਵਿਗਿਆਨ ਤਾਂ ਪੈਦਾ ਹੀ ਕੁਦਰਤ ਪ੍ਰਤੀ ਜਗਿਆਸਾ, ਅਚੰਭੇ ਅਤੇ ਮੁਹੱਬਤ ਵਿਚੋਂ ਹੈ। ਉਂਜ ਤਾਂ ਇਸ ਦੀ ਲੋੜ ਹੀ ਨਹੀਂ ਸੀ। ਵਰਕਿੰਗ ਸਾਇੰਟਿਸਟਾਂ ਦੀਆਂ ਜੀਵਨੀਆਂ ਪੜ੍ਹੋ, ਤਾਂ ਉਹ ਰਿਸ਼ੀਆਂ ਨੂੰ ਮਾਤ ਪਾਉਂਦੇ ਹਨ। ਉਨ੍ਹਾਂ ਦੀ ਸਾਦਗੀ, ਕੁਦਰਤ, ਕੁਦਰਤੀ ਸੋਮਿਆਂ, ਮਾਨਵ ਜਾਤੀ ਦੇ ਦੁੱਖਾਂ, ਵਿਗੋਚਿਆਂ ਪ੍ਰਤੀ ਫਿਕਰ ਕਾਇਲ ਕਰਨ ਵਾਲਾ ਹੈ। ਕੁਦਰਤ ਨਾਲ ਪ੍ਰੇਮ ਅਤੇ ਇਕਮਿਕਤਾ ਬਾਰੇ ਪ੍ਰਸਿੱਧ ਤਾਰਾ ਵਿਗਿਆਨੀ ਨੀਲ ਟਾਈਸਨ ਦੇ ਬੋਲ ਸੁਣੋ, "ਅਸੀਂ ਸਾਰੇ ਸਬੰਧੀ ਹਾਂ; ਇੱਕ ਦੂਜੇ ਨਾਲ ਸਰੀਰ ਵਿਗਿਆਨਕ ਤੌਰ 'ਤੇ, ਧਰਤੀ ਨਾਲ ਰਸਾਇਣਕ ਤੌਰ 'ਤੇ, ਸਾਰੇ ਬ੍ਰਹਿਮੰਡ ਨਾਲ ਅਣੂਵਿਕ ਤੌਰ 'ਤੇ ਜੁੜੇ ਹੋਏ ਹਾਂ।" ਕੁਦਰਤ ਨੂੰ ਟਿੱਚ ਵਿਗਿਆਨ (ਵਿਗਿਆਨੀ) ਨਹੀਂ ਸਮਝਦੇ, ਸਗੋਂ ਧਾਰਮਿਕ ਕਿਸਾਨ ਜ਼ਰੂਰ ਸਮਝਦੇ ਹਨ ਜੋ ਪੌਣ ਨੂੰ ਗੁਰੂ, ਪਾਣੀ ਨੂੰ ਪਿਓ ਤੇ ਧਰਤੀ ਨੂੰ ਰਾਤ-ਦਿਨ ਮਾਂ ਕਹਿੰਦਿਆਂ ਵੀ, ਹਾੜ੍ਹੀ ਸਾਉਣੀ, ਅੱਗ ਲਾ ਕੇ ਤਬਾਹ ਕਰਨੋਂ ਨਹੀਂ ਟਲਦੇ ਤੇ ਕਾਨੂੰਨੀ ਮਨਾਹੀ ਦੀ ਵੀ ਉਲੰਘਣਾ ਕਰਦੇ ਹਨ। ਇਹੀ ਹਾਲ ਬਾਕੀ ਧਰਮਾਂ ਦੇ ਕਿਸਾਨਾਂ ਤੇ ਸਨਅਤਕਾਰਾਂ ਦਾ ਹੈ ਜੋ ਵਿਗਿਆਨ ਦੀਆਂ ਬਰਕਤਾਂ ਨੂੰ ਮਾਣਦਿਆਂ ਹੋਇਆਂ, ਗੈਰ-ਜ਼ਿੰਮੇਵਾਰੀ ਨਾਲ ਹਵਾ ਤੇ ਪਾਣੀ ਨੂੰ ਦੂਸ਼ਿਤ ਕਰਨ 'ਤੇ ਤੁਲੇ ਹੋਏ ਹਨ। ਸੁਆਲ ਕੀਤਾ ਜਾ ਸਕਦਾ ਹੈ ਕਿ ਜਦੋਂ ਧਰਤੀ 'ਤੇ ਬੰਦਾ ਪੈਦਾ ਨਹੀਂ ਹੋਇਆ ਸੀ, ਨਾ ਹੀ ਵਿਗਿਆਨ ਦੀ ਹੋਂਦ ਸੀ, ਕੀ ਉਦੋਂ ਭੂਚਾਲ ਨਹੀਂ ਆਉਂਦੇ ਸਨ? ਕੁਦਰਤ ਕੋਈ ਬੰਦਾ ਨਹੀਂ ਕਿ ਖੋਰ ਰੱਖਦੀ ਹੋਵੇ। ਕੁਦਰਤ ਵਿਚ ਸੰਤੁਲਨ ਬਣਿਆ ਰਹਿੰਦਾ ਹੈ, ਜਦੋਂ ਵੀ ਮੁਨਾਫੇ ਦੀ ਹਿਰਸ ਕਰ ਕੇ ਕੋਈ ਵਰਗ ਕੁਤਾਹੀ ਕਰਦਾ ਹੈ, ਤਾਂ ਇਸ ਨਾਲ ਕੁਝ ਮੋੜਵੇਂ ਪ੍ਰਤੀਕਰਮ ਹੋਣੇ ਲਾਜ਼ਮੀ ਹਨ। ਇਨ੍ਹਾਂ ਕੁਤਾਹੀਆਂ ਦੀ ਟੋਹ ਵੀ ਵਿਗਿਆਨ ਹੀ ਦਿੰਦਾ ਹੈ, ਕੋਈ ਧਾਰਮਿਕ ਪੁਰਸ਼ ਨਹੀਂ।

ਆਮ ਤੌਰ 'ਤੇ ਕਿਸੇ ਅ-ਧਾਰਮਿਕ ਬੰਦੇ ਨੂੰ ਛੁਟਿਆਉਣ ਲਈ ਇਹ ਮਿਹਣਾ ਮਾਰਿਆ ਜਾਂਦਾ ਹੈ ਕਿ ਉਹ ਤਾਂ ਬੇਗੁਰਾ ਹੈ, ਨਾਸਤਿਕ ਹੈ; ਤੇ ਸੁੱਤੇ-ਸਿੱਧ ਹੀ ਧਰਮ ਨੂੰ ਨੈਤਿਕਤਾ/ਸਦਾਚਾਰ ਦਾ ਆਧਾਰ ਮੰਨ ਲਿਆ ਜਾਂਦਾ ਹੈ। ਗੋਲਕਾਂ ਦੀਆਂ ਚੋਰੀਆਂ, ਧਰਮ ਪ੍ਰਚਾਰਕਾਂ, ਧਰਮ ਗੁਰੂਆਂ ਵਲੋਂ ਹੁੰਦੇ ਬਲਾਤਕਾਰ ਅਤੇ ਕਤਲਾਂ ਦੀਆਂ ਅਣਗਣਿਤ ਕਾਲੀਆਂ ਘਟਨਾਵਾਂ ਪਤਾ ਨਹੀਂ ਕਿਉਂ ਨਹੀਂ ਦਿਸਦੀਆਂ? ਕੀ ਧਰਮੀ ਬੰਦੇ ਨੂੰ ਕਿਸੇ ਨੈਤਿਕ ਜਾਂ ਅਨੈਤਿਕ ਕਾਰਜ ਬਾਰੇ ਗਿਲਾ ਕਰਨਾ ਚਾਹੀਦਾ ਹੈ? ਕਿਉਂਕਿ ਸਾਰਾ ਕੁਝ ਤਾਂ ਉਸ ਦੇ ਪੂਜਯ (ਰੱਬ) ਦੀ ਰਜ਼ਾ ਵਿਚ ਹੋ ਰਿਹਾ ਹੁੰਦਾ ਹੈ। ਡਾਕੂ ਵਿਚ ਉਹ ਵਸਦਾ ਹੈ, ਤੇ ਜਿਸ ਦੇ ਘਰ ਡਾਕਾ ਵੱਜਿਆ ਹੈ, ਉਹ ਵੀ ਉਸੇ ਦਾ ਰੂਪ ਹੈ। ਉਸ ਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲਦਾ ਤਾਂ ਫਿਰਕੂ ਵੱਢਾਂ-ਟੁੱਕੀਆਂ, ਚੁਰਾਸੀ ਦੇ ਕਤਲ, ਬਲਾਤਕਾਰ, ਭੁੱਖਮਰੀ, ਨਾਬਰਾਬਰੀਆਂ, ਬੇਇਨਸਾਫੀਆਂ 'ਤੇ ਗਿਲਾ ਕਾਹਦਾ? ਦਰਅਸਲ ਨੈਤਿਕਤਾ ਦੀ ਲੋੜ ਹੀ ਤਾਂ ਪੈਂਦੀ ਹੈ ਕਿਉਂਕਿ ਧਰਮ (ਸਿਖਿਆ) ਫੇਲ੍ਹ ਹੋ ਚੁੱਕਾ ਹੈ। 'ਸਰਬਸ਼ਕਤੀਮਾਨ' ਦਾ ਬੰਦਿਆਂ ਦੇ ਵਤੀਰੇ 'ਤੇ ਕੋਈ ਕੰਟਰੋਲ ਨਹੀਂ। ਜਿੱਥੇ ਦੇਵੀ ਨੂੰ ਧੂਫ ਬੱਤੀ ਦੇ ਕੇ ਦੁਕਾਨਦਾਰ ਸਾਰਾ ਦਿਨ ਗਾਹਕਾਂ ਨੂੰ ਲੁੱਟਦਾ ਹੈ, ਡਾਕੂਆਂ ਦਾ ਟੋਲਾ ਮੰਦਰ 'ਚ ਮੱਥਾ ਟੇਕਣ ਜਾਂਦਾ ਹੈ, ਉਥੇ ਨੈਤਿਕਤਾ ਧਾਰਮਿਕ ਨਹੀਂ, ਸਮਾਜਕ ਮਸਲਾ ਬਣ ਜਾਂਦੀ ਹੈ। ਹੁਣ ਤੱਕ ਵੱਡੇ-ਵੱਡੇ ਧਰਮ ਪ੍ਰਚਾਰਕਾਂ ਨੇ ਅੱਡੀ ਚੋਟੀ ਦਾ ਜ਼ੋਰ ਲਾ ਲਿਆ ਹੈ ਕਿ ਆਵਦੇ ਪੈਰੋਕਾਰਾਂ ਨੂੰ ਨੈਤਿਕਤਾ ਦੇ ਰੰਗ ਵਿਚ ਰੰਗਣਾ ਹੈ, ਪਰ ਆ ਰਹੇ ਨਿਘਾਰ ਵਿਚ ਕੋਈ ਫਰਕ ਨਹੀਂ ਪਿਆ। ਧਰਮ ਦੀ ਨੈਤਿਕਤਾ 'ਉਪਰਲੇ' ਦੇ ਡਰ 'ਤੇ ਟਿਕੀ ਹੁੰਦੀ ਹੈ। ਇਸ ਵਿਚ ਮਰਨ ਉਪਰੰਤ 'ਲੇਖੇ ਜੋਖੇ ਤੇ ਨਰਕ' ਦਾ ਜ਼ਿਕਰ ਹੁੰਦਾ ਹੈ।

ਨੈਤਿਕਤਾ, ਚੰਗੇ ਜਾਂ ਮਾੜੇ ਧਰਮ ਪ੍ਰਚਾਰ ਦਾ ਨਹੀਂ, ਸਗੋਂ ਸਮਾਜਕ ਜ਼ਿੰਮੇਵਾਰੀ ਦਾ, ਸਮਾਜਕ ਰਿਸ਼ਤਿਆਂ ਦਾ ਮਸਲਾ ਹੈ। ਨੈਤਿਕਤਾ ਬੰਦੇ (ਕਿਸੇ ਵਰਗ) ਦੀਆਂ ਠੋਸ ਹਾਲਤਾਂ ਵਿਚ ਕੀਤੀ ਚੋਣ

## ਨਜ਼ਰੀਆ

ਹੁੰਦੀ ਹੈ ਜਿੱਥੇ ਕਿਸੇ ਸਰਬਸ਼ਕਤੀਮਾਨ ਦੀ ਨਹੀਂ ਚਲਦੀ। ਸਮੰਤਵਾਦ ਦੇ ਦੌਰ ਵਿਚ ਮਾਲਕ ਲਈ ਜਾਨ ਵਾਰਨਾ ਨੌਕਰ ਲਈ ਨੈਤਿਕ ਹੁੰਦਾ ਸੀ। ਅੱਜ ਦੇ ਪੂੰਜੀਵਾਦੀ ਦੌਰ ਵਿਚ ਨੌਕਰ, ਮਾਲਕ ਨੂੰ ਮਾਰ ਕੇ ਜਾਂ ਧੋਖਾ ਦੇ ਕੇ, ਉਸ ਦੀ ਜਾਇਦਾਦ ਨੂੰ ਹੜੱਪਣਾ ਅਨੈਤਿਕ ਨਹੀਂ ਸਮਝਦਾ। ਹਿਤਾਂ ਦੇ ਵਿਰੋਧੀ ਮਹੌਲ ਵਿਚ ਸਰਬ ਸਾਂਝੀ ਨੈਤਿਕਤਾ ਦੀ ਗੱਲ ਟੇਢਾ ਮਸਲਾ ਹੈ। ਇਹ ਬਾਜ਼ਾਰ ਦੀਆਂ, ਖਪਤਵਾਦ ਦੀਆਂ ਸ਼ਕਤੀਆਂ ਨਾਲ ਆਢਾ ਲਾਉਣਾ ਦੀ ਗੱਲ ਹੈ। ਇਹ ਮਾਨਵੀ ਪੱਧਰ 'ਤੇ ਖੜ੍ਹ ਕੇ ਲੈਣ ਦੇਣ ਦੀ ਜਾਚ ਸਿਖਣ ਦੀ ਗੱਲ ਹੈ। ਇਹ ਨੈਤਿਕਤਾ ਕਿਸੇ ਡਰ 'ਚੋਂ ਪੈਦਾ ਨਹੀਂ ਹੋ ਸਕਦੀ, ਇਹ ਸਮਾਜਕ ਜ਼ਿੰਮੇਵਾਰੀ 'ਚੋਂ ਪੈਦਾ ਹੋਵੇਗੀ ਜੋ ਵਿਗਿਆਨ (ਦਰਸ਼ਨ, ਭੌਤਿਕ ਸ਼ਾਸਤਰ, ਰਸਾਇਣ ਵਿਗਿਆਨ, ਸਮਾਜ ਵਿਗਿਆਨ, ਅਰਥ ਵਿਗਿਆਨ, ਮਨੋਵਿਗਿਆਨ ਆਦਿ) ਦੇ ਡੂੰਘੇ ਪਾਠ ਨਾਲ ਹੀ ਆ ਸਕਦੀ ਹੈ ਜਿਸ ਵਿਚੋਂ ਮਨੁੱਖ ਨੂੰ, ਉਸ ਦੇ ਵਤੀਰੇ ਨੂੰ ਸਮਝਣ, ਕੁਦਰਤ ਨਾਲ ਉਸ ਦੀ ਇਕਮਿਕਤਾ ਦੀ ਕਨਸੋਅ ਮਿਲਦੀ ਹੈ।

ਹੁਣ ਧਰਮ ਅਤੇ ਵਿਗਿਆਨ ਦੇ ਪੂਰਕ ਹੋਣ ਦੀ ਗੱਲ ਲਈਏ। ਪੂਰਕ ਹੋਣ ਦਾ ਭਾਵ ਹੈ, ਇਕ ਵਸਤ-ਵਰਤਾਰਾ ਦੂਜੀ ਵਸਤ-ਵਰਤਾਰੇ ਦੇ ਕਿਸੇ ਅੰਦਰਲੇ ਗੁਣ ਨੂੰ, ਬਾਹਰ ਲਿਆਉਣ ਦਾ ਜ਼ਰੀਆ ਬਣਦਾ ਹੈ; ਜਿਵੇਂ ਔਰਤ ਤੇ ਮਰਦ। ਦੋਨੋਂ ਇਕ ਦੂਜੇ ਬਿਨਾਂ ਅਧੂਰੇ ਹਨ। ਦੋ ਅਧੂਰੇ ਜਣੇ ਹੀ ਪੂਰਕ ਹੋ ਸਕਦੇ ਹਨ। ਕੋਈ ਮੁਕੰਮਲ ਚੀਜ਼, ਪੂਰਕ ਨਹੀਂ ਹੋ ਸਕਦੀ। ਪੂਰਕ ਬਣਨ ਲਈ ਆਵਦੇ ਇਕ ਹਿੱਸੇ ਦੀ ਕੁਰਬਾਨੀ ਦੇਣੀ ਪੈਂਦੀ ਹੈ, ਤਿਆਗ ਕਰਨਾ ਪੈਂਦਾ ਹੈ। ਕੀ ਧਰਮ (ਧਾਰਮਿਕ ਪੁਰਸ਼) ਇਹ ਤਿਆਗ ਕਰ ਸਕਦਾ ਹੈ? ਬੀਜ ਅਤੇ ਮਿੱਟੀ ਇਕ-ਦੂਜੇ ਦੇ ਪੂਰਕ ਹਨ। ਜਦੋਂ ਮਿਲਦੇ ਹਨ ਤਾਂ ਬੀਜ, ਮਿੱਟੀ ਦੀ ਜਰਖੇਜਤਾ ਦਾ ਮਾਧਿਅਮ ਬਣਦਾ ਹੈ, ਤੇ ਮਿੱਟੀ, ਬੀਜ ਵਿਚ ਲੁਕੀਆਂ ਸੰਭਾਨਾਵਾਂ ਨੂੰ ਬਾਹਰ ਲਿਆਉਂਦੀ ਹੈ। ਇਸ ਪ੍ਰਕਿਰਿਆ ਵਿਚ ਬੀਜ ਦਾ ਨਾਸ ਹੁੰਦਾ ਹੈ ਅਤੇ ਮਿੱਟੀ ਨੂੰ ਆਵਦੇ ਕੁਝ ਪੌਸ਼ਟਿਕ ਤੱਤ ਗੰਵਾਉਣੇ ਪੈਂਦੇ ਹਨ।

ਸਾਰੇ ਜਾਣਦੇ ਹਨ ਕਿ ਧਰਮਚਾਰੀਆਂ ਦਾ ਵਿਗਿਆਨੀਆਂ ਨਾਲ ਕੀ ਵਤੀਰਾ ਰਿਹਾ ਹੈ ਅਤੇ ਇਨ੍ਹਾਂ ਨੇ ਕਿੰਨੇ ਵਿਗਿਆਨੀਆਂ ਨੂੰ ਪੂਰੇ ਕੀਤਾ (ਮਾਰਿਆ) ਹੈ। ਪੂਰਕਵਾਦੀਆਂ ਲਈ ਈਸਾਈ ਪ੍ਰਚਾਰਕ ਮਾਰਟਿਨ ਲੂਥਰ ਦੀ ਟੂਕ ਹਾਜ਼ਰ ਹੈ- 'ਵਿਗਿਆਨ (ਵਿਗਿਆਨਕ ਸੋਚ) ਧਰਮ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਅਤੇ ਸਾਰੇ ਈਸਾਈਆਂ ਵਿਚੋਂ ਇਸ ਦਾ ਬੀ ਨਾਸ ਕਰਨਾ ਚਾਹੀਦਾ ਹੈ'।

ਆਈਨਸਟਾਈਨ ਦੀ ਇਹ ਨਸੀਹਤ ਕੁਥਾਂ ਨਹੀਂ, "ਨੈਤਿਕ ਚੰਗਿਆਈਆਂ ਲਈ ਧਰਮਚਾਰੀਆਂ ਨੂੰ ਆਪਣੇ 'ਨਿੱਜੀ ਰੱਬ' ਦੇ ਸਿਧਾਂਤ ਨੂੰ ਤਿਆਗਣਾ ਪਵੇਗਾ। ਡਰ ਅਤੇ ਆਸ ਦੇ ਸੋਮੇ ਨੂੰ ਛੱਡਣਾ ਪਵੇਗਾ ਜਿਨ੍ਹਾਂ ਨੇ ਪੁਜਾਰੀਆਂ ਦੇ ਹੱਥ ਵਿਚ ਬੇਥਾਹ ਸ਼ਕਤੀ ਦਿੱਤੀ। ਉਨ੍ਹਾਂ ਨੂੰ ਉਹ ਮਾਨਵੀ ਸ਼ਕਤੀਆਂ (ਦਲੀਲ, ਤਰਕ, ਸੰਵੇਦਨਾ, ਜ਼ਿੰਮੇਵਾਰੀ ਦੀ ਭਾਵਨਾ, ਹਮਦਰਦੀ, ਮਿਲਵਰਤਣ) ਦੀ ਓਟ ਲੈਣੀ ਪਵੇਗੀ ਜਿਨ੍ਹਾਂ ਨਾਲ ਬੰਦੇ ਵਿਚ ਚੰਗਿਆਈ, ਸੱਚਾਈ ਅਤੇ ਸੁਹੱਪਣ ਭਰਿਆ ਜਾ ਸਕੇ। ਇਹ ਔਖਾ ਕੰਮ ਜ਼ਰੂਰ ਹੈ, ਪਰ ਹੈ ਪਹਿਲੇ ਨਾਲੋਂ ਜ਼ਿਆਦਾ ਅਰਥ ਭਰਭੂਰ।"

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

**1816 Main Ave., Secramento CA, 95838**

ਪੰਜਾਬ ਟਾਈਮਜ਼

*ਸਨਿਚਰਵਾਰ, 26 ਜੁਲਾਈ 2014*

# ਸਿੱਖ, ਸਿਆਸਤ ਤੇ ਸੰਸਥਾਵਾਂ

ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਦਾ ਮਾਮਲਾ ਪਹਿਲਾਂ ਹੀ ਸਿਆਸਤ ਦੀ ਭੇਟ ਚੜ੍ਹ ਗਿਆ ਸੀ ਪਰ ਹੁਣ ਇਸ ਵਿਚ ਸੌੜੀ ਸਿਆਸਤ ਧੁਸ ਦੇ ਕੇ ਅੰਦਰ ਆਣ ਵੜੀ ਹੈ। ਬਾਦਲਾਂ ਨੇ ਜਿਸ ਢੰਗ ਨਾਲ ਇਸ ਕਮੇਟੀ ਦੀ ਸਥਾਪਨਾ ਰੋਕਣ ਲਈ ਕਮਰ ਕੱਸੀ ਹੈ, ਉਸ ਨਾਲ ਸਾਰੇ ਸਿੱਖ ਹਲਕੇ ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਹਨ। ਗੱਲ ਮੋਰਚੇ ਲਾਉਣ ਤੱਕ ਜਾ ਅੱਪੜੀ ਹੈ। ਮਸਲਾ ਸਿਰਫ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਵੱਖਰੀ ਕਮੇਟੀ ਨੂੰ ਸੌਂਪਣ ਦਾ ਸੀ। ਇਸ ਤੋਂ ਪਹਿਲਾਂ ਇਸ ਮੁੱਦੇ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਨੂੰ ਸਿੱਖਾਂ ਦੀ ਮਿਨੀ ਪਾਰਲੀਮੈਂਟ ਕਰ ਕੇ ਵੀ ਜਾਣਿਆ ਜਾਂਦਾ ਹੈ, ਦੇ ਕਰਤਿਆਂ-ਧਰਤਿਆਂ ਦੀ ਕਾਰਗੁਜ਼ਾਰੀ ਉਤੇ ਸਵਾਲਾਂ ਦੀ ਵਾਛੜ ਹੁੰਦੀ ਰਹੀ ਹੈ। ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹੀ ਹੁੰਦਾ ਸੀ ਕਿ ਸ਼੍ਰੋਮਣੀ ਕਮੇਟੀ ਆਪਣਾ ਮੂਲ ਕਾਰਜ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਦੀ ਪੂਰਕ ਬਣਨ ਦੇ ਰਾਹ ਪਈ ਹੋਈ ਹੈ। ਗੁਰਦੁਆਰਿਆਂ ਦਾ ਚੜ੍ਹਾਵਾ ਅਕਾਲੀ ਦਲ ਦੀਆਂ ਸਰਗਰਮੀਆਂ ਲਈ ਵਰਤਣ ਦੀਆਂ ਕਨਸੋਆਂ ਤਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਦਰਅਸਲ ਸ਼੍ਰੋਮਣੀ ਕਮੇਟੀ ਦਾ ਅਸਲ ਯੋਗਦਾਨ ਧਾਰਮਿਕ, ਸਿਖਿਆ ਅਤੇ ਸਮਾਜਕ ਖੇਤਰ ਵਿਚ ਵਧੇਰੇ ਹੋਣਾ ਸੀ, ਪਰ ਧਰਮ ਪ੍ਰਚਾਰ ਵਾਲੀ ਲੜੀ ਬਹੁਤ ਢਿੱਲੀ ਰਹਿ ਗਈ। ਜਿਸ ਤਰ੍ਹਾਂ ਨਸ਼ਿਆਂ ਦਾ ਮਾਰੂ ਹਮਲਾ ਪੰਜਾਬੀਆਂ ਉਪਰ ਹੋਇਆ ਸੀ, ਇਸ ਖੇਤਰ ਵਿਚ ਸ਼੍ਰੋਮਣੀ ਕਮੇਟੀ ਦਾ ਬਹੁਤ ਵੱਡਾ ਰੋਲ ਹੋ ਸਕਦਾ ਸੀ, ਪਰ ਇਸ ਪਾਸੇ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਕੋਈ ਯੋਜਨਾ ਨਹੀਂ ਉਲੀਕੀ। ਹਾਂ, ਬਿਨਾਂ ਕੋਈ ਡੂੰਘੀ ਘੋਖ-ਪੜਤਾਲ ਕੀਤਿਆਂ, ਨੌਜਵਾਨਾਂ ਉਤੇ ਇਹ ਦੂਸ਼ਣ ਜ਼ਰੂਰ ਲਗਾਏ ਜਾਂਦੇ ਰਹੇ ਕਿ ਉਹ ਸਿੱਖੀ ਤੋਂ ਦੂਰ ਜਾ ਰਹੇ ਹਨ। ਅਸਲ ਵਿਚ ਸਿੱਖੀ ਤੋਂ ਇਹ ਦੂਰੀ ਸਿੱਖੀ ਵਿਚ ਸੌੜੀ ਸਿਆਸਤ ਵੜਨ ਕਾਰਨ ਹੋਈ ਹੈ। ਸੌੜੀ ਸਿਆਸਤ ਨੇ ਜਿਸ ਢੰਗ ਨਾਲ ਸਿੱਖੀ ਉਤੇ ਉਲਟੇ ਦਾਅ ਅਸਰ ਕੀਤਾ, ਇਸ ਬਾਰੇ ਕੋਈ ਨਿਸ਼ਾਨਦੇਹੀ ਕਿਸੇ ਨੇ ਨਹੀਂ ਕੀਤੀ। ਸਿੱਖ ਆਗੂਆਂ ਵੱਲੋਂ ਸਿਆਸਤ ਅਤੇ ਧਰਮ (ਮੀਰੀ-ਪੀਰੀ) ਦੇ ਨਾਲੋ-ਨਾਲ ਚੱਲਣ ਦੀਆਂ ਗੱਲਾਂ ਅਕਸਰ ਕੀਤੀਆਂ ਜਾਂਦੀਆਂ ਹਨ ਪਰ ਇਸ ਮਾਮਲੇ ਵਿਚ ਸੰਗਤ ਨੂੰ ਦੱਸਣ ਵਾਲੀ ਅਸਲ ਗੱਲ ਲੁਕੋ ਲਈ ਜਾਂਦੀ ਹੈ। ਮੀਰੀ ਅਤੇ ਪੀਰੀ ਦੇ ਸੁੱਚੇ ਸੰਕਲਪ ਵਿਚ ਸਿਆਸਤ ਅਤੇ ਧਰਮ ਦੇ ਨਾਲੋ-ਨਾਲ ਚੱਲਣ ਦੇ ਨਾਲ-ਨਾਲ ਇਹ ਨੁਕਤਾ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿਆਸਤ ਨੂੰ ਸਿੱਧੇ ਰਾਹ ਤੁਰਦੀ ਰੱਖਣ ਲਈ ਇਸ ਉਤੇ ਧਰਮ ਦਾ ਕੁੰਡਾ ਲਾਜ਼ਮੀ ਹੈ। ਪੰਜਾਬ ਦੀ ਅਜੋਕੀ ਸਿਆਸਤ ਵਿਚ ਇਸ ਸੰਕਲਪ ਨੂੰ ਪੁੱਠਾ ਗੇੜਾ ਦੇ ਦਿੱਤਾ ਗਿਆ ਹੈ। ਸੌੜੀ ਸਿਆਸਤ ਇੰਨੀ ਮੂੰਹ ਜ਼ੋਰ ਹੋ ਗਈ ਹੈ ਕਿ ਕਿਤੇ ਕੋਈ ਹਿਸਾਬ-ਕਿਤਾਬ ਨਹੀਂ ਰਿਹਾ। ਰਤਾ ਕੁ ਕੁਰੇਦਿਆ ਜਾਵੇ ਤਾਂ ਇਸ ਦੀਆਂ ਜੜ੍ਹਾਂ ਬਾਦਲਾਂ ਦੇ ਪਰਿਵਾਰ-ਪਿਆਰ ਨਾਲ ਜਾ ਜੁੜਦੀਆਂ ਦਿਸ ਪੈਂਦੀਆਂ ਹਨ। ਬਾਦਲਾਂ ਦੇ ਪਰਿਵਾਰ-ਪਿਆਰ ਨੇ ਸਿੱਖੀ ਅਤੇ ਸਿਆਸਤ ਵਿਚਕਾਰ ਰਿਸ਼ਤਾ ਉਕਾ ਹੀ ਬਦਲ ਕੇ ਰੱਖ ਦਿੱਤਾ ਹੈ। ਇਸ ਸਿਲਸਿਲੇ ਵਿਚ ਸਿਆਸੀ ਸਰਗਰਮੀਆਂ ਨੇ ਸਿਆਸੀ ਚਾਲਾਂ ਦਾ ਰੂਪ ਅਖਤਿਆਰ ਕਰ ਲਿਆ ਹੈ ਅਤੇ ਇਸ ਦਾ ਖਾਮਿਆਜ਼ਾ ਹੁਣ ਖਾਸ ਰੂਪ ’ਚ ਸਿੱਖ ਤੇ ਆਮ ਰੂਪ ਵਿਚ ਸਮੁੱਚੇ ਪੰਜਾਬੀ ਭੁਗਤ ਰਹੇ ਹਨ।

ਉਂਜ ਇਸ ਵਾਰ ਵੱਖਰੀ ਕਮੇਟੀ ਦੇ ਨਾਂ ਉਤੇ ਹੋਈ ਸਿਆਸਤ ਦੇ ਨਾਲ-ਨਾਲ ਕੁਝ ਹੋਰ ਪਹਿਲੂ ਵੀ ਸਾਹਮਣੇ ਆਏ ਹਨ। ਇਸ ਮੁੱਦੇ ਨਾਲ ਭਾਵੇਂ ਬਾਦਲਾਂ ਦਾ ਨਸ਼ਿਆਂ ਵਾਲੇ ਮੁੱਦੇ ਤੋਂ ਖਹਿੜਾ ਫਿਲਹਾਲ ਛੁੱਟ ਗਿਆ ਜਾਪਦਾ ਹੈ, ਪਰ ਐਤਕੀਂ ਪਹਿਲੀ ਵਾਰ ਆਮ ਅਕਾਲੀ ਵਰਕਰਾਂ ਦੇ ਮੂਡ ਦਾ ਪਤਾ ਲੱਗਿਆ ਹੈ। ਇਨ੍ਹਾਂ ਵਰਕਰਾਂ ਦੇ ਦਿਲਾਂ ਵਿਚ ਇਹ ਗੱਲ ਆਪੇ ਹੀ ਬੈਠ ਗਈ ਹੈ ਕਿ ਬਾਦਲ ਇਹ ਸਾਰਾ ਕੁਝ ਸਿੱਖੀ ਲਈ ਨਹੀਂ, ਸਗੋਂ ਸਿਰਫ ਤੇ ਸਿਰਫ ਆਪਣੀ ਸੌੜੀ ਸਿਆਸਤ ਚਲਾਉਣ ਲਈ ਕਰ ਰਹੇ ਹਨ। ਪਹਿਲਾਂ ਸ਼੍ਰੋਮਣੀ ਕਮੇਟੀ ਦੀ ਸਰਗਰਮੀ ਦੇ ਮਾਮਲੇ ਵਿਚ ਭਾਵੇਂ ਇਸ ਦੇ ਕਰਤਾ-ਧਰਤਾ ਸਿਆਸਤ ਦੇ ਭਾਗੀਦਾਰ ਬਣਦੇ ਰਹੇ ਹਨ, ਪਰ ਉਨ੍ਹਾਂ ਆਪਣੇ ਨਿੱਜ ਅਤੇ ਪਰਿਵਾਰ ਨੂੰ ਅਜਿਹੀਆਂ ਲਾਭਾਂ ਤੋਂ ਲਾਂਭੇ ਹੀ ਰੱਖਿਆ। ਦੂਜੇ ਪਾਸੇ, ਇਨ੍ਹਾਂ ਵਰਕਰਾਂ ਨੂੰ ਹੁਣ ਲੱਗ ਰਿਹਾ ਹੈ ਕਿ ਬਾਦਲ ਸਿਰਫ ਆਪਣਾ ਹੀ ਘਰ ਭਰਨ ਵਿਚ ਲੱਗੇ ਹੋਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਿਆਨ ਤਾਂ ਭਾਵੇਂ ਇਹ ਦਿੰਦੇ ਹਨ ਕਿ ਸਿਆਸਤਦਾਨਾਂ ਨੂੰ ਕਾਰੋਬਾਰੀ ਨਹੀਂ ਬਣਨਾ ਚਾਹੀਦਾ, ਪਰ ਉਸ ਦਾ ਆਪਣਾ ਪੁੱਤਰ ਸੁਖਬੀਰ ਸਿੰਘ ਬਾਦਲ ਕੁਝ ਕੁ ਦਹਾਕਿਆਂ ਵਿਚ ਹੀ ਪੰਜਾਬ ਦਾ ਸਿਰਕੱਢ ਕਾਰੋਬਾਰੀ-ਵਪਾਰੀ ਬਣ ਗਿਆ ਹੈ। ਇਹੀ ਉਹ ਨੁਕਤਾ ਹੈ ਜਿਸ ਕਰ ਕੇ ਹੁਣ ਬਾਦਲਾਂ ਨੂੰ ਆਮ ਅਕਾਲੀ ਵਰਕਰਾਂ ਤੋਂ ਪਹਿਲਾਂ ਵਾਲਾ ਹੁੰਗਾਰਾ ਨਹੀਂ ਮਿਲ ਰਿਹਾ। ਪਿਛਲੇ ਕੁਝ ਸਾਲਾਂ ਤੋਂ ਇਹ ਵਰਕਰ ਬਾਦਲਾਂ ਬਾਰੇ ਉਠਦੇ ਸਵਾਲਾਂ ਦਾ ਜਵਾਬ ਸੱਥਾਂ ਵਿਚ ਬੈਠੇ ਦਿੰਦੇ ਰਹੇ, ਪਰ ਜਾਪਦਾ ਹੈ ਕਿ ਹੁਣ ਪਾਣੀ ਸਿਰ ਉਪਰੋਂ ਲੰਘਣਾ ਸ਼ੁਰੂ ਹੋ ਗਿਆ ਹੈ। ਇਹੀ ਉਹ ਨਿਘਾਰ ਹੈ ਜੋ ਸਿਆਸਤ ਦੇ ਖੇਤਰ ਵਿਚ ਆਇਆ ਹੈ ਅਤੇ ਜਿਸ ਨੇ ਸਿੱਖੀ ਨੂੰ ਵੀ ਡਾਢਾ ਨੁਕਸਾਨ ਪਹੁੰਚਾਇਆ ਹੈ। ਇਸੇ ਕਰ ਕੇ ਹੁਣ ਬਾਦਲਾਂ ਨੂੰ ਵੱਖਰੀ ਕਮੇਟੀ ਖਿਲਾਫ ਸਿੱਖ ਸੰਮੇਲਨ ਕਰਵਾਉਣ ਦੀ ਲੋੜ ਪੈ ਗਈ ਹੈ। ਸਿਤਮਜ਼ਰੀਫੀ ਇਹ ਹੈ ਕਿ ਅਜੇ ਵੀ ਬਾਦਲਾਂ ਦਾ ਸਾਰਾ ਧਿਆਨ ਸਿੱਖੀ ਉਤੇ ਨਹੀਂ, ਸਿਆਸਤ ਉਤੇ ਹੀ ਹੈ। ਵੱਖਰੀ ਕਮੇਟੀ ਬਣਾਉਣ ਬਾਰੇ ਸਰਗਰਮੀ ਦਾ ਨਤੀਜਾ ਭਾਵੇਂ ਕੋਈ ਵੀ ਨਿਕਲੇ ਪਰ ਇਸ ਨਾਲ ਇਕ ਨੁਕਤਾ ਤਾਂ ਸਪਸ਼ਟ ਹੋ ਗਿਆ ਹੈ ਕਿ ਬਾਦਲਾਂ ਦੀ ਮਨ-ਮਰਜ਼ੀ ਦੇ ਦਿਨ ਹੁਣ ਲੱਦ ਗਏ ਹਨ। ਹੁਣ ਮੁੱਖ ਮਸਲਾ ਇਹ ਹੈ ਕਿ ਬਾਦਲਾਂ ਨੂੰ ਪਈ ਇਸ ਵੰਗਾਰ ਦਾ ਅਗਲਾ ਦਾਈਆ ਕੀ ਹੋਵੇ। ਜਿੰਨੀ ਦੇਰ ਤੱਕ ਬਾਦਲਾਂ ਦੀ ਇਸ ਸਿਆਸਤ ਦੇ ਮੁਕਾਬਲੇ ਸੱਚੀ ਅਤੇ ਸੁੱਚੀ ਸਿਆਸਤ ਦਾ ਪਿੜ ਨਹੀਂ ਬੱਝਦਾ, ਉਨੀ ਦੇਰ ਮਨ-ਮਰਜ਼ੀ ਵਾਲੀ ਸਿਆਸਤ ਤੋਂ ਖਹਿੜਾ ਪੂਰੀ ਤਰ੍ਹਾਂ ਛੁੱਟ ਨਹੀਂ ਸਕਦਾ। ਬਾਦਲਾਂ ਨੂੰ ਲਾਂਭੇ ਕਰਨ ਅਤੇ ਪਛਾੜਨ ਲਈ ਸਿਰਫ ਨੁਕਤਾਚੀਨੀ ਨਹੀਂ, ਅਮਲ ਵਿਚ ਵੀ ਕੁਝ ਕਰ ਕੇ ਦਿਖਾਉਣਾ ਪਵੇਗਾ। ਆਖਰਕਾਰ ਨਬੇੜੇ ਤਾਂ ਅਮਲਾਂ ‘ਤੇ ਹੀ ਹੋਣੇ ਹਨ। ਅਮਲਾਂ ਦੇ ਇਹ ਨਬੇੜੇ ਕਾਰਗਰ ਰਣਨੀਤੀ ਤੋਂ ਬਿਨਾਂ ਸ਼ਾਇਦ ਸੰਭਵ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਈ-ਭਾਈ-ਡਾਈ !*

ਅੱਗੇ ਦੌੜੀਏ ਪਿੱਛਾ ਪਰ ਚੌੜ ਹੋਇਆ, ਤਾਂਹੀਉਂ ਕੌਡੀਆਂ ਪੈਂਦੇ ਨੇ ਮੁੱਲ ਸਾਡੇ।
ਬਣਕੇ ਨਹੀਂ ਦਿਖਾਇਆ ਜੇ ‘ਰੋਲ ਮਾਡਲ’, ਜਣਦੇ ਪਾਉਣਗੇ ਦਾਹੜੀਏਂ ਫੁੱਲ ਸਾਡੇ।
ਸਾਨੂੰ ਭੁੱਲਿਆ ਭਾਈਆ ਤੇ ਭੈਣ ਬੀਬੀ, ਦੀਵੇ ਹੋਣ ਪਏ ਵਿਰਸੇ ਦੇ ਗੁੱਲ ਸਾਡੇ।
ਮੂੰਹ ਵਿਚ ਦੰਦ ਨਾ ਹੱਥ ਡੰਗੋਰੀਆਂ ਨੇ, ਕਾਲੇ ਕੇਸ ਜਵਾਨਾਂ ਦੇ ਤੁੱਲ ਸਾਡੇ।
ਬੁੱਢੀ ਘੋੜੀ ਦੇ ‘ਲਾਲ ਲਗਾਮ’ ਪਾਉਣੀ, ਭਾਈ ਚਾਰੇ ’ਚ ਕਿੱਥੇ ਹੈ ਖੁੱਲ੍ਹ ਸਾਡੇ !
ਮਾਈ ਭਾਈ ਨੂੰ ‘ਡਾਈ’ ਦਾ ਸ਼ੌਕ ਚੜ੍ਹਿਆ, ਕਿਹਨੂੰ ਕਹਿਣ ‘ਮਾਂ-ਬਾਪੂ’ ਹੁਣ ਬੁੱਲ੍ਹ ਸਾਡੇ?

# ‘ਭਗਵਾਂ ਬ੍ਰਿਗੇਡ’ ਦਾ ਪੁੱਠਾ ਗੇੜਾ

ਸੱਤਾਨਸ਼ੀਨ ਹੁੰਦੇ ਸਾਰ ਹੀ ਮੋਦੀ ਹਕੂਮਤ ਵਲੋਂ ਕਾਰਪੋਰੇਟ ਸਰਮਾਏਦਾਰੀ ਦੀ ਖ਼ਿਦਮਤ ‘ਚ ਜੁੱਟ ਕੇ ਧੜਾ-ਧੜ ਅਜਿਹੇ ਫ਼ੈਸਲੇ ਕਰਨੇ ਸ਼ੁਰੂ ਕਰ ਦਿੱਤੇ ਗਏ ਜੋ ਸਿਰਫ਼ ਤੇ ਸਿਰਫ਼ ਕਾਰਪੋਰੇਟਾਂ ਦੇ ਹਿੱਤ ‘ਚ ਹਨ। ਇਸੇ ਸਿਲਸਿਲੇ ਵਿਚ ‘ਸਭ ਕਾ ਸਾਥ, ਸਭ ਕਾ ਵਿਕਾਸ‘ ਦਾ ਦਾਅਵੇਦਾਰ ਭਗਵਾਂ ਬ੍ਰਿਗੇਡ ਹੁਣ ਜ਼ਮੀਨ ਗ੍ਰਹਿਣ ਕਾਨੂੰਨ (ਜ਼ਮੀਨ ਪ੍ਰਾਪਤੀ-ਮੁੜ ਵਸੇਬੇ ਸਮੇਂ ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਐਕਟ-2013) ਵਿਚ 19 ਤਰਮੀਮਾਂ ਲਿਆ ਕੇ ਉਨ੍ਹਾਂ ਸੀਮਤ ਪੇਸ਼ਬੰਦੀਆਂ ਨੂੰ ਖ਼ਤਮ ਕਰਨ ਦੀ ਤਿਆਰੀ ਵਿਚ ਹੈ ਜੋ ਹਿੰਦੁਸਤਾਨ ਦੇ ਅਵਾਮ ਨੇ ਲੰਮੀ ਜਾਨ-ਹੂਲਵੀਂ ਲੜਾਈ ਜ਼ਰੀਏ ਲਾਗੂ ਕਰਵਾਈਆਂ ਸਨ। ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਯੂ.ਪੀ.ਏ. ਹਕੂਮਤ ਨੂੰ ਅਵਾਮੀ ਰਾਇ, ਖ਼ਾਸ ਕਰ ਕੇ ਕਿਸਾਨਾਂ ਅਤੇ ਆਦਿਵਾਸੀਆਂ ਦੇ ਤਿੱਖੇ ਵਿਰੋਧ ਕਾਰਨ ਅੰਗਰੇਜ਼ਾਂ ਦੇ ਜ਼ਮਾਨੇ ਦੇ ਕਾਨੂੰਨ (ਜ਼ਮੀਨ ਪ੍ਰਾਪਤੀ ਐਕਟ-1894) ਵਿਚ ਕੁਝ ਵੱਡੀਆਂ ਤਰਮੀਮਾਂ ਕਰ ਕੇ ਉਜਾੜੇ ਦਾ ਸ਼ਿਕਾਰ ਹੋਣ ਵਾਲੇ ਹਾਸ਼ੀਆਗ੍ਰਸਤ ਜ਼ਮੀਨ ਮਾਲਕਾਂ ਦੇ ਹਿੱਤ ‘ਚ ਕੁਝ ਕਾਨੂੰਨੀ ਉਪਾਅ ਕਰਨ ਲਈ ਮਜਬੂਰ ਹੋਣਾ ਪਿਆ ਸੀ। ਇਨ੍ਹਾਂ ਤਰਮੀਮਾਂ ਦੀ ਚਰਚਾ ਦੇ ਸਮੇਂ ਤੋਂ ਹੀ ਆਲਮੀ ਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਅਤੇ ਇਨ੍ਹਾਂ ਦੀ ਸਿਆਸੀ ਨੁਮਾਇੰਦਾ ਜਮਾਤ ਇਹ ਤਰਮੀਮਾਂ ਨਾ ਹੋਣ ਦੇਣ ਤੇ ਫਿਰ ਤਰਮੀਮਾਂ ਪਾਸ ਹੋਣ ‘ਤੇ ਇਨ੍ਹਾਂ ਨੂੰ ਬੇਅਸਰ ਬਣਾਉਣ ਦੀ ਸਿਰਤੋੜ ਕੋਸ਼ਿਸ਼ ਕਰਦੀ ਰਹੀ ਹੈ। ਅਜੇ ਜਨਵਰੀ 2014 ‘ਚ ਹੀ ਇਹ ਸੋਧਿਆ ਕਾਨੂੰਨ ਲਾਗੂ ਹੋਇਆ ਸੀ ਕਿ ਇਸ ਦੇ ਅਸਰ ਨੂੰ ਖਾਰਜ ਕਰਨ ਦੀ ਢੁੱਚਰ ਜ਼ੋਰ ਫੜ ਗਈ।

ਆਜ਼ਾਦੀ ਦੇ ਨਾਂ ਹੇਠ ਭਾਰਤ ਦੇ ਅਵਾਮ ਨਾਲ ਇਸ ਤੋਂ ਵੱਡਾ ਮਜ਼ਾਕ ਕੀ ਹੋ ਸਕਦਾ ਸੀ ਕਿ ਅੰਗਰੇਜ਼ ਬਸਤੀਵਾਦੀਆਂ ਦਾ ਬਣਾਇਆ ਜ਼ਮੀਨ ਪ੍ਰਾਪਤੀ ਕਾਨੂੰਨ ਅੰਗਰੇਜ਼ਾਂ ਦੇ ਹਿੰਦੁਸਤਾਨ ਛੱਡ ਜਾਣ ਤੋਂ ਸਾਢੇ ਛੇ ਦਹਾਕੇ ਬਾਦ ਵੀ ਹੁਕਮਰਾਨ ਜਮਾਤਾਂ ਦੇ ਹੱਥ ਵਿਚ ਆਪਣੇ ਹੀ ਨਾਗਰਿਕਾਂ ਦੇ ਉਜਾੜੇ ਦਾ ਮੁੱਖ ਸੰਦ ਬਣਿਆ ਰਿਹਾ। ਮੁਲਕ ਦੇ ਅਵਾਮ ਦੀ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਪਹਿਲਾਂ ਉਹ ਵਿਦੇਸ਼ੀ ਧਾੜਵੀਆਂ ਤੋਂ ਆਪਣੇ ਵਤਨ ਨੂੰ ਆਜ਼ਾਦ ਕਰਾਉਣ ਲਈ ਜੰਗੇ-ਆਜ਼ਾਦੀ ‘ਚ ਲਹੂ ਡੋਲ੍ਹਦੇ ਰਹੇ ਅਤੇ ਸੱਤਾ-ਬਦਲੀ ਤੋਂ ਪਿੱਛੋਂ ਉਨ੍ਹਾਂ ਨੂੰ ਬਸਤੀਵਾਦੀਆਂ ਦੇ ਬਣਾਏ ਕਾਨੂੰਨਾਂ ਨੂੰ ‘ਆਜ਼ਾਦ ਸੰਵਿਧਾਨ‘ ਵਿਚੋਂ ਖ਼ਤਮ ਕਰਾਉਣ ਲਈ ਉਸੇ ਤਰ੍ਹਾਂ ਦੀ ਲਹੂ ਡੋਲ੍ਹਵੀਂ ਲੜਾਈ ਲੜਨੀ ਪੈ ਰਹੀ ਹੈ। ਉੱਪਰੋਂ ਸਿਤਮਜ਼ਰੀਫ਼ੀ ਇਹ ਹੈ ਕਿ ਹੁਕਮਰਾਨ ਉਲਟਾ ਕਿਸੇ ਨਾ ਕਿਸੇ ਬਹਾਨੇ ਬਸਤੀਵਾਦੀ ਕਾਨੂੰਨਾਂ ਦੇ ਖ਼ੂੰਖ਼ਾਰ ਦੰਦੇ ਤਿੱਖੇ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ।

ਕੇਂਦਰੀ ਪੇਂਡੂ ਵਿਕਾਸ ਮੰਤਰਾਲਾ ਹੁਣ ਸੂਬਾਈ ਹਕੂਮਤਾਂ ਦੇ ਸੁਝਾਵਾਂ ਦੇ ਬਹਾਨੇ ਜ਼ਮੀਨ ਪ੍ਰਾਪਤੀ ਕਾਨੂੰਨ ਦੀਆਂ ਉਨ੍ਹਾਂ ਸੀਮਤ ਹਾਂਪੱਖੀ ਤਰਮੀਮਾਂ ਨੂੰ ਰੱਦ ਕਰਨ ਦੀ ਤਜਵੀਜ਼ ਲੈ ਕੇ ਆਇਆ ਹੈ ਜੋ ਪਿੱਛੇ ਜਿਹੇ ਹੀ ਪਾਸ ਕੀਤੀਆਂ ਸਨ। ਨਿਸ਼ਚੇ ਹੀ ਇਹ ਅਮਲ ਕਾਰਪੋਰੇਟ ਸਰਮਾਏਦਾਰੀ ਦੇ ਉਸ ਮੁੱਖ ਇਤਰਾਜ਼ ਨੂੰ ਮੁਖ਼ਾਤਿਬ ਹੈ ਕਿ ਕੇਂਦਰੀ ਤੇ ਸੂਬਾਈ ਹਕੂਮਤਾਂ ਦੀ ‘ਲੋਕ ਪਤਿਆਊ ਸਿਆਸਤ’ ਕਾਰਨ ‘ਵਿਕਾਸ ਪ੍ਰੋਜੈਕਟਾਂ’ ਲਈ ਜ਼ਮੀਨਾਂ ਖੋਹਣ ਦਾ ਅਮਲ ਬਹੁਤ ਸੁਸਤ ਚਲ ਰਿਹਾ ਹੈ ਅਤੇ ਇਸ ਕਾਰਨ ਪ੍ਰੋਜੈਕਟਾਂ ਦੇ ਟੀਚੇ ਪਿਛੜ ਰਹੇ ਹਨ। ਲਿਹਾਜ਼ਾ, ਮੋਦੀ ਹਕੂਮਤ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਪ੍ਰੋਜੈਕਟਾਂ ਲਈ ਲਾਜ਼ਮੀ ਸਹਿਮਤੀ ਦੀ ਸ਼ਰਤ ਹਟਾਉਣ, ਹੋਰ ਪ੍ਰੋਜੈਕਟਾਂ ਲਈ ਸਹਿਮਤੀ ਦੀ ਫ਼ੀਸਦੀ ਨੂੰ 50 ਫ਼ੀਸਦੀ ਤਕ ਘਟਾਉਣ, ਪ੍ਰੋਜੈਕਟਾਂ ਦੇ ਸਮਾਜ ਉਪਰ ਅਸਰਾਂ ਦਾ ਜਾਇਜ਼ਾ ਲੈਣ ਦੀ ਸ਼ਰਤ ਖ਼ਤਮ ਕਰਨ, ਹੰਗਾਮੀ ਮੱਦ ਦਾ ਵਿਸਤਾਰ ਗ਼ੈਰ-ਡਿਫੈਂਸ ਪ੍ਰੋਜੈਕਟਾਂ ਤਾਈਂ ਕਰਨ ਅਤੇ ਇਸੇ ਤਰ੍ਹਾਂ ਦੇ ਹੋਰ ‘ਸੁਝਾਵਾਂ’ ਨੂੰ ਅਮਲ ’ਚ ਲਿਆ ਕੇ ਜ਼ਮੀਨ ਪ੍ਰਾਪਤੀ ਕਾਨੂੰਨ ਦੇ ਹਾਂਪੱਖਾਂ ਨੂੰ ਖ਼ਤਮ ਕਰ ਕੇ ਪਹਿਲਾਂ ਵਾਲੀ ਖੁੱਲ੍ਹ-ਖੇਡ ਦੁਬਾਰਾ ਚਾਲੂ ਕਰਨ ਦੀ ਤਿਆਰੀ ’ਚ ਹੈ। ਸਰਕਾਰੀ ਲੇਖਾਕਾਰ ਕੈਗ (ਕੰਪਟੋਲਰ ਐਂਡ ਆਡੀਟਰ ਜਨਰਲ) ਦੀ ਰਿਪੋਰਟ ਦੇ ਹਵਾਲੇ ਨਾਲ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਮੋਦੀ ਹਕੂਮਤ ਅਜਿਹਾ ਕਰਨ ਲਈ ਤਹੂ ਕਿਉਂ ਹੈ।

ਹੁਕਮਰਾਨ ਚਾਹੇ ਬੇਗਾਨੇ ਸਨ ਜਾਂ ਸ਼ਹੀਦ ਭਗਤ ਸਿੰਘ ਦੇ ਲਫ਼ਜ਼ਾਂ ਵਿਚ ‘ਕਾਲੇ ਅੰਗਰੇਜ਼’; ਅੰਗਰੇਜ਼ਾਂ ਦੇ ਜ਼ਮਾਨੇ ਤੋਂ ਹੀ ਧਾੜਵੀ ਹਿੱਤਾਂ ਵਾਲੇ ਪ੍ਰੋਜੈਕਟਾਂ ਨੂੰ ‘ਜਨਤਕ ਮਨੋਰਥਾਂ ਵਾਲੇ ਵਿਕਾਸ ਪ੍ਰੋਜੈਕਟ’ ਐਲਾਨ ਕੇ ਜ਼ਮੀਨਾਂ ਹਥਿਆਉਣ ਦਾ ਸਿਲਸਿਲਾ ਚੱਲ ਰਿਹਾ ਹੈ। ਆਜ਼ਾਦ ਹਿੰਦੁਸਤਾਨ ਦੇ ਹੁਕਮਰਾਨ ਵੀ ਘਸੀਪਿਟੀ ਦਲੀਲ ਦਿੰਦੇ ਹਨ, ਕਿ ਕਿਉਂਕਿ ਇਨ੍ਹਾਂ ਕਾਰਪੋਰੇਟ ਪ੍ਰੋਜੈਕਟਾਂ ਨਾਲ ਰੋਜ਼ਗਾਰ ਪੈਦਾ ਹੋਵੇਗਾ ਅਤੇ ‘ਆਰਥਿਕ ਵਾਧੇ’ ਨੂੰ ਹੁਲਾਰਾ ਮਿਲੇਗਾ, ਲਿਹਾਜ਼ਾ ਪ੍ਰੋਜੈਕਟ ਚਾਹੇ ਕਾਰਪੋਰੇਟ ਸਰਮਾਏਦਾਰੀ ਦੇ ਹਨ ਪਰ ਇਨ੍ਹਾਂ ਦਾ ਮਨੋਰਥ ਜਨਤਕ ਹੀ ਹੈ। ਹਕੂਮਤੀ ਨੀਤੀ ਦੀ ਇਸੇ ਸਵੈ-ਵਿਰੋਧੀ ਦਲੀਲ ਦੇ ਮੱਦੇਨਜ਼ਰ ਮੁਲਕ ਦੀ ਸੁਪਰੀਮ ਕੋਰਟ ਨੇ ਸਲਵਾ ਜੂਡਮ ਬਾਰੇ

ਬੂਟਾ ਸਿੰਘ
ਫੋਨ: 91-94634-74342

ਪਟੀਸ਼ਨ ਦੀ ਸੁਣਵਾਈ ਕਰਦਿਆਂ 10 ਜੁਲਾਈ 2010 ’ਚ ਟਿੱਪਣੀ ਕੀਤੀ ਸੀ ਕਿ ਸਟੇਟ ਦੀ ਵਿਕਾਸ ਦੀ ਸਮਝ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਦੇ ਸਰੋਕਾਰਾਂ ਨਾਲ ਐਨੀ ਬੇਮੇਲ ਕਿਉਂ ਹੈ ਜਿਨ੍ਹਾਂ ਦੇ ਵਿਕਾਸ ਦਾ ਇਹ ਦਾਅਵਾ ਕਰਦੀ ਹੈ।

‘ਜਨਤਕ ਮਨੋਰਥ’ ਵਾਲੇ ਇਨ੍ਹਾਂ ਪ੍ਰੋਜੈਕਟਾਂ ਅਤੇ ਇਨ੍ਹਾਂ ਖ਼ਾਤਰ ਹਾਸ਼ੀਆਗ੍ਰਸਤ ਅਵਾਮ ਦੇ ਗੁਜ਼ਾਰੇ ਦੇ ਨਿਗੂਣੇ ਵਸੀਲੇ ਖੋਹ ਕੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਵਾਲੇ ਹੁਕਮਰਾਨਾਂ ਦਾ ਅਸਲ ਚਿਹਰਾ ਕੀ ਹੈ, ਇਸ ਬਾਬਤ ਕੈਗ ਦੀ ਰਿਪੋਰਟ ਅੱਖਾਂ ਖੋਲ੍ਹਣ ਵਾਲੀ ਹੈ। ਕੈਗ ਨੇ 2001 ਤੋਂ ਲੈ ਕੇ 2012 ਤਕ ਕਾਰਪੋਰੇਟ ਪ੍ਰੋਜੈਕਟਾਂ ਲਈ ਜ਼ਮੀਨਾਂ ਹਾਸਲ ਕੀਤੇ ਜਾਣ ਦੇ ਮਾਮਲਿਆਂ ਦਾ ਭਰਵਾਂ ਮੁਤਾਲਿਆ ਕੀਤਾ ਹੈ। ਉੜੀਸਾ ਉਨ੍ਹਾਂ ਸੂਬਿਆਂ ਵਿਚੋਂ ਸਿਰਕੱਢਵਾਂ ਹੈ ਜਿਥੇ ਕਾਰਪੋਰੇਟਾਂ ਨਾਲ ਜੰਗਲ ਤੇ ਜ਼ਮੀਨਾਂ ਹਥਿਆਉਣ ਦੇ ਸਭ ਤੋਂ ਵੱਧ ਇਕਰਾਰਨਾਮੇ ਹੁਕਮਰਾਨਾਂ ਵਲੋਂ ਕੀਤੇ ਗਏ, ਪਰ ਹੁਕਮਰਾਨ ‘ਕਾਰੋਬਾਰੀ ਹਿੱਤ’ ਦੇ ਨਾਂ ਹੇਠ ਇਨ੍ਹਾਂ ਇਕਰਾਰਨਾਮਿਆਂ ਦੀ ਤਫ਼ਸੀਲ ਉਨ੍ਹਾਂ ‘ਨਾਗਰਿਕਾਂ’ ਨੂੰ ਹੀ ਦੱਸਣ ਲਈ ਤਿਆਰ ਨਹੀਂ ਜਿਨ੍ਹਾਂ ਦੇ ਨਾਂ ’ਤੇ ਲੋਕਤੰਤਰ ਚਲਾਇਆ ਜਾ ਰਿਹਾ ਹੈ।

ਉਜਾੜੇ ਦਾ ਸ਼ਿਕਾਰ ਹੋਣ ਵਾਲੇ ਆਦਿਵਾਸੀਆਂ ਦੇ ਭਾਰੀ ਵਿਰੋਧ ਦੇ ਬਾਵਜੂਦ ਹਥਿਆਰਬੰਦ ਮਸ਼ੀਨਰੀ ਦੇ ਜ਼ੋਰ ਇਨ੍ਹਾਂ ਪ੍ਰੋਜੈਕਟਾਂ ਲਈ ਜ਼ਮੀਨਾਂ ਖੋਹੀਆਂ ਗਈਆਂ। ਇਕਰਾਰਨਾਮਿਆਂ ਨੂੰ ਅਮਲ ਵਿਚ ਲਿਆਉਣ ਲਈ ‘ਸਿੰਗਲ ਵਿੰਡੋ ਕਲੀਅਰੈਂਸ ਸਿਸਟਮ’ ਸ਼ੁਰੂ ਕੀਤਾ ਗਿਆ। ਮੁੱਖ ਮੰਤਰੀ ਦੀ ਸਿੱਧੀ ਅਗਵਾਈ ’ਚ ਕਮੇਟੀ ਬਣਾ ਕੇ 1000 ਕਰੋੜ ਤੋਂ ਉਪਰ ਪੂੰਜੀ-ਨਿਵੇਸ਼ ਵਾਲੇ ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਪਰ ਹਾਸ਼ੀਆਗ੍ਰਸਤ ਅਵਾਮ ਲਈ ਇਹ ਜ਼ਿੰਦਗੀ ਮੌਤ ਦਾ ਸਵਾਲ ਹੋਣ ਕਾਰਨ ਉਹ ਪ੍ਰੋਜੈਕਟਾਂ ਲਈ ਜ਼ਮੀਨ ਦੇਣ ਲਈ ਸਹਿਮਤ ਨਹੀਂ ਹੋਏ। ਫਿਰ ਵੀ ਹਕੂਮਤ ਜ਼ਮੀਨ ਹਥਿਆਉਣ ਲਈ ਬਜ਼ਿੱਦ ਸੀ। ਇਸ ਨੇ ਬਸਤੀਵਾਦੀ ਕਾਨੂੰਨ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਵੀ ਪ੍ਰਵਾਹ ਨਹੀਂ ਕੀਤੀ।

ਸਰਕਾਰੀ ਜ਼ਮੀਨ ਵਰਤਣ ਦੀ ਥਾਂ ਨਿੱਜੀ ਜ਼ਮੀਨਾਂ ਖੋਹ ਕੇ ਪੌਸਕੋ, ਵੇਦਾਂਤ ਐਲਮਿਨੀਅਮ ਵਰਗੀਆਂ ਕਾਰਪੋਰੇਸ਼ਨਾਂ ਦੇ ਹਵਾਲੇ ਕਰਨ ਉਪਰ ਜ਼ੋਰ ਤੋਂ ਹੁਕਮਰਾਨਾਂ ਦੀ ਬਦਨੀਅਤ ਸਾਫ਼ ਜ਼ਾਹਿਰ ਹੈ। ‘ਜ਼ਮੀਨ ਬੈਂਕ’ ਬਣਾਉਣ ਦੇ ਉਦੇਸ਼ ਨਾਲ ਮਾਲ ਮਹਿਕਮੇ ਨੇ 2010-14 ਦੌਰਾਨ ਉੜੀਸਾ ਵਿਚ 4.34 ਲੱਖ ਏਕੜ ਸਰਕਾਰੀ ਜ਼ਮੀਨ ਦੀ ਸ਼ਨਾਖ਼ਤ ਕੀਤੀ, ਪਰ ਹਕੂਮਤ ਨੇ ਇਸ ਦਾ ਮਹਿਜ਼ 0.04 ਫ਼ੀਸਦੀ ਹੀ ਸਨਅਤੀ ਵਿਕਾਸ ਕਾਰਪੋਰੇਸ਼ਨ ਨੂੰ ਸਨਅਤੀ ਮਨੋਰਥਾਂ ਲਈ ਦਿੱਤਾ। 2001-12 ਦੌਰਾਨ ਸੂਬਾ ਸਰਕਾਰ ਵਲੋਂ ਇਕਰਾਰਨਾਮਿਆਂ ਵਾਲੇ 52 ਪ੍ਰੋਜੈਕਟਾਂ ਅਤੇ ਇਕਰਾਰਨਾਮਿਆਂ ਤੋਂ ਬਿਨਾ 54 ਪ੍ਰੋਜੈਕਟਾਂ ਲਈ ਕ੍ਰਮਵਾਰ 20,796 ਏਕੜ ਤੇ 8074 ਏਕੜ ਨਿੱਜੀ ਜ਼ਮੀਨ ਹਾਸਲ ਕੀਤੀ ਗਈ।

***ਬਸਤੀਵਾਦੀ ਕਾਨੂੰਨ ‘ਚ 2013 ਦੀਆਂ ਤਰਮੀਮਾਂ ਤਹਿਤ ਹੁਕਮਰਾਨਾਂ ਦੀਆਂ ਇਨ੍ਹਾਂ ਮਨਮਾਨੀਆਂ ਉਪਰ ਕੁਝ ਪ੍ਰਭਾਵਸ਼ਾਲੀ ਰੋਕ ਲੱਗੀ ਸੀ ਅਤੇ ਹਕੂਮਤ ਦੀ ਜਵਾਬਦੇਹੀ ਨਿਸ਼ਚਿਤ ਹੋਈ ਸੀ। ਇਨ੍ਹਾਂ ਦੇ ਲਾਗੂ ਹੋਣ ਦੀ ਸੂਰਤ ‘ਚ ਉੜੀਸਾ ਤਰਜ਼ ਦੀ ਖੁੱਲ੍ਹ-ਖੇਡ ਐਨੀ ਸੁਖਾਲੀ ਨਹੀਂ ਸੀ। ਲਿਹਾਜ਼ਾ ਕਾਰਪੋਰੇਟ ਸਰਮਾਏਦਾਰ ਚਾਹੁੰਦੇ ਸਨ ਕਿ ਛੇਤੀ-ਛੇਤੀ ਇਹ ਸੀਮਤ ਬੰਦਸ਼ਾਂ ਖ਼ਤਮ ਹੋਣ ਤੇ ਪਹਿਲਾਂ ਵਾਲੇ ‘ਅੱਛੇ ਦਿਨ’ ਆ ਜਾਣ। ਤੇ ਮੋਦੀ ਨੂੰ ਉਹ ‘ਅੱਛੇ ਦਿਨ’ ਵਾਪਸ ਲਿਆਉਣ ਲਈ ਹੀ ਲਿਆਂਦਾ ਗਿਆ ਹੈ। ਹਾਸ਼ੀਆਗ੍ਰਸਤ ਅਵਾਮ ਲਈ ਹੁਣ ਇਸ ਕਾਰਪੋਰੇਟ ਹਮਲੇ ਦੇ ਖ਼ਿਲਾਫ਼ ਲੜਾਈ ਲੜਨ ਦੀ ਵੰਗਾਰ ਨਵੇਂ ਸਿਰਿਓਂ ਆਣ ਖੜ੍ਹੀ ਹੈ।***

ਇਸ ਵਿਚੋਂ ਲਗਭਗ 14297 ਏਕੜ ਜ਼ਮੀਨ ‘ਜਨਤਕ ਮਨੋਰਥ’ ਲਈ 33 ਕੰਪਨੀਆਂ ਦੇ ਹਵਾਲੇ ਕੀਤੀ ਗਈ। ਕੈਗ ਦੀ ਰਿਪੋਰਟ ਅਨੁਸਾਰ ਇਹ ਜ਼ਮੀਨ ਪ੍ਰਾਪਤੀ ਕਾਨੂੰਨ ਦੀ ਘੋਰ ਉਲੰਘਣਾ ਸੀ, ਕਿਉਂਕਿ ਇਹ ਜ਼ਮੀਨ ਸਿਰਫ਼ ਉਸ ਕਾਨੂੰਨ ਦੇ ਭਾਗ-7 ਤਹਿਤ ਹੀ ਹਾਸਲ ਕੀਤੀ ਜਾ ਸਕਦੀ ਸੀ ਜਿਸ ਨੂੰ 1984 ਵਿਚ ਕਾਨੂੰਨ ’ਚ ਸ਼ਾਮਲ ਕੀਤਾ ਗਿਆ ਸੀ। ਇਸ ਦੇ ਅਨੁਸਾਰ ਹਕੂਮਤ ਸਿਰਫ਼ ਇਨ੍ਹਾਂ ਸ਼ਰਤਾਂ ਤਹਿਤ ਹੀ ਜ਼ਮੀਨ ਹਾਸਲ ਕਰ ਸਕਦੀ ਹੈ: 1) ਜੇ ਕੰਪਨੀਆਂ ਕਿਸਾਨਾਂ ਤੋਂ ਸਿੱਧੇ ਤੌਰ ’ਤੇ ਜ਼ਮੀਨ ਖ਼ਰੀਦਣ ’ਚ ਨਾਕਾਮਯਾਬ ਰਹਿਣ, 2) ਉਹ ਇਹ ਲਿਖਤੀ ਇਕਰਾਰਨਾਮਾ ਕਰਨ ਕਿ ਸਰਕਾਰੀ ਮਨਜ਼ੂਰੀ ਤੋਂ ਬਿਨਾਂ ਕਿਸੇ ਹੋਰ ਮਕਸਦ ਲਈ ਜ਼ਮੀਨ ਦਾ ਇਸਤੇਮਾਲ ਨਹੀਂ ਕੀਤਾ ਜਾਵੇਗਾ, 3) ਜ਼ਮੀਨ ਦੀ ਦੁਰਵਰਤੋਂ, ਇਸ ਨੂੰ ਵਰਤੋਂ ’ਚ ਹੀ ਨਾ ਲਿਆਉਣ ਜਾਂ ਅੰਸ਼ਕ ਤੌਰ ’ਤੇ ਲਿਆਉਣ ’ਤੇ ਹਕੂਮਤ ਜ਼ਮੀਨ ਵਾਪਸ ਲਵੇਗੀ, ਅਤੇ 4) ਪ੍ਰੋਜੈਕਟ ਲਈ ਢੁਕਵੀਂ ਗ਼ੈਰਖੇਤੀ ਜ਼ਮੀਨ ਨਾ ਮਿਲਣ ’ਤੇ ਖੇਤੀ ਵਾਲੀ ਜ਼ਮੀਨ ਲੈਣ ਲਈ ਪਹਿਲਾਂ ਖੇਤੀਬਾੜੀ ਅਫ਼ਸਰ ਦੀ ਰਾਇ ਲੈਣੀ ਜ਼ਰੂਰੀ ਹੈ; ਪਰ ਹਕੂਮਤ ਨੇ ਨਾ ਸਿਰਫ਼ ਜ਼ਮੀਨ ਹਾਸਲ ਕਰਨ ਲਈ ਕਾਨੂੰਨ ਦੀ ਗ਼ਲਤ ਮੱਦ ਇਸਤੇਮਾਲ ਕੀਤੀ, ਸਗੋਂ ਅਹਿਮ ਸੁਰੱਖਿਆ-ਸ਼ਰਤਾਂ ਦੀ ਵੀ ਪ੍ਰਵਾਹ ਨਹੀਂ ਕੀਤੀ।

ਜ਼ਮੀਨ ਦੀ ਚੋਣ ਹਕੂਮਤ ਦੀ ਬਜਾਏ ਕੰਪਨੀਆਂ ਵਲੋਂ ਕਰਨਾ ਸਿੱਧਾ ਗ਼ੈਰਕਾਨੂੰਨੀ ਹੈ। ਕਾਰਪੋਰੇਟਾਂ-ਸਰਕਾਰ ਦਰਮਿਆਨ 89 ਇਕਰਾਰਨਾਮਿਆਂ ਵਿਚੋਂ 71 ਕੰਪਨੀਆਂ ਵਲੋਂ ਚੁਣੀ ਜ਼ਮੀਨ ਉਪਰ ਹਕੂਮਤ ਨੇ ਮਹਿਜ਼ ਮੋਹਰ ਲਾਉਣ ਦੀ ਭੂਮਿਕਾ ਨਿਭਾਈ। ਇਹ 91 ਫ਼ੀਸਦੀ ਜ਼ਮੀਨ ਖੇਤੀਬਾੜੀ ਵਾਲੀ ਸੀ ਪਰ ‘ਸਿੰਗਲ ਵਿੰਡੋ’ ਹਕੂਮਤ ਨੇ ਇਸ ਬਾਬਤ ਮਾਲ ਮਹਿਕਮੇ ਅਤੇ ਜ਼ਿਲ੍ਹਾ ਖੇਤੀਬਾੜੀ ਅਫ਼ਸਰ ਦੀ ਰਾਇ ਵੀ ਨਹੀਂ ਲਈ। ਇਸੇ ਤਰ੍ਹਾਂ 2001 ਏਕੜ ਸਿੰਜਾਈ ਪ੍ਰੋਜੈਕਟਾਂ ਤਹਿਤ ਲਿਆਂਦੀ ਦੋ-ਫ਼ਸਲੀ ਜ਼ਮੀਨ ਹਾਸਲ ਕੀਤੀ ਗਈ। ਇਕ ਮਾਮਲੇ ’ਚ ਚੀਫ਼ ਇੰਜੀਨੀਅਰ ਦੀ ਰਾਇ ਵੀ ਨਹੀਂ ਸੁਣੀ ਗਈ। 86 ਮਾਮਲਿਆਂ ਵਿਚ ਹਕੂਮਤ ਨੇ ਪੜਤਾਲ ਕਰਨ ਦੀ ਲੋੜ ਹੀ ਨਹੀਂ ਸਮਝੀ ਕਿ ਇਨ੍ਹਾਂ ਪ੍ਰੋਜੈਕਟਾਂ ਲਈ ਕੰਪਨੀਆਂ ਨੇ ਪਹਿਲਾਂ ਹੀ ਸਿੱਧੇ ਤੌਰ ’ਤੇ ਜ਼ਮੀਨ ਖ਼ਰੀਦੀ ਹੈ ਜਾਂ ਨਹੀਂ। ਸੱਤ ਸਨਅਤਾਂ ਨੇ 1324 ਏਕੜ ਜ਼ਮੀਨ ਸਿੱਧੇ ਤੌਰ ’ਤੇ ਪਹਿਲਾਂ ਹੀ ਖ਼ਰੀਦੀ ਹੋਈ ਸੀ। ਲਿਹਾਜ਼ਾ ਇਨ੍ਹਾਂ ਨੇ ਹਕੂਮਤ ਦੀ ਮਿਲੀਭੁਗਤ ਨਾਲ ਪ੍ਰੋਜੈਕਟਾਂ ਦੀ ਲੋੜ ਤੋਂ ਵੱਧ ਜ਼ਮੀਨ ਹਾਸਲ ਕੀਤੀ।

ਐਕਟ ਦੇ ਸੈਕਸ਼ਨ 5 ਤਹਿਤ ਸਬੰਧਤ ਜ਼ਮੀਨ ਨਾਲ ਜੁੜੇ ਲੋਕਾਂ ਨੂੰ ਨਿੱਜੀ ਅਤੇ ਜਨਤਕ ਨੋਟਿਸ ਦੇ ਕੇ ਲਾਜ਼ਮੀ ਸੂਚਿਤ ਕਰਨਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਇਤਰਾਜ਼ ਪੇਸ਼ ਕਰਨ ਦਾ ਮੌਕਾ ਦੇਣਾ ਹੁੰਦਾ ਹੈ ਪਰ 30 ਸਨਅਤਾਂ ਲਈ 9926 ਏਕੜ ਜ਼ਮੀਨ ਹਾਸਲ ਕਰਦੇ ਵਕਤ ਸਬੰਧਤ ਲੋਕਾਂ ਨੂੰ ਇਹ ਮੌਕਾ ਦਿੱਤਾ ਹੀ ਨਹੀਂ ਗਿਆ। ਉਨ੍ਹਾਂ ਦੇ ਉਠਾਏ ਇਤਰਾਜ਼ ਵੀ ਸੁਣੇ ਨਹੀਂ ਗਏ। ਇਸ ਤੋਂ ਇਲਾਵਾ 2008 ‘ਚ ਦੋ ਸਨਅਤੀ ਪ੍ਰੋਜੈਕਟਾਂ ਲਈ ਹਾਸਲ ਕੀਤੀ 1241 ਏਕੜ ਜ਼ਮੀਨ ਮਾਰਚ 2013 ਤਾਈਂ ਅਣਵਰਤੀ ਪਈ ਰਹੀ।

ਬਸਤੀਵਾਦੀ ਕਾਨੂੰਨ ‘ਚ 2013 ਦੀਆਂ ਤਰਮੀਮਾਂ ਤਹਿਤ ਹੁਕਮਰਾਨਾਂ ਦੀਆਂ ਇਨ੍ਹਾਂ ਮਨਮਾਨੀਆਂ ਉਪਰ ਕੁਝ ਪ੍ਰਭਾਵਸ਼ਾਲੀ ਰੋਕ ਲੱਗੀ ਸੀ ਅਤੇ ਹਕੂਮਤ ਦੀ ਜਵਾਬਦੇਹੀ ਨਿਸ਼ਚਿਤ ਹੋਈ ਸੀ। ਇਨ੍ਹਾਂ ਦੇ ਲਾਗੂ ਹੋਣ ਦੀ ਸੂਰਤ ‘ਚ ਉੜੀਸਾ ਤਰਜ਼ ਦੀ ਖੁੱਲ੍ਹ-ਖੇਡ ਐਨੀ ਸੁਖਾਲੀ ਨਹੀਂ ਸੀ। ਲਿਹਾਜ਼ਾ ਕਾਰਪੋਰੇਟ ਸਰਮਾਏਦਾਰ ਚਾਹੁੰਦੇ ਸਨ ਕਿ ਛੇਤੀ-ਛੇਤੀ ਇਹ ਸੀਮਤ ਬੰਦਸ਼ਾਂ ਖ਼ਤਮ ਹੋਣ ਤੇ ਪਹਿਲਾਂ ਵਾਲੇ ‘ਅੱਛੇ ਦਿਨ’ ਆ ਜਾਣ। ਤੇ ਮੋਦੀ ਨੂੰ ਉਹ ‘ਅੱਛੇ ਦਿਨ’ ਵਾਪਸ ਲਿਆਉਣ ਲਈ ਹੀ ਲਿਆਂਦਾ ਗਿਆ ਹੈ। ਹਾਸ਼ੀਆਗ੍ਰਸਤ ਅਵਾਮ ਲਈ ਹੁਣ ਇਸ ਕਾਰਪੋਰੇਟ ਹਮਲੇ ਦੇ ਖ਼ਿਲਾਫ਼ ਲੜਾਈ ਲੜਨ ਦੀ ਵੰਗਾਰ ਨਵੇਂ ਸਿਰਿਓਂ ਆਣ ਖੜ੍ਹੀ ਹੈ।

# ਗਾਜ਼ਾ ਉਪਰ ਕਹਿਰ ਦੀ ਕਹਾਣੀ ਇਕ ਡਾਕਟਰ ਦੀ ਜ਼ੁਬਾਨੀ...

*ਨਾਰਵੇ ਤੋਂ ਡਾ. ਮਾਡਸ ਗਿਲਬਰਟ ਉਤਰੀ ਨਾਰਵੇ ਦੇ ਯੂਨੀਵਰਸਿਟੀ ਹਸਪਤਾਲ ਵਿਖੇ ਐਮਰਜੈਂਸੀ ਮੈਡੀਸਿਨ ਕਲੀਨਿਕ ਦਾ ਪ੍ਰੋਫੈਸਰ ਤੇ ਮੁਖੀ ਹੈ। ਇਸ ਵਕਤ ਉਹ ਗਾਜ਼ਾ ਵਿਚ ਵਾਲੰਟੀਅਰ ਵਜੋਂ ਸੇਵਾ ਨਿਭਾਅ ਰਿਹਾ ਹੈ। 1970ਵਿਆਂ ਤੋਂ ਹੀ ਉਹ ਫ਼ਲਸਤੀਨੀ ਕਾਜ ਨਾਲ ਇਕਮੁੱਠਤਾ ਵਾਲੀਆਂ ਕਾਰਵਾਈਆਂ ਵਿਚ ਸਰਗਰਮੀ ਨਾਲ ਜੁਟਿਆ ਹੋਇਆ ਹੈ। ਉਸ ਨੇ ਡਾ. ਐਰਿਕ ਫੌਸ ਨਾਲ ਮਿਲ ਕੇ ਗਾਜ਼ਾ ਦੀ ਦਰਦ ਕਹਾਣੀ ਬਿਆਨ ਕਰਦੀ 'ਆਈਜ਼ ਇਨ ਗਾਜ਼ਾ' ਨਾਂ ਦੀ ਮਸ਼ਹੂਰ ਕਿਤਾਬ ਵੀ ਲਿਖੀ ਹੈ। ਇਸ ਸੰਖੇਪ ਟਿੱਪਣੀ ਵਿਚ ਉਸ ਨੇ ਗਾਜ਼ਾ ਉਪਰ ਅਮਰੀਕਾ ਦੀ ਸ਼ਹਿ 'ਤੇ ਤਾਜ਼ਾ ਇਸਰਾਇਲੀ ਹਮਲਿਆਂ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਵਿਥਿਆ ਬਾਰੇ ਆਪਣੇ ਜਜ਼ਬਾਤ ਬਿਆਨ ਕੀਤੇ ਹਨ ਜਿਸ ਤੋਂ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਆਪਣੇ ਯੁੱਧਨੀਤਕ ਨਿਸ਼ਾਨਿਆਂ ਅਤੇ ਸੌੜੇ ਸਵਾਰਥਾਂ ਦੀ ਖ਼ਾਤਰ ਅਮਰੀਕਾ ਦੀ ਪੁਸ਼ਤ-ਪਨਾਹੀ ਵਾਲਾ ਇਸਰਾਈਲ ਕਿਵੇਂ ਫ਼ਲਸਤੀਨ ਦੇ ਨਿਹੱਥੇ, ਬੇਕਸੂਰ ਸ਼ਹਿਰੀਆਂ ਦੀ ਕਤਲੋਗ਼ਾਰਤ ਕਰ ਰਿਹਾ ਹੈ। ਇਸਰਾਈਲ ਦੇ ਹਮਲਿਆਂ 'ਚ ਹੁਣ ਤਕ 600 ਤੋਂ ਵੱਧ ਫ਼ਲਸਤੀਨੀ ਮਾਰੇ ਜਾ ਚੁੱਕੇ ਹਨ। ਇੱਥੋਂ ਤਾਈਂ ਕਿ ਹਸਪਤਾਲਾਂ ਉਪਰ ਵੀ ਗਿਣ-ਮਿਥ ਕੇ ਹਮਲੇ ਕੀਤੇ ਜਾ ਰਹੇ ਹਨ ਪਰ 'ਦਹਿਸ਼ਤਵਾਦ ਖ਼ਿਲਾਫ਼ ਆਲਮੀ ਜੰਗ' ਕੂਕਣ ਵਾਲਾ ਅਮਰੀਕਾ ਆਪਣੇ ਯੁੱਧਨੀਤਕ ਜੋਟੀਦਾਰ ਇਸਰਾਈਲ ਦੇ ਐਲਾਨੀਆ ਦਹਿਸ਼ਤਗਰਦ ਹਮਲਿਆਂ ਨੂੰ ਮੂਕ ਤਮਾਸ਼ਬੀਨ ਬਣ ਕੇ ਦੇਖ ਰਿਹਾ ਹੈ। ਇਸ ਲੇਖ ਦਾ ਅਨੁਵਾਦ ਤੇ ਪੇਸ਼ਕਸ਼ ਸਾਡੇ ਕਾਲਮਨਵੀਸ ਬੂਟਾ ਸਿੰਘ ਦੀ ਹੈ।-ਸੰਪਾਦਕ*



*ਫੱਟੜ ਬੱਚੇ ਨੂੰ ਦਿਲਾਸਾ ਦੇ ਰਹੇ ਡਾਕਟਰ ਮਾਡਸ ਗਿਲਬਰਟ।*

ਲੰਘੀ ਰਾਤ ਕਹਿਰ ਭਰੀ ਸੀ। ਗਾਜ਼ਾ ਉਪਰ 'ਜ਼ਮੀਨੀ ਹਮਲੇ' ਦਾ ਸ਼ਿਕਾਰ ਹੋਏ ਲੋਕਾਂ ਨਾਲ ਭਰੀਆਂ ਗੱਡੀਆਂ ਧੜਾਧੜ ਆ ਰਹੀਆਂ ਸਨ। ਹਮਲੇ ਵਿਚ ਅਪਾਹਜ ਹੋਏ, ਚੀਥੜੇ ਬਣੇ, ਲਹੂ ਨਾਲ ਲੱਥ-ਪੱਥ, ਕੰਬ ਰਹੇ, ਦਮ ਤੋੜ ਰਹੇ, ਹਰ ਉਮਰ ਦੇ ਫ਼ਲਸਤੀਨੀ। ਸਾਰੇ ਹੀ ਆਮ ਸ਼ਹਿਰੀ, ਸਾਰੇ ਹੀ ਬੇਕਸੂਰ।


ਗਾਜ਼ਾ ਦੀਆਂ ਸਾਰੀਆਂ ਹੀ ਐਂਬੂਲੈਂਸਾਂ ਅਤੇ ਸਾਰੇ ਹਸਪਤਾਲਾਂ ਦਾ ਸਟਾਫ਼ ਬਾਰਾਂ-ਬਾਰਾਂ, ਚੌਵੀ-ਚੌਵੀ ਘੰਟੇ ਦੀਆਂ ਸ਼ਿਫ਼ਟਾਂ 'ਚ ਲਗਾਤਾਰ ਡਿਊਟੀ ਦੇ ਰਹੇ ਹਨ, ਥਕੇਵੇਂ ਤੇ ਕੰਮ ਦੇ ਅਣਮਨੁੱਖੀ ਬੋਝ ਨਾਲ ਧੁਆਂਖੇ ਇਹ ਨਾਇਕ ਫਿਰ ਵੀ ਬੇਪ੍ਰਵਾਹ ਹੋ ਕੇ ਜ਼ਖ਼ਮੀਆਂ ਦੀ ਸੰਭਾਲ ਵਿਚ ਜੁਟੇ ਹੋਏ ਹਨ। ਅਲ-ਸ਼ਿਫਾ ਹਸਪਤਾਲ ਵਿਚ ਪਿਛਲੇ ਚਾਰ ਮਹੀਨਿਆਂ ਤੋਂ ਬਿਨਾਂ ਤਨਖ਼ਾਹ ਕੰਮ ਵਿਚ ਮਸਰੂਫ਼ ਇਹ ਨਾਇਕ ਹਮਲੇ ਦਾ ਸ਼ਿਕਾਰ ਹੋਏ ਜਿਸਮਾਂ ਦੇ ਇਲਾਜ ਤੇ ਵੱਢ-ਟੁੱਕ 'ਚ ਲੱਗੇ ਹੋਏ ਹਨ। ਉਹ ਜ਼ਖ਼ਮੀਆਂ ਦੇ ਜਿਸਮਾਂ ਦੇ ਅੰਗਾਂ ਨੂੰ ਪੁੱਜੇ ਨੁਕਸਾਨ ਦੀ ਥਾਹ ਪਾਉਣ ਦੀ ਵਾਹ ਲਾ ਰਹੇ ਹਨ। ਕੁਝ ਜਿਸਮ ਚਲ ਸਕਦੇ ਹਨ, ਕੁਝ ਚੱਲਣ ਤੋਂ ਹੀ ਆਰੀ ਹਨ। ਕੁਝ ਸਾਹ ਲੈ ਰਹੇ ਹਨ, ਕੁਝ ਦੇ ਸਾਹ ਬੰਦ ਹਨ। ਕਿਸੇ ਦੇ ਲਹੂ ਵਗ ਰਿਹਾ ਹੈ, ਕਿਸੇ ਦੇ ਲਹੂ ਵਗ ਕੇ ਸੁੱਕ ਚੁੱਕਾ ਹੈ। ਇਨਸਾਨ ਭਲਾ ਇਸ ਤਰ੍ਹਾਂ ਦੇ ਹੁੰਦੇ ਹਨ!

ਅੱਜ, ਫਿਰ 'ਦੁਨੀਆਂ ਦੀ ਸਭ ਤੋਂ ਨੈਤਿਕ ਫ਼ੌਜ' ਨੂੰ ਇਨ੍ਹਾਂ ਦਾ ਜਾਨਵਰਾਂ ਵਾਂਗ ਇਲਾਜ ਕਰਨਾ ਪੈ ਰਿਹਾ ਹੈ।

ਐਨੇ ਦਰਦ, ਸੰਤਾਪ ਅਤੇ ਸਦਮੇ ਦੀ



*ਇਕ ਫੱਟੜ ਫਲਸਤੀਨੀ ਬੱਚਾ ਸ਼ਿਫਾ ਹਸਪਤਾਲ ਵਿਚ।*



*ਡਾਕਟਰ ਮਾਡਸ ਗਿਲਬਰਟ*

ਹਾਲਤ ਵਿਚ ਵੀ ਸਿਦਕਦਿਲੀ ਦਿਖਾਉਣ ਵਾਲੇ ਇਨ੍ਹਾਂ ਜ਼ਖ਼ਮੀਆਂ ਲਈ ਮੇਰੇ ਮਨ ਵਿਚ ਬੇਥਾਹ ਸਤਿਕਾਰ ਹੈ। ਸਟਾਫ਼ ਤੇ ਵਾਲੰਟੀਅਰਾਂ ਦੀ ਤਾਰੀਫ਼ ਲਈ ਮੇਰੇ ਕੋਲ ਲਫ਼ਜ਼ ਨਹੀਂ ਹਨ। ਫ਼ਲਸਤੀਨੀਆਂ ਦੇ ਸਿਰੜ ਨਾਲ ਨੇੜਲਾ ਵਾਹ ਮੈਨੂੰ ਤਾਕਤ ਦਿੰਦਾ ਹੈ, ਹਾਲਾਂਕਿ ਮੰਜਰ ਦੇਖਦੇ ਸਾਰ ਮੇਰਾ ਧਾਹਾਂ ਮਾਰਨ, ਕਿਸੇ ਨੂੰ ਘੁੱਟ ਕੇ ਹਿੱਕ ਨਾਲ ਲਾਉਣ, ਉੱਚੀ-ਉੱਚੀ ਚੀਕਣ, ਬੱਚੇ ਦੀ ਲਹੂ ਭਿੱਜੀ ਚਮੜੀ ਤੇ ਵਾਲਾਂ ਨੂੰ ਸੁੰਘਣ, ਸਭ ਨੂੰ ਅਨੰਤ ਜੱਫੀ ਵਿਚ ਲੈ ਕੇ ਬਚਾਅ ਲੈਣ ਨੂੰ ਜੀਅ ਕਰਦਾ ਹੈ; ਪਰ ਅਸੀਂ ਇੰਵ ਕਰ ਨਹੀਂ ਸਕਦੇ, ਨਾ ਹੀ ਉਹ ਇੰਵ ਕਰ ਸਕਦੇ ਹਨ।

ਫਿਰ ਧੁਆਂਖੇ ਹੋਏ ਚਿਹਰਿਆਂ 'ਤੇ ਨਜ਼ਰ ਦੁੜਾਉਂਦਾ ਹਾਂ- ਨਾ ਨਾ! ਹੁਣੇ ਲੂਲੇ-ਲੰਗੜੇ ਕੀਤੇ ਖ਼ੂਨ ਨਾਲ ਲੱਥ-ਪੱਥ ਦਰਜਨਾਂ ਹੋਰ ਫ਼ਲਸਤੀਨੀਆਂ ਦੀ ਭਰੀ ਗੱਡੀ ਨਾ ਆ ਜਾਵੇ, ਅਜੇ ਤਾਂ ਸਾਡੇ ਐਮਰਜੈਂਸੀ ਰੂਮ ਦੇ ਫਰਸ਼ ਉਪਰ ਲਹੂ ਦੀ ਚਰਗਲ ਹੈ, ਅਜੇ ਤਾਂ ਅਸੀਂ ਲਹੂ ਲਿੱਬੜੀਆਂ ਪੱਟੀਆਂ ਦੇ ਢੇਰ ਸਾਫ਼ ਕਰਨੇ ਨੇ ਜਿਨ੍ਹਾਂ ਵਿਚੋਂ ਲਹੂ ਚੋਅ ਰਿਹਾ ਹੈ। ਹਰ ਥਾਂ ਸਫ਼ਾਈ ਸੇਵਕ ਖ਼ੂਨ ਦੀ ਚਰਗਲ ਤੇ ਮਾਸ ਦੇ ਲੋਥੜਿਆਂ, ਵਾਲਾਂ, ਕੱਪੜਿਆਂ, ਨਾਲੀਆਂ; ਭਾਵ ਮੌਤ ਦੀ ਰਹਿੰਦ-ਖੂੰਹਦ ਹੂੰਝਣ ਵਿਚ ਜੁਟੇ ਹੋਏ ਹਨ। ਉਨ੍ਹਾਂ ਨੂੰ ਇਹ ਵਾਰ-ਵਾਰ ਦੁਹਰਾਉਣਾ ਪੈ ਰਿਹਾ ਹੈ। ਪਿਛਲੇ ਚੌਵੀ ਘੰਟਿਆਂ ਵਿਚ ਸੌ ਤੋਂ ਉਪਰ ਕੇਸ ਅਲ-ਸ਼ਿਫਾ ਹਸਪਤਾਲ ਲਿਆਂਦੇ ਗਏ ਹਨ। ਹਰ ਤਰ੍ਹਾਂ ਦੀ ਸਹੂਲਤ ਵਾਲੇ ਵਧੀਆ ਸਿਖਲਾਈਯਾਫ਼ਤਾ ਵੱਡੇ ਹਸਪਤਾਲ ਲਈ ਇਹ ਤਾਦਾਦ ਚੋਖੀ ਹੈ, ਪਰ ਇਥੇ ਹਸਪਤਾਲ 'ਚ ਤਾਂ ਕੁਝ ਵੀ ਨਹੀਂ- ਨਾ ਬਿਜਲੀ, ਨਾ ਪਾਣੀ, ਨਾ ਡਿਸਪੋਜ਼ੇਬਲ ਸਮਾਨ, ਨਾ ਦਵਾਈਆਂ। ਓਪਰੇਸ਼ਨ ਥਿਏਟਰ ਦੇ ਮੇਜ਼, ਔਜਾਰ, ਮਾਨੀਟਰ ਸਭ ਜੰਗਾਲ ਖਾਧੇ, ਜਿਵੇਂ ਗੁਜ਼ਰੇ ਜ਼ਮਾਨੇ ਦੇ ਅਜਾਇਬਘਰ ਬਣ ਚੁੱਕੇ ਹਸਪਤਾਲਾਂ ਵਿਚੋਂ ਲਿਆਂਦੇ ਗਏ ਹੋਣ, ਪਰ ਸਾਡੇ ਇਹ ਨਾਇਕ ਫਿਰ ਵੀ ਕੋਈ ਸ਼ਿਕਵਾ ਨਹੀਂ ਕਰਦੇ। ਉਹ ਯੋਧਿਆਂ ਵਾਂਗ ਬੇਥਾਹ ਸਿਰੜ ਨਾਲ ਇਨ੍ਹਾਂ ਦੇ ਸਹਾਰੇ ਹੀ ਕੰਮ ਚਲਾਈ ਜਾ ਰਹੇ ਹਨ।

ਜਦੋਂ ਮੈਂ ਇਕ ਬੈਂਡ 'ਤੇ ਇਕੱਲਾ ਬੈਠਾ ਇਹ ਸਤਰਾਂ ਲਿਖ ਰਿਹਾ ਹਾਂ, ਤਾਂ ਮੇਰੀਆਂ ਅੱਖਾਂ ਵਿਚੋਂ ਕੋਸੇ, ਪਰ ਪੀੜਾ ਤੇ ਦੁੱਖ, ਰੋਹ ਤੇ ਖ਼ੌਫ਼ ਦੇ ਹੰਝੂ ਵਿਅਰਥ ਵਗ ਰਹੇ ਹਨ। ਕਾਸ਼ ਇੰਵ ਨਾ ਹੋਵੇ!

ਤੇ ਫਿਰ, ਉਦੋਂ ਹੀ ਇਸਰਾਈਲੀ ਜੰਗੀ ਮਸ਼ੀਨ ਦੇ ਸੰਚਾਲਕ ਤਾਂਡਵ ਨਾਚ ਮੁੜ ਸ਼ੁਰੂ ਕਰ ਦਿੰਦੇ ਹਨ। ਸਮੁੰਦਰੀ ਕੰਢੇ ਵਾਲੇ ਪਾਸਿਓਂ ਨੇਵੀ ਦੀਆਂ ਯੁੱਧ ਕਿਸ਼ਤੀਆਂ ਤੋਂ ਗੋਲਾਬਾਰੀ ਦੀ ਗੜਗੱਜ, ਐੱਫ-16 ਲੜਾਕੇ ਹਵਾਈ ਜਹਾਜ਼ਾਂ ਦੀਆਂ ਉਡਾਣਾਂ ਦੀ ਗੜਗੜਾਹਟ, ਘਿਨਾਉਣੇ ਡਰੋਨਾਂ ਅਤੇ ਹਮਲੇ ਲਈ ਨਿਕਲੇ ਇਸਰਾਈਲੀ ਹੈਲੀਕਾਪਟਰਾਂ ਦਾ ਸ਼ੋਰ ਸਭ ਕੁਝ ਅਸਤ-ਵਿਅਸਤ ਕਰ ਰਿਹਾ ਹੈ। ਪਤਾ ਨਹੀਂ ਅਮਰੀਕਾ ਨੇ ਇਹ ਕਿੰਨੀ ਤਦਾਦ 'ਚ ਬਣਾਏ ਹੋਏ ਹਨ ਤੇ ਕਿੰਨਾ ਧਨ ਇਨ੍ਹਾਂ ਉਪਰ ਖ਼ਰਚਿਆ ਹੈ!

ਸ੍ਰੀਮਾਨ ਓਬਾਮਾ, ਤੇਰੇ ਕੋਲ ਦਿਲ ਨਾਂ ਦੀ ਕੋਈ ਚੀਜ਼ ਹੈ?

ਮੈਂ ਤੈਨੂੰ ਸੱਦਾ ਦੇ ਰਿਹਾ ਹਾਂ, ਇਸ ਹਸਪਤਾਲ ਵਿਚ ਇਕ ਰਾਤ ਗੁਜ਼ਾਰ ਕੇ ਤਾਂ ਵੇਖ- ਸਿਰਫ਼ ਇਕ ਰਾਤ। ਇਕ ਸਫ਼ਾਈ ਸੇਵਕ ਦਾ ਭੇਖ ਵਟਾ ਕੇ।

ਮੈਨੂੰ ਸੌ ਫ਼ੀਸਦੀ ਯਕੀਨ ਹੈ, ਇਸ ਨਾਲ ਇਤਿਹਾਸ ਹੀ ਬਦਲ ਜਾਵੇਗਾ।

ਦਿਲ ਵਾਲਾ ਕੋਈ ਬੰਦਾ ਐਸਾ ਨਹੀਂ ਹੋ ਸਕਦਾ ਜੋ ਇਥੇ ਇਕ ਰਾਤ ਰਹਿ ਕੇ ਫ਼ਲਸਤੀਨੀ ਲੋਕਾਂ ਦੀ ਕਤਲੋਗ਼ਾਰਤ ਨੂੰ ਬੰਦ ਕੀਤੇ ਜਾਣ ਦਾ ਇਰਾਦਾ ਧਾਰ ਕੇ ਨਾ ਜਾਵੇ।

ਪਰ ਬੇਦਿਲ ਅਤੇ ਬੇਰਹਿਮ ਜਰਵਾਣਿਆਂ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਹਨ ਅਤੇ ਉਹ ਤਾਂ ਇਕ ਹੋਰ ਮਹਾਂ ਨਾਸ ਨੂੰ ਅੰਜਾਮ ਦੇਣ ਲਈ ਗਾਜ਼ਾ ਉਪਰ ਹਮਲੇ ਦੀ ਵਿਉਂਤ ਬਣਾਈ ਬੈਠੇ ਹਨ।

ਆਉਣ ਵਾਲੀ ਰਾਤ ਵੀ ਇਸੇ ਤਰ੍ਹਾਂ ਲਹੂ ਦੇ ਦਰਿਆ ਵਗਣਗੇ। ਮੈਂ ਸੁਣ ਸਕਦਾ ਹਾਂ, ਉਨ੍ਹਾਂ ਨੇ ਮੌਤ ਵਰਤਾਉਣ ਵਾਲੇ ਸਾਜ਼ ਸੁਰ ਵਿਚ ਕਰ ਲਏ ਹਨ।

ਕ੍ਰਿਪਾ ਕਰ ਕੇ ਇਸ ਨੂੰ ਰੋਕਣ ਲਈ ਤੁਸੀਂ ਜੋ ਵੀ ਕਰ ਸਕਦੇ ਹੋ, ਜ਼ਰੂਰ ਕਰੋ। ਇਸ ਨੂੰ ਜਾਰੀ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

# ਪੰਜਾਬ ਦਾ ਖੇਤੀ ਸੰਕਟ ਤੇ ਸਰਕਾਰ

ਪੰਜਾਬ ਵਿਚ ਜਿਸ ਤੇਜ਼ੀ ਨਾਲ ਖੇਤੀ ਵਿਕਾਸ ਹੋਇਆ ਸੀ, ਉਸ ਦੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਸ ਇਨਕਲਾਬ ਨੂੰ ਸਿਰਜਣ ਵਿਚ ਤਿੰਨਾਂ ਧਿਰਾਂ ਨੇ ਬਰਾਬਰ ਦਾ ਯੋਗਦਾਨ ਪਾਇਆ ਸੀ- ਨਵੀਂ ਤਕਨਾਲੋਜੀ, ਕਿਸਾਨ ਅਤੇ ਸਰਕਾਰ। ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਦੀ ਖੇਤੀ ਵਿਚ ਖੜੋਤ ਆ ਗਈ ਹੈ। ਕਣਕ-ਝੋਨਾ ਹੀ ਇਥੋਂ ਦਾ ਮੁੱਖ ਫ਼ਸਲ ਚੱਕਰ ਬਣ ਗਿਆ ਹੈ। ਇਹ ਦੋਵੇਂ ਅਜਿਹੀਆਂ ਫਸਲਾਂ ਹਨ ਜਿਨ੍ਹਾਂ ਵਿਚ ਖ਼ਤਰਾ ਸਭ ਤੋਂ ਘੱਟ ਹੈ। ਕੁਝ ਨਵਾਂ ਕਰਨ ਦੀ ਗੁੰਜਾਇਸ਼ ਵੀ ਨਹੀਂ ਹੈ, ਕਿਉਂਕਿ ਪਿਛਲੇ ਤਿੰਨ ਦਹਾਕਿਆਂ ਤੋਂ ਫ਼ਸਲਾਂ ਦੀ ਕਾਸ਼ਤ ਸਬੰਧੀ ਕੋਈ ਅਜਿਹੀ ਠੋਸ ਨਵੀਂ ਸਿਫ਼ਾਰਸ਼ ਨਹੀਂ ਆਈ ਜਿਸ ਨਾਲ ਕੋਈ ਤਬਦੀਲੀ ਕੀਤੀ ਜਾ ਸਕਦੀ। ਇਨ੍ਹਾਂ ਫ਼ਸਲਾਂ ਨੂੰ ਹੁਣ ਕਾਮੇ ਹੀ ਬੀਜਦੇ ਹਨ ਤੇ ਕਾਮੇ ਹੀ ਵੱਢਦੇ ਹਨ, ਕਿਸਾਨ ਤਾਂ ਕੇਵਲ ਮੰਡੀ ਵਿਚੋਂ ਪੈਸੇ ਵਸੂਲਣ ਹੀ ਜਾਂਦਾ ਹੈ। ਇੰਜ ਸਾਰਾ ਸਾਲ ਖੇਤਾਂ ਵਿਚ ਉਸ ਦੇ ਕਰਨ ਨੂੰ ਕੋਈ ਖ਼ਾਸ ਕੰਮ ਨਹੀਂ ਹੈ, ਕਿਉਂਕਿ ਹੁਣ ਤਾਂ ਟ੍ਰੈਕਟਰ ਚਲਾਉਣ ਵਿਚ ਕਾਮੇ ਵੀ ਮਾਹਿਰ ਹੋ ਗਏ ਹਨ ਤੇ ਉਹ ਟ੍ਰੈਕਟਰ ਉੱਤੇ ਬੈਠ ਖੁਸ਼ ਹੁੰਦੇ ਹਨ। ਸੰਸਾਰ ਦੇ ਸਭ ਤੋਂ ਮਿਹਨਤੀ ਤੇ ਹਿੰਮਤੀ ਸਮਝੇ ਜਾਂਦੇ ਪੰਜਾਬੀ ਕਿਸਾਨ ਹੁਣ ਖੇਤਾਂ ਤੋਂ ਦੂਰ ਹੋ ਰਹੇ ਹਨ। ਕਿਸਾਨ ਵਿਹਲਾ, ਖ਼ਰਚੀਲਾ ਤੇ ਨਸ਼ਈ ਬਣ ਰਿਹਾ ਹੈ।

ਸਰਕਾਰ ਵੱਲੋਂ ਖੇਤੀ ਵਿਕਾਸ ਲਈ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ ਗਿਆ ਸੀ। ਅਸੀਂ ਸਾਰੇ ਇਸੇ 'ਤੇ ਮਾਣ ਮਹਿਸੂਸ ਕਰਦੇ ਰਹੇ ਹਾਂ ਕਿ ਪੰਜਾਬ ਕੇਂਦਰੀ ਅੰਨ ਭੰਡਾਰ ਵਿਚ 60 ਫ਼ੀਸਦੀ ਕਣਕ ਤੇ 40 ਫ਼ੀਸਦੀ ਚੌਲ ਦੇ ਰਿਹਾ ਹੈ। ਪੰਜਾਬ ਵਿਚ ਪ੍ਰਤੀ ਏਕੜ ਰਸਾਇਣਕ ਖਾਦ ਦੀ ਵਰਤੋਂ ਸਾਰੇ ਦੇਸ਼ ਨਾਲੋਂ ਵੱਧ ਹੈ ਤੇ ਇਥੇ ਹੀ ਸਾਰੇ ਦੇਸ਼ ਵਿਚ ਵਰਤੇ ਜਾਣ ਵਾਲੇ ਨਦੀਨ ਨਾਸ਼ਕਾਂ ਦਾ ਅੱਧਾ ਹਿੱਸਾ ਵਰਤਿਆ ਜਾਂਦਾ ਹੈ। ਇਹ ਕਿਸੇ ਨਹੀਂ ਸੋਚਿਆ ਕਿ ਖੇਤੀ ਵਿਚ ਵਿਕਾਸ ਦਰ ਦੇ ਤੇਜ਼ੀ ਨਾਲ ਹੋਏ ਵਾਧੇ ਨੂੰ ਬਰਕਰਾਰ ਰੱਖਣ ਲਈ ਭਵਿੱਖ ਯੋਜਨਾ ਦੀ ਲੋੜ ਹੈ। ਕਈ ਦਹਾਕਿਆਂ ਤੋਂ ਅਪਣਾਇਆ ਗਿਆ ਫ਼ਸਲ ਚੱਕਰ ਖੜੋਤ ਦਾ ਕਾਰਨ ਬਣ ਗਿਆ ਹੈ। ਪੰਜਾਬ ਦੀ ਖੇਤੀ ਦੀ ਵਿਕਾਸ ਦਰ 2 ਫ਼ੀਸਦੀ ਤੋਂ ਵੀ ਘਟ ਗਈ ਹੈ। ਸਾਰੇ ਦੇਸ਼ ਦਾ ਮੋਹਰੀ ਸੂਬਾ ਹੁਣ ਸਭ ਤੋਂ ਪਿੱਛੇ ਰਹਿ ਗਿਆ ਹੈ। ਇਸ ਵਿਹਲ ਵਾਲੀ ਖੇਤੀ ਵਿਚ ਨਵੀਂ ਪੀੜ੍ਹੀ ਨੂੰ ਕੋਈ ਦਿਲਚਸਪੀ ਨਹੀਂ ਹੈ। ਉਨ੍ਹਾਂ ਲਈ ਖੇਤੀ ਅਤੇ ਸਹਾਇਕ ਧੰਦਿਆਂ ਦੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹੀ ਨਹੀਂ ਗਈਆਂ। ਪਿੰਡਾਂ ਦੇ ਸਕੂਲਾਂ ਦੀ ਪੜ੍ਹਾਈ ਵਿਚ ਵੀ ਖੜੋਤ ਆਈ ਹੈ। ਇਸੇ ਕਾਰਨ ਉਹ ਉਚੇਰੀ ਤਕਨੀਕੀ ਸਿੱਖਿਆ ਤੋਂ ਪਿੱਛੇ ਰਹਿ ਗਏ ਹਨ।

ਹਰੇ ਇਨਕਲਾਬ ਦਾ ਆਧਾਰ ਨਵੀਂ ਤਕਨਾਲੋਜੀ ਸੀ। ਕਣਕ ਅਤੇ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਸਦਕਾ ਹੀ ਇਹ ਚਮਤਕਾਰ ਹੋ ਸਕਿਆ। ਪੰਜਾਬ ਵਿਚ ਖੇਤੀ ਖੋਜ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਐਗਰੀ ਯੂਨੀਵਰਸਿਟੀ ਨੂੰ ਸੌਂਪੀ ਗਈ। ਇਸ ਦੀ ਸਥਾਪਨਾ 1962 ਵਿਚ ਉਦੋਂ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੇ ਯਤਨਾਂ ਸਦਕਾ ਹੋਈ। ਉਨ੍ਹਾਂ ਨੇ ਬਿਨਾਂ ਕੋਈ ਸਿਆਸੀ ਦਖ਼ਲਅੰਦਾਜ਼ੀ ਦੇ ਇਸ ਦੀ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਇੱਥੋਂ ਦੇ ਬਹੁਤੇ ਵਿਗਿਆਨੀ ਪਿੰਡਾਂ ਵਿਚੋਂ ਤੇ ਕਿਰਸਾਨੀ ਪਰਿਵਾਰਾਂ ਨਾਲ ਸਬੰਧਤ ਸਨ। ਉਨ੍ਹਾਂ ਨੂੰ ਕਿਸਾਨੀ ਦੀਆਂ ਔਕੜਾਂ ਦਾ ਗਿਆਨ ਸੀ। ਉਨ੍ਹਾਂ ਮਿਹਨਤ ਨਾਲ ਢੁਕਵੀਂ ਤਕਨਾਲੋਜੀ ਵਿਕਸਤ ਕੀਤੀ ਤੇ ਕਿਸਾਨਾਂ ਦੀ ਭਾਸ਼ਾ ਵਿਚ ਉਨ੍ਹਾਂ ਤੱਕ ਪਹੁੰਚਾਇਆ। ਬਦਕਿਸਮਤੀ ਨਾਲ ਉਸ ਪਿੱਛੋਂ ਵਿਗਿਆਨੀ ਵੀ ਕੇਵਲ ਹਰੇ ਇਨਕਲਾਬ ਦੀਆਂ ਪ੍ਰਾਪਤੀਆਂ ਦਾ ਹੀ ਨਿੱਘ ਮਾਣਦੇ ਰਹੇ। ਖੇਤੀ ਵਿਕਾਸ ਦਾ ਅਗਲਾ ਪੜਾਅ ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਬਹੁਤ ਘੱਟ ਵਿਚਾਰਿਆ ਗਿਆ। ਹੌਲੀ-ਹੌਲੀ ਪੇਂਡੂ ਵਿਗਿਆਨੀਆਂ ਦੀ ਗਿਣਤੀ ਘੱਟ ਹੋਣ ਲੱਗ ਪਈ, ਤੇ ਸ਼ਹਿਰੀ ਬੱਚੇ ਬਹੁ-ਗਿਣਤੀ ਵਿਚ ਇੱਥੇ ਦਾਖ਼ਲ ਹੋਣ ਲੱਗੇ। ਨਵੀਂ ਪੀੜ੍ਹੀ ਮਿਹਨਤੀ ਹੈ ਪਰ ਕਿਰਸਾਨੀ ਦੀਆਂ ਔਕੜਾਂ ਤੋਂ ਅਣਜਾਣ ਹੈ। ਇਹ ਵਿਦੇਸ਼ੀ ਮਾਡਲਾਂ ਨੂੰ ਵੇਖਦੇ ਹਨ ਤੇ ਉਨ੍ਹਾਂ ਅਨੁਸਾਰ ਹੀ ਖੋਜ ਕਰਨ ਦਾ ਯਤਨ ਕਰਦੇ ਹਨ। ਸਰਕਾਰ ਨੇ ਵੀ ਆਰਥਿਕ ਤੰਗੀ ਦਾ ਬਹਾਨਾ ਬਣਾ ਕੇ ਗ੍ਰਾਂਟ ਦੇਣ ਵਿਚ ਹੱਥ ਘੁੱਟ ਲਿਆ ਹੈ। ਇਸ ਯੂਨੀਵਰਸਿਟੀ (ਹੁਣ ਦੋ) ਦਾ ਮੁਕਾਬਲਾ ਰਵਾਇਤੀ ਯੂਨੀਵਰਸਿਟੀਆਂ ਨਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਖੋਜ ਕੇਂਦਰ ਹਨ। ਕਿਸੇ ਵੀ ਫ਼ਸਲ ਦੀ ਨਵੀਂ ਕਿਸਮ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰਦੀ ਹੈ ਜਿਸ ਨਾਲ ਸਰਕਾਰ ਦੀ ਆਮਦਨ ਵਿਚ ਵੀ ਵਾਧਾ ਹੁੰਦਾ ਹੈ। ਪੈਸੇ ਅਤੇ ਢੁਕਵੀਂ ਸੋਚ ਦੀ ਘਾਟ ਸਦਕਾ ਖੇਤੀ ਖੋਜ ਵਿਚ ਵੀ ਖੜੋਤ ਆ ਗਈ ਹੈ। ਪੰਜਾਬ ਇਸ ਸਮੇਂ ਵਿਕਾਸ ਦੇ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸਨਅਤੀ ਅਤੇ ਖੇਤੀ ਵਿਕਾਸ ਵਿਚ ਖੜੋਤ ਆ ਗਈ ਹੈ। ਲੋੜ ਹੈ ਕਿ ਖੇਤੀ ਖੜੋਤ ਨੂੰ ਤੋੜਿਆ ਜਾਵੇ।


***ਯੂਰਪ ਵਾਂਗ ਹੀ ਪੰਜਾਬ ਦੀ ਖੇਤੀ ਵਿਚ ਨਵਾਂ ਇਨਕਲਾਬ ਸਿਰਜਿਆ ਜਾ ਸਕਦਾ ਹੈ ਪਰ ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਸਾਰੀਆਂ ਧਿਰਾਂ ਰਲ ਕੇ ਸਾਂਝੇ ਯਤਨ ਕਰਨ। ਪਿੰਡਾਂ ਵਿਚ ਹੀ ਦੁੱਧ ਦੇ ਪਦਾਰਥੀਕਰਨ, ਸਬਜ਼ੀਆਂ ਦੀ ਸਾਂਭ-ਸੰਭਾਲ ਦਾ ਕੰਮ ਕੀਤਾ ਜਾਵੇ। ਇੰਜ ਰੁਜ਼ਗਾਰ ਦੇ ਵਸੀਲੇ ਬਣਨਗੇ ਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ।***

ਯੂਰਪ ਵਾਂਗ ਹੀ ਪੰਜਾਬ ਦੀ ਖੇਤੀ ਵਿਚ ਨਵਾਂ ਇਨਕਲਾਬ ਸਿਰਜਿਆ ਜਾ ਸਕਦਾ ਹੈ ਪਰ ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਸਾਰੀਆਂ ਧਿਰਾਂ ਰਲ ਕੇ ਸਾਂਝੇ ਯਤਨ ਕਰਨ। ਪਿੰਡਾਂ ਵਿਚ ਹੀ ਦੁੱਧ ਦੇ ਪਦਾਰਥੀਕਰਨ, ਸਬਜ਼ੀਆਂ ਦੀ ਸਾਂਭ-ਸੰਭਾਲ ਦਾ ਕੰਮ ਕੀਤਾ ਜਾਵੇ। ਇੰਜ ਰੁਜ਼ਗਾਰ ਦੇ ਵਸੀਲੇ ਬਣਨਗੇ ਤੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ। ਹੁਣ ਤਿੰਨਾਂ ਧਿਰਾਂ ਨੂੰ ਸਾਂਝੇ ਯਤਨਾਂ ਨਾਲ ਪੰਜਾਬ ਦੀ ਖੇਤੀ ਵਿਚ ਇਕ ਨਵਾਂ ਇਨਕਲਾਬ ਸਿਰਜਣਾ ਪਵੇਗਾ ਤਾਂ ਹੀ ਪੰਜਾਬ ਨੂੰ ਮੁੜ ਖੁਸ਼ਹਾਲੀ ਅਤੇ ਵਿਕਾਸ ਦੇ ਰਾਹੇ ਤੋਰਿਆ ਜਾ ਸਕੇਗਾ।

***-ਡਾ. ਰਣਜੀਤ ਸਿੰਘ***

# ਮਰਦ ਨੂੰ ਤਾਹਨਾ, ਲੱਕੜੀ ਨੂੰ ਫਾਨਾ...

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਕਲਹ-ਕਲੇਸ਼ ਪੁਆਉਣ ਜਾਂ ਲੜਾਈ ਝਗੜੇ ਵਧਾਉਣ ਦੇ ਮਾਹਰ ਕਈ ਪੁਆੜੇ-ਹੱਥੇ ਬੰਦੇ, ਕਸੂਤੀ ਹਾਲਤ ਵਿਚ ਫਸੇ ਕਿਸੇ ਬੰਦੇ 'ਤੇ ਐਸਾ ਤਾਹਨਾ ਕੱਸ ਦਿੰਦੇ ਨੇ, ਮਾਨੋ ਸ਼ਾਂਤ ਪਾਣੀਆਂ ਨੂੰ ਲਾਂਬੂ ਲਾ ਛੱਡਦੇ ਨੇ। ਅਜਿਹੇ ਚੁਸਤ ਚਲਾਕ ਨਾਰਦ ਮੁਨੀਆਂ ਦੇ ਦਰਸ਼ਨ ਤਕਰੀਬਨ ਹਰ ਥਾਂ ਹੋ ਜਾਂਦੇ ਹਨ। ਘਰ-ਪਰਿਵਾਰਾਂ, ਗਲੀ-ਮੁਹੱਲਿਆਂ ਅਤੇ ਕਾਰੋਬਾਰੀ ਅਦਾਰਿਆਂ ਵਿਚ ਇਹ ਨਸਲ ਆਪਣੀ ਹੋਂਦ ਦਾ ਪ੍ਰਗਟਾਵਾ ਕਰਵਾਉਂਦੀ ਹੀ ਰਹਿੰਦੀ ਹੈ। ਹੱਦ ਦਰਜੇ ਦੀ ਕਮੀਨੀ ਆਦਤ ਦੇ ਸ਼ਿਕਾਰ ਇਹ ਬੰਦੇ ਹਮੇਸ਼ਾ ਇਸੇ ਤਾਕ ਵਿਚ ਰਹਿੰਦੇ ਨੇ ਕਿ ਕਿਸ ਵੇਲੇ, ਕਿਥੇ ਫਾਨਾ ਠੋਕਿਆ ਜਾ ਸਕਦਾ ਹੈ। ਇਸ ਦੇ ਉਲਟ ਕਈ ਦੂਰ-ਦ੍ਰਿਸ਼ਟ ਅਤੇ ਅਨੁਭਵੀ ਗਿਆਨ ਵਾਲੇ ਐਸੇ ਸੱਜਣ ਵੀ ਬਹੁਤ ਹਨ ਜਿਨ੍ਹਾਂ ਦੇ ਕੁਝ ਬੋਲ, ਸਮੇਂ ਦਾ ਵਹਿਣ ਬਦਲ ਕੇ ਰੱਖ ਦਿੰਦੇ ਹਨ। ਅਜਿਹੇ ਨੇਕ ਇਨਸਾਨਾਂ ਵੱਲੋਂ ਸਮੇਂ-ਸਮੇਂ 'ਤੇ ਮਾਰੇ ਗਏ ਮਿੱਠੇ ਨਿਹੋਰੇ ਇਤਿਹਾਸ ਦੇ ਪੱਤਰਿਆਂ ਨੇ ਸਦਾ ਲਈ ਸਾਂਭੇ ਹੋਏ ਨੇ। ਕਿਸਮ ਪੱਖੋਂ ਭਾਵੇਂ ਇਨ੍ਹਾਂ ਅਣਖੀਲੇ ਟੀਕਿਆਂ ਵਰਗੇ ਬੋਲਾਂ ਨੂੰ ਵੀ 'ਮਿਹਣਿਆਂ' ਦੀ ਸ਼੍ਰੇਣੀ ਵਿਚ ਹੀ ਗਿਣਿਆ ਜਾ ਸਕਦਾ ਹੈ, ਪਰ ਇਹ ਸਦੈਵ ਕਾਲ ਲਈ ਰਾਹ ਦਸੇਰੇ ਬਣੇ ਰਹਿਣਗੇ।

ਰਾਜਸਥਾਨ ਦਾ ਜੰਗੀ ਸੂਰਮਾ ਜਸਵੰਤ ਰਾਉ ਹੋਲਕਰ ਦੁਸ਼ਮਣ ਫੌਜਾਂ ਤੋਂ ਭੈਅ-ਭੀਤ ਹੋਇਆ, ਰਣ ਤੱਤੇ ਵਿਚ ਪਿੱਠ ਦਿਖਾ ਕੇ ਘਰੇ ਭੱਜ ਆਇਆ। ਆਪਣੇ ਪੁੱਤ ਦੀ ਇਸ ਕਾਇਰਤਾ ਨੂੰ ਮਾਂ ਨੇ ਜ਼ਰਾ ਵੀ ਪਸੰਦ ਨਾ ਕੀਤਾ, ਪਰ ਪੁੱਤਰ ਮੋਹ ਕਾਰਨ ਉਹ ਜਸਵੰਤ ਰਾਉ ਨੂੰ ਸਿੱਧਿਆਂ ਤਾਂ ਕੁਝ ਨਾ ਕਹਿ ਸਕੀ; ਲੇਕਿਨ ਇਕ ਦਿਨ ਉਸ ਨੂੰ ਆਪਣੇ ਪੁੱਤਰ ਦੀ ਅਣਖ ਜਗਾਉਣ ਦਾ ਮੌਕਾ ਮਿਲ ਗਿਆ।

ਹੋਇਆ ਇੰਜ ਕਿ ਇਕ ਦਿਨ ਹੋਲਕਰ ਦੀ ਪਤਨੀ ਰਸੋਈ ਵਿਚ ਹਲਵਾ ਬਣਾ ਰਹੀ ਸੀ। ਉਹ ਵਾਰ-ਵਾਰ ਕੜਾਹੀ ਵਿਚ ਖੁਰਚਣਾ ਮਾਰ ਰਹੀ ਸੀ। ਲਾਗੇ ਹੀ ਬੈਠੇ ਹੋਲਕਰ ਵੱਲ ਦੇਖ ਕੇ ਬਜ਼ੁਰਗ ਮਾਤਾ ਆਪਣੀ ਨੂੰਹ ਨੂੰ ਮਿੱਠੀ ਜਿਹੀ ਝਿੜਕ ਮਾਰ ਕੇ ਕਹਿੰਦੀ, "ਨੀ ਕਮਲੀਏ ਕੁੜੀਏ, ਲੋਹੇ 'ਤੇ ਲੋਹਾ ਵੱਜਦਾ (ਭਾਵ ਜੰਗ ਵਿਚ ਤੀਰਾਂ, ਕ੍ਰਿਪਾਨਾਂ ਤੇ ਬਰਛਿਆਂ ਦਾ ਖੜਾਕਾ) ਸੁਣ ਕੇ ਹੀ ਤਾਂ ਮੇਰਾ 'ਸੂਰਮਾ ਪੁੱਤ' ਘਰ ਨੂੰ ਭੱਜਾ ਆਇਆ ਹੈ। ਅੱਗਿਉਂ ਤੂੰ ਵੀ ਲੋਹੇ 'ਤੇ ਲੋਹਾ ਖੜਕਾ ਕੇ ਉਸ ਨੂੰ ਬੇਅਰਾਮ ਕਰ ਰਹੀ ਹੈਂ?...ਤੂੰ ਉਸ ਨੂੰ ਅਮਨ-ਚੈਨ ਨਾਲ ਵਿਸ਼ਰਾਮ ਕਿਉਂ ਨਹੀਂ ਕਰਨ ਦਿੰਦੀ?"

ਮਾਂ ਦੇ ਮੂੰਹੋਂ ਇਹ ਤਾਹਨਾ ਸੁਣ ਕੇ ਜਸਵੰਤ ਰਾਉ ਹੋਲਕਰ ਦੇ ਡੌਲੇ ਫਰਕੇ, ਅੰਤਰ-ਆਤਮਾ 'ਚ ਜੋਸ਼ ਜਾਗਿਆ। ਹਥਿਆਰ ਸੰਭਾਲ ਕੇ ਉਹ ਮੁੜ ਮੈਦਾਨ-ਏ-ਜੰਗ ਵਿਚ ਜਾ ਗੱਜਿਆ। ਮਾਂ ਦੇ ਨਿਹੋਰੇ ਨੇ ਉਸ ਨੂੰ ਬੁਜ਼ਦਿਲੀ 'ਚੋਂ ਕੱਢ ਕੇ ਜੇਤੂ ਜਰਨੈਲ ਬਣਾ ਦਿੱਤਾ। ਰਾਜਪੂਤਾਨੇ ਦੀ ਇਸ ਅਣਖੀਲੀ ਦਾਸਤਾਂ ਨਾਲ ਮਿਲਦੀ-ਜੁਲਦੀ ਗਾਥਾ ਸਿੱਖ ਇਤਿਹਾਸ ਵਿਚ ਵੀ ਆਉਂਦੀ ਹੈ ਜਦੋਂ ਮਹਾਂ ਨਾਇਕਾ ਮਾਈ ਭਾਗੋ ਨੇ ਦਸਵੇਂ ਗੁਰੂ ਜੀ ਨੂੰ ਬੇਦਾਵਾ ਦੇ ਆਏ ਚਾਲੀ ਮਲਵਈ ਸਿੰਘਾਂ ਨੂੰ ਚੁੰਨੀਆਂ ਅਤੇ ਚੂੜੀਆਂ ਪੇਸ਼ ਕਰਦਿਆਂ ਤਾਹਨਾ ਮਾਰਿਆ ਸੀ, "ਲਓ, ਤੁਸੀਂ ਇਹ ਪਹਿਨ ਕੇ ਘਰੇਲੂ ਕੰਮ-ਧੰਦਾ ਕਰੋ; ਗੁਰੂ ਕਿਆਂ ਦੁਸ਼ਮਣਾਂ ਨਾਲ ਜੂਝਣ ਲਈ ਅਸੀਂ ਮੈਦਾਨ-ਏ-ਜੰਗ ਵਿਚ ਜਾਂਦੀਆਂ ਹਾਂ।"

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਾਲ ਰਾਜ-ਭਾਗ ਨੂੰ ਨੇਸਤੋ-ਨਬੂਦ ਕਰਨ ਵਿਚ ਮੁਢਲਾ ਤੇ ਮੁੱਖ ਰੋਲ ਨਿਭਾਉਣ ਵਾਲੇ ਧਿਆਨ ਸਿੰਘ ਡੋਗਰਾ ਦੇ ਅੰਤ ਦਾ ਕਾਰਨ ਵੀ ਲਾਹੌਰ ਦਰਬਾਰ ਦੇ ਇਕ ਦਰਵੇਸ਼ ਕਾਰਿੰਦੇ ਵੱਲੋਂ ਮੌਕੇ ਸਿਰ ਮਾਰਿਆ 'ਤਰਕ' ਹੀ ਬਣਿਆ ਸੀ। ਦੱਸਿਆ ਜਾਂਦਾ ਹੈ ਕਿ ਮਹਾਰਾਜੇ ਦੇ ਚਚੇਰੇ ਭਰਾ ਅਜੀਤ ਸਿੰਘ ਅਤੇ ਲਹਿਣਾ ਸਿੰਘ ਸੰਧਾਵਾਲੀਆ ਜਦੋਂ ਰਾਜਾ ਸ਼ੇਰ ਸਿੰਘ ਦਾ ਕਤਲ ਕਰ ਕੇ ਲਾਹੌਰ ਦੇ ਸ਼ਾਹੀ ਕਿਲੇ 'ਚ ਵੜੇ ਤਾਂ ਅੱਗਿਉਂ ਆ ਰਹੇ ਗਿਆਨੀ ਗੁਰਮੁਖ ਸਿੰਘ ਨੂੰ ਫਖਰ ਨਾਲ ਦੱਸਣ ਲੱਗੇ ਕਿ ਅਸੀਂ ਸ਼ੇਰ ਸਿੰਘ ਦਾ ਫਸਤਾ ਵੱਢ ਆਏ ਹਾਂ। ਆਓ ਹੁਣ ਨਵਾਂ ਰਾਜਾ ਥਾਪੀਏ। ਥਾਪੇ ਜਾਣ ਵਾਲੇ ਨਵੇਂ ਰਾਜੇ ਦਾ ਮੁੱਖ ਵਜ਼ੀਰ ਧਿਆਨ ਸਿੰਘ ਡੋਗਰਾ (ਸਾਰੇ ਪੁਆੜੇ ਦੀ ਜੜ੍ਹ) ਨੂੰ ਹੀ ਬਣਾਏ ਜਾਣ ਦੇ ਵਿਰੋਧ ਵਿਚ ਗਿਆਨੀ ਜੀ ਨੇ ਸੰਧਾਵਾਲੀਏ ਭਰਾਵਾਂ ਨੂੰ ਵਿਅੰਗਮਈ ਗੁੱਝਾ ਇਸ਼ਾਰਾ ਕੀਤਾ, "ਸਰਦਾਰ ਸਾਹਿਬ, ਜੇ ਭਲਾ ਕੜਾਹਾ ਨਵਾਂ ਲੈਣਾ ਹੈ, ਤਦ ਕੜਛਾ ਪੁਰਾਣਾ ਕਾਹਨੂੰ ਰੱਖਣਾ ਹੈ?"

ਗਿਆਨੀ ਗੁਰਮੁਖ ਸਿੰਘ ਦੀ ਮਿਹਣੇ ਵਰਗੀ ਸਲਾਹ ਨੇ, ਹਮੇਸ਼ਾ ਨੀਚ ਗੋਂਦਾਂ ਗੁੰਦਣ ਵਾਲੇ ਦੀ ਅਲਖ ਮੁਕਾ ਦਿੱਤੀ।

ਦੇਸ਼ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਸਿਰ-ਧੜ ਦੀ ਬਾਜ਼ੀ ਲਾਉਣ ਵਾਲੇ ਬੱਬਰ ਅਕਾਲੀਆਂ ਦੇ ਸਿਰਕੱਢ ਆਗੂ ਬਾਬੂ ਧੰਨਾ ਸਿੰਘ ਨੂੰ ਕਿਸੇ ਅੰਗਰੇਜ਼ ਪੁਲਿਸ ਅਫ਼ਸਰ ਨੇ ਤਾਹਨਾ ਮਾਰਿਆ ਸੀ। ਇਸ ਦਲੇਰ ਮਰਦ ਬੱਬਰ ਨੇ ਐਲਾਨ ਕੀਤਾ ਹੋਇਆ ਸੀ ਕਿ ਪੁਲਿਸ ਉਸ ਨੂੰ ਜਿਉਂਦੇ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੇਗੀ; ਲੇਕਿਨ ਇਕ ਗੱਦਾਰ ਦੀ ਕਰਤੂਤ ਸਦਕਾ ਬਾਬੂ ਧੰਨਾ ਸਿੰਘ ਆਪਣੇ ਕੁੱਝ ਸਾਥੀਆਂ ਸਮੇਤ ਸੁੱਤੇ ਪਏ ਪੁਲਿਸ ਦੇ ਅੜਿੱਕੇ ਚੜ੍ਹ ਗਏ। ਬੱਬਰ ਦਾ ਪਿਸਤੌਲ ਵੀ ਉਸ ਗੱਦਾਰ ਨੇ ਸਰ੍ਹੋਂ ਦੇ ਤੇਲ ਵਿਚ ਭਿਉਂ ਕੇ ਨਕਾਰਾ ਕਰ ਦਿੱਤਾ ਹੋਇਆ ਸੀ। ਅੰਗਰੇਜ਼ ਪੁਲਿਸ ਦੀ ਧਾੜ ਨੇ ਤੁਰਤ-ਫੁਰਤ ਬਾਬੂ ਧੰਨਾ ਸਿੰਘ ਦੇ ਪੈਰੀਂ ਬੇੜੀਆਂ ਪਾ ਦਿੱਤੀਆਂ। ਦੋਹਾਂ ਹੱਥਾਂ ਨੂੰ ਹੱਥਕੜੀਆਂ ਵੀ ਲਗਾ ਦਿੱਤੀਆਂ। ਬੱਬਰ ਨੂੰ ਇੰਜ ਜਕੜਿਆ ਹੋਇਆ ਦੇਖ ਕੇ ਵੱਡਾ ਪੁਲਿਸ ਅਫ਼ਸਰ ਮੁਸਕਰਾਉਂਦਾ ਹੋਇਆ, ਉਹਦੇ ਮੋਢੇ 'ਤੇ ਹੱਥ ਰੱਖ ਕੇ ਕਹਿੰਦਾ, "ਟੁਮ ਤੋ ਕਹਤਾ ਥਾ ਕਿ ਜੀਤੇ ਜੀ ਪਕੜਾ ਨਾ ਜਾਊਂਗਾ?"

ਫਿਰੰਗੀ ਅਫ਼ਸਰ ਦਾ ਇਹ ਤਾਹਨਾ ਸੁਣਦਿਆਂ ਸਾਰ ਗੁਰੂ ਕਾ ਲਾਲ ਸ਼ੇਰ ਵਾਂਗ ਗਰਜਿਆ, "ਹਾਂ, ਮੈਂ ਹੁਣ ਵੀ ਕਹਿੰਦਾ ਹਾਂ ਕਿ ਜਿਉਂਦਾ ਤੁਹਾਡੇ ਹੱਥ ਨਹੀਂ ਆਵਾਂਗਾ।"

ਇਸ ਤੋਂ ਪਹਿਲਾਂ ਕਿ ਬੱਬਰ ਦੀ ਇਸ ਦਹਾੜ ਦਾ ਪੁਲਸੀਏ ਕੋਈ ਅਰਥ ਕੱਢਦੇ, ਬੱਬਰ ਨੇ ਆਪਣੀਆਂ ਕੱਛਾਂ 'ਚ ਲੁਕਾ ਕੇ ਰੱਖਿਆ ਬੰਬ, ਜ਼ੋਰ ਨਾਲ ਬਾਹਾਂ ਘੁੱਟਦਿਆਂ ਚਲਾ ਦਿੱਤਾ।...ਬੱਬਰ ਆਪਣਾ ਪ੍ਰਣ ਪੁਗਾ ਗਿਆ ਅਤੇ ਨਾਲ ਲਗਦੇ ਦੋ-ਚਾਰ ਪੁਲਸੀਏ ਵੀ ਗੱਡੀ ਚਾੜ੍ਹ ਗਿਆ।

ਪੰਜਾਬ ਦੇ ਅਠਾਰਵੀਂ ਸਦੀ ਦੇ ਇਤਿਹਾਸ ਵਿਚੋਂ ਵੀ ਇਕ ਵੀਰ ਗਾਥਾ 'ਤਾਹਨੇ' ਤੋਂ ਹੀ ਸ਼ੁਰੂ ਹੁੰਦੀ ਹੈ। ਸਰਕਾਰ ਦੇ ਕਹਿਰ ਤੋਂ ਬਚਾਅ ਲਈ ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਦਿਨ ਦੇ ਸਮੇਂ ਕਿਤੇ ਝਾੜਾਂ-ਝੁੰਡਿਆਂ ਵਿਚ ਟਿਕੇ ਬੈਠੇ ਸਨ। ਉਥੋਂ ਹਟਵਾਂ ਰਾਹ ਵਗਦਾ ਸੀ। ਉਹ ਦੋਵੇਂ ਜਣੇ ਕਿਤੇ ਰਾਹੀਆਂ ਦੇ ਨਜ਼ਰੀਂ ਪੈ ਗਏ। ਰਾਹੀ ਆਪਸ ਵਿਚੀਂ ਜੋ ਗੱਲਾਂ-ਬਾਤਾਂ ਕਰਦੇ ਜਾ ਰਹੇ ਸਨ, ਛਹਿ ਲਾ ਕੇ ਬੈਠੇ, ਇਨ੍ਹਾਂ ਦੋਹਾਂ ਦੇ ਕੰਨੀਂ ਪੈ ਰਹੀਆਂ ਸਨ, "ਅਹੁ ਦੇਖ ਬਈ ਦੋ ਸਿੰਘ!" ਇਕ ਜਣਾ ਦੂਜੇ ਨੂੰ ਦੱਸਦਾ ਹੈ।

"ਨਹੀਂ ਯਾਰ...!" ਦੂਜਾ ਉਨ੍ਹਾਂ ਵੱਲ ਸਰਸਰੀ ਜਿਹੀ ਨਜ਼ਰ ਮਾਰਦਿਆਂ ਕਹਿੰਦਾ ਹੈ, "ਸਿੰਘ ਕਦੋਂ ਇੰਦਾਂ ਲੁਕ-ਛਿਪ ਕੇ ਝੋੜ੍ਹੀ ਰਹਿੰਦੇ ਨੇ...ਇਹ ਕੋਈ ਬਹਿਰੂਪੀਏ ਹੋਣਗੇ।"

ਮੁਸਾਫਰਾਂ ਵੱਲੋਂ ਵਰਤਿਆ ਗਿਆ ਲਫ਼ਜ਼ ਬਹਿਰੂਪੀਏ ਦੋਹਾਂ ਸੂਰਮਿਆਂ ਦਾ ਸੀਨਾ ਚੀਰ ਗਿਆ। ਦੋਵੇਂ ਬਹਾਦਰ ਛਾਲਾਂ ਮਾਰ ਕੇ ਆਪਣੀ ਛੁਪਣਗਾਹ ਤੋਂ ਬਾਹਰ ਨਿਕਲ ਆਏ। ਅਣਜਾਣੇ ਮੁਸਾਫਰਾਂ ਦੇ ਮਾਰੇ ਹੋਏ ਤਾਹਨੇ ਸਦਕਾ ਉਨ੍ਹਾਂ ਜੋਸ਼ੀਲੇ ਸ਼ਬਦਾਂ ਵਿਚ ਲਾਹੌਰ ਦੇ ਹਾਕਮ ਨੂੰ ਕੁਝ ਇਹੋ ਜਿਹੀਆਂ ਸਤਰਾਂ ਲਿਖੀਆਂ ਸਨ,

ਮੇਰਾ ਨਾਮ ਹੈ ਸਿੰਘ ਬੋਤਾ
ਹੱਥ ਵਿਚ ਸੋਟਾ ਮੋਟਾ।
ਲੈ ਕੇ ਰਾਹ ਦੇ ਵਿਚ ਖਲੋਤਾ
ਆਨਾ ਲੱਗੇ ਗੱਡੇ ਨੂੰ
ਪੈਸਾ ਲਾਗੇ ਖੋਤਾ।
ਕਹਿ ਦਿਉ ਭਾਬੀ ਖਾਨੋ ਨੂੰ
ਤੇਰਾ ਦੇਵਰ ਹੈ ਸਿੰਘ ਬੋਤਾ।

ਅਣਿਆਲੇ ਤੀਰਾਂ ਵਾਂਗ ਜ਼ਮੀਰ ਨੂੰ ਹਲੂਣਦੇ ਉਨ੍ਹਾਂ ਤਾਹਨਿਆਂ-ਨਿਹੋਰਿਆਂ ਨੂੰ ਖਿੜੇ ਮੱਥੇ ਸਵੀਕਾਰਨਾ ਚਾਹੀਦਾ ਹੈ ਜਿਨ੍ਹਾਂ ਸਦਕਾ ਇਨਸਾਨੀਅਤ ਦਾ ਕੋਈ ਭਲਾ ਹੁੰਦਾ ਹੋਵੇ, ਜਾਂ ਫਿਰ ਕੌਮੀ ਸਵੈਮਾਨ ਪ੍ਰਚੰਡ ਹੁੰਦਾ ਹੋਵੇ।

# ਹਰਿਆਣਾ ਗੋਲਕ ਦਾ ਮਹਾਂਭਾਰਤ

ਅੰਮ੍ਰਿਤਸਰ ਦੇ ਪਿੰਡ ਕੈਰੋਂ ਹਾਈ ਸਕੂਲ ਅੱਠਵੀਂ ਜਮਾਤ ਵਿਚ ਪੜ੍ਹਦੇ ਸਮੇਂ ਇੱਕ ਮਾਸਟਰ ਨੰਦ ਲਾਲ ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਉਨ੍ਹਾਂ ਦੀ ਲਿਖਾਈ ਟੂਕ 'ਸੱਪ ਜਦ ਸੜਕਾਂ 'ਤੇ ਨਿਕਲ ਆਉਂਦੇ ਹਨ ਜਾਂ ਕੀੜਿਆਂ ਨੂੰ ਖੰਭ ਨਿਕਲ ਆਉਂਦੇ ਹਨ ਤਾਂ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ', ਮੈਨੂੰ ਅਜੇ ਤੱਕ ਯਾਦ ਹੈ। ਇਸ ਦਾ ਮਤਲਬ ਸਪਸ਼ਟ ਹੈ ਕਿ ਜਦ ਕੋਈ ਵਿਅਕਤੀ ਆਪਣੀ ਵਿਤੋਂ ਜਾਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਹੋ ਜਾਂਦਾ ਹੈ ਤਾਂ ਇਸ ਦਾ ਵਿਸਫੋਟ ਨਿਸ਼ਚਿਤ ਹੈ। ਕੁਝ ਤਾਜ਼ਾ ਘਟਨਾਵਾਂ ਨੇ ਸਿੱਖਾਂ ਨੂੰ ਗੰਭੀਰ ਸੰਕਟ ਵਿਚ ਪਾ ਦਿੱਤਾ ਹੈ। 1950 ਤੋਂ ਅੱਜ ਤੱਕ ਅਕਾਲੀਆਂ ਵੱਲੋਂ 'ਪੰਜਾਬੀ ਸੂਬੇ' ਜਾਂ 'ਪੰਥ ਖਤਰੇ ਵਿਚ' ਦੇ ਨਾਂ 'ਤੇ ਕੀਤੇ ਸੱਤਿਆਗ੍ਰਹਿ ਮੈਂ ਆਪ ਅੱਖੀਂ ਵੇਖੇ ਤੇ ਹੰਢੀਂ ਹੰਢਾਏ ਹਨ। ਅੰਮ੍ਰਿਤਸਰ ਵਿਚ ਨਿੱਤ ਦਿਨ ਹੜਤਾਲਾਂ, ਬੰਦ, ਕਰਫ਼ਿਊ ਨੇ ਸ਼ਾਂਤਮਈ ਰਹਿਣ ਵਾਲੇ ਸ਼ਹਿਰੀਆਂ ਦਾ ਦਮ ਘੁੱਟਣ ਲਾ ਦਿੱਤਾ। ਏਨੇ ਭਾਰੀ ਅਕਾਲੀ ਮੋਰਚੇ ਲਾ ਕੇ ਸੌੜੇ ਹਿਤ ਵਾਲੇ ਇਨ੍ਹਾਂ ਆਗੂਆਂ ਪੰਜਾਬ ਨੂੰ ਸੁੰਗੇੜ ਦਿੱਤਾ ਤੇ ਆਪਣੀ ਚੌਧਰ ਵਾਲੇ ਖੇਤਰ ਨੂੰ 'ਪੰਜਾਬੀ ਸੂਬੀ' ਦਾ ਨਾਂ ਦੇ ਕੇ ਹਥਿਆ ਲਿਆ। ਕੇਂਦਰੀ ਸਰਕਾਰ ਮੰਨ ਗਈ। ਨਵੀਂ ਸੂਬੀ ਵਿਚ ਬੜੇ ਜਸ਼ਨ ਮਨਾਏ ਗਏ। ਇਸ ਸਮੇਂ ਅਕਾਲ ਤਖਤ ਵੀ ਸੁਭਵਾਨ ਸਰੋਤਾ ਬਣ ਕੇ ਵੇਖਦਾ ਰਿਹਾ। ਸਿਆਸੀ ਕੰਧਾਂ ਨੇ ਉਨ੍ਹਾਂ ਨੂੰ ਪਾਸੇ ਕਰ ਦਿੱਤਾ ਪਰ ਉਹ ਪੰਥ ਦਾ ਹਿੱਸਾ ਹਨ, ਸਿੱਖਾਂ ਦਾ ਅੰਗ ਹਨ ਤੇ ਅਕਾਲ ਤਖਤ ਦੀ ਕਮਾਨ ਵਿਚ ਰਹੇ ਹਨ। ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼ ਦੇ ਸਿੱਖ ਜੋ ਇਸ 'ਪੰਜਾਬੀ ਚਾਰਦੀਵਾਰੀ' ਤੋਂ ਬਾਹਰ ਕੱਢ ਦਿੱਤੇ ਗਏ, ਵਾਸਤਾ ਪਾਉਂਦੇ ਰਹੇ, ਪੰਜਾਬ ਵਿਚ ਰਲਣ ਦਾ ਪਰ ਉਨ੍ਹਾਂ ਦੀ ਕਿਸੇ ਨਹੀਂ ਸੁਣੀ ਕਿਉਂਕਿ ਪੰਜੀ ਸਾਲ ਰਾਜ ਕਰਨ ਵਾਲਾ ਨਿਰੋਲ ਖੇਤਰ 'ਸੂਬੀ' ਉਨ੍ਹਾਂ ਦੇ ਹੱਥਾਂ ਵਿਚ ਸੀ।

ਪਾਕਿਸਤਾਨ ਬਣਨ ਨਾਲ ਅਤੇ ਸਟੇਟਾਂ ਦੀ ਵੰਡਣ ਨਾਲ ਸਿੱਖ ਵੰਡੇ ਗਏ। ਪਾਕਿਸਤਾਨ ਦੀ ਗੁਰਦੁਆਰਾ ਕਮੇਟੀ ਹੋਂਦ ਵਿਚ ਆਈ। ਦਿੱਲੀ, ਪਟਨਾ ਸਾਹਿਬ, ਹਜ਼ੂਰ ਸਾਹਿਬ ਦੀਆਂ ਅੱਡ ਕਮੇਟੀਆਂ ਬਣ ਗਈਆਂ। ਉਸ ਵੇਲੇ ਵੀ ਅਕਾਲ ਤਖਤ ਅਮੁੱਕ ਦਰਸ਼ਕ ਬਣ ਕੇ ਵੇਖਦਾ ਰਿਹਾ। 'ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ' ਪਰ ਕਈ ਡਾਢੇ ਆਪਣਾ ਹੱਕ ਮੰਗਣ ਵਾਲਿਆਂ ਨੂੰ ਗ਼ੱਦਾਰ ਗਰਦਾਨ ਕੇ ਸਮੁੱਚੀ ਕੌਮ ਨੂੰ ਗੁੰਮਰਾਹ ਕਰਨ 'ਤੇ ਤੁੱਲ ਗਏ ਹਨ। ਹੁਣ ਜੇ ਹਰਿਆਣਾ ਨੇ ਆਪਣੀ ਹੱਕੀ ਮੰਗ ਕਰ ਦਿੱਤੀ ਹੈ ਤਾਂ ਅੱਡ ਹੋ ਕੇ ਵੀ ਉਹ ਅਕਾਲ ਤਖ਼ਤ ਨੂੰ ਹੀ ਸਮਰਪਣ ਹੋਣਗੇ ਤੇ ਇਸ ਤਰ੍ਹਾਂ ਉਨ੍ਹਾਂ ਦੀ ਮਾਣ-ਮਰਿਆਦਾ ਨੂੰ ਕੋਈ ਊਣ ਨਹੀਂ ਆਉਣ ਲੱਗੀ। ਪਰ ਸਨਮਾਨਯੋਗ ਅਕਾਲ ਤਖ਼ਤ ਵੀ ਇਸ ਦੇ ਖਿਲਾਫ਼ ਇੱਕ ਧਿਰ ਦੇ ਨਾਲ ਰਲ ਕੇ ਐਵੇਂ ਉਲਝ ਗਿਆ ਹੈ। ਦੁਨੀਆਂ ਭਰ ਦੇ ਸਿੱਖ ਅਕਾਲ ਤਖ਼ਤ ਨੂੰ ਸਮਰਪਿਤ ਹਨ। ਚਾਹੇ ਕਮੇਟੀ ਕੋਈ ਵੀ ਹੋਵੇ, ਉਹ ਅਕਾਲ ਤਖ਼ਤ ਦਾ ਹੁਕਮ ਉਡੀਕਦੇ ਤੇ ਖਿੜੇ ਮੱਥੇ ਸਵੀਕਾਰਦੇ ਹਨ। ਪਰ ਜਦ ਕੋਈ ਮਹਿਸੂਸ ਕਰਦਾ ਹੈ ਕਿ ਅਕਾਲ ਤਖ਼ਤ ਦਾ ਹੁਕਮ ਉਲਾਰਵਾਦੀ ਜਾਂ ਪੱਖਪਾਤੀ ਹੈ, ਜਿਵੇਂ ਕਈ ਸਾਲਾਂ ਤੋਂ ਇਹ ਧਾਰਨਾ ਬਣਦੀ ਆ ਰਹੀ ਹੈ ਤਾਂ ਇਸ ਦਾ ਪ੍ਰਤੀਕਰਮ ਹੋਣਾ ਜ਼ਰੂਰੀ ਹੈ। ਆਪਣੇ ਰਸਤੇ ਤੁਰੇ ਜਾਂਦੇ ਕੀੜੇ ਤੇ ਪੈਰ ਰੱਖੋਗੇ ਤਾਂ ਆਪਣੇ ਬਚਾ ਲਈ ਉਹ ਦੰਦੀ ਵੱਢਣ ਪਵੇਗਾ।

ਸਿੱਖ ਮਰਿਆਦਾਵਾਂ ਦਾ ਕਿਵੇਂ ਘਾਣ ਹੁੰਦਾ ਹੈ ਤੇ ਹੋ ਰਿਹਾ ਹੈ, ਉਹ ਇੱਕ ਪਰਿਵਾਰ ਵਾਸਤੇ ਸਭ ਜਾਇਜ਼ ਹੈ। ਜੇ ਉਹ ਪਰਿਵਾਰ ਹਰਿਮੰਦਰ ਸਾਹਿਬ ਜਾਂਦਾ ਹੈ ਤਾਂ ਮੁੱਖ ਗ੍ਰੰਥੀ ਸਮੇਤ ਸਾਰੇ ਸੇਵਾਦਾਰ ਆਪਣੀਆਂ ਡਿਊਟੀਆਂ ਛੱਡ ਕੇ ਉਨ੍ਹਾਂ ਦੇ 'ਸਤਿਕਾਰ' ਵਾਸਤੇ ਉਠ ਖੜੇ ਹੁੰਦੇ ਹਨ। ਇਸ ਤੋਂ ਵੱਡਾ ਅਨਰਥ ਕੀ ਹੋ ਸਕਦਾ ਹੈ। ਅਕਾਲ ਤਖ਼ਤ ਇਸ ਦਾ ਕੋਈ ਨੋਟਿਸ ਨਹੀਂ ਲੈਂਦਾ। ਮੀਡੀਆ ਵੀ ਇੱਕ ਦੋ ਦਿਨ ਇਹ ਦ੍ਰਿਸ਼ ਦਿਖਾ ਕੇ ਚੁੱਪ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਦੀਆਂ ਬਿਰਤੀਆਂ ਹੁਣ ਹਰਿਆਣਾ ਵਿਚ ਮੱਚਣ ਵਾਲੇ ਇੱਕ ਹੋਰ ਮਹਾਂਭਾਰਤ ਵੱਲ ਜੁੜ ਗਈਆਂ ਹਨ।

ਗੁਰਦੁਆਰਿਆਂ ਵਿਚ ਬੇਹੁਰਮਤੀਆਂ ਰੋਕਣ ਵਾਸਤੇ ਸਿੱਖਾਂ ਨੂੰ ਲੰਬੀ ਜੱਦੋਜਹਿਦ ਕਰਨੀ ਪਈ। ਸਿੱਖ ਗੁਰਦੁਆਰਾ ਬਿਲ ਪੰਜਾਬ ਲੈਜਿਸਲੇਟਿਵ ਕੌਂਸਿਲ ਵੱਲੋਂ ਸੱਤ ਮਈ 1925 ਨੂੰ ਸ਼ਿਮਲਾ ਵਿਖੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਜਿਸ ਦੇ ਹੱਕ ਵਿਚ ਹਿੰਦੂ ਤੇ ਮੁਸਲਮਾਨ ਮੈਂਬਰਾਂ ਨੇ ਵੀ ਫਤਵਾ ਦਿੱਤਾ। ਇਹ ਬਿੱਲ 29 ਜੁਲਾਈ 1925 ਨੂੰ ਭਾਰਤ ਦੇ ਗਵਰਨਰ ਜਨਰਲ ਦੀ ਮੋਹਰ ਥੱਲੇ ਐਕਟ ਬਣ ਗਿਆ ਤੇ ਪਹਿਲੀ ਨਵੰਬਰ 1925 ਨੂੰ ਪੰਜਾਬ ਗਜ਼ਟ ਦੇ ਨੋਟੀਫਿਕੇਸ਼ਨ ਅਨੁਸਾਰ ਲਾਗੂ ਹੋ ਗਿਆ। ਇਸ ਨਾਲ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਇਸ ਕਮੇਟੀ ਦੇ ਅਧੀਨ ਆ ਗਿਆ। 1947 ਦੇ ਪਾਕਿਸਤਾਨ ਬਣਨ ਅਤੇ ਬਾਅਦ ਵਿਚ ਹਰਿਆਣਾ, ਹਿਮਾਚਲ ਆਦਿ ਵੱਖਰੀਆਂ ਰਿਆਸਤਾਂ ਬਣਨ 'ਤੇ ਇਸ ਦੀ ਤਰਮੀਮ ਦੀ ਲੋੜ ਪੈ ਗਈ। 1966 ਦੀ ਅਮੈਂਡਮੈਂਟ ਅਨੁਸਾਰ ਕੋਈ ਸੂਬਾ ਚਾਹੇ ਤਾਂ ਆਪਣੀ ਵੱਖਰੀ ਕਮੇਟੀ ਬਣਾ ਸਕਦਾ ਹੈ ਤੇ ਇਹ ਕਈ ਅਦਾਲਤੀ ਪ੍ਰਕਿਰਿਆਵਾਂ ਵਿਚੋਂ ਲੰਘ ਕੇ ਪਾਸ ਹੋ ਚੁੱਕਾ ਹੈ।

ਸਾਰੇ ਬੁੱਧੀਜੀਵੀ ਵਿਦਵਾਨ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਕਿਸੇ ਸਟੇਟ ਦਾ ਇਹ ਅੰਦਰੂਨੀ ਮਾਮਲਾ ਹੈ ਤੇ ਸੰਵਿਧਾਨ ਅਨੁਸਾਰ ਉਸ ਨੂੰ ਵੱਖਰੀ ਕਮੇਟੀ ਬਣਾਉਣ ਦਾ ਹੱਕ ਹਾਸਲ ਹੈ। ਹਰਿਆਣਾ ਹੋਵੇ, ਰਾਜਸਥਾਨ, ਚੰਡੀਗੜ੍ਹ, ਜੰਮੂ ਜਾਂ ਹਿਮਾਚਲ ਹੋਵੇ, ਉਥੋਂ ਦੇ ਸਿੱਖਾਂ ਨੂੰ ਅਧਿਕਾਰ ਹੈ ਕਿ ਉਹ ਆਪਣੇ ਗੁਰਦੁਆਰਿਆਂ ਦੀ ਸੇਵਾ ਤੇ ਸਾਂਭ-ਸੰਭਾਲ ਆਪ ਕਰਨ। ਸ਼੍ਰੋਮਣੀ ਕਮੇਟੀ ਦੀਆਂ ਫ਼ੌਜਾਂ ਨੂੰ ਕੋਈ ਹੱਕ ਨਹੀਂ ਕਿ ਉਹ ਉਸ ਦੂਸਰੇ ਸੂਬੇ ਦੇ ਗੋਲਕ ਕਬਜ਼ੇ ਵਾਸਤੇ ਚੜ੍ਹਾਈ ਕਰ ਕੇ ਜਾਣ ਜੋ ਉਨ੍ਹਾਂ ਪਹਿਲਾਂ ਆਪ ਹੀ ਅੱਡ ਕਰ ਦਿੱਤਾ ਹੈ। ਇਹ ਕਮੇਟੀ ਉਧਰੋਂ ਕਾਮਯਾਬ ਹੋ ਗਈ ਤਾਂ ਵਿਦੇਸ਼ੀ ਗੁਰਦੁਆਰਿਆਂ ਵੱਲ ਵੀ ਧਾਵਾ ਬੋਲਣਗੇ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉਧਰ ਵੀ ਅਜਿਹੇ ਲੋਕ ਮਿਲ ਜਾਣਗੇ ਜੋ ਆਪਣੇ ਭਾਈਚਾਰੇ ਦੇ ਹਿਤ ਪਾਸੇ ਰੱਖ ਕੇ ਉਨ੍ਹਾਂ ਨਾਲ ਫ਼ੋਟੋ ਖਿਚਵਾ ਕੇ ਹੀ ਮੱਲ ਮਾਰੀ ਸਮਝ ਲੈਂਦੇ ਹਨ।


ਸੰਗਤ ਦੇ ਹੁਸ਼ਿਆਰ ਹੋਣ ਦਾ ਵੇਲਾ ਹੈ। ਜ਼ਬਰ ਦਾ ਮੁਕਾਬਲਾ ਜ਼ਬਰ ਤੋਂ ਨਹੀਂ ਸਬਰ ਤੋਂ ਲੈਣਾ ਚਾਹੀਦਾ ਹੈ। ਇਸ ਖੂਨੀ ਟਕਰਾ ਤੋਂ ਬਚਣ ਲਈ ਬਹੁਤ ਤਹੱਮਲ ਦੀ ਲੋੜ ਹੈ। ਕੋਈ ਉਨ੍ਹਾਂ ਨੂੰ ਸਮਝਾਏ ਕਿ ਉਹ ਸਿੱਖਾਂ ਨੂੰ ਭਿੜਾ ਕੇ ਮਰਵਾਉਣ ਦਾ ਹੋਰ ਅਮਲ ਨਾ ਦੁਹਰਾਉਣ। ਬਰਛਿਆਂ-ਬੰਦੂਕਾਂ ਦਾ ਵੇਲਾ ਨਹੀਂ, ਅਪੀਲ-ਦਲੀਲ ਦਾ ਵੇਲਾ ਹੈ। ਇਹ ਸਿਆਸੀ ਲੜਾਈਆਂ ਹਨ ਜਿਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਨੂੰ ਨਹੀਂ ਵੜਨਾ ਚਾਹੀਦਾ। ਜੇ ਸਿੱਖ ਕੌਮ ਨੇ ਇਹ ਮੌਕਾ ਖੁੰਝਾ ਦਿੱਤਾ ਤਾਂ ਫਿਰ ਗੁਰਦੁਆਰਿਆਂ ਵਿਚ ਸੰਖ ਹੀ ਵੱਜਣਗੇ ਤੇ ਸੰਗਤ ਬੇਵੱਸ ਤੇ ਲਾਚਾਰ ਹੋ ਕੇ ਵੇਖਦੀ ਰਹਿ ਜਾਵੇਗੀ।

-ਚਰਨਜੀਤ ਸਿੰਘ ਪੰਨੂ

## ਦਸਵੀਂ ਦੇ ਵਿਦਿਆਰਥੀਆਂ ਲਈ 'ਮਾਂ-ਬੋਲੀ ਪੰਜਾਬੀ ਪੁਰਸਕਾਰ' ਦਾ ਐਲਾਨ

**ਲਾਂਬੜਾ (ਬਿਊਰੋ):** ਪੰਜਾਬੀ ਬੋਲੀ ਨੂੰ ਪ੍ਰਣਾਈ ਸੰਸਥਾ ਪੰਜਾਬੀ ਸੱਥ ਲਾਂਬੜਾ ਅਤੇ ਇਸ ਦੀਆਂ ਇਕਾਈਆਂ ਨੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਅਤੇ ਜਾਗਰੂਕਤਾ ਲਹਿਰ ਤਹਿਤ ਇਸ ਸਾਲ ਤੋਂ ਦਸਵੀਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ 'ਮਾਂ-ਬੋਲੀ ਪੰਜਾਬੀ ਪੁਰਸਕਾਰ' ਦੇਣ ਦਾ ਐਲਾਨ ਕੀਤਾ ਹੈ ਅਤੇ ਪਹਿਲੀ ਵਾਰ 43 ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਸੱਥ ਦੇ ਮੁੱਖ ਸੇਵਾਦਾਰ ਡਾ. ਨਿਰਮਲ ਸਿੰਘ ਮਾਲਵਾ ਨੇ ਦੱਸਿਆ ਕਿ ਸੱਥ ਵੱਲੋਂ ਇਸ ਸਾਲ ਦਸਵੀਂ ਜਮਾਤ ਵਿਚ ਪੰਜਾਬੀ ਵਿਸ਼ੇ ਵਿਚ ਸਭ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਵਾਰ ਸਨਮਾਨਿਤ ਕੀਤਾ ਜਾਵੇਗਾ। ਇਸ ਵਾਰ ਪੂਰੇ ਪੰਜਾਬ ਅਤੇ ਚੰਡੀਗੜ੍ਹ ਸਮੇਤ 43 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਪੁਰਸਕਾਰ ਵਿਚ ਸਨਮਾਨ ਪੱਤਰ, ਗਿਆਰਾਂ ਸੌ ਰੁਪਏ ਨਕਦ ਅਤੇ ਇੱਕ ਕਿਤਾਬਾਂ ਦਾ ਸੈਟ ਵਿਦਿਆਰਥੀ ਨੂੰ ਭੇਟ ਕੀਤਾ ਜਾਵੇਗਾ। ਇਹ ਸਾਰੇ ਸਨਮਾਨ ਆਉਂਦੇ ਇਕ ਮਹੀਨੇ ਵਿਚ ਪ੍ਰਦਾਨ ਕਰ ਦਿੱਤੇ ਜਾਣਗੇ।




ਡਾ. ਨਿਰਮਲ ਸਿੰਘ ਲਾਂਬੜਾ ਦਿੱਤੇ ਜਾਣ ਵਾਲਾ ਸਨਮਾਨ ਪੱਤਰ ਦਿਖਾਉਂਦੇ ਹੋਏ

## ਹਰਿਆਣਾ ਕਮੇਟੀ ਬਣਨ ਪਿਛੋਂ ਬਾਦਲ ਨੂੰ ਪੰਥ ਚੇਤੇ ਆਇਆ: ਅਕਾਲੀ ਦਲ ਮਾਨ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਹੈ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਪਿਛੋਂ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਚੇਤੇ ਆਇਆ ਹੈ। ਦਲ ਵਲੋਂ ਜਾਰੀ ਬਿਆਨ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ-ਅੰਮ੍ਰਿਤਸਰ ਬੜੀਆਂ ਕੁਰਬਾਨੀਆਂ ਤੇ ਘਾਲਣਾਵਾਂ ਪਿਛੋਂ ਹੋਂਦ ਵਿਚ ਆਈ ਸੀ ਤੇ ਆਸ ਪ੍ਰਗਟਾਈ ਗਈ ਸੀ ਕਿ ਇਹ ਆਜ਼ਾਦ ਹਸਤੀ ਦੇ ਰੂਪ ਵਿਚ ਗੁਰੂ ਘਰਾਂ ਦਾ ਪ੍ਰਬੰਧ ਸੰਭਾਲੇਗੀ ਪਰ ਪੰਜਾਬ ਦੀ ਸਿਆਸਤ 'ਤੇ ਬਾਦਲ ਪਰਿਵਾਰ ਦੀ ਪਕੜ ਪਿਛੋਂ ਸ਼੍ਰੋਮਣੀ ਕਮੇਟੀ 'ਤੇ ਪਕੜ ਨੇ ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਲਈ ਰਾਹ ਖੋਲ੍ਹਿਆ। ਸ. ਬਾਦਲ, ਅਵਤਾਰ ਸਿੰਘ ਮੱਕੜ ਅਤੇ ਉਨ੍ਹਾਂ ਦੇ ਨੇੜਲੇ ਵੱਖਰੀ ਹਰਿਆਣਾ ਕਮੇਟੀ ਦੀ ਹੋਂਦ ਮੰਨਣ ਤੋਂ ਇਸ ਕਰਕੇ ਇਨਕਾਰੀ ਹਨ ਕਿਉਂਕਿ ਹਰਿਆਣਾ ਦੇ ਗੁਰਦੁਆਰਿਆਂ ਦੇ ਚੜ੍ਹਾਵੇ ਅਤੇ ਜ਼ਮੀਨ-ਜਾਇਦਾਦ ਉਤੇ ਹੁਣ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਕੰਟਰੋਲ ਨਹੀਂ ਰਹੇਗਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਸੀਨੀਅਰ ਮੀਤ ਪ੍ਰਧਾਨ ਰੇਸ਼ਮ ਸਿੰਘ, ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਅਤੇ ਮੱਖਣ ਸਿੰਘ ਕਲੇਰ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜੇ ਹਰਿਆਣਾ ਦੇ ਸਿੱਖਾਂ ਦੀਆਂ ਮੰਗਾਂ ਵੱਲ ਧਿਆਨ ਦਿੱਤਾ ਜਾਂਦਾ ਤਾਂ ਵੱਖਰੀ ਕਮੇਟੀ ਨਹੀਂ ਸੀ ਬਣਨੀ। ਹੁਣ ਪੰਥ ਦਰਦੀ ਹੋਣ ਦੀ ਗੱਲ ਕਰਕੇ ਵੱਖਰੀ ਕਮੇਟੀ ਬਣਨ ਦੇ ਰੋਸ ਵਜੋਂ 27 ਜੁਲਾਈ ਨੂੰ ਅੰਮ੍ਰਿਤਸਰ ਵਿਚ ਕੀਤੇ ਜਾਣ ਵਾਲਾ ਇਕੱਠ ਬਾਦਲਾਂ ਅਤੇ ਉਨ੍ਹਾਂ ਦੇ ਨੇੜਲਿਆਂ ਦਾ ਮਹਿਜ਼ ਡਰਾਮਾ ਹੈ।

# ਕਪੂਰ ਖਾਨਦਾਨ ਦੀ ਜੱਦੀ ਹਵੇਲੀ ਬਣੀ ਖੰਡਰ



**ਇਸਲਾਮਾਬਾਦ:** ਭਾਰਤੀ ਫ਼ਿਲਮ ਸਨਅਤ 'ਤੇ ਦਹਾਕਿਆਂ ਤੱਕ ਛਾਇਆ ਰਿਹਾ ਕਪੂਰ ਪਰਿਵਾਰ ਦਾ ਪਾਕਿਸਤਾਨ ਦੇ ਉੱਤਰ ਪੱਛਮੀ ਸ਼ਹਿਰ ਪਿਸ਼ਾਵਰ ਵਿਚਲਾ ਜੱਦੀ ਘਰ ਖਸਤਾ ਹਾਲਤ ਵਿਚ ਹੈ ਤੇ ਉਹ ਕਿਸੇ ਵੇਲੇ ਵੀ ਡਿੱਗ ਸਕਦਾ ਹੈ। ਕਪੂਰ ਖਾਨਦਾਨ ਦੇ ਪੁਰਖੇ ਵੰਡ ਤੋਂ ਪਹਿਲਾਂ ਪੇਸ਼ਾਵਰ ਦੇ ਕਿੱਸਾ ਖਵਾਨੀ ਬਾਜ਼ਾਰ ਨੇੜੇ ਢੱਕੀ ਵਿਚ ਰਹਿੰਦੇ ਸਨ।

'ਡਾਅਨ' ਅਖ਼ਬਾਰ ਨੇ ਹਵੇਲੀ ਦੀ ਤਰਸਯੋਗ ਹਾਲਤ ਨੂੰ ਬਿਆਨ ਕਰਦਿਆਂ ਸਰਕਾਰ ਵੱਲੋਂ ਇਸ ਦਾ ਕੋਈ ਖਿਆਲ ਨਾ ਕਰਨ ਦੀ ਨੁਕਤਾਚੀਨੀ ਕੀਤੀ ਹੈ। ਅਖ਼ਬਾਰ ਦੇ ਪੱਤਰਕਾਰ ਨੇ ਹਵੇਲੀ ਦਾ ਦੌਰਾ ਕਰਨ ਤੋਂ ਬਾਅਦ ਲਿਖਿਆ ਹੈ ਕਿ ਪਿਛਲੀ ਦੀਵਾਰ ਵਿਚ ਸੁਰਾਖ ਰਾਹੀਂ ਘਰ ਅੰਦਰ ਦਾਖ਼ਲ ਹੋਇਆ ਪਰ ਅੰਦਰ ਕਦਮ ਬਚਾ-ਬਚਾ ਕੇ ਰੱਖਣੇ ਪੈ ਰਹੇ ਸਨ ਕਿਉਂਕਿ ਉਪਰੋਂ ਛੱਤ ਤੋਂ ਮਲਬਾ ਡਿੱਗ ਰਿਹਾ ਸੀ। ਇਮਾਰਤ ਨੂੰ ਜੇਕਰ ਤੁਰੰਤ ਬਚਾਇਆ ਨਾ ਗਿਆ ਤਾਂ ਇਹ ਖਾਕ ਹੋ ਜਾਏਗੀ। ਪੱਤਰਕਾਰ ਨੇ ਹਵੇਲੀ ਦੇ ਝਰੋਖਿਆਂ ਤੇ ਆਲੀਸ਼ਾਨ ਕਲਾਕ੍ਰਿਤਾਂ ਦੀ ਸ਼ਲਾਘਾ ਕੀਤੀ ਹੈ। ਹਵੇਲੀ ਵਿਚ ਭਾਵੇਂ ਚੁੱਪ ਛਾਈ ਹੋਈ ਹੈ ਪਰ ਉਹ ਹੌਲੀ-ਹੌਲੀ ਢਹਿ ਰਹੀ ਹੈ।

ਲੋਕ ਨੇੜਿਓਂ ਲੰਘਦੇ ਹਨ ਪਰ ਉਹ ਹਵੇਲੀ ਦੀ ਮਹੱਤਤਾ ਤੋਂ ਜਾਣੂ ਨਹੀਂ ਹਨ। ਪੱਤਰਕਾਰ ਨੇ ਇਕ ਹੋਰ ਬਾਲੀਵੁੱਡ ਅਦਾਕਾਰ ਦਲੀਪ ਕੁਮਾਰ ਦੇ ਫੀਲਖਾਨਾ ਨਵਾਬ ਨਾਸਿਰ ਖ਼ਾਨ ਵਿਚ ਜੱਦੀ ਘਰ ਦਾ ਵੀ ਦੌਰਾ ਕੀਤਾ। ਇਸ ਗਲੀ ਵਿਚ ਆਖਰੀ ਮੁਗਲ ਗਵਰਨਰ ਨਾਸਿਰ ਖ਼ਾਨ ਨੇ ਹਾਥੀਆਂ ਦਾ ਸ਼ੈੱਡ ਪਾਇਆ ਹੋਇਆ ਸੀ।

ਟਰੈਜਡੀ ਕਿੰਗ ਵਜੋਂ ਮਸ਼ਹੂਰ ਦਲੀਪ ਕੁਮਾਰ ਦਾ ਘਰ ਪਿਛਲੇ ਦਿਨੀਂ ਉਸ ਸਮੇਂ ਸੁਰਖੀਆਂ ਵਿਚ ਆਇਆ ਸੀ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਇਸ ਨੂੰ ਕੌਮੀ ਵਿਰਾਸਤ ਐਲਾਨਿਆ ਸੀ। ਮਸ਼ਹੂਰ ਬਾਲੀਵੁੱਡ ਅਦਾਕਾਰ ਸ਼ਾਹਰੁਖ ਖ਼ਾਨ ਦੇ ਪੁਰਖੇ ਵੀ ਪੇਸ਼ਾਵਰ ਵਿਚ ਰਹਿੰਦੇ ਸਨ। ਉਸ ਦੇ ਚਚੇਰੇ ਭਰਾ ਮਕਸੂਦ ਅਹਿਮਦ ਨੇ ਕਿਹਾ ਕਿ ਸ਼ਾਹਰੁਖ ਖ਼ਾਨ ਦੇ ਪਿਤਾ ਤਾਜ ਮੁਹੰਮਦ ਖ਼ਾਨ ਤੇ ਉਨ੍ਹਾਂ ਦਾ ਭਰਾ ਗੁਲਾਮ ਮੁਹੰਮਦ ਗਾਮਾ ਕਾਂਗਰਸ ਦੇ ਪੱਕੇ ਹਮਾਇਤੀ ਸਨ। ਵੰਡ ਤੋਂ ਬਾਅਦ ਤਾਜ ਮੁਹੰਮਦ ਨੇ ਗ੍ਰਿਫਤਾਰੀ ਤੋਂ ਬਚਣ ਲਈ ਪਾਕਿਸਤਾਨ ਛੱਡ ਦਿੱਤਾ ਸੀ ਜਦਕਿ ਉਸ ਦੇ ਭਰਾ ਗਾਮਾ ਨੂੰ ਸੱਤ ਸਾਲਾਂ ਦੀ ਕੈਦ ਹੋਈ ਸੀ। ਰਿਪੋਰਟ ਮੁਤਾਬਕ ਜੇਕਰ ਇਸ ਇਮਾਰਤ ਨੂੰ ਛੇਤੀ ਸੰਭਾਲਿਆ ਨਾ ਗਿਆ ਤਾਂ ਪਤਾ ਨਹੀਂ ਕਦੋਂ ਇਹ ਮਲਬੇ ਦਾ ਢੇਰ ਬਣ ਜਾਵੇ।

# ਜਥੇਦਾਰ ਵਲੋਂ ਝੀਂਡਾ, ਨਲਵੀ ਤੇ ਚੱਠਾ ਨੂੰ ਪੰਥ 'ਚੋਂ ਛੇਕੇ ਜਾਣ ਦੇ ਫੈਸਲੇ ਦਾ ਵਿਰੋਧ

**ਸੈਨ ਹੋਜ਼ੇ (ਬਿਊਰੋ):** ਇਥੋਂ ਚੱਲਣ ਵਾਲੇ ਪੰਜਾਬੀ ਰੇਡੀਓ ਯੂ ਐਸ ਏ ਵਲੋਂ ਕਰਵਾਏ ਗਏ ਸਰਵੇਖਣ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਜੱਦੋਜਹਿਦ ਕਰਨ ਵਾਲੇ ਸਿੱਖ ਆਗੂਆਂ-ਜਗਦੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ ਅਤੇ ਹਰਮਿੰਦਰ ਸਿੰਘ ਚੱਠ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਫੈਸਲੇ ਨੂੰ ਰੱਦ ਕਰ ਦਿਤਾ ਗਿਆ ਹੈ। ਸਰਵੇਖਣ ਵਿਚ ਅਕਾਲ ਤਖਤ ਦੇ ਜਥੇਦਾਰ ਦੇ ਹੁਕਮਨਾਮੇ ਨੂੰ ਮਰਿਆਦਾ ਦੇ ਉਲਟ ਧਰਮ ਤੋਂ ਸੱਖਣਾ ਕਰਾਰ ਦਿੱਤਾ ਗਿਆ ਹੈ।

ਰੇਡੀਓ ਦੇ ਪ੍ਰਬੰਧਕਾਂ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਰਵੇਖਣ ਵਿਚ ਕੁਲ 5726 ਸਰੋਤਿਆਂ ਨੇ ਹਿੱਸਾ ਲਿਆ ਜਿਨ੍ਹਾਂ ਵਿਚੋਂ 4790 (84%) ਨੇ ਝੀਂਡਾ, ਨਲਵੀ ਤੇ ਚੱਠਾ ਨੂੰ ਪੰਥ ਵਿਚੋਂ ਛੇਕੇ ਜਾਣ ਦੇ ਫੈਸਲੇ ਨੂੰ 'ਠੀਕ ਨਹੀਂ' ਆਖ ਕੇ ਰੱਦ ਕਰ ਦਿੱਤਾ ਜਦਕਿ 936 (16%) ਸਰੋਤਿਆਂ ਨੇ ਇਸ ਫੈਸਲੇ ਦੇ ਹੱਕ ਵਿਚ ਵੋਟ ਪਾਈ। ਯਾਦ ਰਹੇ, ਇਹ ਰੇਡੀਓ 12 ਸਟੇਸ਼ਨਾਂ ਤੋਂ ਰੇਡੀਓ ਸੈਟਾਂ ਰਾਹੀਂ ਸੁਣਿਆ ਜਾ ਸਕਦਾ ਹੈ ਅਤੇ ਕਿਸੇ ਵੀ ਸਮਾਰਟ ਫੋਨ 'ਤੇ ਐਪ ਡਾਊਨਲੋਡ ਕਰਕੇ 832-551-5029 ਜਾਂ 605-475-6868 ਡਾਇਲ ਕਰਕੇ ਸੁਣਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਫੋਨ 408-272-5200 ਤੋਂ ਲਈ ਜਾ ਸਕਦੀ ਹੈ।

# ਥਰਮਲ ਬਿਜਲੀਘਰਾਂ ਨੂੰ 64 ਕਰੋੜ ਰੁਪਏ ਜੁਰਮਾਨਾ

**ਬਠਿੰਡਾ:** ਰੇਲਵੇ ਨੇ ਪੰਜਾਬ ਦੇ ਤਾਪ ਬਿਜਲੀ ਘਰਾਂ ਨੂੰ 64 ਕਰੋੜ ਰੁਪਏ ਦਾ ਜੁਰਮਾਨਾ ਲਾ ਦਿੱਤਾ ਹੈ। ਤਾਪ ਬਿਜਲੀ ਘਰਾਂ ਵਿਚ ਤੈਅ ਸਮੇਂ ਵਿਚ ਕੋਲਾ ਨਹੀਂ ਉਤਾਰਿਆ ਗਿਆ ਸੀ। ਇਸ ਕਰਕੇ ਰੇਲਵੇ ਨੇ ਤਾਪ ਬਿਜਲੀ ਘਰਾਂ ਨੂੰ ਸੱਤ ਵਰ੍ਹਿਆਂ ਵਿਚ 71.55 ਕਰੋੜ ਰੁਪਏ ਦਾ ਜੁਰਮਾਨਾ ਪਾਇਆ, ਜਿਸ ਵਿਚੋਂ ਪਾਵਰਕੌਮ ਨੂੰ 64.19 ਕਰੋੜ ਰੁਪਏ ਜੁਰਮਾਨੇ ਵਜੋਂ ਤਾਰਨੇ ਪਏ ਹਨ। ਬਾਕੀ 7.16 ਕਰੋੜ ਰੁਪਏ ਰੇਲਵੇ ਨੇ ਮੁਆਫ਼ ਕਰ ਦਿੱਤੇ ਹਨ। ਰੇਲਵੇ ਨੇ ਤਾਪ ਬਿਜਲੀ ਘਰਾਂ ਵਿਚ ਕੋਲਾ ਉਤਾਰਨ ਦਾ ਸਮਾਂ ਘਟਾ ਦਿੱਤਾ ਹੈ ਤੇ ਉਲਟਾ ਜੁਰਮਾਨਾ ਦਰ ਵਧਾ ਦਿੱਤੀ ਹੈ।

ਤਾਪ ਬਿਜਲੀ ਘਰਾਂ ਵੱਲੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਦਿੱਤੇ ਗਏ ਵੇਰਵਿਆਂ ਮੁਤਾਬਕ ਪੰਜਾਬ ਦੇ ਤਿੰਨ ਤਾਪ ਬਿਜਲੀ ਘਰਾਂ ਵਿਚ ਲੰਘੇ ਸੱਤ ਵਰ੍ਹਿਆਂ ਵਿਚ 8.06 ਕਰੋੜ ਮੀਟਰਿਕ ਟਨ ਕੋਲੇ ਦੀ ਖਪਤ ਹੋਈ ਹੈ। ਇਹ ਕੋਲਾ ਝਾਰਖੰਡ ਤੋਂ ਆਉਂਦਾ ਹੈ, ਜਿਸ ਨੂੰ ਤਾਪ ਬਿਜਲੀ ਘਰਾਂ ਵਿਚ ਉਤਾਰਨ ਸਮੇਂ ਕੋਈ ਨਾ ਕੋਈ ਅੜਚਨ ਆ ਜਾਂਦੀ ਹੈ। ਰੇਲਵੇ ਵੱਲੋਂ ਤਾਪ ਬਿਜਲੀ ਘਰਾਂ ਨੂੰ ਇਕ ਰੈਕ (58 ਡੱਬਿਆਂ) ਵਿਚੋਂ ਕੋਲਾ ਉਤਾਰਨ ਲਈ ਸਿਰਫ ਸੱਤ ਘੰਟਿਆਂ ਦਾ ਸਮਾਂ ਦਿੱਤਾ ਜਾਂਦਾ ਹੈ। ਜੇਕਰ ਕੋਲਾ ਇਸ ਨਿਸ਼ਚਿਤ ਸਮੇਂ ਵਿਚ ਨਹੀਂ ਉਤਾਰਿਆ ਜਾਂਦਾ ਤਾਂ ਰੇਲਵੇ ਵੱਲੋਂ ਪ੍ਰਤੀ ਘੰਟਾ 350 ਰੁਪਏ ਪ੍ਰਤੀ ਮੀਟਰਿਕ ਟਨ ਜੁਰਮਾਨਾ ਤਾਪ ਬਿਜਲੀ ਘਰਾਂ ਨੂੰ ਲਾ ਦਿੱਤਾ ਜਾਂਦਾ ਹੈ। ਹਾਲੇ ਕੁਝ ਮਹੀਨੇ ਪਹਿਲਾਂ ਜੁਰਮਾਨੇ



ਦੀ ਦਰ 300 ਰੁਪਏ ਪ੍ਰਤੀ ਘੰਟਾ ਪ੍ਰਤੀ ਮੀਟਰਿਕ ਟਨ ਸੀ। ਇਸੇ ਤਰ੍ਹਾਂ ਰੇਲਵੇ ਪਹਿਲਾਂ ਕੋਲਾ ਉਤਾਰਨ ਵਾਸਤੇ ਤਾਪ ਬਿਜਲੀ ਘਰਾਂ ਨੂੰ ਅੱਠ ਘੰਟੇ ਦਾ ਸਮਾਂ ਦਿੰਦਾ ਸੀ, ਜੋ ਹੁਣ ਘਟਾ ਕੇ ਸੱਤ ਘੰਟੇ ਕਰ ਦਿੱਤਾ ਗਿਆ ਹੈ। ਬਠਿੰਡਾ ਦੇ ਤਾਪ ਬਿਜਲੀ ਘਰ ਵਿਚ ਸਾਲ 2007 ਤੋਂ 2013-14 ਤੱਕ 1.11 ਕਰੋੜ ਮੀਟਰਿਕ ਟਨ ਕੋਲੇ ਦੀ ਖ਼ਪਤ ਹੋਈ ਹੈ।

ਰੇਲਵੇ ਨੇ ਇਸ ਥਰਮਲ ਨੂੰ ਇਨ੍ਹਾਂ ਸੱਤ ਵਰ੍ਹਿਆਂ ਵਿਚ 11.66 ਕਰੋੜ ਰੁਪਏ ਜੁਰਮਾਨਾ ਪਾਇਆ ਹੈ, ਜਿਸ ਵਿਚੋਂ 1.41 ਕਰੋੜ ਰੁਪਏ ਹੀ ਮੁਆਫ਼ ਕੀਤੇ ਗਏ ਹਨ ਜਦਕਿ 10.25 ਕਰੋੜ ਰੁਪਏ ਭਰਨੇ ਪਏ ਹਨ। ਤਾਪ ਬਿਜਲੀ ਘਰ ਦੇ ਮੁੱਖ ਇੰਜਨੀਅਰ ਕਰਨੈਲ ਸਿੰਘ ਮਾਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕੋਸ਼ਿਸ਼ ਤਾਂ ਨਿਸ਼ਚਿਤ ਸਮੇਂ ਅੰਦਰ ਹੀ ਰੈਕ ਖਾਲੀ ਕਰਨ ਦੀ ਹੁੰਦੀ ਹੈ ਪਰ ਕਈ ਵਾਰ ਕੋਲੇ ਵਿਚ ਵੱਡੇ-ਵੱਡੇ ਪੱਥਰ ਆ ਜਾਂਦੇ ਹਨ ਜਾਂ ਫਿਰ ਬਾਰਸ਼ਾਂ ਦੇ ਦਿਨਾਂ ਵਿਚ ਕੋਲਾ ਭਿੱਜ ਜਾਂਦਾ ਹੈ, ਜਿਸ ਕਰਕੇ ਸਮਾਂ ਜ਼ਿਆਦਾ ਲੱਗਦਾ ਹੈ।

ਰੋਪੜ ਤਾਪ ਬਿਜਲੀ ਘਰ ਨੂੰ ਸਭ ਤੋਂ ਜ਼ਿਆਦਾ ਜੁਰਮਾਨੇ ਪਏ ਹਨ। ਇਸ ਤਾਪ ਬਿਜਲੀ ਘਰ ਵਿਚ ਸੱਤ ਵਰ੍ਹਿਆਂ ਵਿਚ 4.28 ਕਰੋੜ ਮੀਟਰਿਕ ਟਨ ਕੋਲੇ ਦੀ ਖਪਤ ਹੋਈ ਹੈ। ਰੇਲਵੇ ਨੇ ਇਸ ਸਮੇਂ ਦੌਰਾਨ ਇਸ ਥਰਮਲ ਨੂੰ 43.98 ਕਰੋੜ ਦਾ ਜੁਰਮਾਨਾ ਪਾਇਆ, ਜਿਸ ਵਿਚੋਂ 39.78 ਕਰੋੜ ਰੁਪਏ ਤਾਰਨੇ ਪਏ ਤੇ ਰੇਲਵੇ ਨੇ ਚਾਰ ਕਰੋੜ ਰੁਪਏ ਹੀ ਮੁਆਫ਼ ਕੀਤੇ ਹਨ। ਇਵੇਂ ਹੀ ਲਹਿਰਾ ਮੁਹੱਬਤ ਤਾਪ ਬਿਜਲੀ ਘਰ ਨੂੰ ਰੇਲਵੇ ਨੇ 15.91 ਕਰੋੜ ਰੁਪਏ ਜੁਰਮਾਨੇ ਪਾ ਦਿੱਤੇ, ਜਿਨ੍ਹਾਂ ਵਿਚੋਂ 14.16 ਕਰੋੜ ਰੁਪਏ ਦੇ ਜੁਰਮਾਨੇ ਤਾਰਨੇ ਪਏ ਹਨ। ਪੌਣੇ ਦੋ ਕਰੋੜ ਰੁਪਏ ਜੁਰਮਾਨਾ ਹੀ ਥਰਮਲ ਮੁਆਫ਼ ਕਰਵਾ ਸਕਿਆ ਹੈ। ਇਸ ਥਰਮਲ ਵਿਚ ਸੱਤ ਵਰ੍ਹਿਆਂ ਵਿਚ 2.67 ਕਰੋੜ ਮੀਟਰਿਕ ਟਨ ਕੋਲੇ ਦੀ ਖ਼ਪਤ ਹੋਈ ਹੈ।

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰ 'ਚ ਧਾਰਮਿਕ ਦੀਵਾਨ

**ਫਿਸ਼ਰ, ਇੰਡੀਆਨਾ (ਬਿਊਰੋ):** ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰ ਵਿਚ 7 ਰੋਜ਼ਾ ਧਾਰਮਿਕ ਦੀਵਾਨ ਸਜਾਏ ਗਏ। ਭਾਰੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰ ਦੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਬੱਦੋਵਾਲ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਗੁਰੂ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾ ਕੇ ਸਿੱਖੀ ਵਿਰਸੇ ਨਾਲ ਜੋੜਨ ਦਾ ਯਤਨ ਕੀਤਾ। ਇਸੇ ਦੌਰਾਨ ਜਥੇ ਵਲੋਂ ਇਤਿਹਾਸਕ ਵਾਰਾਂ ਦੀਆਂ ਡੀ.ਵੀ.ਡੀਜ਼ ਤੇ ਐਮ.ਪੀ-3 ਵੀ ਭੇਟਾ ਰਹਿਤ ਮੁਹੱਈਆ ਕਰਵਾਈਆਂ ਗਈਆਂ।

ਦੀਵਾਨ ਦੀ ਸਮਾਪਤੀ ਉਪਰੰਤ ਪ੍ਰਬੰਧਕ ਕਮੇਟੀ ਦੇ ਭਾਈ ਹਰਜਿੰਦਰ ਸਿੰਘ, ਭਾਈ ਸੰਤ ਸਿੰਘ ਅਤੇ ਭਾਈ ਰਣਧੀਰ ਸਿੰਘ ਨੇ ਢਾਡੀ ਜਥੇ ਦਾ ਸਨਮਾਨ ਕਰਦਿਆਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ।


ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ
ਕਰਨ ਗਿੱਲ

Ph: (734) 612-9984
Either Buying or Selling a Home in Michigan
"Always Go with the Winner"
COLDWELL BANKER
44644 Ann Arbor Road Plymouth, MI 48170
Email: KarnGill@Hotmail.com
Website: www.KarnGill.com



WEBSITE - DHOLRADIO.ORG
Dhol Radio
REQUEST SONG
MUSIC24/7
LISTEN ON PHONE
LIVE CALLS → USA +1-951-824-6365
CANADA +1-604-210-1955
skype - DHOLRADIO.ORG
01 PM TO 3 PM, 9.30 PM TO 11.30 PM (IST)
LISTEN BY CALL → USA +702-489-0211
UK +44-20-3519-1210
Application For Android and iPhone - Dhol Radio

# ਹਰਿਆਣਾ ਦੇ ਸਿੱਖ ਆਗੂਆਂ ਨੂੰ ਪੰਥ ਵਿਚੋਂ ਛੇਕਣ ਦਾ ਮਾਮਲਾ ਭਖਿਆ

## ਸਿੱਖ ਵਿਦਵਾਨ ਅਕਾਲ ਤਖਤ 'ਤੇ ਵਧਦੇ ਸਿਆਸੀ ਪ੍ਰਭਾਵ ਤੋਂ ਚਿੰਤਤ



**ਅੰਮ੍ਰਿਤਸਰ:** ਹਰਿਆਣਾ ਦੇ ਤਿੰਨ ਸਿੱਖ ਆਗੂਆਂ ਦੀਦਾਰ ਸਿੰਘ ਨਲਵੀ, ਜਗਦੀਸ਼ ਸਿੰਘ ਝੀਂਡਾ ਤੇ ਹਰਿਆਣਾ ਦੇ ਵਿੱਤ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਸਿੱਖ ਪੰਥ ਵਿਚੋਂ ਛੇਕਣ ਦੀ ਕਾਰਵਾਈ ਤੋਂ ਬਾਅਦ ਸਿੱਖ ਵਿਦਵਾਨਾਂ ਵਿਚ ਇਸ ਮਤ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ ਕਿ ਸ੍ਰੀ ਅਕਾਲ ਤਖਤ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਰੱਖਣਾ ਚਾਹੀਦਾ ਹੈ ਤਾਂ ਹੀ ਇਸ ਦੀ ਸਰਵਉਚਤਾ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਕਈ ਸਿੱਖ ਵਿਦਵਾਨਾਂ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਹਰਿਆਣਾ ਦੇ ਸਿੱਖ ਆਗੂਆਂ ਨੂੰ ਪੰਥ ਵਿਚੋਂ ਛੇਕਣ ਦੀ ਕਾਰਵਾਈ ਨੂੰ ਕਾਹਲੀ ਨਾਲ ਦਿੱਤਾ ਫ਼ੈਸਲਾ ਕਰਾਰ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਰਿਆਣਾ ਦੇ ਤਿੰਨ ਸਿੱਖ ਆਗੂਆਂ ਨੂੰ ਪੰਥ ਵਿਚੋਂ ਛੇਕਣ ਦੀ ਕਾਰਵਾਈ ਨੂੰ ਗੈਰ ਸਿਧਾਂਤਕ ਕਰਾਰ ਦਿੱਤਾ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਬਿਨਾ ਕਿਸੇ ਦਾ ਪੱਖ ਸੁਣਿਆ ਉਸ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਠੀਕ ਨਹੀਂ ਤੇ ਸਿੱਖ ਧਰਮ ਦੇ ਸਿਧਾਂਤ ਇਸ ਦੀ ਬਿਲਕੁਲ ਇਜਾਜ਼ਤ ਨਹੀਂ ਦਿੰਦੇ।

ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਪਿਛਲੇ ਕੁਝ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋ ਰਹੇ ਹੁਕਮਨਾਮੇ ਤੇ ਆਦੇਸ਼ਾਂ ਨਾਲ ਇਹ ਪ੍ਰਭਾਵ ਜਾ ਰਿਹਾ ਹੈ ਕਿ ਇਹ ਸਭ ਕੁਝ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਉਹ ਮਹਿਸੂਸ ਕਰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਦੇ ਅੰਦਰੂਨੀ ਮਾਮਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਬੰਦ ਕਰਨੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਵੱਲੋਂ ਹਰਿਆਣਾ ਦੇ ਸਿੱਖਾਂ ਨੂੰ ਕਾਹਲੀ ਨਾਲ ਪੰਥ ਵਿਚੋਂ ਛੇਕਣ ਦੀ ਕਾਰਵਾਈ ਨਾਲ ਇਸ ਦੇ ਵੱਕਾਰ ਨੂੰ ਢਾਹ ਲੱਗੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹੁਣ ਲੋਕਾਂ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮਿਆਂ ਤੇ ਆਦੇਸ਼ਾਂ ਨੂੰ ਮਜ਼ਾਕ ਵਜੋਂ ਲਿਆ ਜਾ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਖਿਆ ਕਿ ਪੰਜ ਸਿੰਘ ਸਾਹਿਬਾਨ ਵੱਲੋਂ ਕਾਹਲ ਨਾਲ ਕਾਰਵਾਈ ਹੋਈ ਹੈ।ਉਨ੍ਹਾਂ ਇਹ ਵੀ ਕਿਹਾ ਕਿ ਬੁੱਧੀਜੀਵੀ ਵਰਗ ਵਿਚ ਇਹ ਪ੍ਰਭਾਵ ਹੈ ਕਿ ਇਸ ਕਾਰਵਾਈ ਨਾਲ ਸ੍ਰੀ ਅਕਾਲ ਤਖ਼ਤ ਦੀ ਪ੍ਰਭੂਸੱਤਾ ਅਸਰਅੰਦਾਜ਼ ਹੋਈ ਹੈ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪਹਿਲਾਂ ਹੀ ਦਖਲ ਦੇ ਕੇ ਤੇ ਹਰਿਆਣਾ ਸਿੱਖਾਂ ਨੂੰ ਸੱਦ ਕੇ ਉਨ੍ਹਾਂ ਦੇ ਗਿਲੇ-ਸ਼ਿਕਵੇ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਮਰਿਆਦਾ ਮੁਤਾਬਕ ਹਰਿਆਣਾ ਦੇ ਸਿੱਖਾਂ ਨੂੰ ਪਹਿਲਾਂ ਦੋਸ਼ ਪੱਤਰ ਭੇਜਿਆ ਜਾਣਾ ਚਾਹੀਦਾ ਸੀ ਤੇ ਉਨ੍ਹਾਂ ਦੇ ਉੱਤਰ ਦੀ ਉਡੀਕ ਕਰਨੀ ਚਾਹੀਦੀ ਸੀ। ਜੇਕਰ ਉਹ ਹਾਜ਼ਰ ਨਾ ਹੁੰਦੇ ਤੇ ਉੱਤਰ ਨਾ ਦਿੰਦੇ ਤਾਂ ਫਿਰ ਤਨਖਾਹੀਆ ਕਰਾਰ ਦੇਣਾ ਚਾਹੀਦਾ ਸੀ।

ਦਮਦਮੀ ਟਕਸਾਲ ਤੇ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ (ਧੁੰਮਾ) ਨੇ ਆਖਿਆ ਕਿ ਉਹ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕਰਨਗੇ। ਉਨ੍ਹਾਂ ਪੰਜ ਸਿੰਘ ਸਾਹਿਬਾਨ ਨੂੰ ਇਕ ਪੱਤਰ ਸੌਂਪ ਕੇ ਅਪੀਲ ਕੀਤੀ ਸੀ ਕਿ ਵੱਖਰੀ ਕਮੇਟੀ ਇਕ ਗੰਭੀਰ ਮਾਮਲਾ ਹੈ ਤੇ ਇਸ ਮਾਮਲੇ ਵਿਚ ਕਾਹਲ ਕਦਮੀ ਨਾ ਕੀਤੀ ਜਾਵੇ, ਜਿਸ ਨਾਲ ਪੰਥ ਦੋਫਾੜ ਹੋਵੇ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਮਾਮਲਾ ਪੰਜਾਬ ਦੇ ਸਿੱਖ ਆਗੂਆਂ ਵੱਲੋਂ ਕੀਤੀ ਗਈ ਢਿੱਲ-ਮੱਠ ਕਾਰਨ ਉਭਰਿਆ ਹੈ। ਜੇਕਰ ਇਸ ਮਾਮਲੇ ਵਿਚ ਸਮੇਂ ਸਿਰ ਕੋਈ ਫ਼ੈਸਲਾ ਲਿਆ ਜਾਂਦਾ ਤਾਂ ਇਸ ਸੰਕਟ ਨੂੰ ਹੱਲ ਕੀਤਾ ਜਾ ਸਕਦਾ ਸੀ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਭਗਵੰਤ ਸਿੰਘ ਨੇ ਆਖਿਆ ਕਿ ਪੰਜ ਸਿੰਘ ਸਾਹਿਬਾਨ ਵੱਲੋਂ ਹਰਿਆਣਾ ਦੇ ਸਿੱਖਾਂ ਨੂੰ ਪੰਥ ਵਿਚੋਂ ਛੇਕਣ ਦਾ ਫ਼ੈਸਲਾ ਗਲਤ ਹੈ। ਇਹ ਫ਼ੈਸਲਾ ਕਰਨ ਤੋਂ ਪਹਿਲਾਂ ਹਰਿਆਣਾ ਦੇ ਸਿੱਖ ਆਗੂਆਂ ਦਾ ਪੱਖ ਵੀ ਸੁਣਨਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਇਸ ਫੈਸਲੇ ਨੂੰ ਮੁੜ ਤੋਂ ਵਿਚਾਰਨਾ ਚਾਹੀਦਾ ਹੈ ਕਿਉਂਕਿ ਇਹ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਤੋਂ ਕੋਈ ਵੀ ਫ਼ੈਸਲਾ ਕਾਹਲੀ ਵਿਚ ਨਹੀਂ ਹੋਣਾ ਚਾਹੀਦਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਸਲਾਹ ਵਾਸਤੇ ਇਕ ਸਲਾਹਕਾਰ ਬੋਰਡ ਦਾ ਗਠਨ ਹੋਣਾ ਚਾਹੀਦਾ ਹੈ, ਜਿਸ ਵਿਚ ਸਿੱਖ ਵਿਦਵਾਨ ਸ਼ਾਮਲ ਹੋਣ। ਉਹ ਪਹਿਲਾਂ ਸਾਰੇ ਮਾਮਲੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਤੇ ਇਸ ਤੋਂ ਬਾਅਦ ਹੀ ਅਗਲੀ ਕਾਰਵਾਈ ਹੋਵੇ।

ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਸਾਬਕਾ ਮੁਖੀ ਕਸ਼ਮੀਰ ਸਿੰਘ ਪੱਟੀ ਨੇ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣੇ ਤੌਰ 'ਤੇ ਹੁਕਮਨਾਮਾ ਜਾਰੀ ਕਰਨ ਦਾ ਕੋਈ ਹੱਕ ਨਹੀਂ ਹੈ। ਪਹਿਲੇ ਸਮਿਆਂ ਵਿਚ ਹੁਕਮਨਾਮਾ ਜਾਰੀ ਕਰਨ ਤੋਂ ਪਹਿਲਾਂ ਉਸ ਮਾਮਲੇ ਵਿਚ ਸਰਬੱਤ ਖਾਲਸਾ ਸੱਦ ਕੇ ਸਰਵ ਸਾਂਝੀ ਰਾਏ ਬਣਾਈ ਜਾਂਦੀ ਸੀ। ਅੱਜ ਮੁੜ ਉਸੇ ਪੁਰਾਤਨ ਰਵਾਇਤ ਨੂੰ ਸੁਰਜੀਤ ਕਰਨ ਦੀ ਲੋੜ ਹੈ।

## ਹੁਕਮਨਾਮੇ 'ਤੇ ਮੁੜ ਵਿਚਾਰ ਦੀ ਅਪੀਲ ਖਾਰਜ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਹਰਿਆਣਾ ਦੇ ਤਿੰਨ ਸਿੱਖ ਆਗੂਆਂ ਹਰਮੋਹਿੰਦਰ ਸਿੰਘ ਚੱਠਾ, ਜਗਦੀਸ਼ ਸਿੰਘ ਝੀਂਡਾ ਤੇ ਦੀਦਾਰ ਸਿੰਘ ਨਲਵੀ ਨੂੰ ਸਿੱਖ ਪੰਥ ਵਿਚੋਂ ਛੇਕਣ ਦੇ ਫੈਸਲੇ ਉਤੇ ਨਜ਼ਰਸਾਨੀ ਨਹੀਂ ਹੋਵੇਗੀ। ਜਥੇਦਾਰ ਨੇ ਕਿਹਾ ਕਿ ਇਹ ਤਰਕ ਗਲਤ ਹਨ ਕਿ ਸਿੰਘ ਸਾਹਿਬਾਨ ਨੇ ਹਰਿਆਣਾ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲੇ ਵਿਚ ਇਕਤਰਫਾ ਫੈਸਲਾ ਲਿਆ ਤੇ ਤਿੰਨਾਂ ਆਗੂਆਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ, ਕਈ ਸਿੱਖ ਸੰਸਥਾਵਾਂ ਤੇ ਜਥੇਬੰਦੀਆਂ ਤੇ ਹਰਿਆਣਾ ਦੇ ਹੀ ਕੁਝ ਸਿੱਖ ਸੰਗਠਨਾਂ ਦੀਆਂ ਅਪੀਲਾਂ ਉੱਪਰ ਤਿੰਨੇ ਆਗੂਆਂ ਖ਼ਿਲਾਫ਼ ਕਾਰਵਾਈ ਦਾ ਫੈਸਲਾ ਕੀਤਾ। ਅਕਾਲ ਤਖ਼ਤ ਦਾ ਨਿਰਦੇਸ਼ ਆਪਣੇ ਆਪ ਵਿਚ ਫਰਮਾਨ ਹੁੰਦਾ ਹੈ ਤੇ ਹਰ ਸੱਚੇ ਸਿੱਖ ਦਾ ਫਰਜ਼ ਬਣਦਾ ਹੈ ਕਿ ਸਿੱਖ ਪੰਥ ਨੂੰ ਵੰਡੀਆਂ ਤੋਂ ਬਚਾਉਣ ਤੇ ਸਿੱਖ ਸ਼ਕਤੀ ਨੂੰ ਖੇਰੂੰ-ਖੇਰੂੰ ਹੋਣ ਤੋਂ ਰੋਕਣ ਦਾ ਆਪਣਾ ਫਰਜ਼ ਨਿਭਾਏ।

# ਵਧ ਰਿਹਾ ਸ਼ਹਿਰੀਕਰਨ ਭਵਿੱਖ ਲਈ ਖਤਰੇ ਦੀ ਘੰਟੀ

**ਚੰਡੀਗੜ੍ਹ:** ਬਹੁਤੀ ਆਬਾਦੀ ਸ਼ਹਿਰੀਕਰਨ ਤੋਂ ਪ੍ਰਭਾਵਿਤ ਹੋ ਕੇ ਜ਼ਮੀਨਾਂ ਵੇਚ ਸ਼ਹਿਰਾਂ ਵੱਲ ਵਧ ਰਹੀ ਹੈ ਜਿਸ ਕਾਰਨ ਦੇਸ਼ ਦੇ ਸ਼ਹਿਰੀ ਖੇਤਰਾਂ ਵਿਚ ਜਲ ਦੇ ਨਾਲ-ਨਾਲ ਭੂ ਸੰਕਟ ਪੈਦਾ ਹੋਣ ਦੇ ਹਾਲਾਤ ਵੀ ਬਣ ਗਏ ਹਨ। ਸਰਕਾਰੀ ਸਰਵੇਖਣ ਮੁਤਾਬਕ ਸਾਲ 2050 ਤੱਕ ਸ਼ਹਿਰਾਂ ਵਿਚ 70 ਫੀਸਦੀ ਤੋਂ ਉਪਰ ਦੀ ਆਬਾਦੀ ਰਹਿਣ ਲੱਗ ਜਾਵੇਗੀ ਤੇ ਦੇਸ਼ ਦੇ ਹਰ ਸ਼ਹਿਰ ਵਿਚ ਪਾਣੀ ਦੇ ਮੁੱਲ ਵਿਕਣ ਦੀ ਸਮੱਸਿਆ ਦਾ ਸਾਹਮਣਾ ਲੋਕਾਂ ਨੂੰ ਕਰਨਾ ਪਵੇਗਾ।

ਮਾਹਿਰਾਂ ਅਨੁਸਾਰ ਸਾਲ 1900 ਵਿਚ ਪੇਂਡੂ ਤੇ ਸ਼ਹਿਰੀ ਅਨੁਪਾਤ 85:15 ਫੀਸਦੀ ਸੀ, ਭਾਵ 85 ਫੀਸਦੀ ਲੋਕ ਪਿੰਡਾਂ ਵਿਚ ਰਹਿ ਰਹੇ ਸਨ ਤੇ 15 ਫੀਸਦੀ ਸ਼ਹਿਰਾਂ ਵਿਚ ਪਰ ਤਾਜ਼ਾ ਰਿਪੋਰਟਾਂ ਅਨੁਸਾਰ ਹੁਣ ਇਹ ਅਨੁਪਾਤ ਵਿਗੜ ਕੇ 50:50 'ਤੇ ਜਾ ਪੁੱਜਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਸ਼ਹਿਰੀਕਰਨ ਦੇ ਵਿਕਾਸ ਤੇ ਸ਼ਹਿਰੀ ਆਬਾਦੀ ਦੀ ਜਲ ਪੂਰਤੀ ਲਈ ਖੇਤੀ ਦਾ ਪਾਣੀ ਸ਼ਹਿਰੀ ਵਰਤੋਂ ਲਈ ਦਿੱਤਾ ਜਾਣ ਲੱਗਾ ਹੈ, ਜਿਸ ਕਾਰਨ ਖੇਤੀਬਾੜੀ, ਫਲ ਸਬਜ਼ੀਆਂ ਤੇ ਫਲਾਂ ਦੀ ਉਪਜ ਉੱਤੇ ਵੀ ਆਉਂਦੇ ਸਮੇਂ ਵਿਚ ਜਲ ਸੰਕਟ ਪੈਦਾ ਹੋਣ ਦੀ ਸੰਭਾਵਨਾ ਵਧ ਗਈ ਹੈ। ਸੰਯੁਕਤ ਰਾਸ਼ਟਰ ਖੁਰਾਕ ਤੇ ਖੇਤੀ ਸੰਗਠਨ ਦੀ ਰਿਪੋਰਟ ਮੁਤਾਬਕ ਜਿਥੇ ਸ਼ਹਿਰਾਂ ਵੱਲੋਂ ਪਿੰਡਾਂ ਵਿਚ ਕੀਤੀ ਜਾਂਦੀ ਖੇਤੀ ਦਾ ਪਾਣੀ ਹੜੱਪਿਆ ਜਾਣ ਲੱਗਾ ਹੈ, ਉਥੇ ਸ਼ਹਿਰਾਂ ਵਿਚ ਸਥਿਤ ਉਦਯੋਗਾਂ ਵੱਲੋਂ ਪਾਣੀ ਨੂੰ ਗੰਧਲਾ ਕਰ ਮੁੜ ਪਿੰਡਾਂ ਵਿਚ ਤੋਰਿਆ ਜਾ ਰਿਹਾ ਹੈ ਜੋ ਪੇਂਡੂ ਖੇਤਰ ਵਿਚ ਬਿਮਾਰੀਆਂ ਫੈਲਾਉਣ ਦਾ ਕੰਮ ਵੀ ਕਰ ਰਿਹਾ ਹੈ। ਸ਼ਹਿਰਾਂ ਵਿਚ ਪਿੰਡਾਂ ਵੱਲ ਭੇਜਿਆ ਜਾ ਰਿਹਾ ਗੰਧਲਾ ਪਾਣੀ ਜਿਥੇ ਸਿੱਧੇ ਤੌਰ 'ਤੇ ਕੈਂਸਰ, ਗਲ ਘੋਟੂ ਤੇ ਹੋਰ ਗੰਭੀਰ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ, ਉਥੇ ਇਸੇ ਪਾਣੀ ਦੀ ਵਰਤੋਂ ਖੇਤੀ ਵਿਚ ਹੋਣ ਨਾਲ ਸਬਜ਼ੀਆਂ, ਫਲਾਂ ਤੇ ਅਨਾਜ ਰਾਹੀਂ ਵੀ ਲੋਕਾਂ ਦੇ ਨਾਲ-ਨਾਲ ਪਸ਼ੂਆਂ ਨੂੰ ਬਿਮਾਰੀਆਂ ਵੱਲ ਧੱਕਿਆ ਜਾ ਰਿਹਾ ਹੈ।

ਵੋਟ ਦੀ ਰਾਜਨੀਤੀ ਕਾਰਨ ਜਿਥੇ ਸ਼ਹਿਰੀ ਖੇਤਰਾਂ ਵਿਚ ਪੇਂਡੂ ਖੇਤਰਾਂ ਦਾ ਹਿੱਸਾ ਮਿਲਾ ਲਿਆ ਜਾਂਦਾ ਹੈ ਉਥੇ ਮੁਫ਼ਤ ਬਿਜਲੀ ਤੇ ਪਾਣੀ ਦੇ ਵਾਅਦੇ ਨੂੰ ਪੁਗਾ ਕੇ ਸਰਕਾਰਾਂ ਦੇਸ਼ ਵਿਚ ਇਸ ਸੰਕਟ ਨੂੰ ਖੁਦ ਹੀ ਵਧਾ ਰਹੀਆਂ ਹਨ। ਰਿਪੋਰਟ ਅਨੁਸਾਰ ਜਿਥੇ ਸਬਸਿਡੀ ਵਾਲੀ ਬਿਜਲੀ ਉਪਲਬਧ ਹੈ, ਉਥੇ ਡੀਜ਼ਲ ਦੀ ਵਰਤੋਂ ਵਾਲੇ ਖੇਤਰਾਂ ਨਾਲੋਂ ਦੋ ਗੁਣਾ ਵਧ ਪਾਣੀ ਖਿੱਚਿਆ ਤੇ ਬਰਬਾਦ ਕੀਤਾ ਗਿਆ।

# ਦਿੱਲੀ ਵਿਚ ਮਨੀਪੁਰ ਦੇ ਨੌਜਵਾਨ ਨੂੰ ਕੁੱਟ-ਕੁੱਟ ਕੇ ਮਾਰਿਆ

**ਨਵੀਂ ਦਿੱਲੀ:** ਉੱਤਰ-ਪੂਰਬ ਦੇ ਲੋਕਾਂ ਖਿਲਾਫ ਹਿੰਸਾ ਦੇ ਇਕ ਹੋਰ ਮਾਮਲੇ ਵਿਚ 29 ਵਰ੍ਹਿਆਂ ਦੇ ਮਨੀਪੁਰ ਦੇ ਨੌਜਵਾਨ ਦੀ ਦੱਖਣੀ ਦਿੱਲੀ ਦੇ ਕੋਟਲਾ ਮੁਬਾਰਕਪੁਰ ਇਲਾਕੇ ਵਿਚ ਕੁੱਟ-ਕੁੱਟ ਕੇ ਜਾਨ ਲੈ ਲਈ। ਇਸ ਮਾਮਲੇ ਵਿਚ ਤਿੰਨ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਅਤੇ ਦੋ ਫਰਾਰ ਹਨ। ਇਸੇ ਦੌਰਾਨ ਇਸ ਹਮਲੇ ਦੀ ਜਾਂਚ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪ ਦਿੱਤੀ ਗਈ ਹੈ।

ਇਹ ਨੌਜਵਾਨ ਸ਼ਾਲੋਨੀ, ਮੁਨੀਰਕਾ ਵਿਚ ਰਹਿ ਰਿਹਾ ਸੀ ਅਤੇ ਉਸ ਵੱਲੋਂ ਕੋਈ ਭੜਕਾਹਟ ਵੀ ਪੈਦਾ ਨਹੀਂ ਕੀਤੀ ਗਈ ਸੀ। ਹਮਲੇ ਦੀ ਘਟਨਾ ਤੜਕੇ ਤਿੰਨ ਵਜੇ ਵਾਪਰੀ ਜਦੋਂ ਸ਼ਾਲੋਨੀ ਆਪਣੇ ਦੋਸਤ ਨੂੰ ਛੱਡਣ ਲਈ ਗਿਆ। ਸ਼ਾਲੋਨੀ ਉਤੇ ਹਮਲਾ ਗੁਰਦੁਆਰਾ ਰੋਡ 'ਤੇ ਹੋਇਆ ਅਤੇ ਮਾਰੂਤੀ ਆਲਟੋ ਕਾਰ ਵਿਚੋਂ ਪੰਜ-ਛੇ ਵਿਅਕਤੀ ਉਤਰੇ ਅਤੇ ਉਨ੍ਹਾਂ ਸ਼ਾਲੋਨੀ ਨੂੰ ਕੁੱਟਿਆ। ਪੁਲੀਸ ਨੂੰ ਸਾਢੇ ਤਿੰਨ ਵਜੇ ਇਸ ਦੀ ਸੂਚਨਾ ਮਿਲੀ ਅਤੇ ਪੀ.ਸੀ.ਆਰ. ਨੇ ਉਸ ਨੂੰ ਏਮਜ਼ ਦੇ ਟਰਾਮਾ ਸੈਂਟਰ ਵਿਚ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਯਾਦ ਰਹੇ ਕਿ ਇਸ ਸਾਲ ਜਨਵਰੀ ਵਿਚ ਅਰੁਣਾਂਚਲ ਪ੍ਰਦੇਸ਼ ਦੇ 19 ਸਾਲਾਂ ਦੇ ਵਿਦਿਆਰਥੀ ਨੀਡੋ ਤਾਨਿਆ ਨੂੰ ਵੀ ਦਿੱਲੀ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ।

# ਪੰਜਾਬ ਦਾ ਕਿਸਾਨ ਭਾਰਤ ਭਰ ਵਿਚ ਸਭ ਤੋਂ ਵੱਧ ਕਰਜ਼ਈ



**ਬਠਿੰਡਾ:** ਪੰਜਾਬ ਦਾ ਕਿਸਾਨ ਮੁਲਕ ਭਰ ਵਿਚੋਂ ਸਭ ਤੋਂ ਜ਼ਿਆਦਾ ਕਰਜ਼ਈ ਹੈ। ਪਬਲਿਕ ਸੈਕਟਰ ਬੈਂਕਾਂ ਦਾ ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਸਿਰ 3.52 ਲੱਖ ਰੁਪਏ ਦਾ ਕਰਜ਼ਾ ਹੈ। ਇਨ੍ਹਾਂ ਬੈਂਕਾਂ ਤੋਂ ਕਰਜ਼ਾ ਚੁੱਕਣ ਵਾਲੇ ਕਿਸਾਨ ਪਰਿਵਾਰਾਂ ਦੀ ਗਿਣਤੀ 10.97 ਲੱਖ ਹੈ। ਕਿਸੇ ਹੋਰ ਸੂਬੇ ਦੇ ਕਿਸਾਨਾਂ ਸਿਰ ਪ੍ਰਤੀ ਪਰਿਵਾਰ ਏਨਾ ਕਰਜ਼ਾ ਨਹੀਂ ਹੈ।

ਸਹਿਕਾਰੀ ਬੈਂਕਾਂ ਦੀ ਗੱਲ ਕਰੀਏ ਤਾਂ ਪ੍ਰਤੀ ਕਿਸਾਨ ਪਰਿਵਾਰ ਸਿਰ 90,900 ਰੁਪਏ ਦਾ ਕਰਜ਼ਾ ਹੈ। ਸਹਿਕਾਰੀ ਤੇ ਪਬਲਿਕ ਖੇਤਰ ਦੇ ਬੈਂਕਾਂ ਦਾ ਪੰਜਾਬ ਦੀ ਕਿਸਾਨੀ ਸਿਰ ਤਕਰੀਬਨ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਸ਼ਾਹੂਕਾਰਾਂ ਦਾ ਕਰਜ਼ ਵੱਖਰਾ ਹੈ। ਕੇਂਦਰੀ ਵਿੱਤ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਪਬਲਿਕ ਖੇਤਰ ਦੇ ਬੈਂਕਾਂ ਦਾ ਮਾਰਚ 2013 ਵਿਚ ਪੰਜਾਬ ਦੇ 10.97 ਲੱਖ ਕਿਸਾਨਾਂ ਸਿਰ 38700 ਕਰੋੜ ਰੁਪਏ ਦਾ ਕਰਜ਼ਾ ਸੀ। ਸਹਿਕਾਰੀ ਤੇ ਖੇਤਰੀ ਪੇਂਡੂ ਬੈਂਕਾਂ ਦਾ ਮਾਰਚ 2014 ਵਿਚ 15.11 ਲੱਖ ਕਿਸਾਨਾਂ ਸਿਰ 13738 ਕਰੋੜ ਰੁਪਏ ਦਾ ਕਰਜ਼ਾ ਸੀ। ਰਿਜ਼ਰਵ ਬੈਂਕ ਆਫ਼ ਇੰਡੀਆ ਮੁਤਾਬਕ ਦੇਸ਼ ਭਰ ਵਿਚੋਂ ਪੰਜਾਬ ਦੇ ਕਿਸਾਨ ਸਿਰ ਪਬਲਿਕ ਖੇਤਰ ਦੇ ਬੈਂਕਾਂ ਦਾ ਸਭ ਤੋਂ ਜ਼ਿਆਦਾ ਕਰਜ਼ਾ ਹੈ। ਇਨ੍ਹਾਂ ਬੈਂਕਾਂ ਦਾ ਮਾਰਚ 2011 ਵਿਚ ਪ੍ਰਤੀ ਕਿਸਾਨ ਪਰਿਵਾਰ 2.99 ਲੱਖ ਰੁਪਏ ਕਰਜ਼ ਬਣਦਾ ਸੀ ਜੋ ਮਾਰਚ 2012 ਵਿਚ ਵਧ ਕੇ ਪ੍ਰਤੀ ਕਿਸਾਨ ਪਰਿਵਾਰ 3.42 ਲੱਖ ਰੁਪਏ ਹੋ ਗਿਆ। ਹਰਿਆਣਾ ਦਾ ਕਿਸਾਨ ਇਸ ਮਾਮਲੇ ਵਿਚ ਦੂਜੇ ਨੰਬਰ ਉਤੇ ਹੈ ਜਿਥੋਂ ਦੇ ਪ੍ਰਤੀ ਕਿਸਾਨ ਪਰਿਵਾਰ ਸਿਰ 2.91 ਲੱਖ ਰੁਪਏ ਦਾ ਕਰਜ਼ ਹੈ। ਪੰਜਾਬ ਦੇ 13.54 ਲੱਖ ਕਿਸਾਨਾਂ ਨੇ ਮਾਰਚ 2014 ਵਿਚ ਸਹਿਕਾਰੀ ਬੈਂਕਾਂ ਦਾ 10939 ਕਰੋੜ ਰੁਪਏ ਤੇ ਖੇਤਰੀ ਪੇਂਡੂ ਬੈਂਕਾਂ ਦਾ 2799 ਕਰੋੜ ਰੁਪਏ ਦਾ ਕਰਜ਼ ਦੇਣਾ ਸੀ। ਗੁਜਰਾਤ ਦੇ ਕਿਸਾਨਾਂ ਸਿਰ ਪ੍ਰਤੀ ਕਿਸਾਨ ਪਰਿਵਾਰ 1.87 ਲੱਖ ਰੁਪਏ ਦਾ ਕਰਜ਼ਾ ਹੈ। ਸਹਿਕਾਰੀ ਬੈਂਕਾਂ ਦੇ ਕਰਜ਼ੇ 'ਤੇ ਝਾਤ ਮਾਰੀਏ ਤਾਂ ਮਾਰਚ 2012 ਵਿਚ ਪੰਜਾਬ ਦੇ ਕਿਸਾਨਾਂ ਸਿਰ ਪ੍ਰਤੀ ਕਿਸਾਨ ਪਰਿਵਾਰ 69,190 ਰੁਪਏ ਦਾ ਕਰਜ਼ਾ ਸੀ ਜੋ ਮਾਰਚ 2013 ਵਿਚ ਵਧ ਕੇ 76,460 ਰੁਪਏ ਤੇ ਮਾਰਚ 2014 ਵਿਚ ਹੋਰ ਵਧ ਕੇ 80,790 ਰੁਪਏ ਹੋ ਗਿਆ ਹੈ।

ਦੇਸ਼ ਵਿਚ ਕਿਸਾਨੀ ਦੇ ਹਾਲਾਤ ਵੀ ਕੋਈ ਬਹੁਤੇ ਚੰਗੇ ਨਹੀਂ ਹਨ। ਵਿੱਤ ਮੰਤਰਾਲੇ ਮੁਤਾਬਕ ਦੇਸ਼ ਦੇ 84 ਬੈਂਕਾਂ ਦਾ ਮਾਰਚ 2014 ਵਿਚ 5.65 ਕਰੋੜ ਕਿਸਾਨਾਂ ਸਿਰ 8112 ਅਰਬ ਦਾ ਕਰਜ਼ਾ ਹੈ। ਅੱਧੀ ਦਰਜਨ ਐਸ.ਬੀ.ਆਈ. ਤੇ ਉਸ ਦੇ ਸਹਾਇਕ ਬੈਂਕਾਂ ਦਾ ਇਸ ਵੇਲੇ ਦੇਸ਼ ਦੇ 1.58 ਲੱਖ ਕਿਸਾਨਾਂ ਸਿਰ 2171 ਅਰਬ ਦਾ ਕਰਜ਼ ਹੈ। 20 ਕੌਮੀ ਬੈਂਕਾਂ ਦਾ 3.24 ਕਰੋੜ ਕਿਸਾਨਾਂ ਸਿਰ 4519 ਅਰਬ ਦਾ ਕਰਜ਼ਾ ਹੈ ਜਦੋਂ ਕਿ ਪ੍ਰਾਈਵੇਟ ਖੇਤਰ ਦੇ 20 ਬੈਂਕਾਂ ਦਾ ਦੇਸ਼ ਦੇ 82.18 ਲੱਖ ਕਿਸਾਨਾਂ ਸਿਰ 1405 ਅਰਬ ਦਾ ਕਰਜ਼ਾ ਹੈ। 38 ਵਿਦੇਸ਼ੀ ਬੈਂਕਾਂ ਦਾ 4059 ਕਿਸਾਨਾਂ ਸਿਰ 16 ਅਰਬ ਦਾ ਕਰਜ਼ਾ ਹੈ।

## ਘਾਟੇ ਦਾ ਸੌਦਾ ਬਣੀ ਖੇਤੀ

ਪੰਜਾਬ ਵਿਚ ਖੇਤੀਬਾੜੀ ਦਾ ਧੰਦਾ ਮੁਨਾਫੇ ਵਾਲਾ ਨਹੀਂ ਰਿਹਾ। ਲਾਗਤ ਖਰਚੇ ਵਧਣ ਕਾਰਨ ਜਾਂ ਤਾਂ ਕਿਸਾਨ ਖੇਤੀ ਤੋਂ ਕਿਨਾਰਾ ਕਰ ਰਹੇ ਹਨ ਤੇ ਜਾਂ ਫਿਰ ਕਰਜ਼ਾ ਚੁੱਕ ਕੇ ਡੰਗ ਟਪਾਉਣ ਨੂੰ ਮਜਬੂਰ ਹੋ ਗਏ ਹਨ। ਪੰਜਾਬ ਦੇ ਕਈ ਖੇਤਰਾਂ ਵਿਚ ਸੇਮ ਜਾਂ ਹੜ੍ਹਾਂ ਜਹੀਆਂ ਕੁਦਰਤੀ ਆਫਤਾਂ ਵੀ ਇਸ ਸਮੱਸਿਆ ਵਿਚ ਬਰਾਬਰ ਦਾ ਹਿੱਸਾ ਪਾ ਰਹੀਆਂ ਹਨ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਸੋਕੇ ਜਾਂ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾਂ ਦੀ ਕਰਜ਼ ਮੁਆਫ਼ੀ ਦੀ ਕੋਈ ਤਜਵੀਜ਼ ਨਹੀਂ ਹੈ। ਸ਼ਾਹੂਕਾਰਾਂ ਦਾ ਕਰਜ਼ਾ ਕਿਸਾਨੀ ਸਿਰ ਇਸ ਤੋਂ ਵੀ ਜ਼ਿਆਦਾ ਹੈ। ਮਾਲਵਾ ਪੱਟੀ ਵਿਚ ਤਾਂ ਨਿੱਤ ਕਿਸਾਨ ਤਹਿਸੀਲਾਂ ਵਿਚ ਬੈਂਕਾਂ ਕੋਲ ਆਪਣੀ ਜ਼ਮੀਨ ਗਿਰਵੀ ਧਰਦੇ ਹਨ। ਜਿਹੜੇ ਕਿਸਾਨ ਖੁਦਕੁਸ਼ੀ ਦੇ ਰਾਹ ਚਲੇ ਗਏ ਹਨ, ਉਨ੍ਹਾਂ ਦੀਆਂ ਵਿਧਵਾਵਾਂ ਨੂੰ ਸਿਰਫ਼ ਮੁਆਵਜ਼ਾ ਲੈਣ ਖਾਤਰ ਸੜਕਾਂ 'ਤੇ ਉਤਰਨਾ ਪੈਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਤੇ ਮਾਹਿਰ ਡਾਕਟਰ ਸੁਖਪਾਲ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਵਿਚ ਖੇਤੀ ਦਾ ਮਾਡਲ ਪੂੰਜੀਵਾਦ ਨੂੰ ਉਤਸ਼ਾਹਿਤ ਕਰਨ ਵਾਲਾ ਹੈ ਜਿਸ ਵਿਚ ਕਿਰਤ ਦੀ ਹਿੱਸੇਦਾਰੀ ਲਗਾਤਾਰ ਘਟਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖੇਤੀ ਖਰਚੇ ਵਧ ਰਹੇ ਹਨ ਜਿਸ ਕਰਕੇ ਮੁਨਾਫ਼ਾ ਲਗਾਤਾਰ ਘਟ ਰਿਹਾ ਹੈ। ਨਤੀਜੇ ਵਜੋਂ ਕਿਸਾਨ ਆਪਣੇ ਲਾਗਤ ਖਰਚੇ ਪੂਰੇ ਕਰਨ ਵਾਸਤੇ ਕਰਜ਼ੇ ਦਾ ਸਹਾਰਾ ਲੈਂਦਾ ਹੈ। ਉਨ੍ਹਾਂ ਕਿਹਾ ਕਿ ਲਾਗਤ ਖਰਚੇ ਵਧ ਰਹੇ ਹਨ ਜਦੋਂ ਕਿ ਜਿਣਸ ਦੇ ਭਾਅ ਉਸ ਅਨੁਪਾਤ ਨਾਲ ਵਧ ਨਹੀਂ ਰਹੇ ਹਨ। ਇਸ ਪਾੜੇ ਨੇ ਕਿਸਾਨੀ ਨੂੰ ਕਰਜ਼ੇ ਦੀ ਪੰਡ ਹੇਠਾਂ ਦੱਬ ਦਿੱਤਾ ਹੈ।

# ਸੁਮੀਤ ਕੌਰ ਗਿੱਲ ਦਾ 'ਆਲ ਅਮੈਰਿਕਨ ਪਲੇਅਰ' ਐਵਾਰਡ ਨਾਲ ਸਨਮਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਬਿਊਰੋ):** ਪਲੈਜ਼ੈਂਟ ਗਰੋਵ ਹਾਈ ਸਕੂਲ, ਐਲਕ ਗਰੋਵ ਦੀ ਵਿਦਿਆਰਥਣ ਸੁਮੀਤ ਗਿੱਲ ਦਾ 'ਪ੍ਰੈਪ ਵਾਲੀਬਾਲ' ਵਲੋਂ 'ਆਲ ਅਮੈਰਿਕਨ ਪਲੇਅਰ' ਐਵਾਰਡ ਨਾਲ ਸਨਮਾਨ ਕੀਤਾ ਗਿਆ ਹੈ। ਇਹ ਐਵਾਰਡ ਹਰ ਸਾਲ ਅਮਰੀਕਾ ਦੇ ਸਭ ਤੋਂ ਚੰਗੇ 6 ਖਿਡਾਰੀਆਂ ਨੂੰ ਦਿੱਤਾ ਜਾਂਦਾ ਹੈ। ਇਸੇ ਸਾਲ ਜੂਨ ਮਹੀਨੇ ਮਿਨੀਐਪੋਲਿਸ (ਮਿਨੀਸੋਟਾ) ਵਿਚ ਹੋਏ ਨੈਸ਼ਨਲ ਟੂਰਨਾਮੈਂਟ ਵਿਚ ਸੁਮੀਤ ਨੇ ਖੇਡ ਅਤੇ ਲੀਡਰਸ਼ਿਪ ਦਾ ਵਧੀਆ ਪ੍ਰਦਰਸ਼ਨ ਕੀਤਾ ਜਿਸ ਤੋਂ ਟੂਰਨਾਮੈਂਟ ਵਿਚ ਆਏ ਕੋਚ ਅਤੇ ਅਬਜ਼ਰਵਰ ਉਸ ਤੋਂ ਪ੍ਰਭਾਵਿਤ ਹੋਏ। ਉਂਜ ਇਸੇ ਸਾਲ ਦੇ ਕਲੱਬ ਵਾਲੀਬਾਲ ਸੀਜ਼ਨ ਲਈ ਸੁਮੀਤ ਅਤੇ ਉਸ ਦੀ ਟੀਮ ਨੇ ਮਿਹਨਤ ਕਰਕੇ ਨਾਰਥ ਕੈਲੀਫੋਰਨੀਆ ਦੀ ਰੀਜ਼ਨਲ ਚੈਂਪੀਅਨਸ਼ਿਪ ਅਤੇ ਫਾਰ ਵੈਸਟਰਨ ਨੈਸ਼ਨਲ ਕੁਆਲੀਫਾਇਰ ਟੂਰਨਾਮੈਂਟ ਜਿੱਤਿਆ।

ਸੁਮੀਤ ਗਿੱਲ ਵਾਲੀਬਾਲ ਦੀ ਵਧੀਆ ਖਿਡਾਰਨ ਤੋਂ ਇਲਾਵਾ ਸਿਨਰਜੀ ਫੋਰਸ




ਵਾਲੀਬਾਲ ਕਲੱਬ, ਸੈਕਰਾਮੈਂਟੋ ਲਈ ਵੀ ਖੇਡਦੀ ਹੈ। ਉਹ ਹੁਣ ਤੱਕ 3 ਵਾਰੀ ਨੈਸ਼ਨਲ ਵਾਲੀਬਾਲ ਚੈਂਪੀਅਨਸ਼ਿਪ ਵਿਚ ਖੇਡ ਚੁਕੀ ਹੈ। ਇਹ ਖੇਡਾਂ 2012 ਵਿਚ ਕੋਲੰਬਸ (ਓਹਾਇਓ), 2013 ਵਿਚ ਡੈਲਸ (ਟੈਕਸਸ) ਅਤੇ 2014 ਵਿਚ ਮਿਨੀਐਪੋਲਿਸ (ਮਿਨੀਸੋਟਾ) ਵਿਚ ਹੋਈਆਂ ਸਨ।

ਯੂ ਐਸ ਵਾਲੀਬਾਲ ਐਸੋਸੀਏਸ਼ਨ ਨੇ 2013 ਦੇ ਨੈਸ਼ਨਲ ਟੂਰਨਾਮੈਂਟ ਦੌਰਾਨ ਸੁਮੀਤ ਦੀ ਵਧੀਆ ਖੇਡ ਕਰਕੇ ਉਸ ਨੂੰ 'ਆਲ ਟੂਰਨਾਮੈਂਟ ਪਲੇਅਰ' ਦਾ ਐਵਾਰਡ ਦੇ ਕੇ ਸਨਮਾਨ ਕੀਤਾ। ਸੁਮੀਤ ਮਿਡਲ ਬਲੌਕਰ ਅਤੇ ਹਿੱਟਰ ਵਜੋਂ ਯੂ ਐਸ ਏ ਦੀਆਂ ਨਾਮਵਰ ਖਿਡਾਰਨਾਂ ਵਿਚੋਂ ਇਕ ਹੈ।



ਹਾਈ ਸਕੂਲ ਦੀ ਦਸਵੀਂ ਕਲਾਸ ਦੌਰਾਨ ਹੀ ਅਨੇਕਾਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਸੁਮੀਤ ਨੂੰ ਕਾਲਜ ਸਕਾਲਰਸ਼ਿਪ ਅਤੇ ਫਰੀ ਐਜੁਕੇਸ਼ਨ ਦੀ ਪੇਸ਼ਕਸ਼ ਕੀਤੀ ਅਤੇ ਆਪੋ ਆਪਣੀਆਂ ਟੀਮਾਂ 'ਚ ਖੇਡਣ ਲਈ ਪ੍ਰੇਰਿਆ। ਸੁਮੀਤ 2015 ਤੋਂ ਹਾਈ ਸਕੂਲ ਖਤਮ ਕਰਨ ਪਿਛੋਂ ਯੂਨੀਵਰਸਿਟੀ ਆਫ ਓਰੇਗਾਨ ਦੀ ਟੀਮ ਲਈ ਖੇਡੇਗੀ ਅਤੇ ਇਸ ਲਈ ਉਸ ਨੂੰ ਪੜ੍ਹਾਈ ਅਤੇ ਬੋਰਡਿੰਗ ਦੇ ਖਰਚੇ ਲਈ ਪੂਰੀ ਸਕਾਲਰਸ਼ਿਪ ਮਿਲੀ ਹੈ। ਸਾਲ 2013 ਦੌਰਾਨ ਸੁਮੀਤ ਨੂੰ ਡੈਲਟਾ ਰਿਵਰ ਲੀਗ ਵਲੋਂ ਵੀ 'ਆਲ ਲੀਗ ਪਲੇਅਰ' ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ 'ਸੈਕਰਾਮੈਂਟੋ ਬੀਅ' ਵਲੋਂ ਸੁਮੀਤ ਨੂੰ 'ਆਲ ਮੈਟਰੋ ਟੀਮ 2013' ਵਿਚ ਸ਼ਾਮਲ ਕੀਤਾ ਗਿਆ।

ਸੁਮੀਤ ਚੰਗੀ ਖਿਡਾਰਨ ਦੇ ਨਾਲ ਨਾਲ ਪੜ੍ਹਾਈ ਵਿਚ ਵੀ ਹੁਸ਼ਿਆਰ ਹੈ। ਉਹ ਯੂਨੀਵਰਸਿਟੀ ਆਫ ਓਰੇਗਾਨ ਤੋਂ ਬਿਜਨਸ ਦੀ ਡਿਗਰੀ ਹਾਸਲ ਕਰਨਾ ਚਾਹੁੰਦੀ ਹੈ। ਆਪਣੀ ਕਾਮਯਾਬੀ ਦਾ ਸਿਹਰਾ ਉਹ ਆਪਣੇ ਕੋਚਾਂ ਅਤੇ ਮਾਪਿਆਂ ਸਿਰ ਬੰਨ੍ਹਦੀ ਹੈ।

ਸੁਮੀਤ ਕੈਲੀਫੋਰਨੀਆ ਰਹਿੰਦੇ ਬਿਜਨਸਮੈਨ ਗੁਲਿੰਦਰ ਗਿੱਲ ਦੀ ਬੇਟੀ ਹੈ। ਉਨ੍ਹਾਂ ਨਾਲ ਸੰਪਰਕ ਫੋਨ: 916-844-5310 ਰਾਹੀਂ ਕੀਤਾ ਜਾ ਸਕਦਾ ਹੈ।


Sistar Mortgage
Minimizing Cost, Maximizing Investment
www.SistarMortgage.com





Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*
*Loans Available In Most States!*
>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only



City Travel & Tour
We are the cheapest in the travel industry guaranteed for you travel.
From All Major destination of USA to most destination of India
$ 799.00 RT + Taxes
$500.00+taxes One way to any where in India
Please call us for the special group fares for weddings and and student group trip We also offer senior citizen discount and student discount for three or more tickets







England, Germany, Spain, Norway, Italy, Canada, France,
$299.00 plus TX based on RT purchase
*Infant fly free*
travelforce@outlook.com
Toll Free: 1-888-264-5068



A Motel available in North Central Iowa for $399K, less than 3 times the gross.
***Want to Buy/Sell Home***
Call Madan Khatri 847-530-1550
www.PropertyZoo.com
Recognized as the 2013 Multi-Family Broker of the Year by the MORe* MLS Board Committee.
Buy A Home anywhere in Metro !!
Top Producer at the Prudential Office in 2013!
*A Broker who can work with you from Beginning to End, Call Now!*


*Madan Khatri*
Prudential at 25 Turner Ave, Elk Grove Village, IL


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਕੇਂਦਰ ਦੀ ਹੱਲਾਸ਼ੇਰੀ ਪਿੱਛੋਂ ਬਾਦਲ ਧੜੇ ਨੇ ਲਾਏ ਹਰਿਆਣਾ ਵਿਚ ਡੇਰੇ

**ਚੰਡੀਗੜ੍ਹ:** ਹਰਿਆਣੇ ਦੇ ਸਿੱਖਾਂ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਮਲਾ ਲਗਾਤਾਰ ਉਲਝਦਾ ਜਾ ਰਿਹਾ ਹੈ। ਹਰਿਆਣਾ ਸਰਕਾਰ ਨੇ ਭਾਵੇਂ ਸੂਬੇ ਦੇ ਸਿੱਖਾਂ ਦੀ ਸਹਿਮਤੀ ਨਾਲ ਵੱਖਰੀ ਕਮੇਟੀ ਦਾ ਐਲਾਨ ਕਰ ਦਿੱਤਾ ਹੈ ਪਰ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਕਮੇਟੀ ਨੇ ਇਸ ਫੈਸਲਾ ਦਾ ਸਖ਼ਤ ਵਿਰੋਧ ਕਰਦਿਆਂ ਕੇਂਦਰ ਸਰਕਾਰ ਨੂੰ ਇਸ ਦੇ ਵਿਰੋਧ ਵਿਚ ਖੜਨ ਲਈ ਰਾਜ਼ੀ ਕਰ ਲਿਆ ਹੈ। ਕੇਂਦਰ ਨੇ ਤਾਂ ਹਰਿਆਣਾ ਦੇ ਰਾਜਪਾਲ ਨੂੰ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਵਾਲੇ ਬਿੱਲ ਨੂੰ ਵਾਪਸ ਲੈਣ ਲਈ ਆਖਦਿਆਂ ਦਾਅਵਾ ਕੀਤਾ ਹੈ ਕਿ ਹਰਿਆਣਾ ਵਿਧਾਨ ਸਭਾ ਅਜਿਹਾ ਬਿੱਲ ਨਹੀਂ ਬਣਾ ਸਕਦੀ ਤੇ ਇਹ ਰੱਦ ਸਮਝਿਆ ਜਾਵੇ ਪਰ ਹਰਿਆਣਾ ਨੇ ਕੇਂਦਰ ਦੇ ਇਸ ਕਦਮ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ। ਹਰਿਆਣਾ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹਰਿਆਣਾ ਵੱਖਰੀ ਕਮੇਟੀ ਬਣਨ 'ਤੇ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਅਦਾਲਤ ਦਾ ਰੁਖ਼ ਕਰ ਸਕਦਾ ਹੈ।

## ਦੋਵਾਂ ਧਿਰਾਂ ਵਿਚ ਟਕਰਾਅ ਦੇ ਆਸਾਰ



ਉਧਰ ਕੇਂਦਰ ਦੀ ਹੱਲਾਸ਼ੇਰੀ ਪਿੱਛੋਂ ਹਰਿਆਣਾ ਦੇ ਗੁਰਦੁਆਰਿਆਂ ਤੇ ਗੋਲਕ 'ਤੇ ਨਜ਼ਰ ਰੱਖਣ ਲਈ ਅਕਾਲੀ ਦਲ ਦੇ ਸੀਨੀਅਰ ਆਗੂਆਂ, ਸ਼੍ਰੋਮਣੀ ਕਮੇਟੀ ਮੈਂਬਰਾਂ, ਅਕਾਲੀ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ ਜਿਸ ਕਾਰਨ ਹਰਿਆਣਾ ਦੇ ਸਿੱਖਾਂ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਟਕਰਾਅ ਦੇ ਆਸਾਰ ਬਣ ਗਏ ਹਨ। ਅਕਾਲੀ ਵਰਕਰਾਂ ਤੇ ਆਗੂਆਂ ਨੇ ਇਸ ਪੰਥਕ ਸੰਘਰਸ਼ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੇ ਹੁਕਮਾਂ ਉੱਪਰ ਅਖੀਰਲੇ ਸਾਹਾਂ ਤੱਕ ਜੂਝਣ ਦਾ ਫੈਸਲਾ ਲਿਆ ਹੈ। ਉਧਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਆਗੂਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਹਰਿਆਣਾ ਦੇ ਗੁਰਦੁਆਰਿਆਂ 'ਤੇ ਕੀਤੇ ਗਏ ਗੈਰਕਾਨੂੰਨੀ ਕਬਜ਼ੇ ਛੱਡ ਕੇ ਆਪਣੇ ਘਰਾਂ ਨੂੰ ਵਾਪਸ ਜਾਣ। ਮੰਗ ਪੱਤਰ ਰਾਹੀਂ ਉਨ੍ਹਾਂ ਹਰਿਆਣਾ ਸਰਕਾਰ ਨੂੰ ਸੂਬੇ ਵਿਚਲੇ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਕਦਮ ਚੁੱਕਣ ਲਈ ਕਿਹਾ ਹੈ। ਆਗੂਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਬੇਨਤੀ ਕੀਤੀ ਹੈ ਕਿ ਗੁਰਦੁਆਰਿਆਂ ਦੀ ਮਰਿਆਦਾ ਭੰਗ ਕਰਨ ਵਾਲਿਆਂ ਨੂੰ ਪੰਥ ਵਿਚੋਂ ਛੇਕਿਆ ਜਾਵੇ।

ਮਿਲੀ ਜਾਣਕਾਰੀ ਮੁਤਾਬਕ ਗੁਰਦੁਆਰਾ ਨਾਢਾ ਸਾਹਿਬ ਵਿਖੇ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ, ਕੁਰੂਕਸ਼ੇਤਰ ਦੇ ਗੁਰਦੁਆਰੇ ਤੇ ਸਬ ਆਫਿਸ ਵਿਖੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਅੰਬਾਲਾ ਸਥਿਤ ਗੁਰਦੁਆਰੇ ਵਿਚ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਗੁਰਦੁਆਰਾ ਪੰਜੋਖੜਾ ਵਿਖੇ ਬੀਬੀ ਜਗੀਰ ਕੌਰ, ਜੀਂਦ ਤੇ ਧਮਤਾਨ ਸਥਿਤ ਗੁਰਦੁਆਰਿਆਂ ਵਿੱਚ ਬਲਵਿੰਦਰ ਸਿੰਘ ਭੂੰਦੜ ਆਦਿ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ। ਇਸੇ ਤਰ੍ਹਾਂ ਉਥੋਂ ਦੇ ਗੁਰਦੁਆਰਿਆਂ ਦੀ ਸੁਰੱਖਿਆ ਵਾਸਤੇ ਅੰਮ੍ਰਿਤਸਰ ਹੈਡ ਕੁਆਰਟਰ ਤੋਂ ਤਕਰੀਬਨ 100 ਮੁਲਾਜ਼ਮ ਤੇ ਅੰਮ੍ਰਿਤਸਰ ਤੋਂ ਬਾਹਰਲੇ ਗੁਰਦੁਆਰਿਆਂ ਤੋਂ ਤਕਰੀਬਨ 250 ਮੁਲਾਜ਼ਮਾਂ ਦੀ ਡਿਊਟੀ ਹਰਿਆਣਾ ਤਬਦੀਲ ਕਰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਵਿਚ ਵੱਖਰੀ ਕਮੇਟੀ ਨੂੰ ਬਣਨ ਤੋਂ ਰੋਕਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਕਾਨੂੰਨੀ ਚਾਰਾਜੋਈ ਲਈ ਵੀ ਯਤਨ ਜਾਰੀ ਹਨ।

## ਅਕਾਲੀ ਦਲ ਵੱਲੋਂ ਹਰਿਆਣਾ ਦੇ ਸਿੱਖਾਂ ਦੀ ਹਮਾਇਤ ਲਈ ਪੈਂਤੜਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਵੱਖਰੀ ਕਮੇਟੀ ਦੇ ਮੁੱਦੇ 'ਤੇ ਹਰਿਆਣਾ ਸਰਕਾਰ ਨਾਲ ਸਿਆਸੀ ਲੜਾਈ ਲੜਨ ਦੇ ਨਾਲ-ਨਾਲ ਹਰਿਆਣਾ ਦੇ ਸਿੱਖਾਂ ਦੀ ਹਮਾਇਤ ਲੈਣ ਦਾ ਫ਼ੈਸਲਾ ਕੀਤਾ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਵੱਖਰੀ ਕਮੇਟੀ ਦੇ ਮੁੱਦੇ 'ਤੇ ਰਾਜਨੀਤਕ ਲੜਾਈ ਦਾ ਫ਼ੈਸਲਾ ਅੰਮ੍ਰਿਤਸਰ ਵਿਚ 27 ਜੁਲਾਈ ਨੂੰ ਵੱਡੀ ਪੰਥਕ ਇਕੱਤਰਤਾ ਕਰਕੇ ਲਿਆ ਜਾਵੇਗਾ।

ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਇਸ ਮਸਲੇ ਦੇ ਹੱਲ ਲਈ ਹਫ਼ਤੇ ਦਾ ਸਮਾਂ ਮੰਗਿਆ ਹੈ। ਇਹੀ ਕਾਰਨ ਹੈ ਕਿ ਅਕਾਲੀ ਦਲ ਨੇ ਰਾਜਸੀ ਰਣਨੀਤੀ ਐਲਾਨਣ ਲਈ ਹਫ਼ਤੇ ਦਾ ਵਕਫ਼ਾ ਪਾ ਲਿਆ ਹੈ। ਪਾਰਟੀ ਨੇ ਇਕ ਤਰ੍ਹਾਂ ਨਾਲ ਸ਼ਕਤੀ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕਰ ਲਿਆ ਹੈ। ਪੰਜਾਬ ਦੀ ਹੁਕਮਰਾਨ ਪਾਰਟੀ ਵੱਲੋਂ 27 ਜੁਲਾਈ ਦੀ ਅੰਮ੍ਰਿਤਸਰ ਇਕੱਤਰਤਾ ਵਿਚ ਵੀ ਹਰਿਆਣਾ ਤੇ ਹੋਰਨਾਂ ਸੂਬਿਆਂ ਤੋਂ ਜ਼ਿਆਦਾ ਸਿੱਖ ਇਕੱਠੇ ਕਰਨ ਦੀ ਰਣਨੀਤੀ ਬਣਾਈ ਗਈ ਹੈ, ਤਾਂ ਜੋ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਬਹੁ ਗਿਣਤੀ ਸਿੱਖ ਸ਼੍ਰੋਮਣੀ ਕਮੇਟੀ ਤੋੜਨ ਦੇ ਖ਼ਿਲਾਫ਼ ਹਨ। ਕੇਂਦਰ ਸਰਕਾਰ ਦੇ ਸਹਾਰੇ ਸ਼੍ਰੋਮਣੀ ਅਕਾਲੀ ਦਲ ਨੇ 'ਰਣਨੀਤਕ ਲੜਾਈ' ਪਹਿਲਾਂ ਹੀ ਸਰਕਾਰੀ ਖ਼ਤੋ ਖ਼ਿਤਾਬ ਰਾਹੀਂ ਸ਼ੁਰੂ ਕਰ ਰੱਖੀ ਹੈ। ਇਹ ਗੱਲ ਵੱਖਰੀ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਪੱਤਰ ਤੋਂ ਬਾਅਦ ਹਰਿਆਣਾ ਸਰਕਾਰ ਬਨਾਮ ਕੇਂਦਰ ਨਵੀਂ ਲੜਾਈ ਛਿੜ ਗਈ ਜਾਪਦੀ ਹੈ। ਸੂਤਰਾਂ ਮੁਤਾਬਕ ਅਕਾਲੀ ਆਗੂਆਂ ਦਾ ਇਹ ਵੀ ਮੰਨਣਾ ਹੈ ਕਿ ਕੇਂਦਰ ਸਰਕਾਰ ਦੇ ਪੱਤਰ ਨਾਲ ਹਰਿਆਣਾ ਦੇ ਸਿੱਖ ਜਿਹੜੇ ਵੱਖਰੀ ਕਮੇਟੀ ਦੇ ਪੱਖ ਵਿਚ ਸਨ, ਨੂੰ ਪਹਿਲਾਂ ਜਿੰਨੀ ਹਮਾਇਤ ਨਹੀਂ ਮਿਲ ਰਹੀ। ਅਕਾਲੀ ਦਲ ਦੀ ਕੋਰ ਕਮੇਟੀ ਦਾ ਕਹਿਣਾ ਹੈ ਕਿ ਹਰਿਆਣਾ ਖ਼ਿੱਤੇ ਵਿਚ ਰਹਿੰਦੇ ਸਿੱਖਾਂ ਤੇ ਉਨ੍ਹਾਂ ਦੇ ਵੱਡੇ ਵਡੇਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਇਮ ਕਰਨ ਲਈ ਕੁਰਬਾਨੀਆਂ ਦਿੱਤੀਆਂ। ਹਰਿਆਣਾ ਵਿਚ ਰਹਿੰਦੇ ਸਿੱਖ ਵੀ ਗੁਰੂ ਗ੍ਰੰਥ ਸਾਹਿਬ ਤੇ ਅਕਾਲ ਤਖ਼ਤ ਨੂੰ ਸਮਰਪਤ ਹਨ। ਕੋਰ ਕਮੇਟੀ ਨੇ ਕਿਹਾ ਹੈ ਕਿ ਹਰਿਆਣਾ ਸਰਕਾਰ ਦੀ ਕਾਰਵਾਈ ਨੇ ਸਿੱਖਾਂ ਦੇ ਧਾਰਮਿਕ ਮਸਲਿਆਂ ਨਾਲ ਸਬੰਧਤ ਐਕਟ ਨੂੰ ਤੋੜਨ ਕਰਕੇ ਗੁਨਾਹ ਕੀਤਾ ਹੈ। ਹਰਿਆਣਾ ਦੇ ਗੁਰਧਾਮਾਂ ਦੀ ਸੇਵਾ ਪੰਥ ਦੇ ਨੁਮਾਇੰਦਿਆਂ ਦੀ ਥਾਂ ਹਰਿਆਣਾ ਦੀ ਕਾਂਗਰਸ ਸਰਕਾਰ ਵੱਲੋਂ ਥਾਪੇ ਕਰਮਚਾਰੀਆਂ ਦੇ ਹੱਥ ਸੌਂਪਣ ਦੀ ਕੋਝੀ ਕੋਸ਼ਿਸ਼ ਕਰ ਰਹੀ ਹੈ।

## ਵੱਖਰੀ ਕਮੇਟੀ ਹਾਕਮ ਧਿਰ ਦੀਆਂ ਵਧੀਕੀਆਂ ਦਾ ਸਿੱਟਾ: ਫੂਲਕਾ

**ਅੰਮ੍ਰਿਤਸਰ:** ਉਘੇ ਸਿੱਖ ਵਕੀਲ ਤੇ ਆਮ ਆਦਮੀ ਪਾਰਟੀ ਦੇ ਆਗੂ ਵਕੀਲ ਐਚ.ਐਸ. ਫੂਲਕਾ ਨੇ ਆਖਿਆ ਕਿ ਵੱਖਰੀ ਕਮੇਟੀ ਬਣਾਉਣ ਦੀ ਮੰਗ ਹਾਕਮ ਧਿਰ ਦੀਆਂ ਵਧੀਕੀਆਂ ਕਾਰਨ ਹੀ ਉਭਰੀ ਹੈ। ਉਨ੍ਹਾਂ ਕਿਹਾ ਕਿ ਇਕ ਵਾਰ ਵਿਧਾਨ ਸਭਾ ਵੱਲੋਂ ਬਿੱਲ ਨੂੰ ਮਾਨਤਾ ਦਿੱਤੇ ਜਾਣ ਤੋਂ ਬਾਅਦ ਉਸ ਨੂੰ ਸਰਕਾਰ ਜਾਂ ਰਾਜਪਾਲ ਦੋਵਾਂ ਵਿਚੋਂ ਕੋਈ ਵਾਪਸ ਨਹੀਂ ਲੈ ਸਕਦਾ। ਕੇਂਦਰੀ ਗ੍ਰਹਿ ਸਕੱਤਰ ਵੱਲੋਂ ਹਰਿਆਣਾ ਸਰਕਾਰ ਨੂੰ ਕੀਤੀ ਗਈ ਹਦਾਇਤ ਅਸੰਵਿਧਾਨਕ ਹੈ ਤੇ ਮੋਦੀ ਸਰਕਾਰ ਵੱਲੋਂ ਬਾਦਲ ਪਰਿਵਾਰ ਦੇ ਦਬਾਅ ਹੇਠ ਇਸ ਮਾਮਲੇ ਨੂੰ ਉਲਝਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਜਦੋਂ ਵਿਧਾਨ ਸਭਾ ਵੱਲੋਂ ਕਿਸੇ ਕਾਨੂੰਨ ਬਾਰੇ ਬਿੱਲ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ ਤਾਂ ਫਿਰ ਕਾਨੂੰਨ ਬਣਨ ਮਗਰੋਂ ਇਸ ਨੂੰ ਨਾ ਤਾਂ ਸਰਕਾਰ ਤੇ ਨਾ ਰਾਜਪਾਲ ਵਾਪਸ ਲੈਣ ਦੇ ਸਮਰੱਥ ਹਨ।



## ਮੋਰਚਾ ਲਾ ਕੇ ਬਾਦਲ ਪੰਜਾਬ ਦਾ ਮਾਹੌਲ ਖਰਾਬ ਨਾ ਕਰਨ: ਸਰਨਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਰਿਆਣਾ ਕਮੇਟੀ ਮਾਮਲੇ ਵਿਚ ਮੋਰਚਾ ਲਗਾ ਕੇ ਪੰਜਾਬ ਦੇ ਮਾਹੌਲ ਨੂੰ ਅੱਗ ਲਗਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਥੋਂ ਦੇ ਸਿੱਖਾਂ ਦਾ ਹੱਕ ਹੈ ਤੇ ਹਰਿਆਣਾ ਸਰਕਾਰ ਨੇ ਉਨ੍ਹਾਂ ਦੀ ਮੰਗ ਮੁਤਾਬਕ ਹੱਕ ਦੇ ਕੇ ਕੋਈ ਵੀ ਗਲਤੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ 1966 ਦੇ ਪੁਨਰਗਠਨ ਐਕਟ ਵਿਚ ਸਪਸ਼ਟ ਲਿਖਿਆ ਹੈ ਕਿ ਹਰਿਆਣਾ ਆਪਣੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਸਕਦਾ ਹੈ ਤੇ ਇਸ ਐਕਟ 'ਤੇ ਪ੍ਰਕਾਸ਼ ਸਿੰਘ ਬਾਦਲ ਦੇ ਵੀ ਦਸਤਖ਼ਤ ਹਨ।



## ਗੁਰੂ ਘਰਾਂ 'ਤੇ ਕਬਜ਼ਾ ਨਹੀਂ ਹੋਣ ਦਿਆਂਗੇ: ਮੱਕੜ

**ਪੰਚਕੂਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਹਰਿਆਣਾ ਵਿਚਲੇ ਅੱਠ ਗੁਰਦੁਆਰਿਆਂ ਦੀਆਂ ਗੋਲਕਾਂ ਵਿਚੋਂ ਐਸ.ਜੀ.ਪੀ.ਸੀ. ਇਕ ਨੂੰ ਵੀ ਹੱਥ ਨਹੀਂ ਲਾਉਣ ਦੇਵੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਸੂਬੇ ਦੇ ਗੁਰਦੁਆਰਿਆਂ ਉਤੇ ਕਬਜ਼ੇ ਕਰਾਉਣ ਦਾ ਮਨਸ਼ਾ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ। ਅਕਾਲੀ ਵਰਕਰਾਂ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨਾਲ ਵੀ ਮੀਟਿੰਗ ਕਰਨ ਮਗਰੋਂ ਉਨ੍ਹਾਂ ਕਿਹਾ ਕਿ ਇਸ ਬਾਰੇ ਅਗਲੀ ਰਣਨੀਤੀ ਸੂਬੇ ਦੇ ਲੋਕਾਂ ਨੂੰ ਖੁਦ ਹੀ ਪਤਾ ਚੱਲ ਜਾਵੇਗੀ। ਕਾਂਗਰਸ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਨੀਤੀ 'ਤੇ ਚੱਲ ਰਹੀ ਹੈ।



## ਸ਼੍ਰੋਮਣੀ ਕਮੇਟੀ ਵੱਡੇ ਭਰਾ ਵਾਲਾ ਫਰਜ਼ ਨਿਭਾਵੇ: ਜਥੇਦਾਰ

**ਆਨੰਦਪੁਰ ਸਾਹਿਬ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੇਕਰ ਹਰਿਆਣੇ ਦੇ ਸਿੱਖਾਂ ਦੀਆਂ ਕੁਝ ਮੰਗਾਂ ਹਨ ਤਾਂ ਉਹ ਦੱਸਣ। ਸ਼੍ਰੋਮਣੀ ਕਮੇਟੀ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਵੱਡੇ ਭਰਾ ਵਾਲਾ ਫ਼ਰਜ਼ ਨਿਭਾਵੇ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਬਣਾਉਣੀ ਗ਼ਲਤ ਹੈ ਤੇ ਇਹ ਕਿਸੇ ਵੀ ਹਾਲਤ ਵਿਚ ਨਹੀਂ ਬਣਨੀ ਚਾਹੀਦੀ। ਹਰਿਆਣਾ ਦੇ ਸਿੱਖ ਆਗੂਆਂ ਨੂੰ ਪੰਥ ਵਿਚੋਂ ਛੇਕਣ ਦੀ ਕੀਤੀ ਗਈ ਕਾਹਲੀ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਕੁਝ ਫ਼ੈਸਲੇ ਕਾਹਲੀ ਨਾਲ ਕਰਨੇ ਪੈਂਦੇ ਹਨ ਤੇ ਇਸ ਪਿੱਛੇ ਵੱਡਾ ਕਾਰਨ ਇਹ ਸੀ ਕਿ ਹਰਿਆਣਾ ਸਰਕਾਰ ਨੇ ਕਾਹਲੀ ਨਾਲ ਵੱਖਰੀ ਗੁਰਦੁਆਰਾ ਕਮੇਟੀ ਦਾ ਬਿੱਲ ਪਾਸ ਕਰ ਦਿੱਤਾ ਸੀ।



## ਸਿੱਖਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਨੇ ਬਾਦਲ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਰਿਆਣਾ ਵਿਚ ਸਿੱਖਾਂ ਖ਼ਿਲਾਫ਼ ਮੋਰਚਾ ਖੋਲ੍ਹ ਕੇ ਹਰ ਫਰੰਟ 'ਤੇ ਆਪਣੀ ਸਰਕਾਰ ਦੀ ਅਸਫ਼ਲਤਾ ਤੇ ਭ੍ਰਿਸ਼ਟਾਚਾਰ ਨੂੰ ਛਿਪਾਉਣਾ ਚਾਹੁੰਦੇ ਹਨ ਤੇ ਇਹ ਕਦਮ ਭਾਈਚਾਰੇ ਵਿਚਕਾਰ ਖ਼ਤਰਨਾਕ ਲੜਾਈ ਦਾ ਕਾਰਨ ਬਣ ਸਕਦਾ ਹੈ। ਸ. ਬਾਜਵਾ ਨੇ ਕਿਹਾ ਕਿ ਬਾਦਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਕਾਂਗਰਸ ਵੱਲੋਂ ਗ੍ਰਹਿ ਮੰਤਰਾਲੇ ਦੀ ਨਿੰਦਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਹਰਿਆਣਾ ਦੇ ਰਾਜਪਾਲ ਨੂੰ ਵੱਖਰੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਸਥਾਪਤ ਕਰਨ ਬਾਰੇ ਬਿੱਲ ਨੂੰ ਦਿੱਤੀ ਮਨਜ਼ੂਰੀ ਵਾਪਸ ਲੈਣ ਲਈ ਕਹਿਣ ਦਾ ਸਖ਼ਤ ਨੋਟਿਸ ਲਿਆ ਹੈ।

ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਹਰਿਆਣਾ ਸੂਬੇ ਦਾ ਆਪਣਾ ਮਾਮਲਾ ਹੈ। ਇਸ ਤੋਂ ਇਲਾਵਾ ਪੰਜਾਬ ਰੀਆਰਗੇਨਾਈਜੇਸ਼ਨ ਐਕਟ 1966 ਦੀ ਧਾਰਾ 72 ਹਰਿਆਣਾ ਨੂੰ ਆਪਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਸਪਸ਼ਟ ਅਧਿਕਾਰ ਦਿੰਦੀ ਹੈ।ਪੰਜਾਬ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਵੱਸਦੇ ਸਿੱਖਾਂ ਦਾ ਵੀ ਇਕ ਬਹੁਤ ਵੱਡਾ ਹਿੱਸਾ ਹਰਿਆਣਾ ਦੇ ਸਿੱਖਾਂ ਲਈ ਆਪਣੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਵੱਖਰੀ ਬਾਡੀ ਬਣਾਏ ਜਾਣ ਦੇ ਹੱਕ ਵਿਚ ਹੈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਜਾਪਦਾ ਹੈ ਕਿ ਇਕ ਦਹਾਕੇ ਤੋਂ ਵੱਧ ਦੇ ਕਾਲੇ ਦਿਨਾਂ ਤੋਂ ਬਾਦਲਾਂ ਨੇ ਕੁਝ ਨਹੀਂ ਸਿੱਖਿਆ।

## ਲਗਾਤਾਰ ਬਦਲਦਾ ਰਿਹਾ ਹੈ ਸ਼੍ਰੋਮਣੀ ਕਮੇਟੀ ਪ੍ਰਬੰਧ ਤੇ ਦਾਇਰਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਤੇ ਦਾਇਰੇ ਵਿਚ ਵਿਚ ਕਈ ਵਾਰ ਸਮੇਂ ਤੇ ਲੋੜ ਮੁਤਾਬਕ ਵੱਡੇ ਫੇਰ ਬਦਲ ਹੁੰਦੇ ਰਹੇ ਹਨ। ਗੁਰਦੁਆਰਾ ਐਕਟ 1925 ਪੰਜਾਬ ਅਸੰਬਲੀ ਵੱਲੋਂ ਪਾਸ ਕੀਤਾ ਗਿਆ ਸੀ ਤੇ ਉਸ ਸਮੇਂ ਸ਼੍ਰੋਮਣੀ ਕਮੇਟੀ ਦੀ ਜ਼ੱਦ ਵਿਚ ਸਿਰਫ਼ ਬਰਤਾਨਵੀ ਹਕੂਮਤ ਵਾਲਾ ਪੰਜਾਬ ਹੀ ਸੀ। ਭਾਵ ਇਸ ਕਾਨੂੰਨ ਤਹਿਤ ਸਿਰਫ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਗੁਰਦੁਆਰਿਆਂ ਦਾ ਹੀ ਪ੍ਰਬੰਧ ਸੀ। ਬਾਕੀ ਰਿਆਸਤਾਂ ਪਟਿਆਲਾ, ਨਾਭਾ ਜਾਂ ਫ਼ਰੀਦਕੋਟ ਆਦਿ ਅਧੀਨ ਆਉਂਦੇ ਇਤਿਹਾਸਕ ਗੁਰਦੁਆਰੇ ਰਿਆਸਤੀ ਪ੍ਰਬੰਧ ਅਧੀਨ ਹੀ ਸਨ।




1947 ਵਿਚ ਜਦ ਦੇਸ਼ ਦੀ ਵੰਡ ਹੋਈ ਤਾਂ ਪਾਕਿਸਤਾਨੀ ਪੰਜਾਬ ਵਿਚ ਰਹਿ ਗਏ ਸਭ ਇਤਿਹਾਸਕ ਗੁਰਦੁਆਰੇ ਸ਼੍ਰੋਮਣੀ ਕਮੇਟੀ ਦੀ ਜ਼ੱਦ ਵਿਚੋਂ ਬਾਹਰ ਚਲੇ ਗਏ। ਉਂਜ ਭਾਵੇਂ ਗੁਰਪੁਰਬ ਵੇਲੇ ਪਾਕਿਸਤਾਨ ਜਾਣ ਵਾਲੇ ਜਥਿਆਂ ਸਮੇਂ ਸ਼੍ਰੋਮਣੀ ਕਮੇਟੀ ਆਪਣਾ ਪ੍ਰਬੰਧ ਹੋਣ ਦਾ ਦਮ ਭਰਦੀ ਰਹੀ ਤੇ ਕੁਝ ਸਮਾਂ ਗੋਲਕ ਦੇ ਪੈਸੇ ਵੀ ਲਿਆਉਂਦੀ ਰਹੀ। ਦੇਸ਼ ਦੀ ਵੰਡ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ ਦਾਇਰਾ ਪੰਜਾਬ ਦੇ ਗ਼ੈਰ ਰਿਆਸਤੀ ਹਿੱਸਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ। ਪਟਿਆਲਾ, ਨਾਭਾ, ਫ਼ਰੀਦਕੋਟ ਆਦਿ ਰਿਆਸਤਾਂ ਨੂੰ ਮਿਲਾ ਕੇ ਬਣੇ ਸੂਬਾ ਪੈਪਸੂ ਵਿਚਲੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਧਰਮਾਰਥ ਬੋਰਡ ਵੱਲੋਂ ਚਲਾਇਆ ਜਾਣ ਲੱਗਾ। ਇਸ ਤੋਂ ਬਾਅਦ 1956 ਵਿਚ ਪੈਪਸੂ ਨੂੰ ਤੋੜ ਕੇ ਜਦ ਪੰਜਾਬ ਵਿਚ ਰਲੇਵਾਂ ਕਰ ਦਿੱਤਾ ਗਿਆ ਤਾਂ ਤਕਰੀਬਨ 110 ਪੈਪਸੂ ਵਿਚ ਪੈਂਦੇ ਗੁਰਦੁਆਰਾ ਸਾਹਿਬ ਤੇ ਇਨ੍ਹਾਂ ਦੀ ਭਾਰੀ ਜਾਇਦਾਦ ਖੁਦ-ਬ-ਖੁਦ ਸ਼੍ਰੋਮਣੀ ਕਮੇਟੀ ਨਾਲ ਜੁੜ ਗਈ। ਤਖ਼ਤ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਦੂਖ ਨਿਵਾਰਨ ਪਟਿਆਲਾ, ਫ਼ਤਹਿਗੜ੍ਹ ਸਾਹਿਬ ਦੇ ਇਤਿਹਾਸਕ ਗੁਰਦੁਆਰੇ 1956 ਤੋਂ ਬਾਅਦ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਏ।

ਪਾਉਂਟਾ ਸਾਹਿਬ ਦਾ ਇਤਿਹਾਸਕ ਗੁਰਦੁਆਰਾ 1970 ਵਿਚ ਮਹੰਤਾਂ ਤੋਂ ਆਜ਼ਾਦ ਕਰਵਾਇਆ ਗਿਆ ਤੇ ਹਿਮਾਚਲ ਦੇ ਬਾਕੀ ਸਾਰੇ ਗੁਰਦੁਆਰੇ ਤਾਂ ਸ਼੍ਰੋਮਣੀ ਕਮੇਟੀ ਅਧੀਨ ਹਨ ਪਰ ਪਾਉਂਟਾ ਸਾਹਿਬ 1970 ਤੋਂ ਗੁਰਦੁਆਰਾ ਬੋਰਡ ਅਧੀਨ ਕੰਮ ਕਰਦਾ ਆ ਰਿਹਾ ਹੈ। ਹਾਈ ਕੋਰਟ ਦੇ ਫ਼ੈਸਲੇ ਨਾਲ ਪਾਉਂਟਾ ਸਾਹਿਬ ਗੁਰਦੁਆਰਾ ਬੋਰਡ ਵੱਖਰਾ ਕਾਇਮ ਹੋਇਆ ਸੀ। ਇਸ ਬੋਰਡ ਦਾ ਪ੍ਰਧਾਨ ਤਾਂ ਭਾਵੇਂ ਸ਼੍ਰੋਮਣੀ ਕਮੇਟੀ ਪ੍ਰਧਾਨ ਹੀ ਬਣਦਾ ਆ ਰਿਹਾ ਹੈ, ਪਰ ਇਸ ਧਾਰਮਿਕ ਅਸਥਾਨ ਦਾ ਪ੍ਰਬੰਧ ਵੱਖਰੇ ਬੋਰਡ ਵੱਲੋਂ ਹੀ ਚਲਾਇਆ ਜਾਂਦਾ ਹੈ। ਮਿਲੀ ਜਾਣਕਾਰੀ ਮੁਤਾਬਕ ਦੇਸ਼ ਦੀ ਵੰਡ ਤੋਂ ਬਾਅਦ ਦਿੱਲੀ ਦੇ ਗੁਰਦੁਆਰਿਆਂ ਦੇ ਪ੍ਰਬੰਧ ਉਪਰ ਵੀ ਪੰਜਾਬ ਦੀ ਅਕਾਲੀ ਲੀਡਰਸ਼ਿਪ ਦਾ ਵਧੇਰੇ ਪ੍ਰਭਾਵ ਸੀ ਤੇ ਸ਼੍ਰੋਮਣੀ ਕਮੇਟੀ ਦਾ ਦਖ਼ਲ ਭਾਰੀ ਸੀ, ਪਰ ਉਥੇ ਵੀ 1971 ਵਿਚ ਦਿੱਲੀ ਗੁਰਦੁਆਰਾ ਐਕਟ ਬਣਨ ਬਾਅਦ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚਲ ਰਿਹਾ ਹੈ। ਦੇਸ਼ ਅੰਦਰ ਉਤਰਾਖੰਡ ਵਿਚ ਗੁਰਦੁਆਰਾ ਨਾਨਕ ਮੱਤਾ, ਗੁਰਦੁਆਰਾ ਬੜਾ ਸਿੱਖ ਸੰਗਤ ਕਲਕੱਤਾ, ਨਾਂਦੇੜ ਸਾਹਿਬ ਤੇ ਪਟਨਾ ਸਾਹਿਬ ਵਿਖੇ ਵੀ ਸਿੱਖ ਪ੍ਰਬੰਧਕੀ ਬੋਰਡ ਕੰਮ ਕਰ ਰਹੇ ਹਨ। ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਾਰੇ ਭਾਵਕਤਾ ਦਿਖਾਉਣ ਦੀ ਬਜਾਏ ਦੇਸ਼ ਦੇ ਸਮੂਹ ਸਿੱਖਾਂ ਨੂੰ ਇਕ ਪ੍ਰਬੰਧ ਹੇਠ ਲਿਆਉਣ ਲਈ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ।

PAO
Punjabi American Organization

# Punjabi American Organization

ਮਾਣ ਨਾਲ ਪੇਸ਼ ਕਰਦੀ ਹੈ ਮਿਡਵੈਸਟ ਦਾ 10ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2014

*Only For Ladies*

## ਤੀਆਂ ਦਾ ਮੇਲਾ-2014

## Sunday, August 3, 2014

Time: 10:30 AM to 5:00 PM

## The Meadows Club

2950 W. Golf Rd,
Rolling Meadows, IL 60008
Ph: 847.640.3200

Items: Giddha, Dholki, Singing & Dancing with Live DJ

ਬੀਬੀਆਂ ਦੀ ਖਰੀਦੋ-ਫਰੋਖਤ ਲਈ ਮਹਿੰਦੀ, ਜਿਊਲਰੀ, ਗਿਫਟ ਆਈਟਮਾਂ, ਪੰਜਾਬੀ ਸੂਟ ਆਦਿ ਦੇ ਸਟਾਲਾਂ ਦਾ ਉਚੇਚਾ ਪ੍ਰਬੰਧ









ਗਾਇਕਾ ਸਤਵਿੰਦਰ ਬਿੱਟੀ

ਪ੍ਰਸਿੱਧ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਮਨੋਰੰਜਨ ਕਰੇਗੀ

## ਸ਼ੌਂਕਣ ਮੇਲੇ ਦੀ

(ਦਰਸ਼ਕ ਬੀਬੀਆਂ ਵਲੋਂ) *ਠੀਕ 12 ਵਜੇ ਸ਼ੁਰੂ*

**Traditional Punjabi**
**Dress Competition**
*(From Audience)* Starts @ 12:00 pm

Want to be part of Teeyan Committee or High School Volunteer Hours, please contact Sukhi Singh and Minni Multani

*Ticket Price $15 - Lunch Included, Kids Under 5 yrs are Free!*

**For More Information Contact**

Minni Multani 630-935-5239
Sukhi Singh 847-917-3664
Naiha Walia 847-687-9074
Pinki Walia 847-999-8720
Naina Singh 847-828-9412

Navjot Bajwa 312-446-4432
Manisha Garg 847-904-7458
Aarti Singla 630-479-3661

Jasmeet Suga 630-673-6300
Kamal Hunjan 630-673-5156
Satinder Kaur 630-696-8705
Pammi Sangha 630-965-2930
Rajinder Mago 630-890-1362

www.paochicago.org

# ਸੜਕ ਹਾਦਸਿਆਂ ਕਾਰਨ ਗਈਆਂ 24 ਹਜ਼ਾਰ ਜਾਨਾਂ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਕੁਝ ਸਾਲਾਂ ਵਿਚ ਹੀ ਹਜ਼ਾਰਾਂ ਲੋਕਾਂ ਦੀ ਸੜਕ ਹਾਦਸਿਆਂ ਵਿਚ ਮੌਤ ਹੋ ਚੁੱਕੀ ਹੈ ਜਦਕਿ ਇਸ ਤੋਂ ਗੁਣਾ ਵੱਧ ਅੰਗਹੀਣਾਂ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹਨ। ਇਨ੍ਹਾਂ ਹਾਦਸਿਆਂ ਦਾ ਮੁੱਖ ਕਾਰਨ ਖਸਤਾਹਾਲ ਸੜਕਾਂ ਤੇ ਟ੍ਰੈਫਿਕ ਨਿਯਮਾਂ ਦੀ ਅਣਦੇਖੀ ਦੱਸਿਆ ਜਾ ਰਿਹਾ ਹੈ।

ਮਿਲੀ ਜਾਣਕਾਰੀ ਮੁਤਾਬਕ ਪੰਜਾਬ ਦੀਆਂ ਖ਼ੂਨੀ ਸੜਕਾਂ ਨੇ ਪਿਛਲੇ ਅੱਠ ਸਾਲਾਂ ਵਿਚ ਤਕਰੀਬਨ 24,321 ਵਿਅਕਤੀਆਂ ਦੀ ਜਾਨ ਲੈ ਲਈ ਹੈ ਜਦਕਿ 35,968 ਲੋਕ ਜ਼ਖ਼ਮੀ ਹੋਏ ਹਨ। ਇਨ੍ਹਾਂ ਵਿਚੋਂ ਸੈਂਕੜੇ ਲੋਕਾਂ ਦੇ ਅੰਗ ਨਕਾਰਾ ਹੋ ਗਏ ਹਨ ਜੋ ਹੁਣ ਲਾਚਾਰ ਤੇ ਬੇਵੱਸ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਹਾਦਸਿਆਂ ਵਿਚ ਕਈ ਵਿਅਕਤੀਆਂ ਦੀਆਂ ਲੱਤਾਂ-ਬਾਹਾਂ ਟੁੱਟ ਚੁੱਕੀਆਂ ਹਨ ਤੇ ਕਈਆਂ ਦੇ ਸਿਰਾਂ ਵਿਚ ਗੰਭੀਰ ਚੋਣ ਕਾਰਨ ਉਹ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ। ਸਮਾਜ ਸੇਵੀ ਡਾ. ਜਸਦੀਪਕ ਸਿੰਘ ਕੁੰਭੜਾ ਵੱਲੋਂ ਸੂਚਨਾ ਦੇ ਅਧਿਕਾਰ ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਮੁਤਾਬਕ ਪਿਛਲੇ ਅੱਠ ਸਾਲਾਂ ਵਿਚ ਤਕਰੀਬਨ 40,944 ਸੜਕ ਹਾਦਸੇ ਵਾਪਰੇ ਹਨ ਜਿਨ੍ਹਾਂ ਵਿਚ 24321 ਲੋਕਾਂ ਦੀ ਮੌਤ ਹੋ ਗਈ ਹੈ ਜਦਕਿ 35968 ਵਿਅਕਤੀ ਜ਼ਖ਼ਮੀ ਹੋਏ ਹਨ।

ਪੰਜਾਬ ਪੁਲਿਸ ਦੇ ਆਈ.ਜੀ. (ਟਰੈਫ਼ਿਕ) ਵੱਲੋਂ ਦਿੱਤੀ ਗਈ ਸੂਚਨਾ ਮੁਤਾਬਕ ਸਾਲ 2007 ਵਿਚ 5208 ਸੜਕ ਹਾਦਸਿਆਂ ਵਿਚ 3363 ਵਿਅਕਤੀਆਂ ਦੀ ਜਾਨ ਗਈ ਜਦਕਿ 4430 ਲੋਕ ਜ਼ਖ਼ਮੀ ਹੋਏ। ਸਾਲ 2008 ਵਿਚ



5409 ਸੜਕ ਦੁਰਘਟਨਾਵਾਂ ਵਿਚ 3333 ਲੋਕਾਂ ਦੀ ਮੌਤ ਹੋਈ ਜਦਕਿ 4868 ਵਿਅਕਤੀ ਜ਼ਖ਼ਮੀ ਹੋਏ। ਸਾਲ 2009 ਵਿਚ 6425 ਸੜਕ ਹਾਦਸੇ ਵਾਪਰੇ ਜਿਨ੍ਹਾਂ ਵਿਚ 3622 ਲੋਕਾਂ ਦੀ ਮੌਤ ਹੋਈ ਜਦਕਿ 5674 ਲੋਕ ਜ਼ਖ਼ਮੀ ਹੋ ਗਏ। ਸਾਲ 2010 ਵਿਚ 6641 ਸੜਕ ਹਾਦਸੇ ਵਾਪਰੇ ਜਿਨ੍ਹਾਂ ਵਿਚ 3424 ਲੋਕਾਂ ਦੀ ਮੌਤ ਹੋਈ ਜਦਕਿ 5854 ਜ਼ਖ਼ਮੀ ਹੋ ਗਏ। ਸਾਲ 2011 ਵਿਚ 7531 ਸੜਕ ਹਾਦਸਿਆਂ ਵਿਚ 3389 ਲੋਕਾਂ ਦੀ ਮੌਤ ਹੋਈ ਜਦਕਿ 5021 ਜ਼ਖ਼ਮੀ ਹੋਏ। ਸਾਲ 2012 ਵਿਚ 5253 ਸੜਕ ਹਾਦਸਿਆਂ ਵਿਚ 3320 ਵਿਅਕਤੀਆਂ ਦੀ ਮੌਤ ਹੋਈ ਜਦਕਿ 4725 ਲੋਕ ਜ਼ਖ਼ਮੀ ਹੋਏ। ਸਾਲ 2013 ਵਿਚ 5426 ਸੜਕ ਹਾਦਸੇ ਵਾਪਰੇ ਜਿਨ੍ਹਾਂ ਵਿਚੋਂ 3357 ਲੋਕਾਂ ਦੀ ਜਾਨ ਚਲੀ ਗਈ ਤੇ 4647 ਵਿਅਕਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ। ਸਾਲ 2014 ਵਿਚ (ਫਰਵਰੀ ਤੱਕ) 851 ਸੜਕ ਹਾਦਸਿਆਂ ਵਿਚ 513 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 749 ਵਿਅਕਤੀ ਜ਼ਖ਼ਮੀ ਹੋਏ ਹਨ।

ਉੱਧਰ ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ ਸੂਬੇ ਵਿਚ 381 ਖ਼ਤਰਨਾਕ ਐਕਸੀਡੈਂਟ ਪੁਆਇੰਟ ਹਨ। ਇਨ੍ਹਾਂ ਵਿਚ ਜ਼ਿਲ੍ਹਾ ਪਠਾਨਕੋਟ ਵਿਚ ਸਭ ਤੋਂ ਵੱਧ ਜਦਕਿ ਲੁਧਿਆਣਾ ਦਿਹਾਤੀ ਏਰੀਆ ਵਿਚ ਸਭ ਤੋਂ ਘੱਟ ਖ਼ਤਰਨਾਕ ਐਕਸੀਡੈਂਟ ਪੁਆਇੰਟ ਹਨ। ਮੁਕਤਸਰ ਤੇ ਜਲੰਧਰ ਦਿਹਾਤੀ ਖੇਤਰ ਵਿਚ ਇਕ ਵੀ ਖ਼ਤਰਨਾਕ ਐਕਸੀਡੈਂਟ ਪੁਆਇੰਟ ਨਹੀਂ ਹੈ ਜੋ ਚੰਗੀ ਗੱਲ ਹੈ। ਭਿਆਨਕ ਸੜਕ ਹਾਦਸਿਆਂ ਦੇ ਮਾਮਲੇ ਵਿਚ ਪਠਾਨਕੋਟ ਨੰਬਰ ਇਕ ਤੇ ਗੁਰਦਾਸਪੁਰ ਦੂਜੇ ਤੇ ਬਟਾਲਾ ਤੀਜੇ ਸਥਾਨ 'ਤੇ ਹੈ। ਪਹਿਲੇ 10 ਸਥਾਨਾਂ ਵਿਚ ਜ਼ਿਲ੍ਹਾ ਐਸ.ਏ.ਐੱਸ. ਨਗਰ ਤੇ ਬਠਿੰਡਾ ਪੰਜਵੇਂ ਸਥਾਨ ਹੈ। ਅੰਮ੍ਰਿਤਸਰ ਚੌਥੇ ਸਥਾਨ 'ਤੇ ਹੈ ਜਿਥੇ 28 ਭਿਆਨਕ ਐਕਸੀਡੈਂਟ ਪੁਆਇੰਟ ਹਨ। ਮਾਨਸਾ ਦੀਆਂ ਸੜਕਾਂ ਨੂੰ ਵੀ ਸਫ਼ਰ ਲਈ ਅਸੁਰੱਖਿਅਤ ਐਲਾਨਿਆ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਪਠਾਨਕੋਟ ਵਿਚ 45, ਗੁਰਦਾਸਪੁਰ ਵਿੱਚ 37, ਬਟਾਲਾ ਵਿਚ 33, ਅੰਮ੍ਰਿਤਸਰ ਵਿਚ 28, ਬਠਿੰਡਾ ਤੇ ਐਸ.ਏ.ਐਸ. ਨਗਰ (ਮੁਹਾਲੀ) ਵਿਚ 26-26, ਫ਼ਿਰੋਜ਼ਪੁਰ ਤੇ ਫ਼ਾਜ਼ਿਕਲਾ ਵਿਚ 23-23, ਖੰਨਾ ਵਿਚ 17, ਰੂਪਨਗਰ ਵਿਚ 13, ਪਟਿਆਲਾ ਵਿਚ 10, ਨਵਾਂ ਸ਼ਹਿਰ ਤੇ ਫ਼ਤਹਿਗੜ੍ਹ ਸਾਹਿਬ ਵਿਚ 9-9, ਹੁਸ਼ਿਆਰਪੁਰ ਵਿਚ 8, ਜਲੰਧਰ ਵਿਚ 7, ਤਰਨ ਤਾਰਨ, ਬਰਨਾਲਾ, ਫ਼ਰੀਦਕੋਟ ਤੇ ਕਪੂਰਥਲਾ ਵਿਚ 5-5, ਅੰਮ੍ਰਿਤਸਰ ਦਿਹਾਤੀ ਅਤੇ ਮੋਗਾ ਵਿਚ 4-4 ਤੇ ਲੁਧਿਆਣਾ ਦਿਹਾਤੀ ਵਿਚ ਤਿੰਨ ਖ਼ਤਰਨਾਕ ਐਕਸੀਡੈਂਟ ਪੁਆਇੰਟ ਹਨ। ਇਹ ਸਾਰੇ ਅੰਕੜੇ ਪੰਜਾਬ ਪੁਲਿਸ ਦੀ ਸਰਕਾਰੀ ਵੈੱਬਸਾਈਟ 'ਤੇ ਉਪਲਬਧ ਹਨ। ਪੁਲਿਸ ਦਾ ਕਹਿਣਾ ਹੈ ਕਿ ਹਾਦਸਿਆਂ ਦਾ ਮੁੱਖ ਕਾਰਨ ਨਸ਼ਾ ਕਰ ਕੇ ਗੱਡੀ ਚਲਾਉਣਾ ਤੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਹੈ। ਸੜਕਾਂ ਦਾ ਨਿਰਮਾਣ ਯੋਜਨਾਬੱਧ ਤਰੀਕੇ ਤੇ ਸਹੀ ਤਕਨੀਕ ਨਾਲ ਨਾ ਹੋਣਾ ਵੀ ਹਾਦਸਿਆਂ ਦੇ ਕਾਰਨ ਹਨ। ਸੜਕਾਂ ਨੂੰ ਚੌੜਾ ਕਰਨਾ ਇਸ ਸਮੱਸਿਆ ਦਾ ਹੱਲ ਨਹੀਂ ਹੈ ਬਲਕਿ ਲੋੜ ਅਨੁਸਾਰ 'ਨੋ ਓਵਰਟੇਕ ਜ਼ੋਨ' ਬਣਾਉਣ ਸਮੇਤ ਟਰੈਫ਼ਿਕ ਪੁਲਿਸ ਕਰਮਚਾਰੀਆਂ ਦੀ ਤਾਇਨਾਤੀ ਹੋਣੀ ਚਾਹੀਦੀ ਹੈ। ਟਰੈਫ਼ਿਕ ਨਿਯਮਾਂ ਬਾਰੇ ਜਾਗਰੂਕ ਹੋਣ ਤੇ ਨਸ਼ੇ ਤਿਆਗਣ ਨਾਲ ਸੜਕ ਹਾਦਸਿਆਂ ਵਿਚ ਕਮੀ ਆ ਸਕਦੀ ਹੈ।

## ਵਿਦੇਸ਼ੀ ਜੇਲ੍ਹਾਂ ਵਿਚ ਬੰਦ ਨੇ 5986 ਭਾਰਤੀ

**ਹੁਸ਼ਿਆਰਪੁਰ:** ਇਸ ਤੋਂ ਇਲਾਵਾ ਭਾਰਤ ਦੇ 5986 ਨਾਗਰਿਕ ਵਿਦੇਸ਼ੀ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ 71 ਕੈਦੀ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਜੋ ਲੋੜੀਂਦੀਆਂ ਕਾਰਵਾਈਆਂ ਪੂਰੀਆਂ ਹੋਣ ਦੇ ਇੰਤਜ਼ਾਰ ਵਿਚ ਹਨ।

ਇਹ ਜਾਣਕਾਰੀ ਕੇਂਦਰੀ ਵਿਦੇਸ਼ ਮੰਤਰਾਲੇ ਤੋਂ ਰਾਜ ਮੰਤਰੀ ਵੀ.ਕੇ ਸਿੰਘ ਨੇ ਦਿੱਤੀ ਹੈ। ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸੰਸਦ ਵਿਚ ਪ੍ਰਸ਼ਨਕਾਲ ਦੌਰਾਨ ਕੇਂਦਰੀ ਵਿਦੇਸ਼ ਮੰਤਰਾਲੇ ਕੋਲੋਂ ਵਿਦੇਸ਼ੀ ਜੇਲ੍ਹਾਂ ਵਿਚ ਬੰਦ ਭਾਰਤੀਆਂ ਦੀ ਗਿਣਤੀ ਤੇ ਉਨ੍ਹਾਂ ਵਿਚੋਂ ਕਿੰਨੇ ਕੈਦੀਆਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ, ਬਾਰੇ ਜਾਣਕਾਰੀ ਮੰਗੀ ਸੀ। ਉਨ੍ਹਾਂ ਇਹ ਵੀ ਪੁੱਛਿਆ ਕਿ ਸਰਕਾਰ ਇਨ੍ਹਾਂ ਕੈਦੀਆਂ ਨੂੰ ਭਾਰਤ ਵਾਪਸ ਲਿਆਉਣ ਲਈ ਕੀ ਉਪਰਾਲੇ ਕਰ ਰਹੀ ਹੈ।

ਇਸ ਦੇ ਜਵਾਬ ਵਿਚ ਰਾਜ ਮੰਤਰੀ ਨੇ ਦੱਸਿਆ ਕਿ ਇਸ ਮਸਲੇ ਬਾਰੇ ਸਬੰਧਤ ਵਿਦੇਸ਼ੀ ਸਰਕਾਰਾਂ ਨਾਲ ਗੱਲਬਾਤ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਦੇ ਜੁਰਮਾਨੇ ਮਾਫ਼ ਕਰਨ ਬਾਰੇ ਲੋੜੀਂਦੀ ਕਾਰਵਾਈ ਵਿਚ ਤੇਜ਼ੀ ਲਿਆਂਦੀ ਜਾ ਸਕੇ। ਸ੍ਰੀ ਖੰਨਾ ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਵਿਦੇਸ਼ੀ ਜੇਲ੍ਹਾਂ ਵਿਚ ਬੰਦ ਕੈਦੀਆਂ ਦੀ ਰਿਹਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਵਿਚ ਤੇਜ਼ੀ ਲਿਆਂਦੀ ਜਾਵੇ।

## ਹਾਈ ਕੋਰਟ ਨੇ ਪਾਈ ਪੰਜਾਬ ਸਰਕਾਰ ਨੂੰ ਝਾੜ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਪ੍ਰਤੀ ਅਪਣਾਈ ਜਾ ਰਹੀ ਅਣਦੇਖੀ ਦੀ ਨੀਤੀ ਦਾ ਸਖਤ ਨੋਟਿਸ ਲਿਆ ਹੈ।

ਅਦਾਲਤ ਨੇ ਪੰਜਾਬ ਦੇ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਹੁਕਮ ਦਿੱਤਾ ਹੈ ਕਿ ਜੇਕਰ ਪੰਜਾਬ ਸਰਕਾਰ, ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਲਾਜ਼ਮਾਂ ਲਈ ਅਗਲੇ ਦੋ ਮਹੀਨਿਆਂ ਦੇ ਵਿਚ-ਵਿਚ ਭਰਤੀ ਨਿਯਮ ਤਿਆਰ ਨਾ ਕਰ ਸਕੀ ਤਾਂ ਉਹ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ। ਇਹ ਹੁਕਮ ਅਦਾਲਤ ਨੇ ਦਿਨੇਸ਼ ਚੱਢਾ ਵੱਲੋਂ ਦਾਇਰ ਕੀਤੀ ਜਨਹਿੱਤ ਪਟੀਸ਼ਨ 'ਤੇ ਦੁਬਾਰਾ ਸ਼ੁਰੂ ਹੋਈ ਸੁਣਵਾਈ ਦੌਰਾਨ ਦਿੱਤੇ। ਮਾਮਲੇ ਦੀ ਸੁਣਵਾਈ ਕਰਦਿਆਂ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਜੇ ਤਿਵਾੜੀ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਸੂਬਾ ਸਰਕਾਰ ਵੱਲੋਂ ਕਈ ਮੌਕੇ ਮਿਲਣ ਦੇ ਬਾਵਜੂਦ ਭਰਤੀ ਨਿਯਮਾਂ ਨੂੰ ਅੰਤਿਮ ਛੋਹਾਂ ਨਾ ਦਿੱਤੇ ਜਾਣ 'ਤੇ ਨਾਰਾਜ਼ਗੀ ਜਤਾਈ।

ਕੇਸ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਭਰਤੀ ਨਿਯਮਾਂ ਨੂੰ ਅੰਤਿਮ ਛੋਹਾਂ ਦੇਣ ਬਾਰੇ ਚਾਰ ਮਹੀਨਿਆਂ ਦਾ ਸਮਾਂ ਦਿੱਤੇ ਜਾਣ ਦੀ ਬੇਨਤੀ ਕੀਤੀ, ਪਰ ਬੈਂਚ ਦੀ ਨਾਰਾਜ਼ਗੀ ਨੂੰ ਭਾਂਪਦਿਆਂ ਪੰਜਾਬ ਦੇ ਐਡੀਸ਼ਨਲ ਐਡਵੋਕੇਟ ਜਨਰਲ ਨੇ ਇਹ ਸਮਾਂ ਚਾਰ ਮਹੀਨਿਆਂ ਤੋਂ ਘਟਾ ਕੇ ਦੋ ਮਹੀਨੇ ਕਰਨ ਦੀ ਬੇਨਤੀ ਕੀਤੀ, ਜਿਸ 'ਤੇ ਬੈਂਚ ਨੇ ਗ੍ਰਹਿ ਮਾਮਲਿਆਂ ਤੇ ਨਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਹੁਕਮ ਦਿੱਤਾ ਕਿ ਜੇਕਰ ਕੇਸ ਦੀ ਅਗਲੀ ਸੁਣਵਾਈ ਜੋ 10 ਅਕਤੂਬਰ ਨੂੰ ਹੋਵੇਗੀ, ਤੋਂ ਹਫ਼ਤਾ ਪਹਿਲਾਂ ਭਰਤੀ ਨਿਯਮ ਨਾ ਸੌਂਪੇ ਗਏ ਤਾਂ ਉਹ (ਪ੍ਰਮੁੱਖ ਸਕੱਤਰ) ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ।

## ਅਣਖ ਖਾਤਰ ਧੀ ਤੇ ਉਸ ਦੇ ਪ੍ਰੇਮੀ ਦਾ ਕਤਲ

**ਬਠਿੰਡਾ:** ਨੇੜਲੇ ਪਿੰਡ ਰਾਜਗੜ੍ਹ ਕੁੱਬੇ ਵਿਚ ਪ੍ਰੇਮ ਸਬੰਧਾਂ ਦੇ ਚੱਲਦਿਆਂ ਪਿਉ ਵੱਲੋਂ ਆਪਣੀ ਧੀ ਤੇ ਉਸ ਦੇ ਪ੍ਰੇਮੀ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਮਿਲੀ ਜਾਣਕਾਰੀ ਮੁਤਾਬਕ ਮਨਜਿੰਦਰ ਕੌਰ ਪੁੱਤਰੀ ਚਮਕੌਰ ਸਿੰਘ ਭੀਖੀ ਵਿਖੇ ਨਰਸਿੰਗ ਦੀ ਪੜ੍ਹਾਈ ਕਰ ਰਹੀ ਸੀ ਤੇ ਇਸ ਪਿੰਡ ਦਾ ਹੀ ਸਿਮਰਨਜੀਤ ਸਿੰਘ ਪੁੱਤਰ ਬਹਾਦਰ ਸਿੰਘ ਤਲਵੰਡੀ ਸਾਬੋ ਵਿਖੇ ਇਲੈਕਟ੍ਰਿਕ ਇੰਜਨੀਅਰਿੰਗ ਦੀ ਪੜ੍ਹਾਈ ਕਰਦਾ ਸੀ, ਦੇ ਪ੍ਰੇਮ ਸਬੰਧ ਸਨ। ਘਟਨਾ ਵਾਲੇ ਦਿਨ ਲੜਕੀ ਦਾ ਪਿਤਾ ਚਮਕੌਰ ਸਿੰਘ ਜਦੋਂ ਆਪਣੇ ਖੇਤਾਂ ਵਿਚੋਂ ਪਾਣੀ ਲਾ ਕੇ ਘਰ ਪਰਤਿਆ ਤਾਂ ਉਸ ਨੇ ਸਿਮਰਨਜੀਤ ਸਿੰਘ ਨੂੰ ਆਪਣੇ ਘਰ ਦੇ ਕਮਰੇ ਵਿਚੋਂ ਬਾਹਰ ਆਉਂਦੇ ਦੇਖਿਆ ਤਾਂ ਚਮਕੌਰ ਸਿੰਘ ਨੇ ਗੁੱਸੇ ਵਿਚ ਆ ਕੇ ਸਿਮਰਨਜੀਤ ਸਿੰਘ ਉੱਤੇ ਕੁਹਾੜੀ ਨਾਲ ਵਾਰ ਕਰ ਦਿੱਤਾ।

ਇਸ ਤੋਂ ਬਾਅਦ ਲੜਕੇ ਨੇ ਬਚਾਅ ਲਈ ਕੰਧ ਉਤੇ ਚੜ੍ਹਨ ਦਾ ਯਤਨ ਕੀਤਾ ਤਾਂ ਲੜਕੀ ਦੇ ਪਿਤਾ ਨੇ ਇਕ ਹੋਰ ਵਾਰ ਕਰਕੇ ਉਸ ਨੂੰ ਥੱਲੇ ਸੁੱਟ ਲਿਆ। ਜਦ ਲੜਕੀ ਨੇ ਆਪਣੇ ਪ੍ਰੇਮੀ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਪਿਤਾ ਨੇ ਉਸ ਉੱਤੇ ਵੀ ਵਾਰ ਕਰ ਦਿੱਤਾ ਤੇ ਦੋਵਾਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਇਸ ਉਪਰੰਤ ਲੜਕੀ ਦੇ ਪਿਤਾ ਨੇ ਖ਼ੁਦ ਹੀ ਸਾਰੀ ਘਟਨਾ ਦੀ ਸੂਚਨਾ ਪਿੰਡ ਦੇ ਸਰਪੰਚ ਨੂੰ ਦੇ ਦਿੱਤੀ ਜਿਸ ਨੇ ਤੁਰੰਤ ਹੀ ਇਸ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ। ਪੁਲਿਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸੂਬਿਆਂ ਦੀ ਸਹਿਮਤੀ ਨਾਲ ਹੀ ਜੋੜੇ ਜਾਣਗੇ ਦਰਿਆ: ਉਮਾ ਭਾਰਤੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਹੈ ਕਿ ਦਰਿਆਵਾਂ ਨੂੰ ਜੋੜਨ ਦੇ ਪ੍ਰਾਜੈਕਟ ਸਬੰਧਤ ਸੂਬਿਆਂ ਦੀ ਸਹਿਮਤੀ ਮਗਰੋਂ ਹੀ ਲਿਆਂਦੇ ਜਾਣਗੇ। ਸਰਕਾਰ ਨੇ ਦਰਿਆਵਾਂ ਨੂੰ ਜੋੜਨ ਦੇ ਤਿੰਨ ਪ੍ਰਾਜੈਕਟਾਂ 'ਤੇ ਵਿਚਾਰ ਕਰਨਾ ਸ਼ੁਰੂ ਕੀਤਾ ਹੈ। ਜਲ ਸਰੋਤ ਮੰਤਰੀ ਉਮਾ ਭਾਰਤੀ ਨੇ ਲੋਕ ਸਭਾ ਵਿਚ ਦੱਸਿਆ ਕਿ ਸਬੰਧਤ ਸੂਬਿਆਂ ਦੀ ਰਾਏ ਬਣਨ 'ਤੇ ਹੀ ਦਰਿਆਵਾਂ ਨੂੰ ਜੋੜਨ ਦੇ ਪ੍ਰਾਜੈਕਟ ਚਾਲੂ ਕੀਤੇ ਜਾਣਗੇ।



ਮੰਤਰੀ ਉਮਾ ਭਾਰਤੀ ਨੇ ਦੱਸਿਆ ਕਿ ਸਬੰਧਤ ਸੂਬਿਆਂ ਦੀ ਸਹਿਮਤੀ ਨਾਲ ਇਹ ਤਿੰਨ ਲਿੰਕ ਕੇਸ-ਬੇਤਵਾ ਲਿੰਕ, ਦਮਨਗੰਗਾ-ਪਿੰਜਾਲ ਲਿੰਕ ਤੇ ਪਾਰ-ਤਾਪੀ-ਨਰਮਦਾ ਲਿੰਕ, ਸਰਕਾਰ ਵੱਲੋਂ ਵਿਚਾਰੇ ਜਾ ਰਹੇ ਹਨ ਤੇ ਨੈਸ਼ਨਲ ਵਾਟਰ ਡਿਵੈਲਪਮੈਂਟ ਏਜੰਸੀ (ਐਨ.ਡਬਲਿਊ.ਡੀ.ਏ.) ਵੱਲੋਂ ਵਿਸਥਾਰਪੂਰਵਕ ਪ੍ਰਾਜੈਕਟ ਰਿਪੋਰਟ (ਡੀ.ਪੀ.ਆਰ.) ਤਿਆਰ ਕੀਤੀ ਜਾ ਰਹੀ ਹੈ। ਨੈਸ਼ਨਲ ਪਰਸਪੈਕਟਿਵ ਪਲਾਨ (ਐਨ.ਪੀ.ਪੀ.) ਅਧੀਨ ਅਜਿਹੇ 30 ਲਿੰਕਾਂ ਦੀ ਪਛਾਣ ਕੀਤੀ ਗਈ ਸੀ। ਕੇਨ-ਬੇਤਵਾ ਲਿੰਕ ਤੇ ਦਮਨਗੰਗਾ-ਪਿੰਜਾਲ ਲਿੰਕ ਦੀ ਡੀ.ਪੀ.ਆਰ. ਕੌਮੀ ਜਲ ਵਿਕਾਸ ਏਜੰਸੀ ਨੇ ਮੁਕੰਮਲ ਕਰਕੇ ਸਬੰਧਤ ਸੂਬਿਆਂ ਨੂੰ ਭੇਜ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪਾਰ-ਤਾਪੀ-ਨਰਮਦਾ ਲਿੰਕ ਦੀ ਡੀ.ਪੀ.ਆਰ. ਮੁਕੰਮਲ ਹੋਣ ਦੇ ਵੱਖ-ਵੱਖ ਪੜਾਵਾਂ 'ਤੇ ਹੈ। 27 ਫਰਵਰੀ 2012 ਨੂੰ ਸੁਪਰੀਮ ਕੋਰਟ ਨੇ ਸਰਕਾਰ ਨੂੰ ਪਹਿਲਾਂ ਮਿਸਾਲ ਵਜੋਂ ਕੇਨ-ਬੇਤਵਾ ਲਿੰਕ ਪ੍ਰਾਜੈਕਟ ਲਾਗੂ ਕਰਨ ਲਈ ਕਿਹਾ ਸੀ।

ਮੰਤਰੀ ਨੇ ਦੱਸਿਆ ਕਿ ਐਨ.ਪੀ.ਪੀ. ਮੁਤਾਬਕ ਦਰਿਆਵਾਂ ਨੂੰ ਜੋੜਨ ਨਾਲ 35 ਮਿਲੀਅਨ ਹੈਕਟੇਅਰ ਜ਼ਮੀਨ ਦੀ ਵਾਧੂ ਸਿੰਜਾਈ ਤੇ 34000 ਮੈਗਾਵਾਟ ਹਾਈਡਲ ਬਿਜਲੀ ਪੈਦਾਵਾਰ ਦੇ ਲਾਭ ਹੋ ਸਕਦੇ ਹਨ। ਇਸ ਤੋਂ ਇਲਾਵਾ ਹੜ੍ਹਾਂ ਤੋਂ ਬਚਾਅ, ਪੀਣਯੋਗ ਪਾਣੀ ਦੀ ਸਪਲਾਈ।

ਮੰਤਰੀ ਨੇ ਦੱਸਿਆ ਕਿ ਨੌਂ ਸੂਬਿਆਂ ਤੋਂ ਅੰਤਰਰਾਜੀ ਲਿੰਕਾਂ ਦੀਆਂ 46 ਤਜਵੀਜ਼ਾਂ ਵਿਚੋਂ ਨੌਂ ਤਜਵੀਜ਼ਾਂ 'ਤੇ ਕੌਮੀ ਜਲ ਵਿਕਾਸ ਏਜੰਸੀ ਨੇ ਡੀ.ਪੀ.ਆਰ. ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ। ਇਕ ਸੁਆਲ ਦਾ ਜੁਆਬ ਦਿੰਦਿਆਂ ਉਨ੍ਹਾਂ ਕਿਹਾ ਕਿ ਜੇਕਰ ਸਬੰਧਤ ਸੂਬੇ ਸਹਿਮਤੀ ਦਿੰਦੇ ਹਨ ਤਾਂ ਦੇਸ਼ ਦੇ ਦਰਿਆ 10 ਸਾਲਾਂ ਵਿਚ ਜੋੜੇ ਜਾ ਸਕਦੇ ਹਨ। ਦਰਿਆਵਾਂ ਨੂੰ ਜੋੜਨ ਦਾ ਕਾਰਜ ਇਸ ਤਰ੍ਹਾਂ ਕੀਤਾ ਜਾਏਗਾ ਕਿ ਪਾਣੀ ਦਾ ਬੇਰੋਕ ਵਹਾਅ ਤੇ ਸ਼ੁੱਧਤਾ ਯਕੀਨੀ ਰਹੇ।

ਕੇਂਦਰੀ ਜਲ ਸਰੋਤ ਮੰਤਰੀ ਉਮਾ ਭਾਰਤੀ ਦੇ ਬਿਆਨ ਤੋਂ ਪੰਜਾਬ ਸਮੇਤ ਉਨ੍ਹਾਂ ਸੂਬਿਆਂ ਨੂੰ ਤਸੱਲੀ ਹੋਈ ਹੈ ਜਿਹੜੇ ਦਰਿਆਵਾਂ ਨੂੰ ਜੋੜਨ ਦੀ ਐਨ.ਡੀ.ਏ. ਸਰਕਾਰ ਦੀ ਤਜਵੀਜ਼ ਦੇ ਖ਼ਿਲਾਫ਼ ਹਨ। ਦਰਿਆਵਾਂ ਨੂੰ ਜੋੜਨ ਦਾ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਵੀ ਉਠਿਆ ਸੀ। ਇਸ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਪਸ਼ਟ ਕੀਤਾ ਸੀ ਕਿ ਪੰਜਾਬ ਕਿਸੇ ਵੀ ਸੂਬੇ ਨੂੰ ਆਪਣੇ ਹਿੱਸੇ ਦਾ ਪਾਣੀ ਨਹੀਂ ਦੇਵੇਗਾ।

## ਨਸਲੀ ਭੇਦਭਾਵ ਵਾਲੀ ਸ਼ਬਦਾਵਲੀ ਜੱਗ-ਜ਼ਾਹਰ ਕਰਨ ਦੀ ਮੰਗ

**ਵਾਸ਼ਿੰਗਟਨ:** ਇਕ ਸਿੱਖ ਜਥੇਬੰਦੀ ਨੇ ਅਮਰੀਕਾ ਸਰਕਾਰ ਤੋਂ ਅਮਰੀਕਾ ਤੋਂ ਨਸਲੀ ਭੇਦਭਾਵ ਵਾਲੀ ਸ਼ਬਦਾਵਲੀ ਦੀ ਵਰਤੋਂ ਜੱਗ-ਜ਼ਾਹਰ ਕੀਤੇ ਜਾਣ ਦੀ ਮੰਗ ਕੀਤੀ ਹੈ। ਐਡਵਾਰਡ ਸਨੋਡਨ ਵੱਲੋਂ ਲੀਕ ਕੀਤੇ ਇਕ ਦਸਤਾਵੇਜ਼ ਵਿਚ ਦਿਖਾਇਆ ਗਿਆ ਸੀ ਕਿ ਖੁਫੀਆ ਏਜੰਟ ਮੁਸਲਮਾਨਾਂ ਵਿਰੁੱਧ ਨਸਲੀ ਤੇ ਨਫਰਤੀ ਲਕਬ ਵਰਤਦੇ ਰਹੇ ਹਨ। ਸਿੱਖ ਕੁਲੀਸ਼ਨ ਨੇ 'ਫਰੀਡਮ ਆਫ ਇਨਫਰਮੇਸ਼ਨ ਐਕਟ' ਅਧੀਨ 11 ਸਤੰਬਰ 2001 ਦੇ ਹਮਲਿਆਂ ਮਗਰੋਂ ਐਫ.ਬੀ.ਆਈ. ਤੇ ਨੈਸ਼ਨਲ ਸਕਿਉਰਿਟੀ ਏਜੰਸੀ ਦੇ ਮੁਲਾਜ਼ਮਾਂ ਵੱਲੋਂ ਇਕ-ਦੂਜੇ ਨੂੰ ਭੇਜੀਆਂ ਈਮੇਲਾਂ ਮੰਗੀਆਂ ਹਨ, ਜਿਨ੍ਹਾਂ ਵਿਚ ਨਫ਼ਰਤੀ ਲਕਬ ਵਰਤੇ ਗਏ ਦੱਸੇ ਜਾਂਦੇ ਹਨ। ਖੋਜੀ ਨਿਊਜ਼ ਸਾਈਟ 'ਦਿ ਇੰਟਰਸੈਪਟ' ਨੇ ਸਨੋਡਨ ਦਾ ਦਸਤਾਵੇਜ਼ਾਂ ਦਾ ਹਵਾਲਾ ਦੇ ਕੇ ਪਿਛਲੇ ਹਫਤੇ ਖੁਲਾਸਾ ਕੀਤਾ ਸੀ ਕਿ ਖੁਫੀਆ ਏਜੰਸੀਆਂ ਨੇ ਮੁਸਲਿਮ ਅਮਰੀਕੀਆਂ ਦੀ ਜਾਸੂਸੀ ਕੀਤੀ ਤੇ ਇਕ ਅੰਦਰੂਨੀ ਮੀਮੋ ਵਿਚ ਫਰਜ਼ੀ ਨਾਮ 'ਮੁਹੰਮਦ ਰੈਗਹੈੱਡ' ਵਰਤਿਆ ਗਿਆ ਸੀ।

## ਤਲਵੰਡੀ ਸਾਬੋ ਤੇ ਪਟਿਆਲਾ ਵਿਚ ਜ਼ਿਮਨੀ ਚੋਣ ਅਗਸਤ 'ਚ

**ਚੰਡੀਗੜ੍ਹ:** ਤਲਵੰਡੀ ਸਾਬੋ ਤੇ ਪਟਿਆਲਾ (ਸ਼ਹਿਰੀ) ਵਿਧਾਨ ਸਭਾ ਹਲਕਿਆਂ ਦੀਆਂ ਉਪ ਚੋਣਾਂ 21 ਅਗਸਤ ਨੂੰ ਹੋਣਗੀਆਂ। ਚੋਣ ਕਮਿਸ਼ਨ ਦੇ ਇਕ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਇਨ੍ਹਾਂ ਹਲਕਿਆਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਅਮਲ 26 ਜੁਲਾਈ ਤੋਂ ਸ਼ੁਰੂ ਹੋਵੇਗਾ ਤੇ 25 ਅਗਸਤ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਇਨ੍ਹਾਂ ਦੋਹਾਂ ਹਲਕਿਆਂ ਲਈ ਚੋਣਾਂ ਦਾ ਐਲਾਨ ਹੋਣ ਦੇ ਨਾਲ ਹੀ ਬਠਿੰਡਾ ਤੇ ਪਟਿਆਲਾ ਹਲਕਿਆਂ ਵਿਚ ਚੋਣ ਜ਼ਾਬਤਾ ਲਾਗੂ ਮੰਨਿਆ ਜਾਵੇਗਾ। ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਠਿੰਡਾ ਤੇ ਪਟਿਆਲਾ ਜ਼ਿਲ੍ਹਿਆਂ ਵਿਚ ਸੰਗਤ ਦਰਸ਼ਨ ਨਹੀਂ ਕਰ ਸਕਣਗੇ। ਪਟਿਆਲਾ (ਸ਼ਹਿਰੀ) ਹਲਕਾ ਕੈਪਟਨ ਅਮਰਿੰਦਰ ਸਿੰਘ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਕਾਰਨ ਖਾਲੀ ਹੋਇਆ ਹੈ।

ਤਲਵੰਡੀ ਸਾਬੋ ਹਲਕੇ ਤੋਂ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦਲ ਬਦਲੀ ਕਰਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਮਾਰਚ ਮਹੀਨੇ ਵਿਚ ਦਲ ਬਦਲੀ ਕੀਤੀ ਸੀ। ਵਿਧਾਨ ਸਭਾ ਵੱਲੋਂ ਨੋਟੀਫਿਕੇਸ਼ਨ ਦੇਰੀ ਨਾਲ ਕੀਤੇ ਜਾਣ ਕਾਰਨ ਚੋਣ ਕਮਿਸ਼ਨ ਵੱਲੋਂ ਤਲਵੰਡੀ ਸਾਬੋ ਹਲਕੇ ਦੀ ਚੋਣ ਦਾ ਐਲਾਨ ਦੇਰ ਨਾਲ ਕੀਤਾ ਗਿਆ। ਇਹ ਦੋਵੇਂ ਵਿਧਾਨ ਸਭਾ ਹਲਕੇ ਕਾਂਗਰਸ ਦੇ ਕਬਜ਼ੇ ਹੇਠ ਸਨ। ਸਾਲ 2012 ਦੀਆਂ ਆਮ ਚੋਣਾਂ ਦੌਰਾਨ ਤਲਵੰਡੀ ਸਾਬੋ ਤੋਂ ਕਾਂਗਰਸ ਦੀ ਟਿਕਟ 'ਤੇ ਜੀਤਮਹਿੰਦਰ ਸਿੰਘ ਸਿੱਧੂ ਤੇ ਪਟਿਆਲਾ (ਸ਼ਹਿਰੀ) ਤੋਂ ਕੈਪਟਨ ਅਮਰਿੰਦਰ ਸਿੰਘ ਜੇਤੂ ਰਹੇ ਸਨ।

## ਇੱਛਾ ਮ੍ਰਿਤੂ ਖੁਦਕੁਸ਼ੀ ਦਾ ਰੂਪ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇੱਛਾ ਮ੍ਰਿਤੂ ਨੂੰ ਜਾਇਜ਼ ਬਣਾਉਣ ਲਈ ਦਾਇਰ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਸਾਰੇ ਸੂਬਿਆਂ ਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਇੱਛਾ ਮ੍ਰਿਤੂ ਨੂੰ ਜਾਇਜ਼ ਬਣਾਏ ਜਾਣ ਦੇ ਮਾਮਲੇ ਵਿਚ ਮਦਦ ਕਰਨ ਲਈ ਸਾਬਕਾ ਸਾਲਿਸਟਰ ਜਨਰਲ ਟੀ.ਆਰ. ਅੰਧਿਆਰੂਜਿਨਾ ਨੂੰ ਅਦਾਲਤ ਮਿੱਤਰ ਨਿਯੁਕਤ ਕੀਤਾ ਹੈ।

ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇੱਛਾ ਮ੍ਰਿਤੂ ਖੁਦਕੁਸ਼ੀ ਦਾ ਹੀ ਇਕ ਰੂਪ ਹੈ ਜਿਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵਿਚ ਇੱਛਾ ਮ੍ਰਿਤੂ ਨੂੰ ਜਾਇਜ਼ ਕਰਨ ਲਈ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਇਸ ਦਾ ਵਿਰੋਧ ਕੀਤਾ ਤੇ ਕਿਹਾ ਕਿ ਇਸ ਨੂੰ ਖਾਰਜ਼ ਕੀਤਾ ਜਾਣਾ ਚਾਹੀਦਾ ਹੈ।

ਇਸ ਮਾਮਲੇ ਨੂੰ ਸੰਵਿਧਾਨਕ ਬੈਂਚ ਦੇ ਹਵਾਲੇ ਕੀਤਾ ਗਿਆ ਸੀ। ਕੇਂਦਰ ਵੱਲੋਂ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕਿਹਾ ਸੀ ਕਿ ਇਸ ਮਾਮਲੇ ਨੂੰ ਸੰਸਦ ਵਿਚ ਵਿਚਾਰ ਲਈ ਛੱਡ ਦੇਣਾ ਚਾਹੀਦਾ ਹੈ। ਇਹ ਸੰਸਦ ਤੈਅ ਕਰੇ ਕਿ ਇਸ ਲਈ ਕਾਨੂੰਨ ਵਿਚ ਕੀ ਸੋਧ ਹੋਣੀ ਚਾਹੀਦੀ ਹੈ।

# ਇਕ ਲੱਖ ਕਰੋੜ ਦਾ ਕਾਲਾ ਧਨ ਬੇਨਕਾਬ ਕਰਨ ਦਾ ਦਾਅਵਾ

**ਨਵੀਂ ਦਿੱਲੀ:** ਸਰਕਾਰ ਨੇ ਪਿਛਲੇ ਵਿੱਤੀ ਵਰ੍ਹੇ ਦੌਰਾਨ ਇਕ ਲੱਖ ਕਰੋੜ ਰੁਪਏ ਤੋਂ ਵੱਧ ਕਾਲੇ ਧਨ ਦਾ ਪਤਾ ਲਗਾਇਆ ਹੈ। ਇਹ ਰਕਮ ਸਾਲ 2012-13 ਦੌਰਾਨ ਕਾਲੇ ਧਨ 'ਤੇ ਕਾਬੂ ਪਾਉਣ ਲਈ ਆਮਦਨ ਕਰ ਵਿਭਾਗ ਵੱਲੋਂ ਵਿੱਢੀ ਗਈ ਮੁਹਿੰਮ ਦੌਰਾਨ ਜ਼ਬਤ ਕੀਤੇ ਗਏ ਧਨ ਨਾਲੋਂ ਦੁੱਗਣੀ ਤੋਂ ਵੀ ਜ਼ਿਆਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਆਮਦਨ ਕਰ ਵਿਭਾਗ ਨੇ ਹੁਣੇ ਖ਼ਤਮ ਹੋਏ ਵਿੱਤੀ ਸਾਲ 2013-14 ਦੌਰਾਨ 10791.63 ਕਰੋੜ ਰੁਪਏ ਦਾ ਕਾਲਾ ਧਨ ਫੜਿਆ ਹੈ। ਜਦ ਕਿ ਵਿਭਾਗ ਨੇ ਇਸੇ ਅਰਸੇ ਦੌਰਾਨ 90390.71 ਕਰੋੜ ਰੁਪਏ ਦੀ ਅਣਦੱਸੀ ਕਮਾਈ ਦਾ ਵੀ ਪਤਾ ਲਗਾਇਆ ਹੈ।

ਆਮਦਨ ਕਰ ਵਿਭਾਗ ਵੱਲੋਂ ਇਹ ਕਾਰਵਾਈ ਕਾਲੇ ਧਨ 'ਤੇ ਰੋਕਥਾਮ ਲਾਉਣ ਲਈ ਵਿਅਕਤੀਆਂ, ਕਾਰੋਬਾਰੀ, ਫਰਮਾਂ, ਕਾਰਪੋਰੇਟ ਕੰਪਨੀਆਂ ਤੇ ਹੋਰ ਵਿੱਤੀ ਅਦਾਰਿਆਂ ਖ਼ਿਲਾਫ਼ ਆਰੰਭੀ ਮੁਹਿੰਮ ਤਹਿਤ ਕੀਤੀ ਗਈ ਹੈ। ਤਲਾਸ਼ੀਆਂ ਤੇ ਸਰਵੇ ਤੋਂ ਬਾਅਦ ਦਰਜ ਕੀਤੇ ਗਏ ਕੁੱਲ 101181 ਕਰੋੜ ਰੁਪਏ ਦੀ ਅੰਕੜੇ ਬਣੇ। ਤਲਾਸ਼ੀਆਂ ਦੌਰਾਨ ਆਮਦਨ ਕਰ ਦੇ ਦਸਤਿਆਂ ਵੱਲੋਂ ਕਿਸੇ ਇਕਾਈ ਦੇ ਕਾਰੋਬਾਰੀ ਤੇ ਰਿਹਾਇਸ਼ੀ ਦੋਵਾਂ ਟਿਕਾਣਿਆਂ 'ਤੇ ਛਾਪਾ ਮਾਰਿਆ ਜਾਂਦਾ ਹੈ ਜਦਕਿ ਸਰਵੇ ਦੀ ਕਾਰਵਾਈ ਦੌਰਾਨ ਸਿਰਫ਼ ਕਾਰੋਬਾਰੀ ਟਿਕਾਣਿਆਂ ਉਪਰ ਛਾਪਾ ਮਾਰਿਆ ਜਾਂਦਾ ਹੈ। ਵਿੱਤੀ ਸਾਲ 2012-13 ਦੌਰਾਨ ਕੁੱਲ ਅੰਕੜਾ 29628 ਕਰੋੜ ਰੁਪਏ ਬਣਿਆ ਸੀ ਜੋ ਚਾਲੂ ਵਿੱਤੀ ਸਾਲ ਦੌਰਾਨ ਦਰਜ




ਕੀਤੀ ਗਈ ਕੁੱਲ ਰਕਮ ਨਾਲੋਂ ਅੱਧ ਤੋਂ ਵੀ ਘੱਟ ਹੈ। ਲੰਘੇ ਵਿੱਤੀ ਵਰ੍ਹੇ (2013-14) ਦੌਰਾਨ ਆਮਦਨ ਕਰ ਵਿਭਾਗ ਨੇ 807.54 ਕਰੋੜ ਰੁਪਏ ਦੇ ਮੁੱਲ ਦੇ ਗਹਿਣੇ, ਮਿਆਦੀ ਖਾਤੇ ਤੇ ਨਗਦੀ ਦੀ ਜ਼ਬਤ ਵੀ ਕੀਤੀ ਸੀ ਤੇ ਇਸ ਅਰਸੇ ਦੌਰਾਨ ਇਸ ਵੱਲੋਂ 4503 ਵਾਰੰਟ ਤਾਮੀਲ ਕੀਤੇ ਗਏ ਤੇ 569 ਇਕਾਈਆਂ ਉਪਰ ਛਾਪੇ ਮਾਰੇ ਗਏ। ਵਿੱਤੀ ਸਾਲ 2012-13 ਦੌਰਾਨ ਆਮਦਨ ਕਰ ਵਿਭਾਗ ਵੱਲੋਂ ਤਲਾਸ਼ੀ ਵਾਰੰਟ ਦੀ ਤਾਮੀਲ ਦੀ ਸੰਖਿਆ 3889 ਸੀ ਅਤੇ ਇਸ ਲਿਹਾਜ਼ ਨਾਲ ਇਸ ਪਿਛਲੇ ਸਾਲ ਇਸ ਪੱਖ ਤੋਂ ਵੀ ਵਾਧਾ ਦਰਜ ਹੋਇਆ ਹੈ। ਦਿਲਚਸਪ ਗੱਲ ਹੈ ਕਿ ਪਿਛਲੇ ਮਾਲੀ ਸਾਲ ਦੌਰਾਨ ਕੀਤੇ ਗਏ ਸਰਵੇ ਅਪਰੇਸ਼ਨਾਂ ਦੇ ਅੰਤਿਮ ਅੰਕੜਿਆਂ ਦਾ ਸੰਗ੍ਰਹਿ ਕਰਦਿਆਂ 90390.71 ਕਰੋੜ ਰੁਪਏ ਦੀ ਅਣਦੱਸੀ ਕਮਾਈ ਦਾ ਪਤਾ ਚੱਲਿਆ, ਜਿਸ ਵਿਚੋਂ 71195 ਕਰੋੜ ਰੁਪਏ ਦੀ ਰਕਮ ਇਕ ਹੀ ਕਾਰਪੋਰੇਟ ਗਰੁੱਪ ਨਾਲ ਸਬੰਧਤ ਹੈ ਜੋ ਊਰਜਾ ਖੇਤਰ ਵਿਚ ਕਾਰਜਸ਼ੀਲ ਹੈ ਤੇ ਇਸ ਵੇਲੇ ਆਮਦਨ ਕਰ ਵਿਭਾਗ ਨਾਲ ਮੁਕੱਦਮੇਬਾਜ਼ੀ ਵਿਚ ਉਲਝਿਆ ਹੋਇਆ ਹੈ।

## ਕਾਲੇ ਧਨ ਬਾਰੇ ਜਾਣਕਾਰੀ ਜਨਤਕ ਨਹੀਂ ਹੋਵੇਗੀ

**ਨਵੀਂ ਦਿੱਲੀ:** ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਸਵਿਸ ਬੈਂਕ ਵੱਲੋਂ ਕਾਲੇ ਧਨ ਬਾਰੇ ਦਿੱਤੀ ਜਾਣਕਾਰੀ ਜਨਤਕ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਬੈਂਕ ਨਾਲ ਕੀਤੇ ਕਰਾਰ ਕਾਰਨ ਸਰਕਾਰ ਅਜਿਹਾ ਕਰਨ ਤੋਂ ਅਸਮਰੱਥ ਹੈ।

ਲੋਕ ਸਭਾ ਵਿਚ ਕਾਲੇ ਧਨ ਬਾਰੇ ਸਰਕਾਰ ਵੱਲੋਂ ਚੁੱਕੇ ਕਦਮਾਂ ਤੇ ਉਸ ਬਾਰੇ ਜਾਣਕਾਰੀ ਜਨਤਕ ਕਰਨ ਬਾਰੇ ਪੁੱਛੇ ਸਵਾਲਾਂ ਦੇ ਜਵਾਬ ਵਿਚ ਸ੍ਰੀ ਜੇਤਲੀ ਨੇ ਕਿਹਾ ਕਿ ਸਵਿਸ ਬੈਂਕ ਨੇ ਸਰਕਾਰ ਨੂੰ ਕੁਝ ਖਾਤਾਧਾਰਕਾਂ ਬਾਰੇ ਜਾਣਕਾਰੀ ਦਿੱਤੀ ਹੈ ਪਰ ਬੈਂਕ ਨਾਲ ਇਹ ਕਰਾਰ ਵੀ ਕੀਤਾ ਹੈ ਕਿ ਉਕਤ ਜਾਣਕਾਰੀ ਗੁਪਤ ਰੱਖੀ ਜਾਵੇਗੀ। ਹਾਲਾਂਕਿ ਸ੍ਰੀ ਜੇਤਲੀ ਨੇ ਭਰੋਸਾ ਦਿਵਾਇਆ ਕਿ ਸਰਕਾਰ ਇਸ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਇਹ ਕੇਸ ਵਿਸ਼ੇਸ਼ ਪੜਤਾਲੀਆ ਟੀਮ ਤੇ ਆਮਦਨ ਟੈਕਸ ਵਿਭਾਗ ਕੋਲ ਹੈ ਤੇ ਜਿਵੇਂ ਹੀ ਇਸ ਬਾਰੇ ਕੋਈ ਰਿਪੋਰਟ ਆਵੇਗੀ, ਸਰਕਾਰ ਉਸ ਦੀ ਪੂਰੀ ਜਾਣਕਾਰੀ ਦੇਵੇਗੀ। ਵਰਨਣਯੋਗ ਹੈ ਕਿ ਚੋਣਾਂ ਦੌਰਾਨ ਭਾਜਪਾ ਨੇ ਵਿਦੇਸ਼ਾਂ ਵਿਚ ਪਏ ਕਾਲੇ ਧਨ ਨੂੰ ਲਿਆਉਣ ਦਾ ਵਾਅਦਾ ਕੀਤਾ ਸੀ ਤੇ ਮੋਦੀ ਸਰਕਾਰ ਵੱਲੋਂ ਕੀਤੇ ਕੈਬਨਿਟ ਦੇ ਫੈਸਲੇ ਤਹਿਤ ਇਸ ਮਾਮਲੇ ਲਈ ਇਕ ਵਿਸ਼ੇਸ਼ ਪੜਤਾਲੀਆ ਟੀਮ ਦਾ ਗਠਨ ਕੀਤਾ ਗਿਆ ਸੀ।

## ਭਾਰਤ ਨੇ ਪਾਕਿਸਤਾਨ ਨਾਲ ਦੋਸਤਾਨਾ ਸਬੰਧਾਂ ਦਾ ਅਹਿਦ ਦੁਹਰਾਇਆ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਹੈ ਕਿ ਇਹ ਪਾਕਿਸਤਾਨ ਨਾਲ ਅਮਨ-ਅਮਾਨ ਵਾਲੇ ਤੇ ਦੋਸਤਾਨਾ ਸਬੰਧ ਬਣਾ ਕੇ ਰੱਖਣ ਲਈ ਵਚਨਬਧ ਹੈ ਤੇ ਆਸ ਰੱਖਦਾ ਹੈ ਕਿ ਗੁਆਂਢੀ ਮੁਲਕ ਵੀ ਇਹ ਵਾਅਦਾ ਚੇਤੇ ਰੱਖੇ ਕਿ ਇਸ ਨੇ ਆਪਣਾ ਕੋਈ ਖਿੱਤਾ ਜਾਂ ਆਪਣੇ ਕਬਜ਼ੇ ਹੇਠਲੇ ਕਿਸੇ ਵੀ ਖੇਤਰ ਨੂੰ ਭਾਰਤ ਵਿਰੁੱਧ ਦਹਿਸ਼ਤੀ ਕਾਰਵਾਈਆਂ ਕਰਨ ਦੀ ਆਗਿਆ ਨਾ ਦੇਵੇ। ਸਾਰਕ ਮੁਲਕਾਂ ਨਾਲ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਲਈ ਸਰਕਾਰ ਦੀਆਂ ਨੀਤੀਆਂ ਤੇ ਪ੍ਰੋਗਰਾਮ ਬਾਰੇ ਰਾਜ ਸਭਾ ਵਿਚ ਲਿਖਤੀ ਜੁਆਬ ਦਿੰਦਿਆਂ ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਅਮਨਪੂਰਵਕ ਤੇ ਦੋਸਤਾਨਾ ਤੇ ਸਹਿਯੋਗੀ ਸਬੰਧ ਬਣਾਉਣ ਲਈ ਭਾਰਤ ਸਰਕਾਰ ਵਚਨਬਧ ਹੈ ਤੇ ਇਹ ਅਮਲ ਦਹਿਸ਼ਤ ਤੇ ਹਿੰਸਾ ਤੋਂ ਮੁਕਤ ਵਾਤਾਵਰਨ ਵਿਚ ਹੀ ਸੰਭਵ ਹੈ।



ਉਨ੍ਹਾਂ ਕਿਹਾ ਕਿ ਭਾਰਤ ਦੀ ਖਾਹਿਸ਼ ਹੈ ਕਿ ਦੋਵੇਂ ਮੁਲਕਾਂ ਵਿਚ ਦੁਵੱਲਾ ਕਾਰੋਬਾਰ ਤੇਜ਼ ਹੋਵੇ ਤੇ 2012 ਸਤੰਬਰ ਨੂੰ ਵਣਜ ਸਕੱਤਰ ਪੱਧਰ ਦੀ ਦੋਵੇਂ ਮੁਲਕਾਂ ਦੀ ਹੋਈ ਮੀਟਿੰਗ ਵਿਚ ਜਿਨ੍ਹਾਂ ਉਪਰਾਲਿਆਂ 'ਤੇ ਸਹਿਮਤੀ ਬਣੀ ਸੀ, ਉਹ ਲਾਗੂ ਹੋਣ। ਮੰਤਰੀ ਨੇ ਕਿਹਾ ਕਿ ਸਰਕਾਰ ਦੀ ਆਸ ਹੈ ਕਿ ਪਾਕਿਸਤਾਨ ਨਾਲ ਆਰਥਿਕ, ਸੱਭਿਅਚਾਰਕ ਤੇ ਸਿਆਸੀ ਖੇਤਰਾਂ ਵਿਚ ਉਵੇਂ ਜਿਵੇਂ ਹੀ ਸਬੰਧ ਬਿਹਤਰ ਹੋਣ ਜਿਵੇਂ ਹੋਰ ਸਾਰਕ ਮੁਲਕਾਂ ਨਾਲ ਹਾਲੀਆ ਸਾਲਾਂ ਵਿਚ ਵਿਕਸਤ ਹੋਏ ਹਨ। ਇਹ ਸਬੰਧ ਵਿਕਾਸ ਤੇ ਆਪਸੀ ਖੁਸ਼ਹਾਲੀ ਲਈ ਭਾਈਵਾਲੀ ਦੇ ਆਧਾਰ 'ਤੇ ਵਿਗਸੇ ਹਨ। ਮੰਤਰੀ ਨੇ ਕਿਹਾ ਕਿ ਇਸ ਦੇ ਨਾਲ ਹੀ ਭਾਰਤ ਆਸ ਕਰਦਾ ਹੈ ਕਿ ਪਾਕਿਸਤਾਨ ਆਪਣੀ ਧਰਤੀ ਜਾਂ ਕਬਜ਼ੇ ਹੇਠਲੇ ਕਿਸੇ ਵੀ ਖੇਤਰ ਨੂੰ ਭਾਰਤ ਵਿਰੁੱਧ ਦਹਿਸ਼ਤਗਰਦੀ ਲਈ ਨਾ ਵਰਤਣ ਦੇਣ ਦੇ ਵਚਨ ਨਿਭਾਏ। ਉਨ੍ਹਾਂ ਨੇ ਅਫਗਾਨਿਸਤਾਨ ਨਾਲ ਭਾਰਤ ਦੀ ਨੇੜਲੀ ਰਣਨੀਤਕ ਭਾਈਵਾਲੀ ਬਾਰੇ ਵੀ ਚਾਨਣਾ ਪਾਇਆ।

## ਵਿਸ਼ਵ ਦੇ ਇਕ ਤਿਹਾਈ ਅਤਿ ਗਰੀਬ ਭਾਰਤ ਵਿਚ

**ਨਵੀਂ ਦਿੱਲੀ:** ਵਿਸ਼ਵ ਦੀ ਇਕ ਤਿਹਾਈ ਅਤਿ ਗਰੀਬ ਜਨਸੰਖਿਆ ਭਾਰਤ ਵਿਚ ਵੱਸਦੀ ਹੈ ਤੇ ਇਥੇ ਪੰਜ ਸਾਲ ਤੋਂ ਘੱਟ ਉਮਰ ਵਿਚ ਹੋਣ ਵਾਲੀਆਂ ਮੌਤਾਂ ਦੀ ਦਰ ਵਿਸ਼ਵ ਵਿਚ ਇਕ ਨੰਬਰ 'ਤੇ ਹੈ। ਇਹ ਗੱਲ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਇਕ ਰਿਪੋਰਟ ਵਿਚ ਕਹੀ ਗਈ ਹੈ। ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਨਜਮਾ ਹੈਪਤੁੱਲਾ ਜਿਨ੍ਹਾਂ ਵੱਲੋਂ ਇਹ ਰਿਪੋਰਟ ਜਾਰੀ ਕੀਤੀ ਗਈ ਹੈ ਨੇ ਕਿਹਾ ਹੈ ਕਿ ਮੋਦੀ ਸਰਕਾਰ ਸਾਹਮਣੇ ਇਹ ਵੱਡੀ ਚੁਣੌਤੀ ਹੈ ਤੇ ਇਸ ਨਾਲ ਨਜਿੱਠਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ 'ਚੰਗੇ ਦਿਨ ਆਉਣਗੇ।'

ਗਰੀਬੀ ਇਕ ਵੱਡੀ ਚੁਣੌਤੀ ਹੈ ਤੇ ਮੈਨੂੰ ਯਕੀਨ ਹੈ ਕਿ ਜਦੋਂ ਅਗਲੀ ਰਿਪੋਰਟ ਆਵੇਗੀ ਅਸੀਂ ਬਹੁਤ ਕੁਝ ਚੰਗਾ ਕਰ ਚੁੱਕੇ ਹੋਵਾਂਗੇ। ਬੇਸ਼ੱਕ 1990 ਤੋਂ 2010 ਦਰਮਿਆਨ ਦੱਖਣ ਪੂਰਬੀ ਏਸ਼ੀਆ ਵਿਚ ਗਰੀਬੀ ਦਰ ਵਿਚ ਕਮੀ ਆਈ ਹੈ।

ਸਾਲ 1990 ਵਿਚ ਗਰੀਬੀ ਦਰ 45 ਫੀਸਦੀ ਸੀ ਜੋ ਕਿ 2010 ਵਿਚ ਘੱਟ ਕੇ 14 ਫੀਸਦੀ ਰਹਿ ਗਈ ਹੈ। ਦੁਨੀਆ ਦੇ ਸਭ ਤੋਂ ਗਰੀਬ ਲੋਕਾਂ ਦਾ 32.9 ਫੀਸਦੀ ਹਿੱਸਾ ਭਾਰਤ ਵਿਚ ਰਹਿੰਦਾ ਹੈ। ਇਹ ਦਰ ਚੀਨ, ਨਾਇਜੀਰੀਆ ਤੇ ਬੰਗਲਾਦੇਸ਼ ਦੀ ਦਰ ਨਾਲੋਂ ਵੀ ਜ਼ਿਆਦਾ ਹੈ। ਭਾਰਤ ਵਿਚ ਬਾਲ ਮ੍ਰਿਤੂ ਦਰ ਵੀ ਬਹੁਤ ਜ਼ਿਆਦਾ ਹੈ। ਇਥੇ ਸਾਲ 2012 ਵਿਚ 14 ਲੱਖ ਬੱਚਿਆਂ ਦੀ ਮੌਤ ਪੰਜ ਸਾਲ ਦੀ ਉਮਰ ਤੋਂ ਵੀ ਪਹਿਲਾਂ ਹੋ ਗਈ।

## ਘਾਟੇ ਦੇ ਨਾਂ 'ਤੇ ਕੰਪਨੀਆਂ ਨੇ ਕਮਾਏ ਕਰੋੜਾਂ ਰੁਪਏ

**ਨਵੀਂ ਦਿੱਲੀ:** ਘਾਟੇ ਦੇ ਨਾਂ 'ਤੇ ਆਏ ਦਿਨ ਪੈਟਰੋਲੀਅਮ ਪਦਾਰਥਾਂ ਦੇ ਭਾਅ ਵਧਾ-ਵਧਾ ਕੇ ਤੇਲ ਕੰਪਨੀਆਂ ਦੀ ਚਾਂਦੀ ਹੋਈ ਹੈ। ਜਦੋਂ ਕਿ ਜਨਤਾ 'ਤੇ ਮਹਿੰਗਾਈ ਦੀ ਮਾਰ ਪਈ ਹੈ।

ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਵੱਲੋਂ ਸਰਕਾਰੀ ਤੇਲ ਮਾਰਕਟਿੰਗ ਕੰਪਨੀਆਂ ਦੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ 'ਤੇ ਸੰਸਦ ਵਿਚ ਪੇਸ਼ ਕੀਤੀ ਗਈ ਆਡਿਟ ਰਿਪੋਰਟ ਅਨੁਸਾਰ ਇਨ੍ਹਾਂ ਕੰਪਨੀਆਂ ਨੇ ਸਾਲ 2007 ਤੋਂ 2012 ਵਿਚਾਲੇ 50513 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ ਹੈ। ਕੈਗ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐਲ.ਪੀ.ਜੀ., ਮਿੱਟੀ ਦਾ ਤੇਲ, ਡੀਜ਼ਲ ਤੇ ਪੈਟਰੋਲ ਦੇ ਭਾਅ ਅਯਾਤ ਦੇ ਆਧਾਰ 'ਤੇ ਤੈਅ ਕਰਨ ਵਾਲੇ ਇਸ 'ਪ੍ਰਾਈਸ ਮੈਕੇਨਿਜ਼ਮ' ਦਾ ਤੇਲ ਕੰਪਨੀਆਂ ਨੂੰ ਚੰਗਾ ਫਾਇਦਾ ਹੋਇਆ ਹੈ ਤੇ ਇਹੋ ਨਹੀਂ ਇਸ ਨਾਲ ਰਿਫਾਇਨਰੀਆਂ ਨੂੰ ਵੀ ਮੁਨਾਫ਼ਾ ਹੋਇਆ ਹੈ।

## ਮਹਾਰਾਸ਼ਟਰ ਤੇ ਅਸਾਮ ਕਾਂਗਰਸ ਵਿਚ ਬਗ਼ਾਵਤ


**ਮੁੰਬਈ (ਬਿਊਰੋ):** ਮਹਾਰਾਸ਼ਟਰ ਤੇ ਅਸਾਮ ਵਿਚ ਕਾਂਗਰਸ ਦੀ ਬਗਾਵਤ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਦੇ ਵਿਰੋਧ ਵਿਚ ਦੋ ਸੀਨੀਅਰ ਮੰਤਰੀਆਂ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ।

ਮਹਾਰਾਸ਼ਟਰ ਵਿਚ ਕਾਂਗਰਸ ਦੇ ਸੀਨੀਅਰ ਮੰਤਰੀ ਨਰਾਇਣ ਰਾਣੇ ਨੇ ਮੁੱਖ ਮੰਤਰੀ ਪ੍ਰਿਥਵੀਰਾਜ ਚਵਾਨ ਨਾਲ ਮੁਲਾਕਾਤ ਕਰਕੇ ਆਪਣਾ ਅਸਤੀਫਾ ਸੌਂਪ ਦਿੱਤਾ। ਬਾਅਦ ਵਿਚ ਸ੍ਰੀ ਚਵਾਨ ਵਿਚ ਫੈਸਲੇ ਲੈਣ ਵਿਚ ਢਿੱਲ ਨੂੰ ਕਮਜ਼ੋਰੀ ਦੱਸਦਿਆਂ ਸ੍ਰੀ ਰਾਣੇ ਨੇ ਕਿਹਾ ਕਿ ਉਹ ਆਉਂਦੀਆਂ ਵਿਧਾਨ ਸਭਾ ਵਿਚ ਪਾਰਟੀ ਦੀ ਹਾਰ ਦੇ ਭਾਈਵਾਲ ਨਹੀਂ ਬਣਨਾ ਚਾਹੁੰਦੇ।

ਉਧਰ ਅਸਾਮ ਵਿਚ ਕਾਂਗਰਸ ਮੰਤਰੀ ਹੇਮੰਤ ਬਿਸਵਾਸ ਸਰਮਾ ਨੇ ਰਾਜਪਾਲ ਨੂੰ ਅਸਤੀਫਾ ਸੌਂਪ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ 38 ਵਿਧਾਇਕਾਂ ਨਾਲ ਮਿਲ ਕੇ ਉਨ੍ਹਾਂ ਮੁੱਖ ਮੰਤਰੀ ਤਰੁਣ ਗੋਗੋਈ ਖਿਲਾਫ ਬੇਭਰੋਸਗੀ ਜਤਾਈ ਹੈ। ਉਂਜ ਅਸਾਮ 'ਚ ਵਿਧਾਨ ਸਭਾ ਚੋਣਾਂ ਨੂੰ ਤਕਰੀਬਨ ਦੋ ਸਾਲ ਦਾ ਸਮਾਂ ਪਿਆ ਹੈ।

## ਭਾਰਤ ਦੀ ਪਾਕਿਸਤਾਨ ਵੱਲ ਸਾਢੇ 5 ਅਰਬ 60 ਕਰੋੜ ਦੀ ਦੇਣਦਾਰੀ

**ਕਰਾਚੀ:** ਭਾਰਤ-ਪਾਕਿਸਤਾਨ ਦੇ ਬਟਵਾਰੇ ਦੇ 67 ਸਾਲ ਬਾਅਦ ਵੀ ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਨੇ ਪਾਕਿਸਤਾਨ ਨੂੰ ਪੰਜ ਅਰਬ 60 ਕਰੋੜ ਪਾਕਿਸਤਾਨੀ ਰੁਪਏ ਦੇਣੇ ਹਨ। ਇਹ ਦਾਅਵਾ ਪਾਕਿਸਤਾਨ ਦੀ ਸਟੇਟ ਬੈਂਕ ਆਫ ਪਾਕਿਸਤਾਨ (ਐਸ.ਬੀ.ਪੀ.) ਨੇ ਕੀਤਾ ਹੈ।



ਐਸ.ਬੀ.ਪੀ. ਦਾ ਕਹਿਣਾ ਹੈ ਕਿ ਇਹ ਪੈਸਾ ਆਰ.ਬੀ.ਆਈ. ਕੋਲ ਮੌਜੂਦ ਉਸ ਮੁਦਰਿਕ ਸੰਪਤੀ ਦਾ ਹੈ, ਜੋ ਬਟਵਾਰੇ ਸਮੇਂ ਇਸ ਦੇ ਕੋਲ ਰੱਖੀ ਗਈ ਸੀ। ਐਸ.ਬੀ.ਪੀ. ਦੀ ਰਿਪੋਰਟ ਮੁਤਾਬਕ 1947 ਵਿਚ ਮਿਲੀ ਆਜ਼ਾਦੀ ਦੇ ਬਾਅਦ ਭਾਰਤੀ ਰਿਜ਼ਰਵ ਬੈਂਕ ਦੀ ਪਾਕਿਸਤਾਨ ਨੂੰ ਦੇਣਦਾਰੀ ਅੱਜ ਵੀ ਪੂਰੀ ਨਹੀਂ ਕੀਤੀ ਗਈ। ਪਾਕਿਸਤਾਨ ਦੀ ਇਸ ਬੈਂਕ ਦਾ ਦਾਅਵਾ ਹੈ ਕਿ ਆਰ.ਬੀ.ਆਈ. ਉਤੇ ਦੋ ਵਿਸ਼ਿਸ਼ਟ ਸੰਪਤੀ ਸ਼੍ਰੇਣੀਆਂ ਵਿਚ ਬਕਾਇਆ ਦਿੱਤਾ ਜਾਣਾ ਬਾਕੀ ਹੈ। ਪਹਿਲੀ ਵੱਡੀ ਸ਼੍ਰੇਣੀ ਵਿਚ 4.1 ਅਰਬ ਰੁਪਏ ਦੀ ਕੀਮਤ ਵਾਲੇ ਸੋਨੇ ਦੇ ਸਿੱਕੇ, 501.6 ਲੱਖ ਦੀ ਸਟਰਲਿੰਗ ਸਿਕਿਓਰਿਟੀਜ਼, 4.9 ਲੱਖ ਰੁਪਏ ਕੀਮਤ ਵਾਲੇ ਸਿੱਕੇ ਤੇ 240.4 ਲੱਖ ਰੁਪਏ ਦੀ ਕੀਮਤ ਵਾਲੀ ਭਾਰਤ ਸਰਕਾਰ ਦੇ ਸ਼ੇਅਰ ਹਨ। ਜਦਕਿ ਸੰਪਤੀ ਦੀ ਦੂਜੀ ਸ਼੍ਰੇਣੀ ਆਰ.ਬੀ.ਆਈ. ਵੱਲੋਂ ਪ੍ਰਾਪਤ ਹੋਣ ਵਾਲੇ ਭਾਰਤੀ ਨੋਟ ਹਨ। ਐਸ.ਬੀ.ਪੀ. ਦਾ ਕਹਿਣਾ ਹੈ ਕਿ ਬਟਵਾਰੇ ਸਮੇਂ ਦੋਵਾਂ ਦੇਸ਼ਾਂ ਦੇ ਰਾਜਨੇਤਾਵਾਂ ਨੇ ਆਰ.ਬੀ.ਆਈ. ਨੂੰ ਭਾਰਤ-ਪਾਕਿਸਤਾਨ ਦਾ ਕੇਂਦਰੀ ਮੁਦਰਿਕ ਟ੍ਰਿਬਿਊਨਲ ਮੰਨਿਆ ਸੀ ਤੇ ਭਾਰਤੀ ਨੋਟਾਂ ਨੂੰ ਦੋਵਾਂ ਦੇਸ਼ਾਂ ਵਿਚ ਯੋਗ ਕਰਾਰ ਦਿੱਤਾ ਸੀ। ਹਾਲਾਂਕਿ ਆਜ਼ਾਦੀ ਦੇ ਇਕ ਸਾਲ ਬਾਅਦ ਹੀ ਦੋਵਾਂ ਦੇਸ਼ਾਂ ਨੇ ਆਪਸੀ ਸਹਿਮਤੀ ਨਾਲ ਆਰ.ਬੀ.ਆਈ. ਨੂੰ ਭਾਰਤ-ਪਾਕਿ ਦਾ ਕੇਂਦਰੀ ਮੁਦਰਿਕ ਟ੍ਰਿਬਿਊਨਲ ਨਾ ਮੰਨਣ 'ਤੇ ਸਹਿਮਤੀ ਪ੍ਰਗਟਾਈ ਸੀ।

ਇਕ ਜੁਲਾਈ 1948 ਨੂੰ ਰਿਜ਼ਰਵ ਬੈਂਕ ਆਫ ਇੰਡੀਆ ਕੇਵਲ ਭਾਰਤ ਦਾ ਹੀ ਸਰਵ ਉਚ ਬੈਂਕ ਮੰਨਿਆ ਗਿਆ। ਇਸ ਐਲਾਨ ਦੇ ਦੂਜੇ ਦਿਨ ਭਾਵ ਦੋ ਜੁਲਾਈ 1948 ਨੂੰ ਪਾਕਿਸਤਾਨ ਦੇ ਕੇਂਦਰੀ ਬੈਂਕ ਐਸ.ਬੀ.ਪੀ. ਨੇ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਆਰ.ਬੀ.ਆਈ. ਦੇ ਕੋਲ ਅਨਸੈਟਲਡ ਸੰਪਤੀ ਦਾ ਬਿਓਰਾ ਦਿੱਤਾ ਗਿਆ ਸੀ।

## ਮਾਓਵਾਦੀਆਂ ਲਈ ਮਦਦਗਾਰ ਐਨ.ਜੀ.ਓਜ਼. ਉਤੇ ਸ਼ਿਕੰਜਾ

**ਨਵੀਂ ਦਿੱਲੀ:** ਮਾਓਵਾਦੀਆਂ ਖ਼ਿਲਾਫ਼ ਸਖ਼ਤ ਪੈਂਤੜਾ ਲੈਂਦਿਆਂ ਕੇਂਦਰ ਨੇ ਕਿਹਾ ਹੈ ਕਿ ਵੱਖ-ਵੱਖ ਸਰੋਤਾਂ ਤੋਂ ਕਾਨੂੰਨੀ ਢੰਗ ਨਾਲ ਫੰਡ ਲੈਣ ਤੇ ਇਨ੍ਹਾਂ ਦੀ ਵਰਤੋਂ ਰਾਸ਼ਟਰ ਵਿਰੋਧੀ ਕਾਰਵਾਈਆਂ ਵਿਚ ਵਰਤਣ ਵਾਲੀਆਂ ਐਨ.ਜੀ.ਓਜ਼. ਤੇ ਸੰਗਠਨਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਗ੍ਰਹਿ ਰਾਜ ਮੰਤਰੀ ਕਿਰਨ ਰਿਜੀਜ਼ ਨੇ ਕਿਹਾ ਕਿ ਜੇਕਰ ਸਰੋਤ (ਫੰਡਾਂ ਦਾ) ਗੈਰ ਕਾਨੂੰਨੀ ਹੋਵੇ ਤਾਂ ਜਾਂਚ ਕਰਾਈ ਜਾਣੀ ਜ਼ਰੂਰੀ ਹੈ। ਰਿਜੀਜ਼ ਨੇ ਕਿਹਾ ਕਿ ਜੇਕਰ ਕੋਈ ਧਨ ਕਾਨੂੰਨੀ ਢੰਗ ਨਾਲ ਲੈਂਦਾ ਹੈ ਪਰ ਉਸ ਦੀ ਵਰਤੋਂ ਗ਼ੈਰਕਾਨੂੰਨੀ ਸਰਗਰਮੀਆਂ ਲਈ ਕਰਦਾ ਹੈ ਤਾਂ ਇਸ ਵਿਰੁੱਧ ਲੋੜੀਂਦੀ ਕਾਰਵਾਈ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਸੰਸਦ ਵਿਚ ਸਰਕਾਰ ਦੀਆਂ ਪ੍ਰਤੀਕਿਰਿਆਵਾਂ ਆਈ.ਬੀ (ਖੁਫੀਆ ਬਿਊਰੋ) ਵੱਲੋਂ ਦਿੱਤੀ ਜਾਣਕਾਰੀ ਉਤੇ ਆਧਰਤ ਸਨ। ਲੋਕ ਸਭਾ ਤੇ ਰਾਜ ਸਭਾ ਵਿਚ ਦਿੱਤੇ ਬਿਆਨਾਂ ਵਿਚ ਉਨ੍ਹਾਂ ਦੱਸਿਆ ਕਿ ਸਰਕਾਰ ਨੂੰ ਖੁਫੀਆ ਬਿਊਰੋ ਤੋਂ ਜਾਣਕਾਰੀ ਮਿਲੀ ਹੈ। ਭਾਰਤ ਵਿਚ ਮਾਓਵਾਦੀ ਗਰੁੱਪਾਂ ਨੂੰ ਵਿਦੇਸ਼ੋਂ ਧਨ ਮਿਲਣ ਦੇ ਸੁਆਲ ਦੇ ਜੁਆਬ ਵਿਚ ਮੰਤਰੀ ਨੇ ਦੱਸਿਆ ਕਿ ਇਹ ਵਿਸ਼ੇਸ਼ ਜਾਣਕਾਰੀ ਨਹੀਂ ਹੈ ਕਿ ਮਾਓਵਾਦੀ ਵਿਦੇਸ਼ੀ ਮਦਦ ਲੈ ਰਹੇ ਸਨ ਪਰ ਸੀ.ਪੀ.ਆਈ. (ਮਾਓਵਾਦੀ) ਦੇ ਫਿਲਪੀਨਜ਼ ਤੇ ਤੁਰਕੀ ਦੇ ਸੰਗਠਨਾਂ ਨਾਲ ਚੰਗੇ ਸਬੰਧ ਹਨ। ਇਹ ਜਥੇਬੰਦੀ ਦੱਖਣੀ ਏਸ਼ੀਆ ਦੀਆਂ ਮਾਓਵਾਦੀ ਪਾਰਟੀਆਂ ਤੇ ਸੰਗਠਨਾਂ ਦੀ ਤਾਲਮੇਲ ਕਮੇਟੀ ਦੀ ਮੈਂਬਰ ਵੀ ਹੈ।

## ਸੁਰ, ਸਾਜ਼ ਤੇ ਸਰੋਕਾਰ

# ਰੱਬੀ ਸ਼ੇਰਗਿੱਲ



***ਸੰਗੀਤ ਦੇ ਖੇਤਰ ਵਿਚ ਰੱਬੀ ਸ਼ੇਰਗਿੱਲ ਹਵਾ ਦੇ ਤਾਜ਼ਾ ਬੁੱਲੇ ਵਾਂਗ ਆਇਆ। ਉਸ ਦੀ ਦਸਤਕ ਨਾਲ ਸੰਗੀਤ ਪ੍ਰੇਮੀਆਂ ਨੂੰ ਵਾਹਵਾ ਹੁਲਾਰਾ ਮਿਲਿਆ ਸੀ। ਅਸਲ ਵਿਚ ਉਹ ਅਤੇ ਉਸ ਵਰਗੇ ਹੋਰ ਗਾਇਕ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਲੱਜਪਾਲ ਹਨ। ਗੁਰਬਖਸ਼ ਸਿੰਘ ਸੋਢੀ ਨੇ ਰੱਬੀ ਸ਼ੇਰਗਿੱਲ ਦੇ ਸੰਗੀਤ ਅਤੇ ਉਸ ਦੇ ਸਰੋਕਾਰਾਂ ਬਾਰੇ ਕੁਝ ਗੱਲਾਂ ਇਸ ਲੇਖ ਵਿਚ ਕੀਤੀਆਂ ਹਨ।***

### ਕਲਾ ਪਰਿਕਰਮਾ

ਰੱਬੀ ਸ਼ੇਰਗਿੱਲ ਦਾ ਗੀਤ 'ਬੁੱਲਾ ਕੀ ਜਾਣਾਂ' ਜਦੋਂ ਸੰਗੀਤ ਹਲਕਿਆਂ ਵਿਚ ਵੱਜਿਆ ਤਾਂ ਉਸ ਦੀ ਹਰ ਪਾਸੇ ਦੀ ਬੱਲੇ-ਬੱਲੇ ਹੋ ਗਈ। ਉਸ ਨੇ ਰੌਕ, ਪੰਜਾਬੀ ਅਤੇ ਸੂਫੀ ਰੰਗ ਨੂੰ ਮੇਲ ਕੇ ਅਜਿਹਾ ਸੰਗੀਤ ਪੇਸ਼ ਕੀਤਾ ਕਿ ਇਕ ਨਵਾਂ ਹੀ ਗਾਇਨ ਲੋਕਾਂ ਦੇ ਸਾਹਮਣੇ ਆ ਗਿਆ। ਸ਼ਹਿਰੀ ਤਬਕੇ ਨੇ ਤਾਂ ਉਸ ਨੂੰ ਅੱਖਾਂ ਉਤੇ ਹੀ ਬਿਠਾ ਲਿਆ। ਹਰ ਕੋਈ ਉਸ ਦੀ ਗਿਟਾਰ ਦਾ ਦੀਵਾਨਾ ਹੋ ਗਿਆ।

ਰੱਬੀ ਉਸ ਦਾ ਆਪਣਾ ਰੱਖਿਆ ਹੋਇਆ ਨਾਂ ਹੈ। ਘਰਦਿਆਂ ਨੇ ਉਸ ਦਾ ਨਾਮ ਗੁਰਪ੍ਰੀਤ ਸਿੰਘ ਰੱਖਿਆ ਸੀ। ਉਸ ਦੇ ਪਿਤਾ ਸਿੱਖ

**ਗੁਰਬਖਸ਼ ਸਿੰਘ ਸੋਢੀ**

ਪ੍ਰਚਾਰਕ ਅਤੇ ਮਾਂ ਕਾਲਜ ਵਿਚ ਪ੍ਰਿੰਸੀਪਲ ਤੇ ਪੰਜਾਬੀ ਦੀ ਸ਼ਾਇਰਾ ਸੀ। ਚਹੁੰ ਭੈਣਾਂ ਦਾ ਇਕੱਲਾ ਭਰਾ। ਮੁੱਢਲੀ ਸਿੱਖਿਆ ਉਸ ਨੇ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਿੱਲੀ ਤੋਂ ਲਈ ਅਤੇ ਫਿਰ ਦਿੱਲੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਉਸ ਦੀ ਇਕ ਭੈਣ ਗਗਨ ਗਿੱਲ ਕਵਿਤਾਵਾਂ ਲਿਖਦੀ ਹੈ।

ਰੱਬੀ ਸ਼ੇਰਗਿੱਲ ਕਾਲਜ ਦੇ ਦਿਨਾਂ ਤੋਂ ਹੀ ਸੰਗੀਤ ਵਿਚ ਨਵੇਂ-ਨਵੇਂ ਤਜਰਬੇ ਕਰਨ ਲੱਗ ਪਿਆ ਸੀ। ਉਨ੍ਹਾਂ ਦਿਨਾਂ ਵਿਚ ਹੀ ਉਸ ਨੇ 'ਕਾਫ਼ਰ' ਨਾਂ ਦਾ ਆਪਣਾ ਸੰਗੀਤ ਟੋਲਾ ਬਣਾ ਲਿਆ ਸੀ। ਇਸ ਟੋਲੇ ਨੇ ਕਾਲਜ ਦੇ ਯੂਥ ਫੈਸਟੀਵਲਾਂ ਅਤੇ ਕੁਝ ਹੋਰ ਮੁਕਾਬਲਿਆਂ ਵਿਚ ਹਿੱਸਾ ਲਿਆ ਅਤੇ ਵਾਹ-ਵਾਹ ਖੱਟੀ। ਬਾਅਦ ਵਿਚ ਇਹ ਟੋਲਾ ਤਾਂ ਭਾਵੇਂ ਖਿੰਡ-ਪੁੰਡ ਗਿਆ, ਪਰ ਰੱਬੀ ਸ਼ੇਰਗਿੱਲ ਨੇ ਆਪਣਾ ਸੰਗੀਤ ਸਫ਼ਰ ਜਾਰੀ ਰੱਖਿਆ। ਸਭ ਤੋਂ ਪਹਿਲਾਂ ਉਸ ਨੇ ਜਾਮਾਹ ਮੋਟਰਬਾਈਕ ਅਤੇ ਟਾਈਮਜ਼ ਐਫ.ਐਮ. ਲਈ ਜਿੰਗਲਜ਼ (ਇਸ਼ਤਿਹਾਰ) ਤਿਆਰ ਕੀਤੇ। ਇਸ ਤੋਂ ਬਾਅਦ ਉਸ ਨੇ 'ਸੋਨੀ ਮਿਊਜ਼ਿਕ' ਅਤੇ 'ਤਹਿਲਕਾ' ਨਾਲ ਵੀ ਕੁਝ ਵਕਤ ਕੰਮ ਕੀਤਾ

**ਰੱਬੀ ਸ਼ੇਰਗਿੱਲ ਦਾ ਸਭ ਤੋਂ ਵੱਡਾ ਯੋਗਦਾਨ ਪੰਜਾਬੀ ਦੀ ਵਰਤੋਂ ਦਾ ਹੈ। ਇਸ ਤੋਂ ਵੀ ਵੱਡਾ ਯੋਗਦਾਨ ਸਮਾਜਕ ਸਰੋਕਾਰਾਂ ਨੂੰ ਉਭਾਰਨ ਦਾ ਹੈ। ਉਸ ਨੇ ਆਪਣੇ ਗਾਏ ਗੀਤਾਂ ਵਿਚ ਸਮਾਜਕ ਬੁਰਾਈਆਂ ਦੀ ਖੂਬ ਨਿਸ਼ਾਨਦੇਹੀ ਕੀਤੀ ਹੈ। ਅੱਜ ਕੱਲ੍ਹ ਉਹ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਦਾ ਹਿੱਸਾ ਹੈ।**

ਪਰ ਗੱਲ ਤੱਗੇ ਤੁਰੀ ਨਹੀਂ ਅਤੇ ਉਸ ਨੂੰ ਸਫ਼ਲਤਾ ਨਹੀ ਮਿਲੀ। ਇਸ ਤੋਂ ਬਾਅਦ ਉਸ ਨੇ 2004 ਵਿਚ ਆਪਣੀ ਪਹਿਲੀ ਐਲਬਮ 'ਰੱਬੀ' ਰਿਲੀਜ਼ ਕੀਤੀ। ਬੱਸ, ਇਸ ਐਲਬਮ ਦੇ ਗੀਤ 'ਬੁੱਲਾ ਕੀ ਜਾਣਾਂ' ਨੇ ਉਸ ਨੂੰ ਫਰਸ਼ ਤੋਂ ਅਰਸ਼ 'ਤੇ ਪਹੁੰਚਾ ਦਿੱਤਾ। ਇਸ ਐਲਬਮ ਦੇ ਸਾਰੇ ਗੀਤਾਂ ਦੀਆਂ ਧੁਨਾਂ ਰੱਬੀ ਨੇ ਆਪ ਤਿਆਰ ਕੀਤੀਆਂ ਸਨ ਅਤੇ 'ਬੁੱਲਾ ਕੀ ਜਾਣਾਂ' ਨਾਂ ਦਾ ਗੀਤ 18ਵੀਂ ਸਦੀ ਦੇ ਸੂਫੀ ਸ਼ਾਇਰ ਬਾਬਾ ਬੁੱਲ੍ਹੇ ਸ਼ਾਹ ਦੀ ਰਚਨਾ ਉਤੇ ਆਧਾਰਤ ਸੀ। ਇਸੇ ਐਲਬਮ ਵਿਚ ਉਸ ਨੇ ਵਾਰਿਸ਼ ਸ਼ਾਹ ਦੀ 'ਹੀਰ' ਅਤੇ ਸ਼ਿਵ ਬਟਾਲਵੀ ਦਾ ਗੀਤ 'ਇਸ਼ਤਿਹਾਰ' ਵੀ ਸ਼ਾਮਿਲ ਕੀਤਾ ਸੀ। ਇਸੇ ਦੌਰਾਨ ਉਸ ਨੇ ਹਿੰਦੀ ਫਿਲਮ 'ਦਿੱਲੀ ਹਾਈਟਸ' ਵਿਚ 'ਦਿੱਲੀ' ਨਾਂ ਦਾ ਗੀਤ ਗਾਇਆ। ਇਸ ਗੀਤ ਦੀ ਵੀ ਬੜੀ ਚਰਚਾ ਹੋਈ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅਕਤੂਬਰ 2008 ਵਿਚ ਰੱਬੀ ਸ਼ੇਰਗਿੱਲ ਦੀ ਦੂਜੀ ਐਲਬਮ 'ਆਵੇਂਗੀ ਜਾਂ ਨਹੀਂ' ਰਿਲੀਜ਼ ਕੀਤੀ ਗਈ। ਇਸ ਐਲਬਮ ਵਿਚ ਕੁੱਲ 9 ਗੀਤ ਸ਼ਾਮਿਲ ਹਨ ਅਤੇ ਇਸ ਵਿਚ ਫਿਰਕੂ ਹਿੰਸਾ, ਸਮਾਜਕ ਜ਼ਿੰਮੇਵਾਰੀ ਅਤੇ ਸਮੂਹਿਕ ਨੈਤਿਕਤਾ ਆਦਿ ਵਰਗੇ ਗੰਭੀਰ ਮਸਲਿਆਂ ਨੂੰ ਛੋਹਿਆ ਗਿਆ ਹੈ। ਦਰਅਸਲ, ਰੱਬੀ ਸ਼ੇਰਗਿੱਲ ਨੇ ਸੁਹਣੀਆਂ ਧੁਨਾਂ ਦੇ ਨਾਲ-ਨਾਲ ਸੁਹਣੀ ਸ਼ਾਇਰ ਨਾਲ ਸਭ ਦਾ ਦਿਲ ਜਿੱਤ ਲਿਆ। 2012 ਵਿਚ ਯਸ਼ ਚੋਪੜਾ ਨੇ ਆਪਣੀ ਫਿਲਮ 'ਜਬ ਤਕ ਹੈ ਜਹਾਨ' ਲਈ ਰੱਬੀ ਤੋਂ 'ਛੱਲਾ' ਗੰਵਾਇਆ। ਇਸ ਛੱਲੇ ਦੀ ਰਚਨਾ ਪ੍ਰਸਿੱਧ ਸ਼ਾਇਰ ਗੁਲਜ਼ਾਰ ਨੇ ਕੀਤੀ ਸੀ ਅਤੇ ਸੰਗੀਤ ਏ.ਆਰ. ਰਹਿਮਾਨ ਦਾ ਸੀ। ਮਾਰਚ 2012 ਵਿਚ ਉਸ ਦੀ ਤੀਜੀ ਐਲਬਮ ਰਿਲੀਜ਼ ਹੋਈ।



ਰੱਬੀ ਸ਼ੇਰਗਿੱਲ ਦਾ ਸਭ ਤੋਂ ਵੱਡਾ ਯੋਗਦਾਨ ਪੰਜਾਬੀ ਦੀ ਠੁੱਕਦਾਰ ਵਰਤੋਂ ਦਾ ਹੈ। ਇਸ ਤੋਂ ਵੀ ਵੱਡਾ ਯੋਗਦਾਨ ਸਮਾਜਕ ਸਰੋਕਾਰਾਂ ਨੂੰ ਉਭਾਰਨ ਦਾ ਹੈ। ਉਸ ਨੇ ਆਪਣੇ ਗਾਏ ਗੀਤਾਂ ਵਿਚ ਸਮਾਜਕ ਬੁਰਾਈਆਂ ਦੀ ਖੂਬ ਨਿਸ਼ਾਨਦੇਹੀ ਕੀਤੀ ਹੈ। ਪਿਛਲੇ ਸਾਲ ਜਦੋਂ ਮਾੜੇ ਰਾਜ-ਪ੍ਰਬੰਧ ਅਤੇ ਭ੍ਰਿਸ਼ਟਾਚਾਰ ਦੇ ਖ਼ਿਲਾਫ ਆਮ ਆਦਮੀ ਪਾਰਟੀ (ਆਪ) ਨੇ ਆਮ ਆਦਮੀ ਦੇ ਦਰਾਂ ਉਤੇ ਦਸਤਕ ਦਿੱਤੀ ਤਾਂ ਉਹ ਇਸ ਪਾਰਟੀ ਦੇ ਹੱਕ ਵਿਚ ਡਟ ਗਿਆ। ਦਿੱਲੀ ਵਿਚ ਉਸ ਨੇ ਆਮ ਆਦਮੀ ਪਾਰਟੀ ਦੇ ਹੱਕ ਵਿਚ ਪ੍ਰਚਾਰ ਵੀ ਕੀਤਾ। ਇਸੇ ਕਰ ਕੇ ਉਸ ਨੂੰ ਅੰਮ੍ਰਿਤਸਰ ਤੋਂ ਲੋਕ ਸਭਾ ਹਲਕੇ ਤੋਂ ਚੋਣ ਲੜਾਏ ਜਾਣ ਬਾਰੇ ਚਰਚਾ ਵੀ ਹੋਈ, ਪਰ ਉਸ ਨੇ ਸਾਫ਼ ਮਨ੍ਹਾ ਕਰ ਦਿੱਤਾ। ਉਸ ਦਾ ਕਹਿਣਾ ਸੀ ਕਿ ਉਹ ਆਪਣੇ ਸੰਗੀਤ ਰਾਹੀਂ ਹੀ ਸਿਆਸਤ ਵਿਚ ਬਣਦਾ-ਸਰਦਾ ਯੋਗਦਾਨ ਪਾਵੇਗਾ। ਅੱਜ ਕੱਲ੍ਹ ਉਹ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਦਾ ਹਿੱਸਾ ਬਣਿਆ ਹੋਇਆ ਹੈ। ਅਮਰੀਕਾ ਵਿਚ ਉਸ ਨੇ 'ਯੂਨਾਈਟਿਡ ਸਿੱਖਸ' ਨਾਲ ਰਲ ਕੇ ਸਾਂਝੀ ਮੁਹਿੰਮ ਚਲਾਈ ਹੈ। ਉਸ ਦਾ ਕਹਿਣਾ ਹੈ ਕਿ ਨਸ਼ਿਆਂ ਨੇ ਪੰਜਾਬੀ ਨੌਜਵਾਨੀ ਨੂੰ ਨਿਗ਼ਲ ਹੀ ਲਿਆ ਹੈ। ਹਰ ਸ਼ਖਸ ਨੂੰ ਆਪੋ-ਆਪਣੇ ਵਿਤ ਅਨੁਸਾਰ ਨਸ਼ਿਆਂ ਖ਼ਿਲਾਫ਼ ਚੇਤਨਾ ਜਗਾਉਣ ਵਿਚ ਹਿੱਸਾ ਪਾਉਣਾ ਚਾਹੀਦਾ ਹੈ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਅਗਸਤ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-127



*ਸਾਡੀ ਜ਼ਿੰਦਗੀ ਦਾ ਯਾਰੋ ਖਾਨਾ ਹੈ ਖਰਾਬ,*
*ਕਲਾਕਾਰ ਗਾਈ ਜਾਂਦੇ 'ਰੰਗਲਾ ਪੰਜਾਬ।'*

### ਕੈਪਸ਼ਨ ਮੁਕਾਬਲਾ-125



ਗੁਰੂ ਦੇ ਵਚਨਾਂ ਉਪਰ ਚਲੀਏ,
ਦਸਾਂ ਨਹੁੰਆਂ ਦੀ ਕਿਰਤ ਕਮਾਈਏ।
ਕੈਂਚੀ, ਛੁਰੀਆਂ, ਜਿੰਦੇ ਵੇਚ ਕੇ,
ਔਖੇ-ਸੌਖੇ ਡੰਗ ਟਪਾਈਏ।
ਛੱਡ ਗੋਗੜਾਂ ਪਾ ਕੇ ਚਿੱਟੇ,
ਮਸੰਦ ਨਾ ਅਸੀਂ ਕਹਾਈਏ।
***-ਜਗਮੀਤ ਸਿੰਘ ਪੰਧੇਰ, ਕੈਨੇਡਾ***
***ਫੋਨ: 204-505-0751***

---

ਸਾਨੂੰ ਫਖਰ ਹੈ ਆਪਣੀ ਕਿਰਤ ਉਤੇ
ਕੀ ਹੋਇਆ ਜੇ ਅਸੀਂ ਅਮੀਰ ਨਹੀਂ ਹਾਂ।
ਜੋ ਵੀ ਖੱਟਿਆ-ਵੱਟਿਆ ਸਬਰ ਕਰੀਏ
ਵਿਹਲੜ ਸਾਧ ਜਾਂ ਕੋਈ ਫਕੀਰ ਨਹੀਂ ਹਾਂ।
***-ਫਕੀਰ ਚੰਦ ਸੈਂਪਲਾ***
***ਲਾਸ ਏਂਜਲਸ, ਕੈਲੀਫੋਰਨੀਆ।***

---

ਨਵੇਂ ਯੁਗ ਦੀਆਂ ਨਵੀਂਆਂ ਬਾਤਾਂ
ਸਾਡੀ ਜਿੰਦ ਪੁਰਾਣੀ।
ਚਾਕੂ, ਜਿੰਦਰੇ, ਕੂੰਜੀਆਂ ਵਿਚ ਦੀ
ਲੰਘਦੀ ਰਹੀ ਕਹਾਣੀ।
ਇਹ ਰਾਖੀ ਕੀ ਕਰ ਸਕਦੇ ਨੇ
ਹਾਕਮ ਜਦੋਂ ਲੁਟੇਰੇ।
ਕਾਲੀਓਂ ਚਿੱਟੀ ਹੋ ਗਈ
ਵੇਚੇ ਜਿੰਦੇ ਅਸੀਂ ਬਥੇਰੇ।
***-ਮਨਵੀਰ ਭੌਰਾ, ਫਰੀਮਾਂਟ***

---

ਹੱਥੀਂ ਜੋ ਬਣਾਈਆਂ
ਚੀਜ਼ਾਂ ਸਾਨੂੰ ਭੁੱਲੀਆਂ,
ਆ ਗਿਆ ਬਜ਼ਾਰੂ ਤੇ
ਮਸ਼ੀਨੀ ਦੌਰ ਜੀ।
'ਬਾਹਰਲਾ' ਸਮਾਨ ਸਾਰੇ
ਆਮ ਹੋ ਗਿਆ,
ਦੇਸੀ ਜਿੰਦੇ-ਕੂੰਜੀਆਂ 'ਤੇ
ਕੌਣ ਕਰੇ ਗੌਰ ਜੀ।
***-ਬੱਲੀ ਸਿੰਘ ਸੈਨ ਹੋਜ਼ੇ***

---

ਜਿੰਦੇ-ਕੂੰਜੀਆਂ ਲੈ ਲਓ ਭਾਈ,
ਵੇਚਾਂ ਤਿੱਖੀਆਂ ਕਰਦਾਂ।
ਭੁੱਖੇ ਢਿੱਡ ਲਈ ਮੈਂ ਚਿਰਾਂ ਤੋਂ
ਮੇਲਿਆਂ ਦੇ ਵਿਚ ਮਰਦਾ।
ਸੜੀ ਸਮੈਕ ਨੇ ਖਾਧੇ ਦੋ ਪੁੱਤ
ਤੀਜਾ ਰਹੇ ਸ਼ਰਾਬੀ।
ਜਿੰਦਰਾ ਕਿੰਦਾਂ ਰਾਖੀ ਕਰ ਲਊ
ਬੇਈਮਾਨ ਜਦ ਚਾਬੀ।
***-ਯੁਧਵੀਰ ਸਿੰਘ ਨਿਊ ਯਾਰਕ***

---

ਰਾਜਸਥਾਨ ਤੋਂ ਪੰਜਾਬ ਆ ਕੇ
ਅਸੀਂ ਸਿਕਲੀਗਰ ਅਖਵਾਏ।
ਦਸਮ ਪਿਤਾ ਦੀ ਥਾਪਨਾ ਨਾਲ
ਅਸੀਂ ਹਥਿਆਰ ਬਣਾਏ।
ਰੋਜ਼ੀ ਰੋਟੀ ਦੀ ਖਾਤਰ ਵੇਚੀਏ
ਅਸੀਂ ਚਾਕੂ, ਛੁਰੀਆਂ ਤੇ ਜਿੰਦੇ।
ਐ ਸਿੱਖੀ ਦੇ ਨੇਤਾਓ ਸੰਭਾਲੋ!
ਅਸੀਂ ਵੀ ਖਾਲਸਾ ਪੰਥ ਦੇ ਬੰਦੇ।
***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਅੰਮ੍ਰਿਤ ਛਕ ਲਿਆ
ਜਦੋਂ ਖੰਡੇ-ਬਾਟੇ ਦਾ।
ਕਿਰਤ ਹੀ ਸੱਚਾ ਸੌਦਾ
ਫਿਕਰ ਨਾ ਵਾਧੇ-ਘਾਟੇ ਦਾ।
ਕੰਮ ਛੋਟਾ ਜਾਂ ਵੱਡਾ ਨ੍ਹੀਂ ਹੁੰਦਾ
ਨਾ ਫਿਕਰ ਕੱਪੜੇ ਫਾਟੇ ਦਾ।
ਜਿੰਦੇ-ਛੁਰੀਆਂ ਵੇਚ ਗੁਜ਼ਾਰਾ ਕਰੀਏ
ਨਾ ਫਿਕਰ ਦਾਲ-ਆਟੇ ਦਾ।
ਬਾਬੇ ਨਾਨਕ ਦੀ ਮਿਹਰ ਨਾਲ
ਇਹ ਕੰਮ ਵੀ ਨਹੀਂ ਘਾਟੇ ਦਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

*ਸਾਡੇ ਆਪਣੇ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੂੰ ਇਸ ਫਾਨੀ ਸੰਸਾਰ ਤੋਂ ਗਿਆਂ ਪੂਰੇ ਸੱਤ ਸਾਲ ਹੋ ਗਏ ਹਨ। ਉਂਜ ਉਨ੍ਹਾਂ ਦੀਆਂ ਯਾਦਾਂ ਅਤੇ ਲਿਖਤਾਂ ਸਦਾ ਉਸ ਦੇ ਮਿੱਤਰਾਂ-ਸੱਜਣਾਂ ਤੇ ਪਾਠਕਾਂ ਦੇ ਅੰਗ-ਸੰਗ ਹਨ। 'ਪੰਜਾਬ ਟਾਈਮਜ਼' ਦੇ ਇਸ ਅੰਕ ਤੋਂ ਉਨ੍ਹਾਂ ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਨਾਲ ਅਸੀਂ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ। 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਉਨ੍ਹਾਂ ਦੇ ਕਾਲਮ ਵਾਂਗ ਇਸ ਰਚਨਾ ਦਾ ਰੰਗ ਵੀ ਨਿਵੇਕਲਾ ਹੈ। ਆਪਣੀ ਧੀ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਨ੍ਹਾਂ ਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਦਲਬੀਰ ਨੇ ਧੜਕਦੇ ਦਿਲ ਨਾਲ ਕੀਤੀ ਹੋਈ ਹੈ, ਇਸੇ ਲਈ ਇਸ ਨੂੰ ਪੜ੍ਹਨ-ਸੁਣਨ ਵਾਲੇ ਦਾ ਦਿਲ ਵੀ ਉਸ ਰੌਅ ਵਿਚ ਧੜਕਣ ਲਗਦਾ ਹੈ।-ਸੰਪਾਦਕ*

# ਕਦੇ ਇਥੇ ਉਜਾੜ ਹੁੰਦੀ ਸੀ

ਇਹ ਗੱਲ ਸੰਨ ਉਨੀ ਸੌ ਸਤਾਨਵੇਂ ਦੀ ਹੈ। ਬਾਰਾਂ ਵਰ੍ਹਿਆਂ ਦੀ ਮੇਰੀ ਧੀ ਵਾਰ-ਵਾਰ ਕਹਿੰਦੀ ਆ ਰਹੀ ਸੀ ਕਿ ਉਹ ਮੇਰਾ ਜੰਮਣ ਪਿੰਡ ਨੰਗਲ ਸ਼ਾਮਾ ਦੇਖਣਾ ਚਾਹੁੰਦੀ ਹੈ। ਕਈ ਵਰ੍ਹਿਆਂ ਮਗਰੋਂ ਪਿੰਡ ਗਿਆ ਸਾਂ। ਸ਼ਾਇਦ ਦਹਾਕੇ ਵਿਚ ਪੈਂਦੇ ਸਾਲਾਂ ਨਾਲੋਂ ਵੀ ਇਕ ਸਾਲ ਦੇ ਵੱਧ ਵਕਫੇ ਮਗਰੋਂ। ਜਲੰਧਰ ਸ਼ਹਿਰ ਤੋਂ ਲਾਲੇ ਲੱਧੇਵਾਲੀ ਦੇ ਰਸਤੇ, ਜਿਥੇ ਕਦੇ ਸੂਆ ਵਗਦਾ ਹੁੰਦਾ ਸੀ ਤੇ ਆਲੇ-ਦੁਆਲੇ ਉਜਾੜ ਹੁੰਦਾ ਸੀ, ਉਥੇ ਆਬਾਦੀ ਦੀ ਇੰਨੀ ਭਰਮਾਰ ਹੈ ਕਿ ਇਲਾਕਾ ਪਛਾਣਨਾ ਮੁਸ਼ਕਿਲ ਹੈ। ਸੂਏ ਦਾ ਕਿਤੇ ਨਾਂ-ਨਿਸ਼ਾਨ ਨਹੀਂ ਹੈ। ਸਿਰਫ਼ ਪੁਲੀ ਬਚੀ ਹੈ ਜਿਸ ਦੇ ਦੁਆਲੇ ਛੇ-ਛੇ ਫੁੱਟ ਤਕ ਇੱਟਾਂ ਦੇ ਰਦੇ ਲੱਗੇ ਹੋਏ ਹਨ। ਇਥੇ ਕਦੇ ਸੂਆ ਹੁੰਦਾ ਸੀ। ਮੈਂ ਆਪਣੀ ਸੁਰਤ ਵਿਚ ਇਸ ਨੂੰ ਵਗਦੇ ਨਹੀਂ ਸੀ ਦੇਖਿਆ ਪਰ ਦੱਸਦੇ ਹਨ ਕਿ ਕਦੀ ਇਸ ਵਿਚ ਪਾਣੀ ਵਹਿੰਦਾ ਹੁੰਦਾ ਸੀ। ਨਵੀਂ ਆਬਾਦੀ ਨਾਂ ਦਾ ਪਿੰਡ ਕਿਥੇ ਹੈ? ਇਸ ਦਾ ਕਿਸੇ ਨੂੰ ਕੁਝ ਨਹੀਂ ਪਤਾ।

ਅੱਜ ਹਾਲਾਤ ਇਹ ਹੈ ਕਿ ਨਵਾਂ ਬੰਦਾ ਇਸ ਇਲਾਕੇ ਦੀਆਂ ਗਲੀਆਂ ਵਿਚ ਗੁੰਮ ਹੋ ਜਾਵੇ। ਪੈਂਤੀ-ਚਾਲੀ ਸਾਲ ਪਹਿਲਾਂ ਇਥੇ ਉਜਾੜ ਹੁੰਦਾ ਸੀ। ਮੇਰੇ ਪਿੰਡ ਦਾ, ਨਵੇਂ ਤਰਖਾਣਾਂ ਦੇ ਕਰਤਾਰ ਸਿੰਘ ਠੋਲੂ ਦਾ ਸੱਤਵੀਂ ਵਿਚ ਪੜ੍ਹਦਾ ਮੁੰਡਾ ਇਥੋਂ 'ਅਗਵਾ' ਹੋ ਗਿਆ ਸੀ। ਸ਼ਾਮ ਵੇਲੇ ਤਾਂ ਕੀ, ਦਿਨ ਵੇਲੇ ਵੀ ਇਥੋਂ ਲੰਘਣਾ ਸੰਤ ਸਿੰਘ ਸੇਖੋਂ ਦੀ ਕਹਾਣੀ 'ਪੇਮੀ ਦੇ ਨਿਆਣੇ' ਵਰਗੇ ਖੌਫ ਵਿਚੋਂ ਲੰਘਣ ਵਾਂਗ ਹੁੰਦਾ ਸੀ। ਕਰਤਾਰ ਸਿੰਘ ਦੇ ਮੁੰਡੇ ਜਿੰਦਰ ਨੂੰ ਅਸੀਂ 'ਕੱਟਾ' ਕਹਿੰਦੇ ਸਾਂ। ਉਸ ਨੇ ਅਗਵਾ ਹੋਣ ਤੋਂ ਤੀਜੇ ਦਿਨ ਆ ਕੇ ਦੱਸਿਆ ਸੀ ਕਿ ਕਿਸੇ ਨੇ ਉਸ ਨੂੰ ਕੁਝ ਸੁੰਘਾ ਕੇ ਬੇਹੋਸ਼ ਕਰ ਦਿੱਤਾ ਸੀ ਅਤੇ ਉਸ ਨੂੰ ਬੋਰੀ ਵਿਚ ਪਾ ਕੇ ਲੈ ਗਏ ਸਨ। ਉਸ ਨੂੰ ਹੋਸ਼ ਆਈ ਤਾਂ ਬੋਰੀ ਫਗਵਾੜਾ ਰੇਲਵੇ ਸਟੇਸ਼ਨ ਉਤੇ ਪਈ ਸੀ। ਬੋਰੀ ਹਿੱਲਦੀ ਦੇਖ ਕੇ ਲੋਕਾਂ ਨੇ ਉਸ ਨੂੰ ਬਾਹਰ ਕੱਢਿਆ। ਫਿਰ ਉਹ ਰੇਲ ਗੱਡੀ ਫੜ ਕੇ ਵਾਪਸ ਪਰਤ ਆਇਆ। ਜਿਸ ਦਿਨ ਉਹ 'ਅਗਵਾ' ਹੋਇਆ ਸੀ, ਉਸ ਦਿਨ ਉਹ ਸਕੂਲ ਦੀ ਫੀਸ ਲੈ ਕੇ ਗਿਆ ਸੀ ਜਿਹੜੀ ਉਨ੍ਹੀਂ ਦਿਨੀਂ ਦਸ ਕੁ ਰੁਪਏ ਹੁੰਦੀ ਸੀ। ਉਦੋਂ ਦਸ ਰੁਪਏ ਦੀ ਕੀਮਤ ਬਹੁਤ ਹੁੰਦੀ ਸੀ। ਮਗਰੋਂ ਪਤਾ ਲੱਗਾ ਕਿ ਉਸ ਨੇ ਦਸ ਰੁਪਏ ਮੌਜ ਮੇਲੇ ਵਿਚ ਉਡਾ ਦਿੱਤੇ ਸਨ ਅਤੇ ਨਾਲ ਹੀ ਚਿੰਤਪੁਰਨੀ ਮੰਦਰ ਦੇ ਦਰਸ਼ਨ ਵੀ ਕਰ ਆਇਆ ਸੀ।

ਇਹ ਉਹੀ ਰਸਤਾ ਸੀ ਜਿਥੇ ਕੰਨਾਂ ਵਿਚੋਂ ਮੈਲ ਕਢਵਾਉਣ ਲਈ ਬੈਠੇ ਗਿਆਨੀ ਮਾਸਟਰ ਕਰਨੈਲ ਸਿੰਘ ਦੇ ਬਾਪ ਨੇ ਜੇਬ ਵਿਚਲੇ ਦੋ ਸੌ ਰੁਪਏ ਖੁਹਾ ਲਏ ਸਨ। ਨਹਿਰ ਦੇ ਕੰਢੇ ਦਰਖਤ ਹੇਠਾਂ ਬਿਠਾ ਕੇ ਮੈਲ ਕੱਢਣ ਵਾਲੇ ਨੇ ਉਸ ਦੇ ਪੈਸੇ ਦੁੱਗਣੇ ਕਰਨ ਦਾ ਵਾਅਦਾ ਕੀਤਾ ਸੀ। ਅੱਖਾਂ ਵਿਚ ਸੁਰਮਚੂ ਨਾਲ ਕੱਜਲ ਪਾ ਕੇ ਉਸ ਨੇ ਕਰਨੈਲ ਗਿਆਨੀ ਦੇ ਬਾਪ ਨੂੰ ਅੱਖਾਂ ਬੰਦ ਕਰ ਕੇ ਬੈਠਣ ਲਈ ਕਿਹਾ। ਪੈਸਿਆਂ ਵਾਲਾ ਰੁਮਾਲ ਉਸ ਦੇ ਹੱਥਾਂ ਵਿਚ ਹੀ ਰਹਿਣ ਦਿੱਤਾ ਸੀ। ਦਸਾਂ ਮਿੰਟਾਂ ਮਗਰੋਂ ਅੱਖਾਂ ਖੋਲ੍ਹੀਆਂ ਤਾਂ ਰੁਮਾਲ ਵਿਚੋਂ ਅਖ਼ਬਾਰ ਦੇ ਟੁਕੜੇ ਨਿਕਲੇ। ਨੌਸਰਬਾਜ਼ ਦੋ ਸੌ ਰੁਪਏ ਲੈ ਕੇ ਜਾ ਚੁੱਕਾ ਸੀ ਜਿਹੜੇ ਉਹ ਮੇਲੇ ਵਿਚੋਂ ਬਲਦ ਖਰੀਦਣ ਲਈ ਲੈ ਕੇ ਗਿਆ ਸੀ।

ਇਸੇ ਰਸਤੇ ਉਤੇ ਸਰਦੀਆਂ ਦੀ ਰੁੱਤੇ ਮੇਰੇ ਦਾਦਾ ਮਰਹੂਮ ਸਰਦਾਰ ਮੇਲਾ ਸਿੰਘ ਨੂੰ ਸ਼ਾਮ ਦੇ ਸੱਤ ਵਜੇ ਹੀ ਦੋਂਹ ਲੁਟੇਰਿਆਂ ਨੇ ਖੜ੍ਹਾ ਲਿਆ। ਕਹਿੰਦੇ, ਜੋ ਕੁਝ ਜੇਬ ਵਿਚ ਹੈ, ਕੱਢ ਦੇ। ਨੇੜੇ-ਤੇੜੇ ਕੋਈ ਬੰਦਾ ਨਾ ਪਰਿੰਦਾ। ਦਾਦਾ ਜੀ ਨੇ ਗਲ ਪਾਈ ਬੰਡੀ ਵਿਚ ਹੱਥ ਪਾਇਆ ਅਤੇ ਕੁਝ ਕੱਢਣ ਦਾ ਬਹਾਨਾ ਕਰ ਕੇ ਫੁਰਤੀ ਨਾਲ ਆਪਣਾ ਸਾਈਕਲ ਚੁੱਕ ਕੇ ਲੁਟੇਰਿਆਂ ਉਤੇ ਸੁੱਟ ਦਿੱਤਾ। ਇਕ ਲੁਟੇਰਾ ਸਾਈਕਲ ਦੇ ਹੇਠਾਂ ਆ ਗਿਆ। ਦੂਜਾ ਨੱਸ ਗਿਆ। ਇੰਜ ਉਹ ਲੁਟੇਰੇ ਦਾਦੇ ਮੇਲਾ ਸਿੰਘ ਜੀ ਵੱਲੋਂ ਦਿਹਾੜੀ ਕਰ ਕੇ ਕਮਾਏ ਪੰਜ ਰੁਪਏ ਲੁੱਟ ਨਾ ਸਕੇ, ਕਿਉਂਕਿ ਇੰਨੇ ਨੂੰ ਪਿੱਛੋਂ ਕਿਸੇ ਹੋਰ ਸਾਇਕਲ ਦੀ ਘੰਟੀ ਵੱਜ ਗਈ ਸੀ।

ਉਦੋਂ ਹਾਲੇ ਨਾ ਤਾਂ ਜਲੰਧਰ ਛਾਉਣੀ ਸਟੇਸ਼ਨ ਤੋਂ ਪਠਾਨਕੋਟ ਨੂੰ ਸਿੱਧੀ ਰੇਲ ਲਾਈਨ ਨਿਕਲੀ ਸੀ ਅਤੇ ਨਾ ਹੀ ਅੰਮ੍ਰਿਤਸਰ ਬਾਈਪਾਸ ਵਾਲੀ ਸੜਕ ਹੀ। ਨਹਿਰ ਦੇ ਕਿਨਾਰੇ ਕਿਸੇ ਮੁਸਲਮਾਨ ਦੀ ਬੇਆਬਾਦ ਕਬਰ ਸੀ। ਉਸ ਉਤੇ ਕੁੱਤੇ ਮੂਤਦੇ ਸਨ, ਪਰ ਆਮ ਲੋਕਾਂ ਵਿਚ ਡਰ ਸੀ ਕਿ ਇਹ ਕਬਰ ਬਹੁਤ 'ਸਖਤੀ' ਹੈ। ਇਸ ਲਈ ਰਾਤ-ਬਰਾਤੇ ਤਾਂ ਕੀ, ਦਿਨੇ ਵੀ ਉਥੇ ਕੋਈ ਨਹੀਂ ਸੀ ਜਾਂਦਾ। ਨਿੱਕੇ ਨਿਆਣੇ ਤਾਂ ਇਕੱਲੇ ਉਸ ਪਾਸਿਉਂ ਲੰਘਣ ਦੀ ਹਿੰਮਤ ਨਹੀਂ ਸਨ ਕਰ ਸਕਦੇ। ਇਕੱਲੀ ਔਰਤ ਦਾ ਉਸ ਪਾਸੇ ਤੋਂ ਲੰਘਣ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਹਾਲੇ ਉਥੇ ਵੱਡਾ ਬਿਜਲੀ ਘਰ ਵੀ ਨਹੀਂ ਸੀ ਬਣਿਆ।

ਇਕ ਦਿਨ ਉਸ ਬੇਆਬਾਦ ਕਬਰ ਉਤੇ ਹਰੇ ਕੱਪੜਿਆਂ ਵਾਲਾ ਫਕੀਰ ਆ ਕੇ ਬੈਠ ਗਿਆ। ਪੰਜ-ਸੱਤ ਦਿਨਾਂ ਮਗਰੋਂ ਉਸ ਨੇ ਕਬਰ ਦੇ ਆਲੇ-ਦੁਆਲੇ ਦੀ ਜ਼ਮੀਨ ਪੱਧਰੀ ਕਰ ਕੇ, ਲਿੱਪ-ਪੋਚ ਕੇ ਉਸ ਉਤੇ ਕਾਨਿਆਂ ਦੀ ਛਪਰੀ ਜਿਹੀ ਪਾ ਲਈ। ਫਿਰ ਉਥੇ ਕਿਆਰੀਆਂ ਬਣਾ ਕੇ ਫੁੱਲ-ਬੂਟੇ ਲਾ ਦਿੱਤੇ। ਵਲਗਣ ਹੋਰ ਚੌੜੀ ਕਰ ਲਈ। ਰੌਣਕ ਲੱਗ ਗਈ। ਅਗਲੇ ਸਾਲ ਉਸ ਨੇ ਭੰਡਾਰਾ ਕੀਤਾ। ਹਜ਼ਾਰਾਂ ਲੋਕ ਸ਼ਾਮਲ ਹੋਏ। ਜ਼ਮੀਨ ਦੀ ਵਲਗਣ ਦਾ ਘੇਰਾ ਹੋਰ ਵਧ ਗਿਆ। 1970 ਦੇ ਨੇੜੇ-ਤੇੜੇ ਬਿਜਲੀ ਘਰ ਬਣਨ ਲੱਗਾ ਤਾਂ ਬਹੁਤ ਮੁਸ਼ਕਿਲ ਆਈ ਕਿ ਇਸ ਬੇਨਾਮ ਕਬਰ ਵਾਲੇ ਫਕੀਰ ਵੱਲੋਂ ਮੱਲੀ ਥਾਂ ਦਾ ਕੁਝ ਹਿੱਸਾ ਰੇਲ ਲਾਈਨ ਲਈ ਕਿਵੇਂ ਹਾਸਲ ਕੀਤਾ ਜਾਵੇ? ਮੈਨੂੰ ਚੇਤੇ ਨਹੀਂ ਕਿ ਇਹ ਕਿਵੇਂ ਹੱਲ ਹੋਇਆ ਸੀ।




*ਦਲਬੀਰ ਸਿੰਘ ਦੇ ਪਿੰਡ ਨੰਗਲ ਸ਼ਾਮਾ ਲਈ ਜਾਂਦੇ ਰਾਹ ਦਾ ਬੋਰਡ।*

ਐਤਕੀਂ ਉਸ ਪਾਸੇ ਲੰਘਿਆ ਤਾਂ ਉਸ ਕਬਰ ਵਾਲੀ ਥਾਂ ਤਿੰਨ ਪਾਸੇ ਤੋਂ ਮਕਾਨਾਂ ਨਾਲ ਘਿਰੀ ਹੋਈ ਸੀ। ਬਹੁਤ ਸੁੰਦਰ ਇਮਾਰਤਾਂ ਬਣੀਆਂ ਹੋਈਆਂ ਹਨ। ਚੌਥੇ ਪਾਸੇ ਤਾਂ ਰੇਲਵੇ ਲਾਈਨ ਲਗਦੀ ਹੀ ਹੈ। ਇਥੋਂ ਦੀ ਲੰਘਣਾ ਵੀ ਮੁਸ਼ਕਿਲ ਹੈ। ਲਾਲੇ ਲੱਧੇਵਾਲੀ ਤਕ ਸੜਕ ਦੇ ਦੋਹੀਂ ਪਾਸੀਂ ਦੁਕਾਨਾਂ ਉਸਰ ਗਈਆਂ ਹਨ। ਹੁਣ ਤਾਂ ਹੋਰ ਵੀ ਗਹਿਮਾ-ਗਹਿਮੀ ਹੋ ਜਾਣੀ ਹੈ, ਕਿਉਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਰੀਜਨਲ ਸੈਂਟਰ ਇਥੇ ਬਣ ਰਿਹਾ ਹੈ।

ਨਹਿਰ ਦੀ ਪਟੜੀ ਤੋਂ ਉਤਰ ਕੇ ਲੱਧੇਵਾਲੀ ਦੇ ਛੱਪੜ ਤਕ ਦਾ ਰਸਤਾ ਹੋਰ ਵੀ ਔਖਾ ਹੁੰਦਾ ਸੀ; ਖਾਸ ਕਰ ਕੇ ਬਰਸਾਤ ਦੇ ਦਿਨਾਂ ਵਿਚ। ਪਤਾ ਲੱਗਾ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਰਹਿ ਚੁੱਕੇ ਡਾ. ਜੁਗਿੰਦਰ ਸਿੰਘ ਪੁਆਰ ਲੱਧੇਵਾਲੀ ਦੇ ਹਨ ਅਤੇ ਉਨ੍ਹਾਂ ਨੂੰ ਵੀ ਉਹ ਦਿਨ ਚੇਤੇ ਕਰ ਕੇ ਉਦਰੇਵਾਂ ਹੁੰਦਾ ਹੈ ਜਦੋਂ ਲੱਧੇਵਾਲੀ ਦੇ ਵਸੀਵੇਂ ਵਿਚ ਕਾਲੋਨੀਆਂ ਨਹੀਂ, ਖੇਤ ਹੁੰਦੇ ਸਨ।

ਨਹਿਰ ਜਾਂ ਸੂਏ ਦੀ ਪਟੜੀ ਤੋਂ ਛੱਪੜ ਤਕ ਦੇ ਕੱਚੇ ਰਸਤੇ ਉਤੇ ਗੱਡਿਆਂ ਦੇ ਪਹੀਆਂ ਕਾਰਨ ਫੁੱਟ-ਫੁੱਟ ਡੂੰਘੀਆਂ ਲੀਹਾਂ ਪਈਆਂ ਹੁੰਦੀਆਂ ਸਨ ਅਤੇ ਡੇਢ ਫਰਲਾਂਗ ਦੇ ਇਸ ਰਸਤੇ ਦੇ ਆਲੇ-ਦੁਆਲੇ ਉਚੇ-ਉਚੇ ਦਰਖ਼ਤ ਸਨ। ਬਹੁਤ ਵਾਰੀ ਸਾਈਕਲ ਮੋਢਿਆਂ ਉਤੇ ਚੁੱਕ ਕੇ ਲੰਘਾਉਣਾ ਪੈਂਦਾ ਸੀ। ਪਿੰਡ ਦਾ ਛੱਪੜ ਆਮ ਦਿਨਾਂ ਵਿਚ ਤਾਂ ਰਸਤਾ ਛੱਡ ਜਾਂਦਾ ਸੀ, ਪਰ ਬਰਸਾਤਾਂ ਦੇ ਦਿਨੀਂ ਪਜਾਮੇ ਗੋਡਿਆਂ ਤਕ ਟੂੰਗੀਦੇ ਸਨ ਅਤੇ ਸਾਈਕਲ ਮੌਰਾਂ ਉਤੇ ਹੁੰਦਾ ਸੀ।

ਅੱਜ ਪੱਕੀ ਸੜਕ ਹੈ ਅਤੇ ਕੋਈ ਦਰਖਤ ਨਹੀਂ। ਸੜਕ ਦੇ ਕੰਢੇ ਉਤੇ ਇੰਨੀਆਂ ਵਧੀਆ ਕੋਠੀਆਂ ਹਨ ਕਿ ਚੰਡੀਗੜ੍ਹ ਦੀਆਂ ਕੋਠੀਆਂ ਦਾ ਮੁਕਾਬਲਾ ਕਰਦੀਆਂ ਹਨ। ਇਕ ਖ਼ੂਬਸੂਰਤ ਬਿਰਧ ਆਸ਼ਰਮ ਬਣ ਗਿਆ ਹੈ। ਪਿੰਡ ਤੇ ਖੇਤਾਂ ਵਿਚੋਂ ਪਲਾਟ ਕੱਟ ਕੇ ਜੱਟਾਂ ਨੇ ਕਮਾਈਆਂ ਕਰ ਲਈਆਂ ਹਨ। ਜਿਹੜੇ ਜੱਟ ਇੰਨੇ ਸਿਆਣੇ ਨਹੀਂ ਸਨ, ਉਨ੍ਹਾਂ ਤੋਂ ਪ੍ਰਾਪਰਟੀ ਡੀਲਰਾਂ ਨੇ ਜ਼ਮੀਨਾਂ ਸਸਤੇ ਵਿਚ ਖਰੀਦ ਲਈਆਂ ਹਨ। ਜ਼ਮੀਨ ਮਰਲਿਆਂ ਦੇ ਹਿਸਾਬ ਨਹੀਂ, ਸਗੋਂ ਗਜ਼ਾਂ ਅਤੇ ਫੁੱਟਾਂ ਦੇ ਹਿਸਾਬ ਵਿਕਦੀ ਹੈ। ਛੱਪੜ ਹਾਲੇ ਵੀ ਹੈ ਅਤੇ ਛੱਪੜ ਦੇ ਐਨ ਮੁੱਢ ਵਿਚਲਾ ਬੋਹੜ ਵੀ। ਜਲੰਧਰ ਤੋਂ ਹੁਸ਼ਿਆਰਪੁਰ ਜਾਣ ਵਾਲੀ ਜਿਹੜੀ ਬੱਸ ਪਹਿਲਾਂ ਰਾਮਾ ਮੰਡੀ ਤੋਂ ਹੋ ਕੇ ਜਾਂਦੀ ਸੀ, ਉਹ ਲੱਧੇਵਾਲੀ ਵਿਚੀਂ ਹੋ ਕੇ ਨੰਗਲ ਸ਼ਾਮਾ ਦੇ ਸਾਹਮਣਿਓਂ ਜਲੰਧਰ ਛਾਉਣੀ-ਹੁਸ਼ਿਆਰਪੁਰ ਸੜਕ ਉਤੇ ਚਲਦੀ ਸੀ। ਉਦੋਂ ਅਜੇ ਰਾਮਾ ਮੰਡੀ ਵਾਲਾ ਪੁਲ ਨਹੀਂ ਸੀ ਬਣਿਆ।

ਰਾਮਾ ਮੰਡੀ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਸੜਕ ਦੇ ਇਕ ਫਰਲਾਂਗ ਹੇਠਾਂ ਨੂੰ ਲੱਧੇਵਾਲੀ ਹੈ ਅਤੇ ਇਕ ਫਰਲਾਂਗ ਉਪਰ ਨੂੰ ਨੰਗਲ ਸ਼ਾਮਾ। ਇਹ ਥਾਂ ਹੁਣ ਚੌਰਾਹੇ ਵਰਗੀ ਬਣ ਗਈ ਹੈ। ਸ਼ਾਮ ਸਿੰਘ ਦੇ ਟਿਊਬਵੈਲ ਵਾਲੇ ਕੋਠੇ ਹਾਲੇ ਤਕ ਖੜ੍ਹੇ ਹਨ। ਸਾਹਮਣੇ ਵਾਲੇ ਪਾਸੇ ਦਰਜਨ ਭਰ ਦੁਕਾਨਾਂ ਅਤੇ ਦੁਕਾਨਾਂ ਦੇ ਪਿਛਲੇ ਪਾਸੇ ਬਰਫਖਾਨਾ ਬਣ ਗਏ ਹਨ। ਸ਼ਾਮ ਸਿੰਘ ਦੇ ਟਿਊਬਵੈਲ ਦੀ ਕੰਧ ਨਾਲ ਝਿਊਰਾਂ ਦੇ ਤੋਖੇ ਦਾ ਪੈਂਚਰ ਲਾਉਣ ਵਾਲਾ ਖੋਖਾ ਕਾਇਮ ਹੈ। ਪਹਿਲਾਂ ਕਦੇ ਉਸ ਦਾ ਵੱਡਾ ਭਰਾ ਦਾਰਾ ਇਹੀ ਕੰਮ ਕਰਦਾ ਹੁੰਦਾ ਸੀ। ਹੁਣ ਇਹ ਖੋਖਾ ਟੀਨ ਦਾ ਹੋ ਗਿਆ ਹੈ, ਪਹਿਲਾਂ ਲੱਕੜ ਦਾ ਹੁੰਦਾ ਸੀ।

ਸਾਹਮਣੇ ਮੇਰਾ ਉਹ ਪਿੰਡ ਹੈ ਜਿਥੇ ਮੈਂ ਜੰਮਿਆਂ ਸੀ, ਤੇ ਰੋਟੀ-ਰੁਜ਼ਗਾਰ ਲਈ ਪਿੰਡ ਦੀ ਜੂਹ ਵਿਚੋਂ ਨਿਕਾਲਾ ਮਿਲਣ ਤੋਂ ਪਹਿਲਾਂ, ਪਲਿਆ ਸੀ; ਜਿਥੇ ਪਹਿਲੀਆਂ ਦੋਸਤੀਆਂ ਵੀ ਸਨ ਅਤੇ ਪਹਿਲੀਆਂ ਮੁਹਬੱਤਾਂ ਵੀ। ਪਤਾ ਸੀ ਕਿ ਪਿੰਡ ਦੀ ਕੁੜੀ ਨਾਲ ਮੁਹੱਬਤ ਸਿਰੇ ਨਹੀਂ ਚੜ੍ਹਦੀ ਹੁੰਦੀ, ਫਿਰ ਵੀ ਪਹਿਲੀਆਂ ਮੁਹੱਬਤਾਂ ਇਥੇ ਹੀ ਵਾਪਰੀਆਂ ਸਨ।

ਮੈਂ ਆਪਣੀ ਧੀ ਨੂੰ ਦੱਸਦਾ ਹਾਂ ਕਿ ਅਹੁ ਸਾਹਮਣੇ ਜਿਹੜਾ ਪਿੰਡ ਹੈ, ਇਹੋ ਮੇਰੀ ਜੰਮਣ ਭੋਂ ਹੈ। ਖੱਬੇ ਪਾਸੇ ਸੰਪੂਰਨ ਸਿੰਘ ਦਾ ਕੋਠਾ ਦਿਖਾਈ ਦਿੰਦਾ ਹੈ। ਸੰਪੂਰਨ ਸਿੰਘ ਨੇ ਕਿਸੇ ਵੇਲੇ ਬਹੁਤ ਮੁਸ਼ਕਿਲ ਨਾਲ ਟਰੱਕ ਪਾਇਆ ਸੀ। ਸਰਦੀਆਂ ਦੀ ਸਵੇਰ ਨੂੰ ਅਸੀਂ ਸਕੂਲ ਜਾਂਦੇ ਸਾਂ ਤਾਂ ਉਹ ਟਰੱਕ ਦੀ ਟੈਂਕੀ ਹੇਠਾਂ ਅੱਗ ਬਾਲ ਕੇ ਟਰੱਕ ਨੂੰ ਗਰਮ ਕਰਿਆ ਕਰਦੇ ਸਨ। ਇਹ ਕੋਠਾ ਪਿੰਡ ਤੋਂ ਬਾਹਰਵਾਰ ਸੀ। ਬਿਲਕੁਲ ਨਿਵੇਕਲਾ। ਆਮ ਤੌਰ ਉਤੇ ਬੰਦ ਰਿਹਾ ਕਰਦਾ ਸੀ। ਉਸ ਦੇ ਟੱਬਰ ਦੀਆਂ ਔਰਤਾਂ ਪੰਜਾਹ ਕੁ ਗਜ਼ ਦੂਰ ਗੋਹਾ-ਕੂੜਾ ਕਰਦੀਆਂ ਦਿਖਾਈ ਦਿੰਦੀਆਂ ਸਨ। ਇਸ ਕੋਠੇ ਵਿਚ ਅਜਿਹੀ ਕੋਈ ਖਾਸ ਗੱਲ ਨਹੀਂ ਸੀ ਦਿਖਾਈ ਦਿੰਦੀ, ਪਰ ਕਹਿੰਦੇ ਸਨ ਉਥੇ ਕੁਝ ਨਾ ਕੁਝ ਗਲਤ-ਮਲਤ ਵਾਪਰਦਾ ਰਹਿੰਦਾ ਸੀ। ਪਤਾ ਨਹੀਂ ਕਿਉਂ, ਉਸ ਕੋਠੇ ਕੋਲ ਪਹੁੰਚ ਕੇ ਮੈਨੂੰ ਇਹ ਗੀਤ ਚੇਤੇ ਆਇਆ ਕਰਦਾ ਸੀ- 'ਦੁੱਧ ਪੀ ਲੈ ਬਾਲਮਾਂ ਵੇ ਮੈਂ ਕਦੋਂ ਦੀ ਖੜੀ।' ਅੱਜ ਵੀ ਜਦੋਂ ਮੈਂ ਇਸ ਕੋਠੇ ਬਾਰੇ ਸੋਚਦਾ ਹਾਂ, ਤਾਂ ਇਹੀ ਗੀਤ ਚੇਤੇ ਆਇਆ ਹੈ।

ਚੇਤੇ ਦੀ ਕਿਸੇ ਨੁੱਕਰ ਵਿਚੋਂ ਇਹ ਗੱਲ ਉਭਰਦੀ ਹੈ ਕਿ ਬਹੁਤ ਪਹਿਲਾਂ ਇਥੇ ਕਿਸੇ ਵਿਆਹ ਸਮੇਂ ਬਰਾਤ ਉਤਰੀ ਸੀ। ਇਸ ਕੋਠੇ ਤੋਂ ਲਾਊਡ ਸਪੀਕਰ ਦੇ ਰਿਕਾਰਡ ਵੱਜ ਰਹੇ ਸਨ। ਬੱਕਰੇ ਵੱਢੇ ਜਾਂਦੇ ਪਹਿਲੀ ਵਾਰ ਦੇਖੇ ਸਨ। ਖਬਰੇ ਲਾਊਡ ਸਪੀਕਰ ਤੋਂ 'ਦੁੱਧ ਪੀ ਲੈ ਬਾਲਮਾਂ ਵੇ' ਵਾਲਾ ਗੀਤ ਹੀ ਵੱਜਿਆ ਹੋਵੇਗਾ। ਬੱਸ ਉਹੀ ਚੇਤੇ ਰਹਿ ਗਿਆ ਹੈ, ਜਾਂ ਖਬਰੇ ਇਸ ਕੋਠੇ ਦੇ ਨਿਵਕਲੇ ਜਿਹੇ ਹੋਣ ਕਰ ਕੇ ਵੀ ਕੋਈ ਰੁਮਾਂਟਿਕ ਜਿਹਾ ਤਸੱਵਰ ਅਣਦਿਸਦੇ ਮਨ ਉਤੇ ਉਭਰਿਆ ਹੋਵੇਗਾ।

ਆਪਣੀ ਬਾਰਾਂ ਸਾਲਾਂ ਦੀ ਧੀ ਨੂੰ ਆਪਣੇ ਪਿੰਡ ਦਾ ਬਾਕੀ ਹਿੱਸਾ ਹਾਲੇ ਦਿਖਾਉਣਾ ਹੈ। ਹਾਲੇ ਤਾਂ ਸੜਕ ਉਤੇ ਖੜ੍ਹਾ ਪਿੰਡ ਵੱਲ ਮੂੰਹ ਕਰ ਕੇ ਦੇਖ ਰਿਹਾ ਹਾਂ ਕਿ ਕੀ ਸਾਹਮਣੇ ਉਹੀ ਪਿੰਡ ਹੈ ਜਿਥੇ ਮੈਂ ਜਾਣਾ ਹੈ? ਜਾਂ ਕੋਈ ਬਸਤੀ ਹੈ ਜਲੰਧਰ ਸ਼ਹਿਰ ਦੀ? **(ਚੱਲਦਾ)**

**ਨਹਿਰ ਜਾਂ ਸੂਏ ਦੀ ਪਟੜੀ ਤੋਂ ਛੱਪੜ ਤਕ ਦੇ ਕੱਚੇ ਰਸਤੇ ਉਤੇ ਗੱਡਿਆਂ ਦੇ ਪਹੀਆਂ ਕਾਰਨ ਫੁੱਟ-ਫੁੱਟ ਡੂੰਘੀਆਂ ਲੀਹਾਂ ਪਈਆਂ ਹੁੰਦੀਆਂ ਸਨ ਅਤੇ ਡੇਢ ਫਰਲਾਂਗ ਦੇ ਇਸ ਰਸਤੇ ਦੇ ਆਲੇ-ਦੁਆਲੇ ਉਚੇ-ਉਚੇ ਦਰਖ਼ਤ ਸਨ। ਬਹੁਤ ਵਾਰੀ ਸਾਈਕਲ ਮੋਢਿਆਂ ਉਤੇ ਚੁੱਕ ਕੇ ਲੰਘਾਉਣਾ ਪੈਂਦਾ ਸੀ। ਪਿੰਡ ਦਾ ਛੱਪੜ ਆਮ ਦਿਨਾਂ ਵਿਚ ਤਾਂ ਰਸਤਾ ਛੱਡ ਜਾਂਦਾ ਸੀ, ਪਰ ਬਰਸਾਤਾਂ ਦੇ ਦਿਨੀਂ ਪਜਾਮੇ ਗੋਡਿਆਂ ਤਕ ਟੂੰਗੀਦੇ ਸਨ ਅਤੇ ਸਾਈਕਲ ਮੌਰਾਂ ਉਤੇ ਹੁੰਦਾ ਸੀ।**

## ਤੇਰੀਆਂ ਗਲੀਆਂ-1



**ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।**

## ਕਲਮ-ਸਿਪਾਹੀ

*(ਦਲਬੀਰ ਸਿੰਘ ਬਾਰੇ ਗੁਰਨਾਮ ਕੰਵਰ ਦੀ ਲਿਖੀ ਕਵਿਤਾ)*

ਕਲਮ ਉਹਦੀ ਨਿਰੀ ਕਲਮ ਨਹੀਂ ਸੀ
ਅਰਜਨ ਦਾ ਸੀ ਤਿੱਖਾ ਤੀਰ।
ਸੁਰਜਮੁਖੀ ਨੋਕ ਓਸ ਦੀ
ਕਾਲੇ ਬੱਦਲ ਦਿੰਦੀ ਚੀਰ।
ਸੋਚ ਦੇ ਖੇਤੀਂ ਸਦਾ ਬੀਜਦਾ
ਬੀਜ ਬੀਜਦਾ ਚਾਨਣ ਦੇ-
ਰੋਸ਼ਨ ਕਲਮ ਨੇ ਰੱਖਿਆ ਆਪਣਾ
ਦੂਜਾ ਨਾਂ ਦਲਬੀਰ।

ਜਗਦਾ ਹੋਇਆ ਮੱਥਾ ਉਸ ਦਾ
ਜਗਦੀ ਹੋਈ ਜ਼ਮੀਰ।
ਮਾਨਵਤਾ ਦੇ ਪੈਰਾਂ ਵਿਚੋਂ
ਦੇਣੀ ਤੋੜ ਜ਼ੰਜੀਰ।
ਜ਼ੋਰ ਜ਼ੁਲਮ ਜੇ ਧੱਕੇਸ਼ਾਹੀ
ਕਿਧਰੇ ਬੇਇਨਸਾਫੀ-
ਕਲਮ ਦਾ ਝੰਡਾ ਫੜ ਕੇ ਲੜਦਾ
ਮੂਹਰੇ ਹੋ ਦਲਬੀਰ।

ਅੱਖਰਾਂ ਦੇ ਵਿਚ ਸੁਪਨੇ ਉਸ ਦੇ
ਸ਼ਬਦਾਂ ਵਿਚ ਤਦਬੀਰ।
ਕਲਮ ਓਸ ਦੀ ਲੇਖ ਸਿਰਜਦੀ
ਬਦਲ ਦਿੰਦੀ ਤਕਦੀਰ।
ਲਿਖਤ ਬੋਲਦੀ ਫਤਹਿਨਾਮਾ
ਕਲਮ ਬਣੀ ਸ਼ਮਸ਼ੀਰ-
ਕਲਮ-ਸਿਪਾਹੀ ਬਣ ਕੇ ਜੀਂਦਾ
ਸਦਾ ਅਮਰ ਦਲਬੀਰ।

ਗੁਰਮਤਿ ਵਿਚਾਰ

# ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਗੁਰੂ ਸਹਿਬਾਨ ਨੇ 'ਧੁਰਿ ਕੀ ਬਾਣੀ' ਦੀ ਰਚਨਾ ਆਮ ਮਨੁੱਖ ਦੇ ਕਲਿਆਣ ਹਿਤ ਆਮ ਲੋਕਾਂ ਦੀ ਬੋਲੀ ਜਾਣ ਵਾਲੀ ਭਾਸ਼ਾ ਵਿਚ ਕੀਤੀ ਹੈ। ਗੁਰਮਤਿ ਵਿਚਾਰਧਾਰਾ ਨੂੰ ਆਮ ਲੋਕਾਈ ਨੂੰ ਸਮਝਾਉਣ ਹਿਤ ਸਿਧਾਂਤਾਂ ਨੂੰ ਸਰਲ ਤੇ ਸਪੱਸ਼ਟ ਕਰਨ ਲਈ ਉਦਾਹਰਣਾਂ ਜਾਂ ਹਵਾਲੇ ਵੀ ਲੋਕਾਂ ਦੇ ਆਮ ਜੀਵਨ ਅਤੇ ਕਿੱਤਿਆਂ-ਕੰਮਾਂ ਵਿਚੋਂ ਲਏ ਹਨ। ਖੇਤੀ ਜਾਂ ਵਪਾਰ ਵੀ ਉਸ ਵੇਲੇ ਦੇ ਆਮ ਪ੍ਰਚਲਿਤ ਕਿੱਤਿਆਂ 'ਚੋਂ ਰਹੇ ਹਨ। ਇਥੇ ਵੀ ਕਰਤਾ ਪੁਰਖ ਦਾ ਸ੍ਰਿਸ਼ਟੀ ਜਾਂ ਮਨੁੱਖ ਨਾਲ ਰਿਸ਼ਤਾ ਸਮਝਾਉਣ ਲਈ ਗੁਰੂ ਰਾਮਦਾਸ ਨੇ ਖੇਤੀ ਵਿਚੋਂ ਮਿਸਾਲ ਲਈ ਹੈ। ਖੇਤੀ ਇੱਕ ਐਸਾ ਕਿੱਤਾ ਹੈ ਜਿਸ ਦਾ ਆਪਣੇ ਮਾਲਕ ਭਾਵ ਖੇਤੀ ਕਰਨ ਵਾਲੇ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੈ, ਜੋ ਮਾਲਕ ਦੀ ਹਰਦਮ ਹਾਜ਼ਰੀ ਦੀ ਮੰਗ ਕਰਦਾ ਹੈ। ਪੰਜਾਬੀ ਦਾ ਮਸ਼ਹੂਰ ਮੁਹਾਵਰਾ ਵੀ ਸ਼ਾਇਦ ਇਸੇ ਗੂੜ੍ਹੇ ਸਬੰਧ ਵਿਚੋਂ ਬਣਿਆ ਹੈ, "ਖੇਤੀ ਖਸਮਾ ਸੇਤੀ।"

ਗੁਰਮਤਿ ਦਾ ਮਾਰਗ ਨਾਮ ਦਾ ਮਾਰਗ ਹੈ ਜਿਸ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਸਿਮਰਨ ਹਰ ਸਮੇਂ ਕਰਦੇ ਰਹਿਣ ਅਤੇ ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਣ ਦਾ ਅਦੇਸ਼ ਕੀਤਾ ਹੈ। ਮਨੁੱਖ ਦੇ ਜੀਵਨ ਦਾ ਮਕਸਦ ਉਸ ਅਕਾਲ ਪੁਰਖ ਦੇ ਗੁਣਾਂ ਨੂੰ ਸਿਮਰਦੇ ਹੋਏ ਉਸ ਨਾਲ ਮੇਲ ਪੈਦਾ ਕਰਨ ਦਾ ਹੈ ਜਿਸ ਨੂੰ ਪੰਜਵੀਂ ਨਾਨਕ ਜੋਤਿ ਗੁਰੂ ਅਰਜਨ ਦੇਵ ਜੀ ਨੇ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਕਿਹਾ ਹੈ। ਇਸ ਸਲੋਕ ਵਿਚ ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਇਹ ਸੰਸਾਰ ਉਸ ਅਕਾਲ ਪੁਰਖ ਦਾ ਖੇਤ ਹੈ ਜਿਸ ਵਿਚ ਉਸ ਨੇ ਜੀਵਾਂ ਨੂੰ ਵਾਹੀ ਦੇ ਕੰਮ ਵਿਚ ਲਾਇਆ ਹੋਇਆ ਹੈ ਅਰਥਾਤ ਨਾਮ ਬੀਜਣ ਭਾਵ ਨਾਮ ਜਪਣ ਦੇ ਕੰਮ ਲਾਇਆ ਹੋਇਆ ਹੈ। ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲੇ ਮਨੁੱਖ ਅਰਥਾਤ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ, ਗੁਰੂ ਵੱਲ ਮੂੰਹ ਕਰਕੇ ਚੱਲਣ ਵਾਲੇ ਮਨੁੱਖਾਂ ਨੇ ਉਸ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਆਪਣੀ ਖੇਤੀ ਉਗਾ ਲਈ ਹੈ ਪਰ ਆਪਣੇ ਮਨ ਦੇ ਪਿੱਛੇ ਲੱਗ ਕੇ ਚੱਲਣ ਵਾਲੇ (ਮਨਮੁੱਖ) ਭੁੱਲੇ ਰਹੇ ਹਨ ਜਿਸ ਕਰਕੇ ਉਨ੍ਹਾਂ ਨੇ ਆਪਣਾ ਮੂਲ ਵੀ ਗਵਾ ਲਿਆ ਹੈ ਅਰਥਾਤ ਇਹ ਜਨਮ ਨਾਮ ਤੋਂ ਬਿਨਾ ਅਜਾਈਂ ਗੰਵਾ ਲਿਆ ਹੈ। ਹਰ ਮਨੁੱਖ ਆਪਣੀ ਭਲਾਈ ਦੀ ਖਾਤਰ ਖੇਤ ਬੀਜਦਾ ਹੈ ਪਰ ਉਹੀ ਖੇਤ ਚੰਗੀ ਤਰ੍ਹਾਂ ਜੰਮਦਾ ਹੈ ਜਿਸ 'ਤੇ ਅਕਾਲ ਪੁਰਖ ਦੀ ਮਿਹਰ ਹੋਵੇ। ਅਕਾਲ ਪੁਰਖ ਦੀ ਮਿਹਰ ਦੇ ਮਰਮ ਨੂੰ ਸਮਝਦੇ ਹੋਏ ਗੁਰੂ ਦੇ ਸਿੱਖ ਅਮਰ ਜੀਵਨ ਦੀ ਬਖਸ਼ਿਸ਼ ਕਰਨ ਵਾਲੇ ਉਸ ਅਕਾਲ ਪੁਰਖ ਦਾ ਨਾਮ ਰੂਪੀ ਅੰਮ੍ਰਿਤ ਬੀਜਦੇ ਹਨ ਅਤੇ ਉਨ੍ਹਾਂ ਨੂੰ ਪਰਮਾਤ-ਨਾਮ ਰੂਪੀ ਅੰਮ੍ਰਿਤ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ,

ਹਰਿ ਪ੍ਰਭ ਕਾ ਸਭੁ ਖੇਤੁ ਹੈ
ਹਰਿ ਆਪਿ ਕਿਰਸਾਣੀ ਲਾਇਆ॥
ਗੁਰਮੁਖਿ ਬਖਸਿ ਜਮਾਈਅਨੁ
ਮਨਮੁਖੀ ਮੂਲੁ ਗਵਾਇਆ॥
ਸਭੁ ਕੋ ਬੀਜੇ ਆਪਣੇ ਭਲੇ ਨੋ
ਹਰਿ ਭਾਵੈ ਸੋ ਖੇਤੁ ਜਮਾਇਆ॥
ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ
ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥

ਚੂਹਾ ਕਿਰਸਾਨ ਦੀ ਫਸਲ ਦਾ ਵੈਰੀ ਹੁੰਦਾ ਹੈ ਕਿਉਂਕਿ ਉਹ ਬਾਹਰ ਖੜੀ ਫਸਲ ਦਾ ਵੀ ਨੁਕਸਾਨ ਕਰਦਾ ਹੈ ਅਤੇ ਘਰ ਪਏ ਅਨਾਜ ਨੂੰ ਵੀ ਖਾਂਦਾ ਹੈ। ਚੂਹੇ ਦੇ ਦ੍ਰਿਸ਼ਟਾਂਤ ਰਾਹੀਂ ਦੱਸਿਆ ਹੈ ਕਿ ਜਮ ਰੂਪ ਚੂਹਾ ਹਰ ਰੋਜ ਜੀਵ ਰੂਪ ਕਿਸਾਨ ਦੀ ਫਸਲ ਨੂੰ ਟੁੱਕਦਾ ਰਹਿੰਦਾ ਹੈ, ਉਹ ਗੁਰਸਿੱਖਾਂ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ ਕਿਉਂਕਿ ਉਸ ਨੂੰ ਕਰਤਾ ਪੁਰਖ ਨੇ ਮਾਰ ਕੇ ਕੱਢ ਦਿੱਤਾ ਹੈ ਅਰਥਾਤ ਉਹ ਮਾਇਆ ਵਾਲੇ ਪਾਸੇ ਤੋਂ ਨਿਰਲੇਪ ਹੋ ਜਾਂਦੇ ਹਨ ਜਿਸ ਕਰਕੇ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਉਨ੍ਹਾਂ ਦੀ ਫਸਲ ਪ੍ਰੇਮ ਨਾਲ ਭਾਵ ਖੂਬ ਚੰਗੀ ਤਰ੍ਹਾਂ ਉਗਦੀ ਹੈ ਅਤੇ ਅਕਾਲ ਪੁਰਖ ਦੀ ਬਖਸ਼ਿਸ਼ ਦਾ ਬੋਹਲ ਲੱਗ ਜਾਂਦਾ ਹੈ। ਅਜਿਹੇ ਗੁਰਮੁਖ ਜਿਹੜੇ ਇੱਕ ਮਨ ਅਤੇ ਇੱਕ ਚਿੱਤ ਹੋ ਕੇ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦੇ ਮਨ ਦੀ ਹਰ ਚਿੰਤਾ ਅਤੇ ਝੋਰਾ ਅਕਾਲ ਪੁਰਖ ਦੂਰ ਕਰ ਦਿੰਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜਿਹੜੇ ਮਨੁੱਖ ਅਕਾਲ ਪੁਰਖ ਦਾ ਨਾਮ ਜਪਦੇ ਹਨ ਉਹ ਇਸ ਸੰਸਿਆਂ ਭਰੇ ਸੰਸਾਰ ਸਮੁੰਦਰ ਨੂੰ ਆਪ ਵੀ ਤਰ ਜਾਂਦੇ ਹਨ ਅਤੇ ਦੂਸਰਿਆਂ ਨੂੰ ਵੀ ਤਾਰ ਦਿੰਦੇ ਹਨ,

ਜਮੁ ਚੂਹਾ ਕਿਰਸ ਨਿਤ ਕੁਰਕਦਾ
ਹਰਿ ਕਰਤੈ ਮਾਰਿ ਕਢਾਇਆ॥
ਕਿਰਸਾਣੀ ਜੰਮੀ ਭਾਉ ਕਰਿ
ਹਰਿ ਬੋਹਲੁ ਬਖਸ ਜਮਾਇਆ॥
ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ
ਜਿਨੀ ਸਤਿਗੁਰੁ ਪੁਰਖੁ ਧਿਆਇਆ॥
ਜਨ ਨਾਨਕ ਨਾਮੁ ਅਰਾਧਿਆ
ਆਪਿ ਤਰਿਆ ਸਭੁ ਜਗਤੁ ਤਰਾਇਆ॥੧॥
(ਪੰਨਾ ੩੦੪)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਮਨਮੁਖਾਂ ਦਾ ਹਾਲ ਦੱਸਦੇ ਹਨ ਕਿ ਜਿਹੜੇ ਗੁਰੂ ਤੋਂ ਬੇਮੁਖ ਹੋ ਕੇ ਚਲਦੇ ਹਨ, ਉਨ੍ਹਾਂ ਦਾ ਕੀ ਹਾਲ ਹੁੰਦਾ ਹੈ ਅਤੇ ਕਿਹੋ ਜਿਹੀ ਅਵਸਥਾ ਵਿਚ ਜੀਵਨ ਬਸਰ ਕਰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਜਿਹੜੇ ਮਨੁੱਖ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਦੇ ਹਨ ਉਹ ਲਾਲਚ ਵਿਚ ਲਿਬੜੇ ਹੋਏ, ਨਾਮ ਤੋਂ ਵਿਰਵੇ ਸਾਰਾ ਦਿਨ ਹੋਰ ਹੋਰ ਗੱਲਾਂ ਕਰਦੇ ਰਹਿੰਦੇ ਹਨ। ਉਹ ਦਿਨ ਦਾ ਥੱਕਿਆ-ਹਾਰਿਆ ਰਾਤ ਨੂੰ ਨੀਂਦ ਵਿਚ ਦੱਬ ਕੇ ਸੌਂ ਜਾਂਦਾ ਹੈ ਅਤੇ ਉਸ ਦੇ ਸਾਰੇ ਦੇ ਸਾਰੇ ਨੌਂ ਇੰਦਰੇ ਢਿੱਲ੍ਹੇ ਪੈ ਜਾਂਦੇ ਹਨ। ਮਨ ਦੇ ਮਗਰ ਲੱਗ ਕੇ ਚੱਲਣ ਵਾਲੇ ਮਨੁੱਖਾਂ ਦੇ ਸਿਰ 'ਤੇ ਇਸਤਰੀਆਂ ਦਾ ਹੁਕਮ ਚੱਲਦਾ ਹੈ ਅਤੇ ਉਹ ਉਨ੍ਹਾਂ ਲਈ ਹੀ ਸਦਾ ਚੰਗੇ ਚੰਗੇ ਪਦਾਰਥ ਲਿਆ ਕੇ ਦਿੰਦੇ ਹਨ। ਜੋ ਮਨੁੱਖ ਸਦਾ ਇਸਤਰੀਆਂ ਦੇ ਆਖੇ ਹੀ ਸਭ ਕੁਝ ਕਰਦੇ ਹਨ, ਭਾਵ ਕਿਸੇ ਚੰਗੇ ਕੰਮ ਲਈ ਉਨ੍ਹਾਂ ਦੀ ਸਲਾਹ ਨਹੀਂ ਲੈਂਦੇ ਪਰ ਜਿਵੇਂ ਉਹ ਕਹਿਣ ਉਵੇਂ ਹੀ ਕਰਦੇ ਹਨ, ਉਹ ਮਲੀਨ-ਮਤਿ ਬੁਧ-ਹੀਣ ਅਤੇ ਮੂਰਖ ਹੁੰਦੇ ਹਨ ਕਿਉਂਕਿ ਉਹ ਵਿਸ਼ੇ-ਵਾਸ਼ਨਾ ਦੇ ਮਾਰੇ ਹੋਏ ਗੰਦੇ ਆਚਰਨ ਦੇ ਮਨੁੱਖ ਹੁੰਦੇ ਹਨ, ਉਹ ਹੀ ਇਸਤਰੀਆਂ ਦੇ ਕਹੇ ਵਿਚ ਤੁਰਦੇ ਹਨ।

ਸੱਚਾ ਅਤੇ ਚੰਗਾ ਮਨੁੱਖ ਉਹ ਹੈ ਜੋ ਸਤਿਗੁਰੂ ਦੇ ਹੁਕਮ 'ਚ ਚੱਲਦਾ ਹੈ। ਇਸਤਰੀ-ਪੁਰਸ਼ ਦੋਵੇਂ ਹੀ ਕਰਤਾ ਪੁਰਖ ਨੇ ਆਪ ਪੈਦਾ ਕੀਤੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਸਾਰੀ ਬਣਤ ਉਸ ਅਕਾਲ ਪੁਰਖ ਨੇ ਹੀ ਬਣਾਈ ਹੈ, ਉਹ ਜੋ ਕੁਝ ਵੀ ਕਰਦਾ ਹੈ, ਸਭ ਭਲਾ ਹੈ,

ਸਾਰਾ ਦਿਨੁ ਲਾਲਚਿ ਅਟਿਆ
ਮਨਮੁਖਿ ਹੋਰੇ ਗਲਾ॥
ਰਾਤੀ ਊਘੈ ਦਬਿਆ
ਨਵੇ ਸੋਤ ਸਭਿ ਢਿਲਾ॥
ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ
ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ
ਸੇ ਅਪਵਿਤ ਅਮੇਧ ਖਲਾ॥
ਕਾਮਿ ਵਿਆਪੇ ਕੁਸੁਧ ਨਰ ਸੇ
ਜੋਰਾ ਪੁਛਿ ਚਲਾ॥
ਸਤਿਗੁਰ ਕੈ ਆਖਿਐ ਜੋ ਚਲੈ
ਸੋ ਸਤਿ ਪੁਰਖੁ ਭਲ ਭਲਾ॥
ਜੋਰਾ ਪੁਰਖ ਸਭਿ ਆਪਿ ਉਪਾਇਨੁ
ਹਰਿ ਖੇਲ ਸਭਿ ਖਿਲਾ॥
ਸਭ ਤੇਰੀ ਬਣਤ ਬਣਾਵਣੀ
ਨਾਨਕ ਭਲ ਭਲਾ॥੨॥ (ਪੰਨਾ ੩੦੪)

ਨੌਵੀਂ ਪਉੜੀ ਵਿਚ ਗੁਰੂ ਰਾਮਦਾਸ ਸਾਹਿਬ ਨੇ ਬਾਣੀ ਨੂੰ ਸਤਿ-ਸਰੂਪ ਅਰਥਾਤ ਅਕਾਲ ਪੁਰਖ ਦਾ ਸਰੂਪ ਕਿਹਾ ਹੈ। ਸਤਿ ਅਕਾਲ ਪੁਰਖ ਦਾ ਗੁਣ ਹੈ ਜੋ ਉਸ ਦੀ ਸਦੀਵੀ ਹੋਂਦ ਦਾ ਲਖਾਇਕ ਹੈ। ਬਾਣੀ ਦਾ ਸਰੂਪ ਵੀ ਸਤਿ ਹੈ, ਇਸ ਦੀ ਹੋਂਦ ਵੀ ਸਦੀਵੀ ਹੈ, ਸ਼ਬਦ ਸਦੀਵੀ ਹੈ ਜੋ ਕਦੇ ਵਿਨਾਸ਼ ਨਹੀਂ ਹੁੰਦਾ।

ਗੁਰੂ ਰਾਮਦਾਸ ਕਹਿੰਦੇ ਹਨ ਕਿ ਅਕਾਲ ਪੁਰਖ ਵੇਪਰਵਾਹ, ਅਥਾਹ ਅਤੇ ਅਤੋਲ ਹੈ। ਉਹ ਨਾਪ ਤੋਲ ਦੇ ਕਿਸੇ ਵੀ ਪੈਮਾਨੇ ਤੋਂ ਉਤੇ ਹੈ। ਜਿਨ੍ਹਾਂ ਨੂੰ ਸਤਿਗੁਰ ਮਿਲ ਜਾਂਦਾ ਹੈ ਉਹ ਉਸ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ ਤੇ ਜਿਹੜੇ ਸਿਮਰਨ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ ਅਰਥਾਤ ਸਤਿਗੁਰ ਨੂੰ ਮਿਲ ਪੈਣਾ ਚੰਗੇ ਭਾਗਾਂ ਦੀ ਨਿਸ਼ਾਨੀ ਹੈ ਕਿਉਂਕਿ ਸਤਿਗੁਰ ਤੋਂ ਅਕਾਲ ਪੁਰਖ ਤੱਕ ਪਹੁੰਚਣ ਦਾ ਰਸਤਾ ਪਤਾ ਲੱਗਦਾ ਹੈ। ਸਤਿਗੁਰ ਧੁਰ ਕੀ ਬਾਣੀ ਨੂੰ, ਸ਼ਬਦ ਨੂੰ ਆਮ ਲੋਕਾਈ ਤੱਕ ਪਹੁੰਚਾਉਣ ਦਾ ਮਾਧਿਅਮ ਹੈ, ਬਾਣੀ ਦੇ ਪ੍ਰਕਾਸ਼ਨ ਦਾ ਮਾਧਿਅਮ ਹੈ। ਸਤਿਗੁਰ ਦੀ ਬਾਣੀ ਸੱਚੇ ਕਰਤਾ ਪੁਰਖ ਦਾ ਸਰੂਪ ਹੈ ਅਤੇ ਸਤਿਗੁਰ ਦੀ ਬਾਣੀ ਰਾਹੀਂ ਸਤਿ-ਸਰੂਪ ਬਣ ਜਾਈਦਾ ਹੈ, ਉਸ ਸੱਚੇ ਨੂੰ ਪ੍ਰਾਪਤ ਕਰ ਲਈਦਾ ਹੈ। ਭਾਵ ਬਾਣੀ ਰਾਹੀਂ ਉਸ ਸਭ ਦੇ ਮਾਲਕ ਪਰਮਾਤਮਾ ਦੇ ਨਾਮ ਸਿਮਰਨ ਦਾ ਰਸਤਾ ਪਤਾ ਲਗਦਾ ਹੈ ਅਤੇ ਉਸ ਦੇ ਨਾਮ ਸਿਮਰਨ ਰਾਹੀਂ ਉਸ ਦੀ ਸਿਫ਼ਤਿ-ਸਾਲਾਹ ਰਾਹੀਂ ਉਸ ਵਰਗੇ ਅਧਿਆਤਮਕ ਗੁਣ ਪ੍ਰਾਪਤ ਕਰਕੇ ਉਸ ਵਰਗੇ ਹੋ ਜਾਈਦਾ ਹੈ। (ਗੁਰੂ ਨਾਨਕ ਸਾਹਿਬ ਵੱਲੋਂ ਭਾਈ ਲਹਿਣੇ ਨੂੰ ਗੁਰਗੱਦੀ ਦੇ ਕੇ ਗੁਰੂ ਅੰਗਦ ਬਣਾਉਣ ਦੇ ਸਮੇਂ ਤੋਂ ਗੁਰੂ ਘਰ ਦੀ ਵਿਰੋਧਤਾ ਗੁਰੂ-ਪਰਿਵਾਰ ਵਿਚੋਂ ਹੀ ਸ਼ੁਰੂ ਹੋ ਗਈ ਸੀ। ਇਸੇ ਵਿਰੋਧਤਾ ਵਿਚੋਂ ਹੌਲੀ ਹੌਲੀ 'ਨਾਨਕ' ਛਾਪ ਹੇਠਾਂ ਵਿਰੋਧੀਆਂ ਵੱਲੋਂ 'ਕੱਚੀ ਬਾਣੀ' ਦੀ ਰਚਨਾ ਸ਼ੁਰੂ ਹੋ ਗਈ ਸੀ। ਇਸੇ ਤੋਂ ਸਾਵਧਾਨ ਕਰਦਿਆਂ ਗੁਰੂ ਅਮਰਦਾਸ ਰਾਗ ਰਾਮਕਲੀ ਵਿਚ 'ਅਨੰਦ' ਬਾਣੀ ਵਿਚ ਅਦੇਸ਼ ਕਰਦੇ ਹਨ 'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥' ਅਤੇ 'ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥')

ਗੁਰੂ ਰਾਮਦਾਸ ਇਥੇ ਜਗਿਆਸੂ ਨੂੰ ਸਾਵਧਾਨ ਕਰਦੇ ਹਨ ਕਿ ਸਤਿਗੁਰੂ ਦੀ ਰੀਸੇ ਹੋਰ ਕੂੜ ਦੇ ਵਪਾਰੀ ਵੀ ਬਾਣੀ ਉਚਾਰਦੇ ਹਨ ਪਰ ਉਹ ਬਾਣੀ ਨਹੀਂ ਹੈ, ਕਚੁ ਪਿਚੁ ਅਰਥਾਤ ਕੂੜ ਹੈ। ਉਨ੍ਹਾਂ ਦੇ ਹਿਰਦੇ ਵਿਚ ਵੀ ਕੂੜ ਹੈ ਅਤੇ ਕੂੜ ਹੋਣ ਕਰਕੇ ਉਹ ਝੜ ਪੈਂਦੇ ਹਨ ਅਰਥਾਤ ਸਤਿਗੁਰ ਦੇ ਬਰਾਬਰ ਨਹੀਂ ਠਹਿਰ ਸਕਦੇ ਅਤੇ ਉਨ੍ਹਾਂ ਦੀ ਅਸਲੀਅਤ ਸਭ ਦੇ ਸਾਹਮਣੇ ਆ ਜਾਂਦੀ ਹੈ। ਉਨ੍ਹਾਂ ਦੇ ਅੰਦਰ ਕੁਝ ਹੋਰ ਹੁੰਦਾ ਹੈ ਅਤੇ ਮੂੰਹ 'ਤੇ ਕੁਝ ਹੋਰ। ਉਹ ਮਾਇਆ ਦੀ ਖਾਤਰ, ਮਾਇਆ ਨੂੰ ਇਕੱਠੀ ਕਰਨ ਲਈ ਝੂਰਦੇ ਅਤੇ ਖਪ ਖਪ ਮਰਦੇ ਹਨ,

ਤੂ ਵੇਪਰਵਾਹੁ ਅਥਾਹੁ ਹੈ
ਅਤੁਲੁ ਕਿਉ ਤੁਲੀਐ॥
ਸੇ ਵਡਭਾਗੀ ਜਿ ਤੁਧੁ ਧਿਆਇਦੇ
ਜਿਨ ਸਤਿਗੁਰੁ ਮਿਲੀਐ॥
ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ
ਗੁਰਬਾਣੀ ਬਣੀਐ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ
ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥੯॥
(ਪੰਨਾ ੩੦੪)

ਸਿੱਖ ਧਰਮ ਚਿੰਤਨ ਵਿਚ ਸੇਵਾ ਨੂੰ ਬਹੁਤ ਵੱਡਾ ਸਥਾਨ ਪ੍ਰਾਪਤ ਹੈ ਖਾਸ ਕਰਕੇ ਸੰਗਤ ਦੀ ਸੇਵਾ ਅਤੇ ਸਤਿਗੁਰ ਦੀ ਸੇਵਾ। ਸਤਿ, ਸੰਤੋਖ, ਦਇਆ, ਪਰਉਪਕਾਰ ਅਤੇ ਹਲੀਮੀ ਆਦਿ ਸਦਾਚਾਰਕ ਗੁਣ ਜਿਨ੍ਹਾਂ ਨੂੰ ਸਿੱਖ ਧਰਮ ਵਿਚ ਬਹੁਤ ਉਚਾ ਸਥਾਨ ਪ੍ਰਾਪਤ ਹੈ, ਨੂੰ ਪ੍ਰਾਪਤ ਕਰਨ ਦਾ ਸੇਵਾ ਇੱਕ ਬਹੁਤ ਵੱਡਾ ਅਤੇ ਸਮਰੱਥ ਸਾਧਨ ਹੈ। ਗੁਰੂ ਜਾਂ ਸਤਿਗੁਰੂ ਦੀ ਸੇਵਾ ਦਾ ਅਰਥ ਹੈ ਸਤਿਗੁਰ ਨੇ ਜੋ ਰਸਤਾ ਦਿਖਾਇਆ ਹੈ, ਉਸ 'ਤੇ ਚੱਲਣਾ ਹੀ ਸਤਿਗੁਰ ਦੀ ਸੇਵਾ ਹੈ। ਇਹੀ ਸ਼ਬਦ ਦੀ ਜਾਂ ਬਾਣੀ ਦੀ ਸੇਵਾ ਹੈ। ਸਿੱਖ ਵਾਸਤੇ ਬਾਣੀ ਹੀ ਗੁਰੂ ਹੈ ਅਤੇ ਗੁਰੂ ਬਾਣੀ ਹੈ।

ਇਸ ਸਲੋਕ ਵਿਚ ਗੁਰੂ ਰਾਮਦਾਸ ਜੀ ਇਸੇ ਸੇਵਾ ਦੀ ਗੱਲ ਕਰ ਰਹੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਸਤਿਗੁਰੂ ਦੀ ਸੇਵਾ ਅਰਥਾਤ ਸਤਿਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲਣਾ ਪਵਿੱਤਰ ਕਰਮ ਹੈ ਅਤੇ ਇਸ ਨੂੰ ਉਹ ਮਨੁੱਖ ਹੀ ਕਰਦਾ ਹੈ ਜਿਸ ਦਾ ਆਪਣਾ ਹਿਰਦਾ ਪਵਿੱਤਰ ਹੈ, ਜੋ ਅੰਦਰੋਂ ਆਪ ਮੈਲਾ ਨਾ ਹੋਵੇ, ਜਿਸ ਅੰਦਰ ਛਲ-ਕਪਟ ਆਦਿ ਮਾਇਆਵੀ ਮੈਲ ਨਾ ਹੋਵੇ, ਜਿਸ ਦਾ ਆਪਣਾ ਹਿਰਦਾ ਸ਼ੁਧ ਹੋਵੇ। ਕਰਤਾ ਪੁਰਖ ਸਭ ਕੁਝ ਜਾਣਦਾ ਹੈ। ਇਸ ਲਈ ਜਿਨ੍ਹਾਂ ਦੇ ਅੰਦਰ ਛਲ, ਕਪਟ ਅਤੇ ਹੋਰ ਵਿਕਾਰਾਂ ਦੀ ਮੈਲ ਭਰੀ ਹੈ, ਅਕਾਲ ਪੁਰਖ ਉਨ੍ਹਾਂ ਨੂੰ ਪਛਾਣ ਲੈਂਦਾ ਹੈ ਅਤੇ ਸੱਚਿਆਂ ਨਾਲੋਂ ਨਿਖੇੜ ਕੇ ਆਪ ਹੀ ਬਾਹਰ ਕੱਢ ਦਿੰਦਾ ਹੈ, ਅਰਥਾਤ ਅਜਿਹੇ ਮਨੁੱਖ ਸੱਚਿਆਂ ਵਿਚ ਨਹੀਂ ਰਲ ਸਕਦੇ, ਵੱਖਰੇ ਹੀ ਪਛਾਣੇ ਜਾਂਦੇ ਹਨ। ਸਚਿਆਰ ਸਿੱਖ ਅਰਥਾਤ ਸਤਿਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਸਿੱਖ ਸਤਿਗੁਰੂ ਦੀ ਸੰਗਤ 'ਚ ਰਹਿ ਕੇ ਘਾਲ-ਕਮਾਈ ਕਰਦੇ ਹਨ, ਸ਼ਬਦ ਦੀ ਸੇਵਾ ਕਮਾਉਂਦੇ ਹਨ ਅਤੇ ਝੂਠ ਦੇ ਵਪਾਰੀ ਉਥੇ ਲੱਭਿਆਂ ਵੀ ਨਹੀਂ ਲੱਭਦੇ,

ਸਤਿਗੁਰ ਕੀ ਸੇਵਾ ਨਿਰਮਲੀ
ਨਿਰਮਲ ਜਨੁ ਹੋਇ ਸੁ ਸੇਵਾ ਘਾਲੇ॥
ਜਿਨ ਅੰਦਰਿ ਕਪਟੁ ਵਿਕਾਰੁ ਝੂਠੁ
ਓਇ ਆਪੇ ਸਚੈ ਵਖਿ ਕਢੇ ਜਜਮਾਲੇ॥
ਸਚਿਆਰ ਸਿਖ ਬਹਿ ਸਤਿਗੁਰ ਪਾਸਿ
ਘਾਲਨਿ ਕੂੜਿਆਰ ਨ ਲਭਨੀ
ਕਿਤੈ ਥਾਇ ਭਾਲੇ॥

ਇਸੇ ਸਲੋਕ ਵਿਚ ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰ ਦੇ ਬਚਨ ਚੰਗੇ ਨਹੀਂ ਲੱਗਦੇ, ਗੁਰੂ ਦੀ ਸਿੱਖਿਆ ਸੁਣਨੀ ਚੰਗੀ ਨਹੀਂ ਲੱਗਦੀ ਉਨ੍ਹਾਂ ਦੇ ਚਿਹਰੇ ਭ੍ਰਿਸ਼ਟੇ ਹੋਏ ਹੁੰਦੇ ਹਨ ਅਰਥਾਤ ਉਨ੍ਹਾਂ ਦੇ ਮੂੰਹ 'ਤੇ ਮਾਲਕ ਅਕਾਲ ਪੁਰਖ ਕੋਲੋਂ ਫਿਟਕਾਰ ਪੈਂਦੀ ਹੈ। ਜਿਨ੍ਹਾਂ ਦੇ ਅੰਦਰ ਸਤਿਗੁਰ ਲਈ ਪ੍ਰੇਮ ਨਹੀਂ ਹੈ, ਉਨ੍ਹਾਂ ਨੂੰ ਕਦੋਂ ਤੱਕ ਧੀਰਜ ਦਿੱਤੀ ਜਾ ਸਕਦੀ ਹੈ, ਉਹ ਆਪਣੇ ਮਨ ਦੇ ਪਿੱਛੇ ਚੱਲਣ ਵਾਲੇ ਬੇਥਵੇ ਹਨ ਪਰ ਜਿਹੜੇ ਸਤਿਗੁਰੂ ਨੂੰ ਮਿਲਦੇ ਹਨ, ਸਤਿਗੁਰ ਦੀ ਸੰਗਤਿ ਕਰਦੇ ਹਨ, ਉਨ੍ਹਾਂ ਦਾ ਮਨ ਟਿਕਿਆ ਹੁੰਦਾ ਹੈ, ਉਹ ਆਪਣੀ ਵਸਤੂ ਨੂੰ ਆਪ ਹੀ ਵਰਤਦੇ ਹਨ ਅਰਥਾਤ ਮਨ ਦੇ ਵਿਕਾਰ ਉਨ੍ਹਾਂ ਦੇ ਆਤਮਕ ਅਨੰਦ ਨੂੰ ਵਿਚਲਤ ਨਹੀਂ ਕਰ ਸਕਦੇ।

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਇਹ ਸਭ ਕੁਝ ਮਨੁੱਖ ਦੇ ਵੱਸ ਨਹੀਂ, ਉਸ ਅਕਾਲ ਪੁਰਖ ਦੀ ਮਿਹਰ ਨਾਲ ਜੁੜਿਆ ਹੋਇਆ ਹੈ। ਇੱਕ ਅਜਿਹੇ ਹਨ ਜਿਨ੍ਹਾਂ ਨੂੰ ਅਕਾਲ ਪੁਰਖ ਗੁਰੂ ਨਾਲ ਮੇਲ ਦਿੰਦਾ ਹੈ ਅਤੇ ਉਹ ਆਤਮਕ ਅਨੰਦ ਮਾਣਦੇ ਹਨ ਅਤੇ ਇੱਕ ਉਹ ਹਨ ਜੋ ਠੱਗੀ ਮਾਰਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖ ਆਪ ਹੀ ਕੱਢ ਕੇ ਬਾਹਰ ਸੁੱਟ ਦਿੰਦਾ ਹੈ, ਅਲੱਗ ਕਰ ਦਿੰਦਾ ਹੈ,

ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ
ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ॥
ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ
ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ॥
ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ
ਓਹੁ ਆਪਿ ਵਰਤੈ ਆਪਣੀ ਵਥੁ ਨਾਲੇ॥
ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ
ਇਕਿ ਆਪੇ ਵਖਿ ਕਢੈ ਠਗਵਾਲੇ॥੧॥
(ਪੰਨਾ ੩੦੪-੩੦੫)

**ਗੁਰੂ ਰਾਮਦਾਸ ਸਾਹਿਬ ਨੇ ਬਾਣੀ ਨੂੰ ਸਤਿ-ਸਰੂਪ ਅਰਥਾਤ ਅਕਾਲ ਪੁਰਖ ਦਾ ਸਰੂਪ ਕਿਹਾ ਹੈ। ਸਤਿ ਅਕਾਲ ਪੁਰਖ ਦਾ ਗੁਣ ਹੈ ਜੋ ਉਸ ਦੀ ਸਦੀਵੀ ਹੋਂਦ ਦਾ ਲਖਾਇਕ ਹੈ। ਬਾਣੀ ਦਾ ਸਰੂਪ ਵੀ ਸਤਿ ਹੈ, ਇਸ ਦੀ ਹੋਂਦ ਵੀ ਸਦੀਵੀ ਹੈ, ਸ਼ਬਦ ਸਦੀਵੀ ਹੈ ਜੋ ਕਦੇ ਵਿਨਾਸ਼ ਨਹੀਂ ਹੁੰਦਾ। ਅਕਾਲ ਪੁਰਖ ਵੇਪਰਵਾਹ, ਅਥਾਹ ਅਤੇ ਅਤੋਲ ਹੈ। ਉਹ ਨਾਪ ਤੋਲ ਦੇ ਕਿਸੇ ਵੀ ਪੈਮਾਨੇ ਤੋਂ ਉਤੇ ਹੈ। ਜਿਨ੍ਹਾਂ ਨੂੰ ਸਤਿਗੁਰ ਮਿਲ ਜਾਂਦਾ ਹੈ ਉਹ ਉਸ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ ਅਤੇ ਜਿਹੜੇ ਸਿਮਰਨ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ।**

ਗੁਰਬਾਣੀ ਸ਼ਬਦ-ਜੋੜ ਗਿਆਨ

# ਬਾਣਿ, ਬਾਣੁ ਅਤੇ ਬਾਨ

ਗੁਰਬਾਣੀ ਦੀਆਂ ਸ਼ਬਦਾਂਤਕ ਲਗਾਂ 'ਸਿਹਾਰੀ' ਅਤੇ 'ਔਂਕੜ' ਜਾਂ ਕਿਸੇ ਭੀ ਥਾਂ 'ਤੇ ਲੱਗੀ ਕਿਸੇ ਲਗ ਨੂੰ ਪਾਠ ਵਿਚ ਨਿਸ਼ਚਿਤ ਧੁਨੀ ਸਮੇਤ ਨਾ ਬੋਲਣ ਵਿਚ ਸ਼ਬਦ ਜੋੜਾਂ ਦੀ ਅਖੰਡਤਾ ਅਤੇ ਪਾਠ ਦੀ ਸ਼ੁੱਧਤਾ ਕਾਇਮ ਨਹੀਂ ਰਹਿ ਸਕਦੀ। ਗੁਰਬਾਣੀ ਪਾਠਕਾਂ ਦੀ ਬਹੁਗਿਣਤੀ ਅਤੇ ਚੋਟੀ ਦੇ ਬਹੁਤੇ ਪ੍ਰਚਾਰਕ ਸ਼ਬਦਾਂਤਕ ਲਗਾਂ ਨੂੰ ਪਾਠ ਕਰਨ ਦਾ ਹਿੱਸਾ ਬਣਾਉਣ ਵਿਚ ਢਿੱਲ ਵਰਤ ਰਹੇ ਹਨ। ਇਸ ਰੁਝਾਨ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸ਼ਬਦਾਂਤਕ ਲਗਾਂ ਦਾ ਲਿਖਤ ਵਿਚ ਤਿਆਗ ਹੋਣਾ ਸ਼ੁਰੂ ਹੋ ਗਿਆ ਹੈ। ਬਾਣੀ ਨੂੰ ਅੰਗਰੇਜ਼ੀ ਵਿਚ ਲਿਖਣ ਵਾਲੇ ਬਹੁਤੇ ਲਿਖਾਰੀ ਤਾਂ ਇਹ ਲਗਾਂ ਲਿਖਤ ਵਿਚ ਛੱਡ ਚੁੱਕੇ ਹਨ। ਜਪੁ ਨੂੰ jap, ਸਤਿਨਾਮੁ ਨੂੰ satnam, ਹਰਿ ਨੂੰ har, ਅਰਿ ਤੇ ਅਰੁ ਨੂੰ ar ਲਿਖੇ ਜਾਣਾ ਸ਼ੁਰੂ ਹੋ ਚੁੱਕਾ ਹੈ। ਕਿਸੇ ਭੀ ਬਾਣੀਕਾਰ ਨੇ ਲਗਾਂ ਨੂੰ ਛੱਡਣ ਦਾ ਕਦੇ ਕੋਈ ਸੰਕੇਤ ਨਹੀਂ ਦਿੱਤਾ। ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਲਿਖਿਆ ਹੈ ਕਿ ਭਾਈ ਗੁਪਾਲੇ ਨੇ ਛੇਵੇਂ ਗੁਰੂ ਜੀ ਨੂੰ 'ਜਪੁ' ਜੀ ਦਾ ਪਾਠ ਸੁਣਾਉਣ ਸਮੇਂ ਕਿਸੇ ਮਾਤਰਾ ਦਾ ਤਿਆਗ ਨਹੀਂ ਕੀਤਾ ਤੇ ਗੁਰੂ ਜੀ ਸੁਣ ਕੇ ਪ੍ਰਸੰਨ ਹੋ ਗਏ।

ਲਗਾਂ ਦਾ ਤਿਆਗ ਕਰਨ 'ਤੇ ਸ਼ਬਦਾਂ ਦੇ ਵਿਆਕਰਣਕ ਸਰੂਪ ਬਦਲ ਜਾਂਦੇ ਹਨ ਜਿਸ ਨਾਲ ਅਰਥ ਵੀ ਬਦਲ ਜਾਂਦੇ ਹਨ। ਭਾਵ ਸ਼ਬਦ ਇਸਤਰੀ ਲਿੰਗ ਤੋਂ ਪੁਲਿੰਗ ਆਦਿ ਤਬਦੀਲੀਆਂ ਅਪਨਾ ਲੈਂਦੇ ਹਨ ਤੇ ਸ਼ਬਦ-ਜੋੜਾਂ ਦੀ ਮੌਲਿਕਤਾ ਖਤਮ ਹੋ ਜਾਂਦੀ ਹੈ। ਪਤਨਿ ਨੂੰ ਪਤਨ, ਲੜਕਿ ਨੂੰ ਲੜਕ, ਘੋੜਿ ਨੂੰ ਘੋੜ, ਕੁੱਤਿ ਨੂੰ ਕੁੱਤ, ਬਿਲਿ ਨੂੰ ਬਿਲ, ਇਸਤ੍ਰਿ ਨੂੰ ਇਸਤ੍ਰ, ਭਗਤਿ ਨੂੰ ਭਗਤ, ਦਾਸਿ ਨੂੰ ਦਾਸ, ਸੇਵਕਿ ਨੂੰ ਸੇਵਕ, ਸੁਆਮਿ ਨੂੰ ਸੁਆਮ, ਭੂਮਿ ਨੂੰ ਭੂਮ, ਧਰਤਿ ਨੂੰ ਧਰਤ, ਭਰਥਰਿ ਨੂੰ ਭਰਥਰ, ਜਮਦਗਨਿ ਨੂੰ ਜਮਦਗਨ, ਸ੍ਰਿਸਟਿ ਨੂੰ ਸ੍ਰਿਸਟ, ਰਿਖਿ ਨੂੰ ਰਿਖ, ਰਿਸ਼ਿ ਨੂੰ ਰਿਸ਼, ਮੁਨਿ ਨੂੰ ਮੁਨ, ਸਸਿ ਨੂੰ ਸੱਸ, ਪਾਹੁਨ ਨੂੰ ਪਾਹਨ, ਕੁਰਤਾ ਨੂੰ ਕਰਤਾ, ਦਿਤਿ ਨੂੰ ਦਿਤ ਬੋਲਿਆਂ ਰਸਹੀਣਤਾ ਤੇ ਨਿਰਾਰਥਕਤਾ ਹੀ ਪੈਦਾ ਹੁੰਦੀ ਹੈ। ਗੁਰਬਾਣੀ ਵਿਚੋਂ ਪ੍ਰਮਾਣ ਲੈ ਕੇ ਵਿਚਾਰ ਕਰਦੇ ਹਾਂ,

**ਬਾਣਿ, ਬਾਣੁ ਅਤੇ ਬਾਨ**

ਉਪਰੋਕਤ ਤਿੰਨਾਂ ਸ਼ਬਦਾਂ ਵਿਚੋਂ ਦੋ ਸ਼ਬਦਾਂ ਦਾ ਪਾਠ 'ਬਾਣ' ਨਹੀਂ ਹੈ, ਭਾਵੇਂ ਕੀਤਾ ਜਾ ਰਿਹਾ ਹੈ ਜੋ ਗੁਰਬਾਣੀ ਦੀ ਅਖੰਡਤਾ ਬਣਾਏ ਰੱਖਣ ਲਈ ਚੰਗੇ ਭਵਿੱਖ ਦਾ ਸੂਚਕ ਨਹੀਂ ਹੈ।

**ਬਾਣਿ-**

(ੳ) ਅਖਰੀ ਲਿਖਣੁ ਬੋਲਣੁ ਬਾਣਿ॥

'ਬਾਣਿ' ਸ਼ਬਦ ਦੀ ਲੱਗੀ ਸਿਹਾਰੀ ਬੋਲਣ ਕਰਕੇ ਇਸਤ੍ਰੀ ਲਿੰਗ ਨਾਂਵ ਇੱਕ ਵਚਨ, ਅਰਥ-ਭਾਸ਼ਾ ਜਾਂ ਬੋਲੀ।

ਭਾਵ ਅਰਥ- ਅੱਖਰਾਂ ਨਾਲ ਹੀ ਕੋਈ ਭਾਸ਼ਾ ਬੋਲੀ ਜਾਂ ਲਿਖੀ ਜਾ ਸਕਦੀ ਹੈ।

(ਅ) ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥ (ਪੰਨਾ ੧੪੨੦)

ਭਾਵ ਅਰਥ- ਬਾਣਿ ਦਾ ਅਰਥ ਬੋਲੀ, ਸਿਹਾਰੀ ਬੋਲਣ ਕਰਕੇ। ਲੋਕ ਦਿਖਾਵੇ ਲਈ ਉਚੀ-ਉਚੀ ਨਾ ਬੋਲ। ਅਜਿਹਾ ਤਾਂ ਚਲਦੇ ਖੂਹਾਂ ਦੇ ਹਲਟ ਭੀ ਮਿੱਠੀ ਬੋਲੀ ਬੋਲਦੇ ਹਨ ਜਿਵੇਂ ਤੂੰ ਤੂੰ ਕਰ ਰਹੇ ਹੋਣ ਪਰ ਉਹ ਭਗਤੀ ਤਾਂ ਨਹੀਂ ਕਰ ਰਹੇ ਹੁੰਦੇ।

(ੲ) ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ॥ (ਪੰਨਾ ੩੩੨)

ਬਾਣਿ- ਸਿਹਾਰੀ ਬੋਲਣ ਤੇ ਪੁਲਿੰਗ ਕਰਣ ਕਾਰਕ ਇਕ ਵਚਨ, ਅਰਥ- ਤੀਰ ਨਾਲ। ਪ੍ਰਕਰਣ ਤੀਰ ਮਾਰਨ ਦਾ ਹੈ, ਭਾਸ਼ਾ ਜਾਂ ਬੋਲੀ ਦਾ ਨਹੀਂ। 'ਬਾਣਿ' ਸ਼ਬਦ ਤੋਂ ਪਹਿਲਾਂ 'ਕੈ' ਸ਼ਬਦ ਦੱਸਦਾ ਹੈ ਕਿ 'ਬਾਣਿ' ਸ਼ਬਦ ਪੁਲਿੰਗ ਸ਼ਬਦ 'ਬਾਣ' ਤੋਂ ਕਰਣ ਕਾਰਕ ਇੱਕ ਵਚਨ ਹੈ।

**ਬਾਣੁ-**

ਸਰੁ ਸੰਧੈ ਆਗਾਸ ਕਉ ਕਿਉ ਪਹੁਚੈ ਬਾਣੁ॥ (ਪੰਨਾ ੧੪੮)

ਸਰੁ- ਤੀਰ। ਬਾਣੁ- ਤੀਰ, ਪੁਲਿੰਗ ਇੱਕ ਵਚਨ ਨਾਂਵ, ਔਂਕੜ ਬੋਲਣ ਨਾਲ ਇਹੀ ਅਰਥ ਬਣਦੇ ਹਨ।

**ਬਾਣ-**

ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ॥ (ਪੰਨਾ ੧੩੬੩)

ਬਾਣ- 'ਣ' ਮੁਕਤਾ ਬੋਲਣ 'ਤੇ ਪੁਲਿੰਗ ਬਹੁ ਵਚਨ ਨਾਂਵ, ਅਰਥ ਹੈ- ਬਹੁਤੇ ਤੀਰ। ਧ੍ਯਾਈਐ- ਧਿਆਈਐ ਪਾਠ ਹੈ।

ਉਚਾਰਣ ਸੇਧ- ਹਰ ਸ਼ਬਦ ਦੀ ਲੱਗੀ ਮਾਤਰਾ ਬੋਲਣ ਦਾ ਭਾਗ ਹੈ। ਅਭਿਆਸ ਕਰ ਕੇ ਬੋਲਣ ਦੇ ਸੁਭਾਉ ਵਿਚ ਕ੍ਰਾਂਤੀ ਦੀ ਲੋੜ ਹੈ।

-ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

## ਪੰਜਾਬੀ ਪਰਵਾਸੀਆਂ ਦੀ ਭਾਸ਼ਾਈ ਤਸਵੀਰ-2

# ਪੰਜਾਬੀਅਤ ਦਾ ਰੰਗ ਅਤੇ ਅਮਰੀਕੀ ਅੰਗਰੇਜ਼ੀ ਦਾ ਲਹਿਜ਼ਾ

***ਪਰਵਾਸੀਆਂ ਦੀ ਅੱਜ ਇਕ ਵੱਖਰੀ ਪਛਾਣ ਅਤੇ ਐਨ ਵੱਖਰਾ ਨੁਕਤਾ-ਨਿਗ੍ਹਾ ਹੈ। ਪੰਜਾਬ ਵਿਚੋਂ ਪਰਵਾਸੀ ਹੋਣ ਦੀ ਕੜੀ ਰੋਜ਼ਗਾਰ ਨਾਲ ਜੁੜੀ ਹੋਈ ਹੈ। ਆਪਣੇ ਖਾਲੀ ਪੱਲੇ ਵਿਚ ਪਰਵਾਸ ਪੁਆਉਣ ਵਾਲੇ ਇਹ ਲੋਕ ਕਿਰਤੀ-ਕਾਮੇ ਸਨ ਜਿਨ੍ਹਾਂ ਨੂੰ ਅੱਖਰਾਂ ਦਾ ਗਿਆਨ ਬੱਸ ਗੁਜ਼ਾਰੇ ਜੋਗਾ ਹੀ ਸੀ। ਪਰਾਈ ਧਰਤੀ ਉਤੇ ਅਨਜਾਣੀ ਭਾਸ਼ਾ/ਬੋਲੀ ਦੇ ਜੰਗਲ ਵਿਚ ਉਨ੍ਹਾਂ ਨੇ ਜਿਹੜੀਆਂ ਕੂਕਾਂ ਮਾਰੀਆਂ ਹੋਣਗੀਆਂ, ਉਸ ਬਾਰੇ ਸੋਚ ਕੇ ਹੀ ਕਾਲਜਾ ਮੂੰਹ ਨੂੰ ਆਉਣ ਲਗਦਾ ਹੈ। ਅੱਜ ਜੇ ਘੜੀ-ਪਲ ਲਈ ਕਿਸੇ ਨਾਲ ਫੋਨ 'ਤੇ ਸੰਪਰਕ ਨਹੀਂ ਹੁੰਦਾ ਤਾਂ ਸਾਨੂੰ ਹੇਠਲੀ, ਉਤੇ ਹੋ ਗਈ ਜਾਪਦੀ ਹੈ; ਪਰ ਮੁਢਲੇ ਪੰਜਾਬੀਆਂ ਨੇ ਇਸ ਪੱਖੋਂ ਜਿਹੜੀਆਂ ਔਕੜਾਂ ਝਾਗੀਆਂ ਹੋਣਗੀਆਂ, ਉਨ੍ਹਾਂ ਬਾਰੇ ਸੁਹਜ ਭਰੀ ਸੂਖਮ ਚਰਚਾ ਸ. ਗੁਰਬਚਨ ਸਿੰਘ ਭੁੱਲਰ ਨੇ ਆਪਣੇ ਲੜੀਵਾਰ ਲੇਖ 'ਪੰਜਾਬੀ ਪਰਵਾਸੀਆਂ ਦੀ ਭਾਸ਼ਾਈ ਤਸਵੀਰ' ਵਿਚ ਕੀਤੀ ਹੈ। ਇਸ ਲੇਖ ਦੀ ਦੂਜੀ ਕੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਨ। -ਸੰਪਾਦਕ***

ਪਰਵਾਸੀ ਪਰਿਵਾਰਾਂ ਦੇ ਬੱਚਿਆਂ ਨੂੰ ਪੰਜਾਬੀ ਨਾਲ ਜੋੜੀ ਰੱਖਣ ਵਾਸਤੇ ਗੁਰਦੁਆਰੇ ਆਪਣੀ ਭੂਮਿਕਾ ਨਿਭਾਉਣ ਦਾ ਯਤਨ ਕਰਦੇ ਰਹਿੰਦੇ ਹਨ ਪਰ ਹਾਲਾਤ ਕਰਕੇ ਇਹ ਯਤਨ ਬਹੁਤ ਸੀਮਤ ਹੋ ਕੇ ਰਹਿ ਜਾਂਦੇ ਹਨ। ਕਈ ਵਾਰ ਤਾਂ ਇਹ ਗੁਰਦੁਆਰੇ ਨਾਲ ਜਾਂ ਸਿੱਖੀ ਨਾਲ ਸਬੰਧਤ ਕੁਝ ਸ਼ਬਦ ਹੀ ਹੁੰਦੇ ਹਨ। ਅਸੀਂ ਕੈਲੀਫੋਰਨੀਆ ਦੇ ਗੁਰਦੁਆਰਾ ਸੈਨ ਹੋਜ਼ੇ ਵਿਚ ਲੰਗਰ ਛਕਣ ਬੈਠ ਗਏ। ਉਸ ਦਿਨ ਦਾ ਲੰਗਰ ਕਿਸੇ ਇਕ ਪਰਿਵਾਰ ਵੱਲੋਂ ਸੀ। ਉਨ੍ਹਾਂ ਦੇ ਅੱਠ-ਦਸ ਸਾਲ ਦੇ ਇਕ ਬੱਚਾ ਤੇ ਇਕ ਬੱਚੀ ਵੀ ਸੇਵਾ ਵਿਚ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਲੱਗੇ ਹੋਏ ਸਨ। ਬੱਚੀ 'ਪ੍ਰਸ਼ਾਦਾ ਵਾਹਿਗੁਰੂ... ਪ੍ਰਸ਼ਾਦਾ ਵਾਹਿਗੁਰੂ...' ਪੁਛਦੀ ਫਿਰਦੀ ਸੀ ਅਤੇ ਬੱਚਾ 'ਸਬਜ਼ੀ ਵਾਹਿਗੁਰੂ...ਸਬਜ਼ੀ ਵਾਹਿਗੁਰੂ...' ਪੁੱਛ ਰਿਹਾ ਸੀ। ਮੇਰੇ ਮੂੰਹੋਂ ਸਹਿਜੇ ਹੀ ਨਿਕਲਿਆ, "ਕਿੰਨੇ ਪਿਆਰੇ ਬੱਚੇ ਨੇ ਤੇ ਕਿੰਨੀ ਪਿਆਰੀ ਪੰਜਾਬੀ ਬੋਲ ਰਹੇ ਨੇ!" ਕੋਲ ਬੈਠਾ ਇਕ ਸਥਾਨਕ ਬੰਦਾ ਹੱਸਿਆ, "ਬੱਸ ਇਨ੍ਹਾਂ ਨੂੰ ਪੰਜਾਬੀ ਵਿਚ ਹੋਰ ਕੁਛ ਨਾ ਪੁੱਛਿਓ-ਦੱਸਿਓ। ਇਹ ਏਨੀ ਕੁ ਪੰਜਾਬੀ ਹੀ ਜਾਣਦੇ ਨੇ।"

ਇਕ ਹੋਰ ਐਤਵਾਰ ਅਸੀਂ ਉਸੇ ਗੁਰਦੁਆਰਾ ਸਾਹਿਬ ਵਿਚ ਲੰਗਰ ਛਕਣ ਲੱਗੇ। ਕਾਊਂਟਰ ਪਿੱਛੇ ਖਲੋਤੀ ਪ੍ਰਸ਼ਾਦੇ ਵਰਤਾ ਰਹੀ 18-20 ਸਾਲ ਦੀ ਲੜਕੀ ਨੂੰ ਮੈਂ ਆਦਤਨ ਕਿਹਾ, "ਬੇਟਾ, ਬੱਸ ਸਵਾ ਲੱਖ ਪ੍ਰਸ਼ਾਦਾ।" ਉਹ ਬੋਲੀ, "ਵ੍ਹਟ ਅੰਕਲ?" ਮੈਂ ਆਪਣੀ ਭੁੱਲ ਸੋਧਦਿਆਂ ਕਿਹਾ, "ਓਨਲੀ ਵਨ" ਅਤੇ ਅੱਗੇ ਮੈਨੂੰ ਪ੍ਰਸ਼ਾਦੇ ਜਾਂ ਰੋਟੀ ਦੀ ਅੰਗਰੇਜ਼ੀ ਨਾ ਆਈ ਪਰ 'ਓਨਲੀ ਵਨ' ਨੇ ਕੰਮ ਸਾਰ ਦਿੱਤਾ।

ਭਾਸ਼ਾ ਦਾ ਆਪਣਾ ਵੇਗ ਹੁੰਦਾ ਹੈ। ਕੋਈ ਚਾਲੀ ਸਾਲ ਪੁਰਾਣੀ ਗੱਲ ਹੈ। ਬਠਿੰਡਾ ਤੋਂ ਰਾਮਪੁਰਾ ਫੂਲ ਜਾ ਰਹੀ ਗੱਡੀ ਵਿਚ ਮੇਰੇ ਸਾਹਮਣੇ ਪੰਜਾਬੀ ਲਿਬਾਸ ਵਿਚ ਦੋ ਗੋਰਖਾ ਮੁਟਿਆਰਾਂ ਬੈਠੀਆਂ ਸਨ। ਸਾਰੇ ਰਾਹ ਉਹ ਆਪਸ ਵਿਚ ਨਾ ਸਿਰਫ਼ ਪੰਜਾਬੀ ਵਿਚ ਸਗੋਂ ਸਾਡੇ ਪਿੰਡਾਂ ਦੀ ਪੰਜਾਬੀ ਵਿਚ ਗੱਲਾਂ ਕਰਦੀਆਂ ਗਈਆਂ। ਸਬੱਬ ਨਾਲ ਉਹ ਵੀ ਰਾਮਪੁਰਾ ਫੂਲ ਹੀ ਉਤਰ ਗਈਆਂ। ਪਤਾ ਲੱਗਿਆ, ਉਨ੍ਹਾਂ ਦਾ ਪਿਤਾ ਬਹੁਤ ਪਹਿਲਾਂ ਇਥੇ ਆ ਵਸਿਆ ਸੀ ਅਤੇ ਉਹ ਇਥੇ ਹੀ ਜੰਮੀਆਂ-ਪਲੀਆਂ ਸਨ। ਪੰਜਾਬ ਵਿਚ ਹੁਣ ਭਈਆਂ ਦਾ ਪੰਜਾਬੀਕਰਨ ਤੁਹਾਡੇ ਸਾਹਮਣੇ ਹੈ। ਕੁਝ ਸਮਾਂ ਪਹਿਲਾਂ ਮੈਂ ਖੇਤ ਵਿਚ ਰਹਿੰਦੇ ਇਕ ਰਿਸ਼ਤੇਦਾਰ ਦੇ ਘਰ ਗਿਆ। ਸਬਜ਼ੀਆਂ ਲਾਉਣ ਲਈ ਰੱਖਿਆ ਹੋਇਆ ਮਾਲੀ ਉਹਦੇ ਘਰ ਦੇ ਇਕ ਹਿੱਸੇ ਵਿਚ ਹੀ ਰਹਿੰਦਾ ਸੀ। ਮਾਲੀ ਤੇ ਮਾਲਣ ਤਾਂ ਭੋਜਪੁਰੀ ਅਤੇ ਪੰਜਾਬੀ ਦੀ ਖਿਚੜੀ ਬੋਲਦੇ ਸਨ ਪਰ ਪ੍ਰਾਇਮਰੀ ਵਿਚ ਪੜ੍ਹਦੇ ਉਨ੍ਹਾਂ ਦੇ ਬੇਟਾ-ਬੇਟੀ, ਸੁਰਜੀਤ ਪਾਤਰ ਤੇ ਨੰਦ ਕਿਸ਼ੋਰ ਦੇ ਬੱਚਿਆਂ ਵਾਂਗ ਨਿਰਮਲ ਪੰਜਾਬੀ ਬੋਲ ਰਹੇ ਸਨ।

ਜਿਥੇ ਗੁਰਦੁਆਰਿਆਂ ਵਿਚ ਪੰਜਾਬੀ ਨੂੰ ਧਾਰਮਿਕ ਨਜ਼ਰੀਏ ਤੋਂ ਪੜ੍ਹਾਇਆ ਜਾਂਦਾ ਹੈ, ਪੰਜਾਬੀ ਦਾ ਭਾਸ਼ਾਈ-ਸਭਿਆਚਾਰਕ ਝੰਡਾ ਪਰਵਾਸ ਵਿਚ ਝੁਲਦਾ ਰੱਖਣ ਦਾ ਸਿਹਰਾ ਪੰਜਾਬੀ ਲੇਖਕਾਂ ਨੂੰ ਹੀ ਜਾਂਦਾ ਹੈ। ਉਧਰਲੇ ਜੀਵਨ ਵਿਚ ਵਿਹਲ ਦੀ ਬਹੁਤ ਘਾਟ ਹੈ। ਸਾਧਾਰਨ ਕੰਮਾਂ ਵਿਚ ਲਗੇ ਹੋਏ ਦੋਵੇਂ ਜੀਅ ਦੱਬ ਕੇ ਮਿਹਨਤ ਕਰਦੇ ਹਨ ਤਾਂ ਲੋੜੀਂਦਾ ਜੀਵਨ-ਮਿਆਰ ਬਣਾਉਣ ਵਿਚ ਸਫਲ ਹੁੰਦੇ ਹਨ। ਪੰਜਾਬੀ ਲੇਖਕਾਂ ਦਾ ਇਹਦੇ ਨਾਲ ਹੀ ਰਚਨਾਵਾਂ ਕਰਨਾ ਅਤੇ ਹੋਰ ਸਾਹਿਤਕ ਸਰਗਰਮੀਆਂ ਨਿਭਾਉਣਾ ਪ੍ਰਸ਼ੰਸਾਯੋਗ ਗੱਲ ਹੈ। ਉਹ ਇਧਰਲੇ ਪੰਜਾਬੀ ਅਖ਼ਬਾਰ-ਰਸਾਲਿਆਂ ਨਾਲ ਇੰਟਰਨੈਟ ਰਾਹੀਂ ਜੁੜੇ ਰਹਿੰਦੇ ਹਨ। ਕਈਆਂ ਵਲੋਂ ਇਧਰਲੇ ਪਰਚੇ ਡਾਕ ਰਾਹੀਂ ਵੀ ਮੰਗਵਾਏ ਜਾਂਦੇ ਹਨ। ਉਧਰ ਵੀ ਵੱਡੀ ਗਿਣਤੀ ਵਿਚ ਚੰਗੇ ਗੌਰੇ-ਭਾਰੇ ਪੰਜਾਬੀ ਸਪਤਾਹਿਕ ਨਿਕਲਦੇ ਹਨ। ਸਾਹਿਤਕ ਸਮਾਗਮ, ਇਧਰੋਂ ਗਏ ਲੇਖਕਾਂ ਦੇ ਰੂਬਰੂ ਅਤੇ ਸਭਿਆਚਾਰਕ ਮੇਲੇ ਹੁੰਦੇ ਰਹਿੰਦੇ ਹਨ।

ਮੇਰੀ ਫੇਰੀ ਦੇ ਦਿਨੀਂ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਭਰਵੀਂ ਹਾਜ਼ਰੀ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਅਤੇ ਗ਼ਦਰ ਲਹਿਰ ਬਾਰੇ ਸਿਆਸੀ ਸੈਮੀਨਾਰ ਹੋਇਆ ਸੀ। ਪੰਜਾਬੀ ਆਪਣੇ ਰੇਡੀਓ ਵੀ ਚਲਾਉਂਦੇ ਹਨ ਅਤੇ ਟੈਲੀਵਿਜ਼ਨ ਵੀ। ਅਜਿਹੇ ਮਾਹੌਲ ਵਿਚ ਗਾਇਕ, ਭੰਗੜੇ ਵਾਲੇ, ਢੋਲੀ ਆਦਿ ਤਾਂ ਹੋਣੇ ਹੀ ਹੋਏ। ਕਈ ਪੰਜਾਬੀ ਲੇਖਕਾਂ ਨੂੰ ਮਿਲਣਾ ਮੇਰੇ ਲਈ ਸੰਭਵ ਹੋ ਸਕਿਆ। ਇਹ ਇਧਰਲੇ ਪਾਠਕਾਂ ਲਈ ਚੰਗੀ ਤਰ੍ਹਾਂ ਜਾਣੇ-ਪਛਾਣੇ ਹਨ।



*ਭਗਤ ਸਿੰਘ ਥਿੰਦ ਆਪਣੀ ਪਤਨੀ ਵਿਵੀਅਨ ਡੇਵਿਸ ਨਾਲ*

ਪਹਿਲੇ ਪਰਾਗਿਆਂ ਦੇ ਪੰਜਾਬੀ ਪਰਵਾਸੀਆਂ ਬਾਰੇ ਜਾਣਨ ਦੇ ਯਤਨ ਵਿਚ ਮੇਰੀ ਨਜ਼ਰ ਇਕ ਅਜਿਹੇ ਦਿਲਚਸਪ ਵਿਅਕਤੀ ਉਤੇ ਪਈ ਜੋ ਸੰਭਵ ਤੌਰ ਉਤੇ ਅਮਰੀਕਾ ਵਸਿਆ ਪਹਿਲਾ ਪੰਜਾਬੀ ਲੇਖਕ ਸੀ। ਉਹ ਸੀ ਮੋਤਾ ਸਿੰਘ ਚੂਹੜਚੱਕ। ਵੈਸੇ ਤਾਂ ਉਸ ਤੋਂ ਕੁਝ ਵਰ੍ਹੇ ਛੋਟੇ ਉਸ ਦੇ ਦੋ ਸਮਕਾਲੀ ਆਪ ਵੀ ਵਧੇਰੇ ਪ੍ਰਸਿੱਧ ਹੋਏ ਅਤੇ ਉਨ੍ਹਾਂ ਦੀਆਂ ਪੁਸਤਕਾਂ ਵੀ ਅੱਜ ਤੱਕ ਪ੍ਰਸਿੱਧ ਹਨ, ਪਰ ਉਨ੍ਹਾਂ ਦੋਵਾਂ ਨੇ ਅੰਗਰੇਜ਼ੀ ਵਿਚ ਲਿਖਿਆ। ਇਕ ਸੀ ਭਗਤ ਸਿੰਘ ਥਿੰਦ ਅਤੇ ਦੂਜਾ ਦਲੀਪ ਸਿੰਘ ਸੌਂਦ।

1892 ਵਿਚ ਜਨਮਿਆ ਭਗਤ ਸਿੰਘ ਥਿੰਦ ਉਚੇਰੀ ਪੜ੍ਹਾਈ ਲਈ 1913 ਵਿਚ ਅਮਰੀਕਾ ਪੁੱਜਿਆ। ਗੁਜ਼ਾਰੇ ਲਈ ਕੰਮ ਕਰਦਿਆਂ ਉਸ ਨੇ ਬਰਕਲੇ ਯੂਨੀਵਰਸਿਟੀ ਵਿਚ ਦਾਖਲਾ ਲੈ ਲਿਆ। ਆਪਣੇ ਇਸ ਉਦੇਸ਼ ਦੀ ਪ੍ਰਾਪਤੀ ਵਿਚ ਤਾਂ ਉਹ ਪੀਐਚ. ਡੀ. ਕਰ ਕੇ ਸਫਲ ਰਿਹਾ ਹੀ, ਨਾਲੋ-ਨਾਲ ਉਹ ਅਧਿਆਤਮਵਾਦ ਦੇ ਅਧਿਐਨ ਵਿਚ ਲੀਨ ਹੋ ਗਿਆ। ਸਿੱਖ ਦਰਸ਼ਨ ਨੂੰ ਧੁਰਾ ਬਣਾ ਕੇ ਦੂਜੇ ਧਰਮਾਂ ਦੇ ਅਤੇ ਪ੍ਰਸਿੱਧ ਵਿਦਵਾਨਾਂ, ਲੇਖਕਾਂ ਤੇ ਚਿੰਤਕਾਂ ਦੇ ਭਰਪੂਰ ਹਵਾਲੇ ਦੇ ਕੇ ਪ੍ਰਵਚਨ ਕਰਦਿਆਂ ਉਹ ਸਾਰੇ ਅਮਰੀਕਾ ਵਿਚ ਘੁੰਮਿਆ। ਆਪਣੇ ਪ੍ਰਵਚਨ ਦੌਰਾਨ ਉਹ ਹਿੰਦੁਸਤਾਨ ਦੀ ਆਜ਼ਾਦੀ ਦਾ ਮਸਲਾ ਪ੍ਰਚਾਰਨੋਂ-ਵਿਚਾਰਨੋਂ ਕਦੀ ਨਹੀਂ ਸੀ ਖੁੰਝਦਾ। ਅੰਗਰੇਜ਼ੀ ਵਿਚ ਉਸ ਨੇ ਪੰਦਰਾਂ ਪੁਸਤਕਾਂ ਲਿਖੀਆਂ, ਜੋ ਅੱਜ ਵੀ ਪੜ੍ਹੀਆਂ ਜਾਂਦੀਆਂ ਹਨ। ਉਹਦੇ ਚਿੰਤਨ ਦੀ ਸਭ ਤੋਂ ਖ਼ੂਬਸੂਰਤ ਗੱਲ ਮਨੁੱਖੀ ਹਸਤੀ ਦੀ ਸਰਵੁੱਚਤਾ ਉਤੇ ਜ਼ੋਰ ਸੀ।

ਅੱਜ ਤੱਕ ਅਮਰੀਕਾ ਗਿਆ ਕੋਈ ਹੋਰ ਪੰਜਾਬੀ ਸਾਧ-ਸੰਤ, ਯੋਗੀ ਜਾਂ ਕਥਾਕਾਰ ਉਸ ਦੀ ਵਿਦਵਤਾ ਦੀ ਗਹਿਰਾਈ ਤੱਕ ਨਹੀਂ ਪੁੱਜਿਆ। ਪਤਨੀ ਵਿਵੀਅਨ ਡੇਵਿਸ ਤੋਂ ਹੋਏ ਪੁੱਤਰ ਡੇਵਿਡ ਨੇ ਆਪਣੇ ਗੁਣੀ-ਗਿਆਨੀ ਪਿਤਾ ਉਤੇ ਮਾਣ ਕਰਦਿਆਂ ਉਸ ਨਾਲ ਸਬੰਧਤ ਸਭ ਤਸਵੀਰਾਂ ਤੇ ਲਿਖਤਾਂ ਸਾਂਭੀਆਂ ਹੋਈਆਂ ਹਨ ਅਤੇ ਪੁਸਤਕਾਂ ਮਿਲਦੀਆਂ ਰੱਖਣ ਦਾ ਇਕਰਾਰ ਕੀਤਾ ਹੋਇਆ ਹੈ। ਕੁਝ ਸਾਲ ਪਹਿਲਾਂ ਉਹ ਪਿਤਾ ਬਾਰੇ ਬਣਾਈ ਜਾ ਰਹੀ ਫ਼ਿਲਮ ਲਈ ਦਰਬਾਰ ਸਾਹਿਬ ਸਮੇਤ ਪ੍ਰਸੰਗਕ ਥਾਂਵਾਂ ਨੂੰ ਅਤੇ ਇਧਰਲੇ ਪਰਿਵਾਰ ਨੂੰ ਕੈਮਰੇ ਵਿਚ ਸਾਂਭ ਕੇ ਲੈ ਗਿਆ ਸੀ।

1899 ਵਿਚ ਜਨਮਿਆ ਦਲੀਪ ਸਿੰਘ ਸੌਂਦ ਸ਼ਹੀਦ ਗਹਿਲ ਸਿੰਘ ਛੱਜਲਛੱਡੀ ਦੇ ਤਾਏ ਦਾ ਪੁੱਤਰ ਭਰਾ ਸੀ। ਅੰਮ੍ਰਿਤਸਰ ਤੋਂ ਬੀ. ਏ. ਕਰ ਕੇ ਉਚੇਰੀ ਪੜ੍ਹਾਈ ਲਈ 1920 ਵਿਚ ਉਹ ਬਰਕਲੇ ਯੂਨੀਵਰਸਿਟੀ ਵਿਚ ਜਾ ਦਾਖਲ ਹੋਇਆ। ਗਿਆ ਤਾਂ ਉਹ ਪਰਿਵਾਰ ਨਾਲ ਮੁੜਨ ਦਾ ਇਕਰਾਰ ਕਰ ਕੇ ਸੀ, ਪਰ ਗਣਿਤ ਦੇ ਵਿਸ਼ੇ ਦੀ ਪੀਐਚ. ਡੀ. ਕਰਦਿਆਂ ਸਹਿਜੇ-ਸਹਿਜੇ ਉਹ ਹਿੰਦੁਸਤਾਨੀ ਅਮਰੀਕੀ ਭਾਈਚਾਰੇ ਦਾ ਅਤੇ ਫੇਰ ਉਥੋਂ ਦੇ ਸਮਾਜਕ, ਰਾਜਨੀਤਕ ਜੀਵਨ ਦਾ ਅਜਿਹਾ ਅਟੁੱਟ ਅੰਗ ਬਣ ਗਿਆ ਕਿ ਪਰਤਣਾ ਸੰਭਵ ਨਾ ਰਹਿ ਗਿਆ। 1946 ਵਿਚ ਹਿੰਦੁਸਤਾਨੀਆਂ ਨੂੰ ਅਮਰੀਕੀ ਨਾਗਰਿਕਤਾ ਦਾ ਅਧਿਕਾਰ ਮਿਲਣ ਵਿਚ ਉਸ ਦੇ ਸਿਰੜੀ ਅਤੇ ਨਿਰੰਤਰ ਯਤਨਾਂ ਦੀ ਵੱਡੀ ਭੂਮਿਕਾ ਸੀ।

1956 ਵਿਚ ਕੈਲੀਫੋਰਨੀਆ ਦੇ ਇਕ ਹਲਕੇ ਤੋਂ ਉਸ ਦਾ ਅਮਰੀਕੀ ਕਾਂਗਰਸ (ਪਾਰਲੀਮੈਂਟ) ਦਾ ਪਹਿਲਾ ਏਸ਼ੀਆਈ ਮੈਂਬਰ ਬਣਨਾ ਇਕ ਅਜਿਹਾ ਰਾਜਨੀਤਕ ਕਾਰਨਾਮਾ ਸੀ ਜੋ ਕੌਮਾਂਤਰੀ ਸਮਾਚਾਰ ਬਣਿਆ। ਦੁਨੀਆਂ ਉਸ ਬਾਰੇ ਜਾਣਨ ਲਈ ਉਤਸੁਕ ਹੋ ਉਠੀ। ਆਪਣੀ ਜੀਵਨ ਕਹਾਣੀ ਉਸ ਨੇ 'ਕਾਂਗਰਸਮੈਨ ਫ਼ਰਾਮ ਇੰਡੀਆ' ਨਾਂ ਦੀ ਪੁਸਤਕ ਵਿਚ ਲਿਖੀ। ਅਮਰੀਕਾ ਦੇ ਰਾਜਨੀਤਕ ਇਤਿਹਾਸ ਵਿਚ ਉਸ ਦੇ ਅਹਿਮ ਸਥਾਨ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ 7 ਨਵੰਬਰ 2007 ਨੂੰ, 1973 ਵਿਚ ਹੋਈ ਉਹਦੀ ਮੌਤ ਤੋਂ ਸਾਢੇ ਤਿੰਨ ਦਹਾਕੇ ਮਗਰੋਂ ਅਮਰੀਕੀ ਸੰਸਦ ਭਵਨ ਵਿਚ ਉਸ ਦਾ ਚਿੱਤਰ ਕਾਂਗਰਸ ਦੇ ਇਤਿਹਾਸ-ਸਿਰਜਕ ਮੈਂਬਰਾਂ ਦੀ ਗੈਲਰੀ ਵਿਚ ਸੁਸ਼ੋਭਿਤ ਕੀਤਾ ਗਿਆ। ਇਸ ਮੌਕੇ ਹੋਰ ਪ੍ਰਸਿੱਧ ਹਸਤੀਆਂ ਦੇ ਨਾਲ ਸੌਂਦ ਦੀਆਂ ਤਿੰਨ ਪੀੜ੍ਹੀਆਂ ਹਾਜ਼ਰ ਸਨ। ਇਸ ਤੋਂ ਪਰਦਾ ਉਸ ਦੀ ਛੇ ਸਾਲ ਦੀ ਪੜਪੋਤੀ ਨੇ ਹਟਾਇਆ। ਸੌਂਦ ਦੇ ਪੁੱਤਾਂ-ਧੀਆਂ ਦੇ ਪਰਿਵਾਰਾਂ ਦੇ ਦਰਜਨਾਂ ਜੀਅ ਹਾਜ਼ਰ ਸਨ। ਪੁੱਤਾਂ ਵਾਲੇ ਪਾਸੇ ਅਮਰੀਕੀ ਨਾਂਵਾਂ ਨਾਲ ਸੌਂਦ ਹੋਣ ਤੋਂ ਇਲਾਵਾ ਉਥੇ ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਕਿਤੇ ਰਾਈ-ਮਾਤਰ ਵੀ ਨਹੀਂ ਸੀ।

1861 ਵਾਲੇ ਅਨਪੜ੍ਹ ਸੈਮ ਤੋਂ ਲੈ ਕੇ ਮੋਤਾ ਸਿੰਘ ਚੂਹੜਚੱਕ ਵਰਗੇ ਘੱਟ ਪੜ੍ਹਿਆਂ ਵਿਚੋਂ ਵੀ ਹੁੰਦਿਆਂ, ਚੰਗੇ ਪੜ੍ਹੇ-ਲਿਖੇ ਪੰਜਾਬੀਆਂ ਦੀ ਭਾਸ਼ਾਈ ਤਸਵੀਰ ਮੇਰੇ ਸਾਹਮਣੇ ਸੀ। ਤਾਂ ਵੀ ਖਿਆਲ ਆਉਂਦਾ ਕਿ ਅੱਜ ਦੇ ਹਾਲਾਤ ਵਿਚ ਬਹੁਤ ਥੋੜ੍ਹੀ ਅੰਗਰੇਜ਼ੀ ਜਾਣਨ ਵਾਲੇ ਪੰਜਾਬੀ ਲੋਕ ਅਮਰੀਕੀਆਂ ਨਾਲ ਸਿੱਧਾ ਵਾਹ ਪੈਣ ਸਮੇਂ ਕਿਵੇਂ ਸਾਰਦੇ ਹੋਣਗੇ? ਆਖ਼ਰ ਮੈਂ ਇਹ ਸਵਾਲ ਇਕ ਨਵੇਂ ਬਣੇ ਮਿੱਤਰ ਟੈਕਸੀ ਚਾਲਕ ਤੋਂ ਪੁੱਛਿਆ ਤਾਂ ਉਸ ਦਾ ਉਤਰ ਭਾਸ਼ਾ-ਵਿਗਿਆਨ ਦੇ ਪੱਖੋਂ ਕਮਾਲ ਸੀ।

ਉਹਨੇ ਦੱਸਿਆ ਕਿ ਪਹਿਲੀ ਗੱਲ ਤਾਂ ਪੂਰਾ ਫ਼ਿਕਰਾ ਸੁਣਨ-ਬੋਲਣ ਦੀ ਕੋਈ ਲੋੜ ਨਹੀਂ ਹੁੰਦੀ। ਅਗਲੇ ਦੀ ਪੂਰੀ ਗੱਲ ਵਿਚੋਂ ਮੋਟੇ ਮੋਟੇ ਕੁਝ ਲਫ਼ਜ਼ ਫੜ ਕੇ ਮਤਲਬ ਸਮਝ ਆ ਜਾਂਦਾ ਹੈ। ਆਪ ਵੀ ਗਿਣਤੀ ਦੇ ਲਫ਼ਜ਼ ਬੋਲ ਕੇ ਹੀ ਸਰ ਜਾਂਦਾ ਹੈ। ਮੰਨ ਲਵੋ, ਕੋਈ ਤੁਹਾਡੀ ਟੈਕਸੀ ਲਈ ਫੋਨ ਕਰਦਾ ਹੈ। ਤੁਹਾਡੇ 'ਵ੍ਹੇਅਰ ਕਮ' ਪੁੱਛਣ ਨਾਲ ਉਹ ਸਮਝ ਜਾਵੇਗਾ ਕਿ ਟੈਕਸੀ ਵਾਲਾ ਉਹ ਪਤਾ ਪੁੱਛ ਰਿਹਾ ਹੈ, ਜਿਥੇ ਉਹਨੂੰ ਬੁਲਾਇਆ ਜਾ ਰਿਹਾ ਹੈ। ਦੂਜੀ ਗੱਲ, ਕੁਝ ਸ਼ਬਦਾਂ ਦਾ ਉਚਾਰਨ ਸਾਡੇ ਟਾਕਰੇ ਏਨਾ ਅਜੀਬ ਹੈ ਕਿ ਉਹ ਚੌੜ-ਚੌੜ ਵਿਚ ਯਾਦ ਹੋ ਜਾਂਦੇ ਹਨ। ਜਿਵੇਂ ਕਿਸੇ ਨੂੰ ਉਹਦੇ ਰੁਝੇਵੇਂ ਪੁੱਛਣ ਲਈ ਇਹ ਨਾ ਕਹੋ ਕਿ



*ਦਲੀਪ ਸਿੰਘ ਸੌਂਦ*

ਤੇਰਾ ਸ਼ਡਿਊਲ ਕੀ ਹੈ, ਕਹੋ, ਤੇਰਾ ਸਕੈਜਿਊਲ ਕੀ ਹੈ? ਆਖ਼ਰੀ ਗੱਲ, ਬੋਲਣ ਦੇ ਕੁਝ ਫ਼ਰਕ ਅਜਿਹੇ ਹਨ, ਜਿਨ੍ਹਾਂ ਨੂੰ ਚੇਤੇ ਕੀਤਿਆਂ ਅਮਰੀਕੀਆਂ ਵਾਲੀ ਕਾਫ਼ੀ ਅੰਗਰੇਜ਼ੀ ਆ ਜਾਂਦੀ ਹੈ। ਜਿਵੇਂ ਸ਼ਬਦ ਦੇ ਮੂਹਰੇ ਲਗਦੇ ਆਰ ਤੋਂ ਬਿਨਾਂ ਬਾਕੀ ਸਭ ਆਰ ਖਾ ਕੇ ਹਕਲੇ ਬੰਦੇ ਵਾਂਗ ਸਾਹ ਦਾ ਧੱਕਾ ਜਿਹਾ ਮਾਰ ਦਿਓ। ਕਲੀਅਰ ਨੂੰ ਕਲੀ-ਅੱ ਬੋਲੋ। ਅਮਰੀਕੀ ਆਂ ਨੂੰ ਐਂ ਬੋਲਦੇ ਨੇ। ਪਲਾਂਟ ਨੂੰ ਪਲੈਂਟ, ਡਾਂਸ ਨੂੰ ਡੈਂਸ, ਗਾਂਧੀ ਨੂੰ ਗੈਂਧੀ।

ਖੁਸ਼ ਹੋ ਕੇ ਮੇਰੇ ਮੂੰਹੋਂ ਆਪਮੁਹਾਰੇ ਨਿੱਕਲ ਗਿਆ, "ਤਾਂ ਹੀ!"

"ਕੀ, ਤਾਂ ਹੀ?" ਉਹਨੇ ਉਤਸੁਕ ਹੋ ਕੇ ਪੁੱਛਿਆ।

ਮੈਂ ਦੱਸਿਆ, "ਸਾਡੇ ਘਰ ਦੇ ਨੇੜੇ ਸਫੈਦਿਆਂ ਵਿਚ ਰੋਜ਼ ਇਕ ਕਾਂ ਬੋਲਦਾ ਹੈ। ਉਹ ਆਪਣੇ ਕਾਂਵਾਂ ਵਾਂਗ ਕਾਂ-ਕਾਂ ਕਰਨ ਦੀ ਥਾਂ ਕੈਂ-ਕੈਂ ਕਰਦਾ ਹੈ।"

ਮਿੱਤਰ ਹੱਸਿਆ, "ਹਾਂ, ਬੱਸ ਇਹੀ ਹੈ ਅਮਰੀਕੀ ਅੰਗਰੇਜ਼ੀ।"

**(ਚਲਦਾ)**

## ਰਿਸ਼ਤਿਆਂ ਦਾ ਨਿੱਘ

ਰਿਸ਼ਤਿਆਂ ਦਾ ਨਿੱਘ
ਬਰਫ਼ ਵਾਂਗ ਠਰਦਾ ਜਾ ਰਿਹਾ।
ਕਲ੍ਹਾ ਦੇ ਯੁੱਗ ਵਿਚ ਬੋਹੜ
ਛਾਂ ਤੋਂ ਖਾਲੀ ਹੋ ਰਿਹਾ।
ਚਿਮਨੀਆਂ ਦੇ ਧੂੰਏਂ 'ਚ
ਧੁੰਦਲੇ ਜਜ਼ਬਾਤ ਹੋਏ,
ਮਹਿਲਾਂ ਦੀ ਰੋਸ਼ਨੀ 'ਚ
ਝੁੱਗੀਆਂ ਦਾ ਚਾਨਣ ਖੋਅ ਰਿਹਾ।

ਇਕ ਚੌਂਕੇ ਦੀ ਸਾਂਝ ਦਾ
ਅਹਿਸਾਸ ਸੜਦਾ ਜਾ ਰਿਹਾ,
ਦੁੱਖ-ਸੁੱਖ ਅਪਣੱਤ ਤੋਂ
ਇਨਸਾਨ ਖਾਲੀ ਹੋ ਰਿਹਾ।
ਦਾਦੀ ਮਾਂ ਦੀਆਂ ਲੋਰੀਆਂ
ਸਹਿਕਣ ਦਰਾਂ 'ਚ ਬੈਠੀਆਂ,
ਝੂਲਿਆਂ ਦੀ ਕੈਦ ਵਿਚ
ਬੱਚਾ ਹੈ ਮਾਂ ਲਈ ਰੋ ਰਿਹਾ।

***-ਦੇਵਿੰਦਰ ਕੌਰ ਗੁਰਾਇਆ***
***ਫੋਨ: 571-315-9543***

---

## ਮਾਂ

ਹਨੇਰੇ ਵਿਚੋਂ ਕੱਢ ਕੇ,
ਜੱਗ ਦਾ ਰਾਹ ਵਿਖਾਉਦੀ ਮਾਂ।
ਦਰਦਾਂ, ਪੀੜਾਂ ਝੱਲ ਕੇ,
ਜਨਮ ਆਪ ਵੀ ਲੈਂਦੀ ਮਾਂ।

ਗਿੱਲੇ ਥਾਂ ਆਪ ਹੈ ਪੈਂਦੀ,
ਸੁੱਕੀ ਥਾਂਵੇਂ ਪਾਉਂਦੀ ਮਾਂ।
ਠੰਡ ਤੇ ਗਰਮੀ ਨਾ ਲੱਗ ਜਾਵੇ,
ਘੁੱਟ ਸੀਨੇ ਨਾਲ ਲਾਉਂਦੀ ਮਾਂ।

ਮੰਜ਼ਿਲਾਂ ਨੂੰ ਛੋਹਣ ਦੇ ਲਈ,
ਵਿਚ ਸਕੂਲੇ ਪਾਉਂਦੀ ਮਾਂ।
ਭੁੱਲ ਕੇ ਵੀ ਦਿਲ ਨਾ ਦੁਖਾਈਏ,
ਦੁਖੀ ਹੋਵੇ ਤੇ ਨਾ ਰੋਵੇ ਮਾਂ।

ਦੁਖੀ ਹੋ ਅਸੀਸ ਹੀ ਦੇਵੇ,
ਬੁਰਾ ਭਲਾ ਨਾ ਕਹਿੰਦੀ ਮਾਂ।
ਜਿਊਣ ਇਹ ਸਦਾ ਜੱਗ 'ਤੇ,
ਸਭ ਦੀ ਸਲਾਮਤ ਰਹੇ ਮਾਂ।

ਜਸਦੀਪ ਸਦਾ ਕੋਸ਼ਿਸ਼ ਕਰਦਾ,
ਹੱਸੂ-ਹੱਸੂ ਕਰਦੀ ਰਹੇ ਮਾਂ।
ਬੱਚਿਆਂ ਤੋਂ ਗਲਤੀ ਹੋਵਣ 'ਤੇ,
ਸਦਾ ਮੁਆਫ ਕਰ ਦਿੰਦੀ ਮਾਂ।

***-ਜਸਦੀਪ ਸਿੰਘ ਖੰਨਾ***
***ਫੋਨ: 91-94630-57786***

# ਸਾਹਿਬ ਲੋਕ ਅਤੇ ਉਨ੍ਹਾਂ ਦੀ ਅੰਗਰੇਜ਼ੀ

*ਸਾਧੂ ਸਿੰਘ ਧਾਮੀ (1906-1997) ਉਦੋਂ 16 ਕੁ ਸਾਲਾਂ ਦਾ ਸੀ ਜਦੋਂ ਕੈਨੇਡਾ ਪੁੱਜ ਗਿਆ ਸੀ। ਯੂਨੀਵਰਸਿਟੀ ਆਫ ਟੋਰਾਂਟੋ ਤੋਂ ਉਹਨੇ 1937 ਵਿਚ ਪੀਐਚ.ਡੀ. ਕੀਤੀ। 1942 ਤੋਂ ਲੈ ਕੇ 1966 ਤੱਕ ਉਹਨੇ ਜਨੇਵਾ (ਸਵਿਟਜ਼ਰਲੈਂਡ) 'ਚ ਕੌਮਾਂਤਰੀ ਕਿਰਤ ਸੰਸਥਾ (ਆਈ.ਐਲ.ਓ.) ਵਿਚ ਨੌਕਰੀ ਕੀਤੀ। ਆਪਣੀ ਜ਼ਿੰਦਗੀ ਉਤੇ ਆਧਾਰਤ ਨਾਵਲ 'ਮਲੂਕਾ' ਨਾਲ ਉਸ ਨੇ ਸਭ ਦਾ ਧਿਆਨ ਖਿੱਚਿਆ। ਇਹ ਪਰਦੇਸੀ ਬੰਦੇ ਦੀ ਕਹਾਣੀ ਹੈ। ਪਿਛੋਂ ਇਸ ਨਾਵਲ ਦਾ ਪੰਜਾਬੀ ਅਨੁਵਾਦ ਵੀ ਛਪਿਆ। ਉਸ ਦਾ ਇਕ ਹੋਰ ਨਾਵਲ 'ਪਰਾਇਆ ਧਨ' (ਅਦਰ'ਜ਼ ਪ੍ਰਾਪਰਟੀ) ਨਾਂ ਹੇਠ ਅਨੁਵਾਦ ਹੋਇਆ। ਉਸ ਦੀਆਂ ਹੋਰ ਕਿਤਾਬਾਂ ਵਿਚ 'ਦਿ ਸਿੱਖਸ ਐਂਡ ਦਿਅਰ ਰਿਲੀਜਨ', 'ਗੁਰੂ ਨਾਨਕ-ਪੋਇਟ ਐਂਡ ਫਿਲਾਸਫਰ', 'ਯੂਅਰ ਓਨ ਸਟੋਰੀ' ਸ਼ਾਮਲ ਹਨ। ਇਥੇ ਛਾਪਿਆ ਜਾ ਰਿਹਾ ਲੇਖ 'ਸਾਹਿਬ ਲੋਕ ਅਤੇ ਉਨ੍ਹਾਂ ਦੀ ਅੰਗਰੇਜ਼ੀ' ਉਸ ਦੀ ਕਿਤਾਬ 'ਪਿੱਪਲਾਂਵਾਲਾ: ਸਟੋਰੀਜ਼ ਐਂਡ ਰੈਮਿਨਿਸੈਨਸਸ' ਵਿਚੋਂ ਹੈ। ਇਸ ਕਿਤਾਬ ਦਾ ਤਰਜਮਾ ਅਵਤਾਰ ਸਿੰਘ ਧਾਲੀਵਾਲ ਨੇ 'ਪਿੱਪਲਾਂਵਾਲਾ' ਅਨੁਵਾਦ ਹੇਠ ਕੀਤਾ ਹੈ। ਇਨ੍ਹਾਂ ਲੇਖਾਂ ਵਿਚ ਲੋਕ ਮਨ ਦੀਆਂ ਖੁੱਲ੍ਹੀਆਂ ਬਾਤਾਂ ਹਨ। ਇਨ੍ਹਾਂ ਵਿਚ ਸਾਧੂ ਸਿੰਘ ਧਾਮੀ ਨੇ ਆਪਣੇ ਪਿੰਡ ਦੇ ਬਹਾਨੇ ਆਪਣੇ ਲੋਕਾਂ ਨਾਲ ਗੱਲਾਂ ਕੀਤੀਆਂ ਹਨ। ਆਮ ਲੋਕਾਂ ਦੀਆਂ ਆਮ ਗੱਲਾਂ-ਬਾਤਾਂ। ਇਸੇ ਕਰ ਕੇ ਇਨ੍ਹਾਂ ਵਿਚ ਕੋਈ ਰਲਾ ਨਹੀਂ ਜਾਪਦਾ। -ਸੰਪਾਦਕ*



**ਸਾਧੂ ਸਿੰਘ ਧਾਮੀ**

ਭਾਰਤ ਉਤੇ ਪੱਛਮੀ ਪ੍ਰਭਾਵ ਲਗਭਗ ਇਕ ਸਦੀ ਪਹਿਲਾਂ ਹਾਵੀ ਹੋ ਗਿਆ ਸੀ। ਪਿੱਪਲਾਂਵਾਲੇ ਵਿਚ ਇਹ ਕਿਸਮਤ ਦੇ ਖੁੱਲ੍ਹਣ ਵਾਂਗ ਹੋਇਆ ਜਦੋਂ ਇਥੋਂ ਦੇ ਖੇਤਾਂ ਵਿਚੋਂ ਦੀ ਜਲੰਧਰ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਰੇਲਵੇ ਲਾਈਨ ਵਿਛਾਈ ਗਈ।

ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਗੱਡੀਆਂ ਦੀ ਛੱਕ-ਛੱਕ ਤੇ ਦੈਂਤ ਵਰਗੇ ਕਾਲੇ ਇੰਜਣਾਂ ਦੀ ਤਿੱਖੀ ਸੀਟੀ। ਇਹ ਸਾਹਿਬ ਲੋਕਾਂ ਦੇ ਬਣਾਏ ਹੋਏ ਜਾਦੂ ਸਨ। ਹੈਰਾਨੀਜਨਕ ਹੋਣ ਦੇ ਨਾਲ-ਨਾਲ ਇਨ੍ਹਾਂ ਰਾਹੀਂ ਪੇਂਡੂਆਂ ਨੂੰ ਨਵਾਂ ਸੰਦੇਸ਼ ਵੀ ਮਿਲ ਰਿਹਾ ਸੀ।

"ਬਦੇਸੀ ਤਜਾਰਤੀ ਸਮਾਨ ਸਾਡੇ ਘਰ ਆ ਰਿਹਾ ਹੈ। ਲੋਕ ਇਥੋਂ ਦੀਆਂ ਬਣੀਆਂ ਚੀਜ਼ਾਂ ਦੀ ਥਾਂ ਮਾਨਚੈਸਟਰ ਕੈਲੀਕੋ ਤੇ ਛੀਂਟ ਆਦਿ ਨੂੰ ਤਰਜੀਹ ਦੇ ਰਹੇ ਨੇ।" ਚਾਚੇ ਬਿਲਾਸੇ ਨੇ ਕਿਹਾ।

"ਹਾਂ।" ਦੀਵਾਨ ਚੰਦ ਨੇ ਕਿਹਾ, "ਪਤਲੀ ਮਲਮਲ ਯਾਨਿ ਹੌਲੀਆਂ ਪਗੜੀਆਂ। ਬੰਨ੍ਹਣੀਆਂ ਸੌਖੀਆਂ। ਪਾਰਦਰਸ਼ੀ ਦੁਪੱਟੇ ਪ੍ਰਚਲਤ ਹੋ ਰਹੇ ਨੇ। ਗੱਭਰੂਆਂ ਨੂੰ ਉਨ੍ਹਾਂ ਚੀਜ਼ਾਂ ਦਾ ਚਸਕਾ ਪੈ ਰਿਹਾ ਹੈ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਪਹਿਲਾਂ ਕੁਝ ਪਤਾ ਨਹੀਂ ਸੀ।" ਉਹ ਹੁੰਗਾਰਾ ਭਰਦਿਆਂ ਮੁਸਕਰਾਇਆ।

ਬਹੁਤ ਅਰਸਾ ਪਹਿਲਾਂ ਪੱਛਮੀ ਲੋਕਾਂ ਨੇ ਲਾਰਡ ਮੈਕਾਲੇ ਦੇ ਦਸਤਾਵੇਜ਼ ਤੋਂ ਸ਼ਕਤੀ ਹਾਸਲ ਕਰ ਕੇ ਭਾਸ਼ਾਵਾਂ ਦੀ ਲੜਾਈ ਵਿਚ ਪੂਰਬੀ ਲੋਕਾਂ ਨੂੰ ਢਾਹ ਲਾਈ। ਭਾਰਤ ਵਿਚ ਅੰਗਰੇਜ਼ੀ ਭਾਸ਼ਾ, ਸਿੱਖਿਆ ਦਾ ਮਾਧਿਅਮ ਬਣ ਗਈ। ਹੁਣ ਤਾਂ ਪਿੱਪਲਾਂਵਾਲੇ ਦੇ ਬੱਚੇ ਵੀ ਹੁਸ਼ਿਆਰਪੁਰ ਦੇ ਸਕੂਲਾਂ ਵਿਚ ਪੱਛਮੀ ਸਿੱਖਿਆ ਹਾਸਲ ਕਰਨ ਲੱਗ ਪਏ ਸਨ।

"ਸਕੂਲ ਤਾਂ ਹੁਣ ਸਾਡੇ ਭਾਈਚਾਰੇ ਤੋਂ ਬਿਲਕੁਲ ਅਲੱਗ ਹੋ ਗਿਆ।" ਚਾਚੇ ਬਿਲਾਸੇ ਨੇ ਟਿੱਪਣੀ ਕਰਦਿਆਂ ਕਿਹਾ, "ਮੁੰਡੇ ਨਵੇਂ ਬਣੇ ਚੇਲਿਆਂ ਵਾਲੇ ਉਤਸ਼ਾਹ ਅਤੇ ਹੌਸਲੇ ਦੀ ਮਿਹਰਬਾਨੀ ਨਾਲ ਪੁਰਾਤਨ ਤੋਂ ਆਧੁਨਿਕ ਵੱਲ ਚੱਲ ਪਏ ਹਨ।"

"ਹਾਂ।" ਲਾਲਾ ਰਾਮ ਸਰਨ ਨੇ ਕਿਹਾ, "ਉਹ ਤਾਂ ਹੁਣ ਸਾਡੇ ਨਾਲ ਚੰਗੀ ਤਰ੍ਹਾਂ ਗੱਲ ਵੀ ਨਹੀਂ ਕਰਦੇ। ਓਪਰੀ ਬੋਲੀ ਵਿਚ ਇਕ-ਦੂਜੇ ਨਾਲ ਗਿਟ-ਮਿਟ, ਗਿਟ-ਮਿਟ ਕਰਦੇ ਨੇ।"

"ਉਹ ਤਾਂ ਆਪਣੇ ਆਪ ਵਿਚ ਸਾਡੇ ਨਾਲੋਂ ਉਤਮ ਜਮਾਤ ਬਣਦੇ ਜਾ ਰਹੇ ਨੇ।" ਦੀਵਾਨ ਚੰਦ ਨੇ ਕਿਹਾ, "ਜੋ ਕੁਝ ਸਕੂਲ ਵਿਚ ਸਿੱਖਦੇ ਨੇ, ਸਾਡੇ ਕੰਮ ਦਾ ਨਹੀਂ। ਜੋ ਸਾਡੇ ਕੋਲੋਂ ਸਿੱਖਦੇ ਨੇ, ਉਹ ਉਨ੍ਹਾਂ ਦੇ ਇਮਤਿਹਾਨ ਪਾਸ ਕਰਾਉਣ ਵਿਚ ਸਹਾਈ ਨਹੀਂ।"

"ਉਨ੍ਹਾਂ ਦਾ ਪਿੰਡ ਨੂੰ ਕੀ ਲਾਭ?" ਲਾਲਾ ਰਾਮ ਸਰਨ ਨੇ ਕਿਹਾ, "ਬੱਸ ਸਜ-ਧਜ ਕੇ ਵਿਹਲੇ ਫਿਰੀਂ ਜਾਣਾ। ਇਹ ਤਾਂ ਉਨ੍ਹਾਂ ਦੇ ਮਾਪਿਆਂ ਦੀ ਅਮੀਰੀ ਹੈ ਜੋ ਉਨ੍ਹਾਂ ਨੂੰ ਸ਼ੁਹਰਤ ਤੇ ਅਰਾਮ ਦੁਆ ਰਹੀ ਹੈ।"

ਉਨ੍ਹਾਂ ਦੇ ਪਿਉ ਵੀ ਨਹੀਂ ਚਾਹੁੰਦੇ ਕਿ ਸਿੱਖਿਆ ਹਾਸਲ ਕਰਨ ਤੋਂ ਬਾਅਦ ਉਹ ਖੇਤਾਂ ਵਿਚ ਕੰਮ ਕਰਨ। ਉਹ ਤਾਂ ਇਹ ਕਹਿੰਦੇ ਨੇ ਕਿ ਜੇ ਤੁਸੀਂ ਸਾਡੇ ਵਾਂਗ ਖੇਤਾਂ ਵਿਚ ਮੁਸ਼ੱਕਤ ਕਰਨੀ ਐਂ, ਤੇ ਮਿੱਟੀ ਨਾਲ ਮਿੱਟੀ ਹੋਣੈ ਤਾਂ ਤੁਹਾਡੀ ਪੜ੍ਹਾਈ ਕਿਹੜੇ ਕੰਮ?"

ਰੂੜ੍ਹੀਵਾਦੀ ਬਜ਼ੁਰਗਾਂ ਵੱਲੋਂ ਪੱਛਮੀ ਸਿੱਖਿਆ ਨੂੰ ਨਾ ਸਵੀਕਾਰੇ ਜਾਣ ਦੇ ਬਾਵਜੂਦ ਪੰਜਾਬ ਦਾ ਪੱਛਮੀਕਰਨ ਬੜੀ ਤੇਜ਼ੀ ਨਾਲ ਜਾਰੀ ਰਿਹਾ, ਪਰ ਬਹੁਤੇ ਗਰੈਜੂਏਟਾਂ ਨੂੰ ਨੌਕਰੀਆਂ ਨਾ ਮਿਲੀਆਂ। ਜਿਨ੍ਹਾਂ ਨੂੰ ਮਿਲੀਆਂ, ਉਹ ਸਰਕਾਰੀ ਦਫ਼ਤਰਾਂ ਵਿਚ ਘੱਟ ਤਨਖਾਹਾਂ 'ਤੇ ਕਲਰਕੀਆਂ ਕਰਨ ਲੱਗੇ। ਇਸ ਦਸ਼ਾ ਬਾਰੇ ਕਵੀ ਅਕਬਰ ਅਲਾਹਬਾਦੀ ਨੇ ਤਨਜ਼ 'ਚ ਕਿਹਾ,

ਦੇਖੋ ਸਾਡੇ ਪਾੜ੍ਹੇ ਅੰਗਰੇਜ਼ਾਂ ਤੋਂ ਸਿੱਖ ਕੇ ਕੀ ਕਰਾਮਾਤਾਂ ਕਰ ਗਏ।

ਬੀ.ਏ. ਕੀਤੀ, ਕਲਰਕ ਲੱਗੇ ਪੈਨਸ਼ਨ ਹੋਈ ਤੇ ਮਰ ਗਏ।

ਸਿੱਖਾਂ ਅਤੇ ਅੰਗਰੇਜ਼ਾਂ ਦੀਆਂ (1845-1849) ਜੰਗਾਂ ਤੋਂ ਬਾਅਦ ਭਾਵੇਂ ਪੰਜਾਬ ਬਰਤਾਨਵੀ ਭਾਰਤ ਦਾ ਹਿੱਸਾ ਬਣ ਗਿਆ ਸੀ ਪਰ ਪਿੰਡ ਵਾਸੀਆਂ ਦਾ ਸਾਹਿਬ ਲੋਕਾਂ ਨਾਲ ਵਾਹ-ਵਾਸਤਾ ਨਾਂ-ਮਾਤਰ ਹੀ ਬਣ ਸਕਿਆ। ਉਹ ਕੇਵਲ ਬਰਤਾਨਵੀ ਕਰਮਚਾਰੀਆਂ ਤੇ ਸੈਨਿਕਾਂ ਨੂੰ ਜਲੰਧਰ ਤੋਂ ਹੁਸ਼ਿਆਰਪੁਰ ਛਾਉਣੀ ਵੱਲ ਜਾਂਦਿਆਂ ਨੂੰ ਤਕਦੇ। ਜਦ ਕਦੀ ਉਨ੍ਹਾਂ ਨਾਲ ਗੱਲ ਕਰਨ ਦਾ ਮੌਕਾ ਮਿਲਦਾ ਤਾਂ ਉਨ੍ਹਾਂ ਦੀ ਗੱਲਬਾਤ ਗਿਣੇ-ਚੁਣੇ ਸ਼ਬਦਾਂ ਤੱਕ ਹੀ ਸੀਮਤ ਹੁੰਦੀ। ਉਹ ਅੰਗਰੇਜ਼ੀ ਨਾ ਬੋਲਦੇ, ਤੇ ਸਾਹਿਬ ਲੋਕ ਜਿਹੜੀ ਹਿੰਦੁਸਤਾਨੀ ਬੋਲਦੇ, ਉਸ ਨੂੰ ਸੁਣ ਕੇ ਉਨ੍ਹਾਂ ਦੇ ਕੰਨ ਹੱਸਦੇ ਪਰ ਉਹ ਤਕੜੇ ਪਾਰਖੂ ਸਨ।

ਪੁਰਾਣੇ ਬਜ਼ੁਰਗ ਕਹਿੰਦੇ ਕਿ ਸਾਹਿਬ ਲੋਕਾਂ ਦੇ ਖਾਖੀ ਨਿੱਕਰਾਂ 'ਚ ਕੱਸੇ ਹੋਏ ਭਾਰੇ ਚਿੱਤੜ ਉਨ੍ਹਾਂ ਨੂੰ ਬੜੇ ਕੋਝੇ ਲਗਦੇ। ਗੱਭਰੂ ਕਹਿੰਦੇ ਕਿ ਸੂਰਜ ਦੀ ਧੁੱਪ ਨੇ ਉਨ੍ਹਾਂ ਦੇ ਮੂੰਹ ਵੈਂਗਣੀ ਕਰ ਦਿੱਤੇ ਹਨ ਜਿਵੇਂ ਗਰਮੀ ਵਿਚ ਆਏ ਬਾਂਦਰ ਦਾ ਥੱਲਾ।

"ਉਨ੍ਹਾਂ ਦੀਆਂ ਨੀਲੀਆਂ ਅੱਖਾਂ ਕੋਇਲ ਦੇ ਆਂਡਿਆਂ ਵਰਗੀਆਂ ਲਗਦੀਆਂ, ਤੇ ਵਾਲ ਸਣ ਦੀਆਂ ਲੂੰਡੀਆਂ ਵਰਗੇ।" ਬੰਤੇ ਚਰਵਾਹੇ ਨੇ ਕਿਹਾ।

"ਤੇ ਹੁਸ਼ਿਆਰਪੁਰ 'ਚ ਨਿੰਮ ਬਜ਼ਾਰ ਦੇ ਕੋਠਿਆਂ ਦੀਆਂ ਭੀੜੀਆਂ ਪੌੜੀਆਂ ਉਹ ਲੁੱਚਿਆਂ ਅਤੇ ਬੋਕਾਂ ਵਾਂਗ ਦੁਪਹਿਰ ਵੇਲੇ ਚੜ੍ਹ ਜਾਂਦੇ ਨੇ। ਕੰਜਰੀਆਂ ਕਹਿੰਦੀਆਂ ਨੇ ਕਿ ਏਨੇ ਕੁ ਬਦਲੇ ਉਨ੍ਹਾਂ ਨੂੰ ਐਨਾ ਕੁਝ ਪਹਿਲਾਂ ਕਦੇ ਨਹੀਂ ਸੀ ਮਿਲਿਆ।" ਦੀਵਾਨ ਚੰਦ ਢਿੱਡ 'ਚ ਹੱਸਦਾ।

ਤੇ ਮੌਲਾ ਮਰਾਸੀ ਸੋਚਦਾ ਕਿ ਵੱਡੇ ਸਾਹਿਬ ਐਨਾ ਸੋਚਦੇ ਨੇ ਕਿ ਸੋਚ-ਸੋਚ ਕੇ ਉਨ੍ਹਾਂ ਦੇ ਸਿਰਾਂ 'ਚ ਗੰਜ ਪੈ ਗਏ ਨੇ।

ਫਿਰ ਵੀ ਪਿੰਡ ਦੇ ਲੋਕ ਸਮੁੱਚੇ ਤੌਰ 'ਤੇ ਸਾਹਿਬ ਲੋਕਾਂ ਨੂੰ ਆਦਰ ਦੀ ਭਾਵਨਾ ਨਾਲ ਦੇਖਦੇ।

"ਉਹ ਇਮਾਨਦਾਰ ਤੇ ਸੱਚੇ ਹਨ।" ਬਜ਼ੁਰਗ ਚਾਚਾ ਘਇਆ ਹੁੱਕੇ ਦੀ ਘੁੱਟ ਭਰਦਿਆਂ ਕਹਿੰਦਾ, "ਜ਼ਰੂਰ ਹੀ ਉਨ੍ਹਾਂ ਦਾ ਮੁਲਕ 'ਧਰਮੀ ਧਰਤੀ' ਹੋਏਗਾ।"

"ਉਹ ਸਾਡੇ ਮੁਲਾਜ਼ਮਾਂ ਵਰਗੇ ਭ੍ਰਿਸ਼ਟ ਨਹੀਂ।" ਲਾਲਾ ਮੂਲ ਰਾਜ ਕਹਿੰਦਾ, "ਪੈਸੇ ਲਈ ਉਨ੍ਹਾਂ ਦੀਆਂ ਤਲੀਆਂ 'ਤੇ ਖਾਜ ਨਹੀਂ ਹੁੰਦੀ।"

"ਪਰ ਬਈ ਉਨ੍ਹਾਂ ਦੀਆਂ ਤਨਖਾਹਾਂ ਹੈਣ ਈ ਵਧੇਰੇ।" ਬਤਨ ਸਿੰਘ ਨੇ ਗੱਲ ਟੁੱਕੀ, "ਉਨ੍ਹਾਂ ਨੂੰ ਗੁਜ਼ਾਰਾ ਕਰਨ ਲਈ ਹੋਰ ਪੈਸੇ ਦੀ ਲੋੜ ਹੀ ਨਹੀਂ ਰਹਿੰਦੀ।"

"ਉਹ ਕਚਹਿਰੀ ਵਿਚ ਨਿਰਪੱਖ ਰਹਿੰਦੇ ਨੇ।" ਭਾਨੇ ਨੇ ਕਿਹਾ ਜਿਸ ਦਾ ਭਰਾ ਛਾਉਣੀ ਵਿਚ ਨਾਈ ਸੀ, "ਉਹ ਆਪਣੇ ਨੌਕਰਾਂ ਲਈ ਦਿਆਲੂ ਤੇ ਚੰਗੇ ਹਨ।"

"ਉਨ੍ਹਾਂ ਨੇ ਲਾਇਲਪੁਰ ਤੇ ਮਿੰਟਗੁਮਰੀ ਵਿਚ ਨਹਿਰੀ ਬਸਤੀਆਂ ਕਾਇਮ ਕਰ ਕੇ ਜੱਟਾਂ ਲਈ ਬੜਾ ਕੁਝ ਕੀਤੈ।" ਨੱਥਾ ਸਿੰਘ ਨੇ ਗੱਲ ਵਧਾਈ, "ਜੱਟਾਂ ਦੇ ਹਜ਼ਾਰਾਂ ਪਰਿਵਾਰ ਉਥੇ ਵਸ ਕੇ ਖੁਸ਼ਹਾਲ ਹੋਏ ਹਨ।"

ਸਿੱਖ ਆਮ ਕਰ ਕੇ ਉਨ੍ਹਾਂ ਪ੍ਰਤੀ ਨਿੱਘੇ ਰਵੱਈਏ ਨਾਲ ਗੱਲ ਕਰਦਾ। 1849 ਦੀ ਹਾਰ ਪਿੱਛੋਂ ਉਨ੍ਹਾਂ ਨਾਲ ਬੜਾ ਖੁੱਲ੍ਹ-ਦਿਲਾ ਵਰਤਾਉ ਕੀਤਾ ਗਿਆ ਸੀ। ਬਰਤਾਨਵੀ ਫੌਜ ਵਿਚ ਭਰਤੀ ਹੋਣ ਲਈ ਸਿੱਖਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ ਤੇ ਛੇਤੀ ਹੀ ਉਨ੍ਹਾਂ ਨੇ ਬਰਮਾ ਦੇ ਭੂ-ਮਧੀ ਜੰਗਲਾਂ ਵਿਚ ਸੋਮਾਲੀ ਲੈਂਡ ਦੀਆਂ ਖੁਸ਼ਕ ਪਠਾਰਾਂ ਵਿਚ, ਤਿੱਬਤ ਦੀਆਂ ਉਚੀਆਂ ਵੀਰਾਨ ਚੋਟੀਆਂ ਤੇ ਫਲੈਂਡਰਜ਼ ਅਤੇ ਫਰਾਂਸ ਵਿਚ ਆਪਣੀ ਬਹਾਦਰੀ ਦੀ ਧਾਂਕ ਬਿਠਾਈ।

---

ਜਦ ਪਿੰਡ ਦੇ ਲੋਕ ਹੱਟੀਆਂ 'ਤੇ, ਜਾਂ ਹਵੇਲੀਆਂ ਵਿਚ ਜੁੜ ਬੈਠਦੇ, ਤਾਂ ਉਹ ਅੰਗਰੇਜ਼ੀ ਪੜ੍ਹ ਰਹੇ ਮੁੰਡਿਆਂ ਨੂੰ ਚਿੜ੍ਹਾਉਂਦੇ ਤੇ ਸੁਆਦ ਲੈ-ਲੈ ਗੱਲਾਂ ਕਰਦੇ।

ਚੌਧਰੀ ਇੰਦਰ ਆਪਣੀਆਂ ਚੁੰਨ੍ਹੀਆਂ ਅੱਖਾਂ ਵਿਚ ਚਮਕ ਲਿਆ ਕੇ ਗੱਲ ਕਰਦਾ, "ਮੇਰਾ ਪੁੱਤ ਨਾ ਕੇਵਲ ਅੰਗਰੇਜ਼ੀ ਬੋਲਦੈ, ਸਗੋਂ ਉਹ ਤਾਂ ਆਪਣੇ ਦੰਦਾਂ ਤੇ ਬੁਰਸ਼ ਅਤੇ ਵਾਲਾਂ ਨੂੰ ਕੰਘੀ ਵੀ ਅੰਗਰੇਜ਼ੀ ਵਿਚ ਹੀ ਕਰਦੈ।"

"ਤੇ ਉਸ ਦੇ ਬੁੱਲ੍ਹਾਂ 'ਚ ਸਿਗਰਟ ਇਉਂ ਲਟਕਦੀ ਐ ਜਿਵੇਂ ਲਮਢੀਂਗ ਦੀ ਚੁੰਜ 'ਚ ਮੱਛੀ।" ਨੱਥੂ ਨਾਈ ਛੁਰਲੀ ਛੱਡਦਾ।

ਹਰਨਾਮ ਸਿੰਹੁ ਭਲਾ ਕਿਉਂ ਪਿੱਛੇ ਰਹੇ! ਉਹ ਡੀਂਗ ਮਾਰਦਾ, "ਮੇਰਾ ਪੁੱਤ ਤਾਂ ਖਾਂਦਾ ਅੰਗਰੇਜ਼ੀ ਵਿਚ ਹੈ, ਸੌਂਦਾ ਅੰਗਰੇਜ਼ੀ ਵਿਚ ਹੈ, ਇਥੋਂ ਤੱਕ ਕਿ ਉਹ ਤਾਂ ਸੁਪਨੇ ਵੀ ਅੰਗਰੇਜ਼ੀ ਵਿਚ ਹੀ ਲੈਂਦੈ।"

"ਇਹ ਵੀ ਕੋਈ ਮਾਅਰਕੇ ਦੀ ਗੱਲ ਐ ਜਜਮਾਨ?" ਮੌਲਾ ਮਰਾਸੀ ਨੇ ਮਸਖਰੀ ਨਾਲ ਕਿਹਾ, "ਮੇਰਾ ਪੁਰਾਣਾ ਟੱਟੂ ਤਾਂ ਹਿਣਕਦਾ ਵੀ ਅੰਗਰੇਜ਼ੀ 'ਚ ਐ। ਉਸ ਨੂੰ 'ਚਲੋ ਮੇਰੇ ਬੇਟੇ' ਕਿਹਾ ਸਮਝ ਨਹੀਂ ਆਉਂਦਾ, ਮੈਨੂੰ ਤਾਂ ਸਾਹਿਬ ਲੋਕਾਂ ਵਾਂਗੂੰ ਉਚੀ-ਉਚੀ 'ਗਿਟ-ਅਪ ਗਿਟ-ਅਪ' ਕਹਿਣਾ ਪੈਂਦਾ ਹੈ।"

ਦੀਵਾਨ ਚੰਦ ਸ਼ਰਾਰਤੀ ਲਹਿਜ਼ੇ 'ਚ ਟਿੱਚਰ ਕਰਦਾ, "ਮੇਰਾ ਭਤੀਜਾ ਅੰਗਰੇਜ਼ੀ ਵਿਚ ਦਾੜ੍ਹੀ ਮੁੰਨਦਾ ਹੈ ਤੇ ਸਾਬਣ ਲਾਉਂਦਾ ਹੈ। ਜੇ ਉਹ ਵਾਲ ਰੱਖ ਲਵੇ ਤੇ ਕੁੜੀਆਂ ਵਾਂਗੂ ਪਿੱਛੇ ਨੂੰ ਵਾਹ ਕੇ ਖੁਸ਼ਬੂਦਾਰ ਸਿਰ 'ਤੇ ਰੰਗਦਾਰ ਦੁਪੱਟਾ ਲੈ ਲਵੇ ਤਾਂ ਸਾਹਿਬ ਲੋਕ ਨੱਚਣ ਵਾਲੀ ਸਮਝ ਕੇ ਲੈ ਜਾਣ।"

---

ਪਿੰਡ ਦੇ ਲੋਕ, ਸਾਹਿਬ ਲੋਕਾਂ ਨਾਲ ਨਿੱਜੀ ਸੰਪਰਕ ਦੀ ਜੋ ਘਾਟ ਮਹਿਸੂਸ ਕਰਦੇ, ਉਹ ਕਹਾਣੀਆਂ ਸੁਣਾ ਕੇ ਪੂਰੀ ਕਰ ਲੈਂਦੇ। ਹੱਟੀਆਂ ਤੇ ਹਵੇਲੀਆਂ ਵਿਚਲੇ ਛੋਟੇ ਇਕੱਠਾਂ ਵਿਚ ਬਦੇਸੀ ਹੁਕਮਰਾਨਾਂ ਦੀਆਂ ਕਹਾਣੀਆਂ, ਆਪਣੇ ਪੁਰਾਣੇ ਲਤੀਫਿਆਂ ਨਾਲੋਂ ਵਧੇਰੇ ਚਸਕੇ ਨਾਲ ਸੁਣੀਆਂ ਸੁਣਾਈਆਂ ਜਾਂਦੀਆਂ।

ਇਨ੍ਹਾਂ ਕਹਾਣੀਆਂ ਵਿਚ ਕੋਈ ਮੰਦ-ਭਾਵਨਾ ਨਹੀਂ ਸੀ ਹੁੰਦੀ। ਸਾਹਿਬ ਲੋਕਾਂ ਦੀ ਨਿਰਛਲਤਾ, ਹੱਸਣ-ਖੇਡਣ ਅਤੇ ਉਦਾਰ ਭਾਵਨਾ ਦਾ ਜ਼ਿਕਰ ਹੁੰਦਾ।

"ਇਕ ਜੱਟ 'ਤੇ ਜਬਰ-ਜਨਾਹ ਦਾ ਦੋਸ਼ ਸੀ", ਮਿਲਖੀ ਝਿਊਰ ਨੇ ਇਕ ਵਾਰ ਕਹਾਣੀ ਸੁਣਾਈ, "ਉਸ ਨੂੰ ਸਾਹਿਬ ਅੱਗੇ ਪੇਸ਼ ਕੀਤਾ ਗਿਆ।"

"ਕਸੂਰਵਾਰ ਜਾਂ ਬੇ-ਕਸੂਰ?"

"ਬੇ-ਕਸੂਰ ਸਾਹਿਬ!"

"ਕੋਈ ਸਬੂਤ?"

"ਹਾਂ ਜੀ ਸਾਹਿਬ।"

ਜੱਟ ਨੇ ਸੂਈ ਤੇ ਧਾਗਾ ਲਿਆ। ਸੂਈ ਨੂੰ ਖੱਬੇ ਹੱਥ ਵਿਚ ਫੜ ਲਿਆ ਤੇ ਧਾਗੇ ਨੂੰ ਸੱਜੇ ਵਿਚ- "ਦੇਖੋ ਸਾਹਿਬ", ਉਸ ਨੇ ਹੱਥ ਉਚੇ ਚੁੱਕ ਕੇ ਦਿਖਾਉਂਦਿਆਂ ਕਿਹਾ, "ਜੇ ਮੇਰਾ ਖੱਬਾ ਹੱਥ ਨਾ ਚਾਹੇ, ਭਲਾ ਦੱਸੋ ਕਿ ਸੱਜਾ ਹੱਥ ਸੂਈ ਦੇ ਨੱਕੇ ਵਿਚ ਧਾਗਾ ਪਾ ਲਏਗਾ?"

"ਬਿਲਕੁਲ ਨਹੀਂ।" ਸਾਹਿਬ ਨੇ ਜੁਆਬ ਦਿੱਤਾ ਤੇ ਉਸ ਦੀ ਗੱਲ ਸਮਝ ਕੇ ਮੁਸਕਰਾ ਪਿਆ।

"ਫੈਸਲਾ ਹੋਇਆ, ਜੱਟ ਬੇ-ਕਸੂਰ।"

---

"ਇਕ ਵਾਰ ਨਿਕਚੂ ਜਿਹੇ ਆਦਮੀ 'ਤੇ ਦੋਸ਼ ਲੱਗਿਆ, ਉਸ ਨੇ ਊਠ ਚੋਰੀ ਕੀਤਾ ਹੈ।" ਗੁਲਾਮ ਮੁਹੰਮਦ ਗੁੱਜਰ ਨੇ ਗੱਲ ਸੁਣਾਈ, "ਉਸ ਨਿਕਚੂ ਆਦਮੀ ਨੂੰ ਤੇ ਵੱਡੇ ਜਾਨਵਰ ਨੂੰ ਸਾਹਿਬ ਅੱਗੇ ਪੇਸ਼ ਕੀਤਾ ਗਿਆ।"

"ਕਸੂਰਵਾਰ ਜਾਂ ਬੇ-ਕਸੂਰ?" ਜੱਜ ਸਾਹਿਬ ਨੇ ਸਖ਼ਤ ਆਵਾਜ਼ ਵਿਚ ਪੁੱਛਿਆ।

"ਬੇ-ਕਸੂਰ ਸਾਹਬ।"

"ਕੀ ਸਬੂਤ ਹੈ?"

"ਹਜ਼ੂਰੇ ਆਲਾ! ਸਾਡੇ ਦੋਹਾਂ 'ਤੇ ਜ਼ਰਾ ਆਪਣੀ ਮਿਹਰ ਭਰੀ ਨਜ਼ਰ ਤਾਂ ਪਾ ਕੇ ਦੇਖੋ ਭਲਾ! ਮੇਰੇ ਜਿਹਾ ਨਿਕਚੂ ਕਿਵੇਂ ਐਨੇ ਵੱਡੇ, ਇਸ ਊਠ ਜਿਹੇ ਜਾਨਵਰ ਨੂੰ ਚੁਰਾ ਸਕਦਾ ਹੈ?"

"ਹਾਂਅ!... ਬਿਲਕੁਲ ਨਹੀਂ। ਇਹ ਤਾਂ ਹੋ ਹੀ ਨਹੀਂ ਸਕਦਾ।"

"ਫੈਸਲਾ ਹੋਇਆ, ਬੇ-ਕਸੂਰ।"

---

ਸਾਹਿਬ ਲੋਕ ਹੁਸ਼ਿਆਰਪੁਰ ਛਾਉਣੀ ਵਿਚ ਅਲੱਗ ਤਰ੍ਹਾਂ ਦੀ ਜ਼ਿੰਦਗੀ ਬਿਤਾ ਰਹੇ ਸਨ। ਉਹ ਅਕਸਰ ਆਪਣਾ ਅਕੇਵਾਂ ਦੂਰ ਕਰਨ ਲਈ ਸ਼ਹਿਰ ਦੀਆਂ ਭੀੜ-ਭੜੱਕੇ ਵਾਲੀਆਂ ਗਲੀਆਂ ਵਿਚ ਚਹਿਲ-ਕਦਮੀ ਕਰਨ ਆ ਨਿਕਲਦੇ। ਉਹ ਆਪਣੀ ਜਗਿਆਸਾ ਪੂਰਤੀ ਲਈ, ਘਰੇਲੂ ਚੀਜ਼ਾਂ-ਵਸਤਾਂ ਖਰੀਦਣ ਲਈ, ਜਾਂ ਨਿੰਮ ਬਾਜ਼ਾਰ ਦੀਆਂ ਨੱਚਣ ਵਾਲੀਆਂ ਕੋਲ ਜਾਣ ਲਈ, ਕਦੀ ਇੱਥੇ ਤੇ ਕਦੀ ਉਥੇ ਰੁਕ ਜਾਂਦੇ। ਕਈ ਵਾਰ ਉਹ ਹਿੰਦੁਸਤਾਨੀ ਲੇਸਦਾਰ ਮਿਠਾਈਆਂ ਜਾਂ ਤੇਲ ਵਿਚ ਤਲੇ ਨਮਕੀਨ ਪਕੌੜੇ ਖਰੀਦ ਲੈਂਦੇ ਤੇ ਫਿਰ ਜਦੋਂ ਉਂਗਲਾਂ ਨਾਲ ਚੁੱਕ-ਚੁੱਕ ਖਾਂਦੇ ਤਾਂ ਲੋਕ ਉਨ੍ਹਾਂ ਨੂੰ ਦੇਖ-ਦੇਖ ਹੱਸਦੇ ਪਰ ਭਾਰਤ ਦੀ ਵਿਸ਼ਾਲ ਭੋਇੰ 'ਤੇ ਉਨ੍ਹਾਂ ਦਾ ਰਹਿਣਾ ਸ਼ਿਕਾਰੀ ਪੰਛੀਆਂ ਵਾਂਗ ਸੀ। ਉਨ੍ਹਾਂ ਦਾ ਯਾਤਰਾ ਸਥਾਨ ਉਨ੍ਹਾਂ ਦਾ ਮੁਲਕ ਨਹੀਂ ਸੀ। ਉਹ ਇਸ ਧਰਤੀ 'ਤੇ ਜੰਮੇ ਪਲੇ ਨਹੀਂ ਸਨ। ਉਹ ਤਾਂ ਇਸ ਧਰਤ ਦੇ ਬਦੇਸ਼ੀ ਹੁਕਮਰਾਨ ਸਨ।

ਦੁਕਾਨਦਾਰ ਉਨ੍ਹਾਂ ਦੀ ਬੜੀ ਵਡਿਆਈ ਕਰਦੇ, ਕਿਉਂਕਿ ਉਨ੍ਹਾਂ ਤੋਂ ਵਧੇਰੇ ਪੈਸੇ ਵਸੂਲ ਕਰਨੇ ਸੌਖੇ ਸਨ। ਉਹ ਦੇਸੀ ਲੋਕਾਂ ਵਾਂਗ ਸੌਦਾ ਕਰਨ ਲੱਗਿਆਂ ਬਹੁਤੀ ਖਿੱਚ-ਧੂਹ ਨਹੀਂ ਕਰਦੇ ਸਨ। ਜਿਹੜੇ ਵਿਦਿਆਰਥੀ ਅੰਗਰੇਜ਼ੀ ਸਿੱਖਣ ਲਈ ਆਪਣਾ ਪੂਰਾ ਟਿੱਲ ਲਾ ਦਿੰਦੇ ਸਨ, ਉਹ ਅੰਗਰੇਜ਼ਾਂ ਨਾਲ ਗੱਲਾਂ ਕਰਨਾ ਚੰਗਾ ਸਮਝਦੇ ਪਰ ਉਨ੍ਹਾਂ ਨੂੰ ਮੌਕਾ ਹੀ ਨਾ ਮਿਲਦਾ। ਹਾਂ! ਕਈ ਸਾਲ ਕੈਨੇਡਾ ਵਿਚ ਰਹਿ ਕੇ ਪਰਤੇ ਬਤਨ ਸਿੰਘ ਨਾਲ ਅੰਗਰੇਜ਼ੀ ਬੋਲ ਕੇ ਬੜੇ ਖੁਸ਼ ਹੁੰਦੇ। ਬਤਨ ਸਿੰਘ ਚੰਗੀ ਰਵਾਨੀ ਨਾਲ ਅੰਗਰੇਜ਼ੀ ਬੋਲ ਸਕਦਾ ਸੀ। ਕਈ ਦਸਵੀਂ ਦਾ ਇਮਤਿਹਾਨ ਦੇਣ ਵਾਲਿਆਂ ਦੇ ਮਨ ਵਿਚ ਕੈਨੇਡਾ ਅਤੇ ਅਮਰੀਕਾ ਵਿਚ ਜਾ ਕੇ ਪੜ੍ਹਨ ਦੀ ਇੱਛਾ ਪਲਣ ਲੱਗੀ। ਉਨ੍ਹਾਂ ਦੇ ਮਨ 'ਚ ਕਈ ਤਰ੍ਹਾਂ ਦੇ ਸੁਆਲ ਉਠਦੇ ਤੇ ਬਤਨ ਸਿੰਘ ਉਨ੍ਹਾਂ ਸੁਆਲਾਂ ਦੇ ਤਸੱਲੀਬਖ਼ਸ਼ ਉਤਰ ਦਿੰਦਾ। ਇਸੇ ਲਈ ਉਹ ਉਨ੍ਹਾਂ 'ਚ ਹਰਮਨ ਪਿਆਰਾ ਸੀ।

ਬਾਬੂ ਕਰਮ ਚੰਦ ਸੁਹਣਾ-ਸੁਨੱਖਾ, ਚਮਕਦੀਆਂ ਅੱਖਾਂ, ਤਰਾਸ਼ੇ ਹੋਏ ਨਕਸ਼ਾਂ ਤੇ ਨਰਮ ਸੁਭਾਅ ਵਾਲਾ ਨੌਜੁਆਨ ਸੀ। ਉਹ ਰੱਜੇ-ਪੁੱਜੇ ਜਗੀਰਦਾਰ ਦਾ ਪੁੱਤਰ ਸੀ। ਉਹ ਸਦਾ ਸਾਫ਼ ਸੁਥਰੇ ਕੱਪੜੇ ਪਾਉਂਦਾ। ਉਰਦੂ ਵਿਚ ਸ਼ਾਇਰੀ ਕਰਨਾ ਉਸ ਦਾ ਸ਼ੌਕ ਸੀ। ਉਸ ਨੇ ਇਕ ਦਿਨ ਪੁੱਛਿਆ, "ਬਤਨ ਸਿੰਘ ਜੀ, ਸਾਡੇ ਲੋਕ ਬ੍ਰਿਟਿਸ਼ ਕੋਲੰਬੀਆ ਵਿਚ ਕੀ ਕਰਦੇ ਨੇ?"

"ਬਹੁਤੇ ਤਾਂ ਆਰਿਆਂ 'ਤੇ, ਜਾਂ ਜੰਗਲਾਂ 'ਚ ਲੱਕੜੀ ਕੱਟਣ ਦਾ ਕੰਮ ਕਰਦੇ ਨੇ, ਤੇ ਕੁਝ ਕੁ ਫਾਰਮਾਂ 'ਤੇ ਵੀ ਕੰਮ ਕਰਦੇ ਨੇ।"

"ਇਹ ਤਾਂ ਬੜਾ ਸਖ਼ਤ ਕੰਮ ਐ।"


"ਬੜਾ ਸਖ਼ਤ।"

"ਤੇ ਉਹ ਰਹਿੰਦੇ ਕਿਵੇਂ ਨੇ?" ਬਾਬੂ ਕਰਮ ਚੰਦ ਨੇ ਪੁੱਛਿਆ।

"ਪਹਿਲਾਂ ਪਹਿਲਾਂ ਤਾਂ ਮੁਲਕ 'ਚ ਉਨ੍ਹਾਂ ਨੂੰ ਆਪਣੀਆਂ ਤ੍ਰੀਮਤਾਂ ਨੂੰ ਨਾਲ ਲਿਜਾਣ ਦੀ ਆਗਿਆ ਨਹੀਂ ਸੀ, ਤੇ ਉਹ ਛੋਟੇ-ਛੋਟੇ ਗਰੂਪ ਬਣਾ ਕੇ ਸ਼ੈਡਾਂ ਵਿਚ ਰਹਿੰਦੇ ਸਨ। ਇਨ੍ਹਾਂ ਨੂੰ 'ਕੁੱਕ ਹਾਊਸ' ਆਖਿਆ ਜਾਂਦਾ। ਇਹ ਕੁੱਕ ਹਾਊਸ ਆਮ ਕਰ ਕੇ ਆਰੇ ਦੇ ਅਹਾਤੇ ਵਿਚ ਜਾਂ ਕੰਮ ਵਾਲੀ ਥਾਂ ਦੇ ਨੇੜੇ ਹੀ ਜੰਗਲਾਂ ਵਿਚ ਹੁੰਦੇ।" ਬਤਨ ਸਿੰਘ ਨੇ ਦੱਸਿਆ।

"ਪਰ ਬਤਨ ਸਿੰਘ ਜੀ, ਇਨ੍ਹਾਂ ਕਾਮਿਆਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਗਦਰ

*(ਬਾਕੀ ਅਗਲੇ ਸਫੇ 'ਤੇ)*




***"ਬਤਨ ਸਿੰਘ ਜੀ!" ਜਾਣੇ-ਪਛਾਣੇ ਅਥਲੀਟ ਅਤੇ ਪ੍ਰਤਿਭਾਸ਼ੀਲ ਕ੍ਰਿਕਟ ਖਿਡਾਰੀ ਜੈਮਲ ਸਿੰਘ ਨੇ ਕਿਹਾ, "ਤੁਹਾਨੂੰ ਗਦਰ ਲਹਿਰ ਬਾਰੇ ਇਉਂ ਖੁੱਲ੍ਹ ਕੇ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਉਸ ਸੁਕੜੂ ਜਿਹੇ ਬਦਮਾਸ਼ ਵਰਿਆਮ ਸਿੰਘ ਤੋਂ ਬਚ ਕੇ ਰਹਿਣਾ। ਉਹ ਪੁਲਿਸ ਦਾ ਮੁਖ਼ਬਰ ਹੈ। ਉਹ ਦੂਜੇ ਪਰਵਾਸੀਆਂ ਬਾਰੇ ਸੂਹ ਲੈਣ ਲਈ ਤੁਹਾਡਾ ਭਰੋਸਾ ਜਿੱਤਣ ਦੀ ਕੋਸ਼ਿਸ਼ ਕਰੇਗਾ। ਇਸ ਕਮੀਨਗੀ ਭਰੇ ਕੰਮ ਦੀ ਉਸ ਨੂੰ ਪਾਈ ਵੀ ਨਹੀਂ ਮਿਲਦੀ। ਉਸ ਨੂੰ ਤਾਂ ਬੱਸ ਕੁਰਸੀ ਦਾ ਲਾਲਚ ਹੈ।"***

***"ਕਿਉਂ ਉਹ ਕੁਰਸੀ ਖਰੀਦ ਨਹੀਂ ਸਕਦਾ?" ਬਤਨ ਸਿੰਘ ਨੇ ਪੁੱਛਿਆ।***

***"ਇਹ ਉਸ ਕੁਰਸੀ ਦੀ ਗੱਲ ਨਹੀਂ ਜੀ। ਉਹ ਤਾਂ ਸਰਕਾਰੀ ਮੁਲਾਜ਼ਮਾਂ ਦੀ ਤਰ੍ਹਾਂ ਕੁਰਸੀ 'ਤੇ ਬੈਠਣ ਦੀ ਸਹੂਲਤ ਭਾਲਦੈ; ਜਦ ਕਿ ਆਮ ਲੋਕਾਂ ਨੂੰ ਭੁੰਞੇ ਬੈਠਣਾ ਪੈਂਦਾ ਹੈ। ਉਹ ਤਾਂ ਕੁਰਸੀ-ਨਸ਼ੀਨ ਬਣਨਾ ਚਾਹੁੰਦੈ।"***

***"ਵਿਚਾਰਾ!" ਬਤਨ ਸਿੰਘ ਦੇ ਮੂੰਹੋਂ ਨਿਕਲਿਆ।***

# ਅਫਗਾਨਿਸਤਾਨ ਦਾ ਹਿੰਦੂ ਇਤਿਹਾਸ

980 ਈਸਵੀ ਦੇ ਸਾਲ ਮੁਸਲਮਾਨਾਂ ਦੇ ਭਾਰਤ ਉਪਰ ਹਮਲਿਆਂ ਦੀ ਸ਼ੁਰੂਆਤ ਹੋਈ ਜਦੋਂ ਸਬੁਕਤਗਿਨ ਨੇ ਅਫਗਾਨਿਸਤਾਨ ਦੇ ਰਾਜੇ ਜੈਪਾਲ ਉਪਰ ਹਮਲਾ ਕੀਤਾ। ਅਫਗਾਨਿਸਤਾਨ ਹੁਣ ਇਸਲਾਮਿਕ ਦੇਸ਼ ਹੈ ਤੇ ਭਾਰਤ ਅਫਗਾਨਿਸਤਾਨ ਦੇ ਵਿਚਕਾਰ ਇਸਲਾਮਿਕ ਦੇਸ਼ ਪਾਕਿਸਤਾਨ ਹੈ। ਸਾਲ 980 ਵਿਚ ਅਫਗਾਨਿਸਤਾਨ ਵਿਚ ਹਿੰਦੂ ਅਤੇ ਬੋਧੀ ਵਸਦੇ ਸਨ। ਨਾਮ ਅਫਗਾਨਿਸਤਾਨ ਸੰਸਕ੍ਰਿਤ ਦੇ 'ਉਪ-ਗਣ-ਸਤਾਨ' ਤੋਂ ਬਣਿਆ ਹੈ ਜਿਸ ਦੇ ਮਾਇਨੇ ਹਨ ਕਬਾਇਲੀ ਧਿਰਾਂ ਦੀ ਵਸੋਂ ਦਾ ਥਾਂ। ਇਹ ਹੈ ਉਹ ਥਾਂ



ਹਰਪਾਲ ਸਿੰਘ ਪੰਨੂ
ਫੋਨ: 91-94642-51454

ਜਿਥੋਂ ਮਹਾਂਭਾਰਤ ਦੀ ਗਾਂਧਾਰੀ ਆਈ ਸੀ। ਕੰਧਾਰ ਦਾ ਨਾਮ ਉਦੋਂ ਗਾਂਧਾਰ ਸੀ, ਗਾਂਧਾਰ ਮਾਇਨੇ ਸੁਗੰਧੀਆਂ ਵਾਲਾ। ਸ਼ਕੁਨੀ ਇਥੇ ਦਾ ਰਾਜਾ ਸੀ। ਵੈਦਿਕ ਸਾਹਿਤ ਵਿਚ ਪਕਥ ਨਾਂ ਦੇ ਕਬੀਲੇ ਦਾ ਜ਼ਿਕਰ ਹੈ, ਇਸੇ ਤੋਂ ਪਖਤੂਨ ਹਨ। ਪਖਤੂਨਾਂ ਦੀ ਬੋਲੀ ਪਖਤੋ, ਪਸ਼ਤੋ ਬਣ ਗਈ ਜਿਵੇਂ ਵਰਖਾ ਤੋਂ ਵਰਸ਼ਾ। ਇਸ ਇਲਾਕੇ ਵਿਚ 980 ਦੇ ਸਾਲ ਹਿੰਦੂ ਬਹੁ-ਗਿਣਤੀ ਵਸੋਂ ਸੀ ਜਦੋਂ ਸਬੁਕਤਗੀਨ ਗਜ਼ਨੀ ਨੇ ਜਿੱਤ ਹਾਸਲ ਕਰ ਕੇ ਹਿੰਦੂ ਰਾਜੇ ਜੈਪਾਲ ਸ਼ਾਹੀ ਨੂੰ ਹਰਾ ਦਿੱਤਾ। ਉਸ ਦਾ ਬੇਟਾ ਮਹਿਮੂਦ ਗਜ਼ਨਵੀ ਉਸ ਨਾਲ ਆਇਆ ਸੀ।

ਅਫਗਾਨਿਸਤਾਨ ਵਿਚ ਸ਼ਿਵ ਦੀ ਪੂਜਾ ਹੁੰਦੀ ਸੀ। ਸਾਰਾ ਇਲਾਕਾ ਸੈਂਕੜੇ ਸ਼ਿਵਾਲਿਆਂ ਨਾਲ ਭਰਿਆ ਹੋਇਆ ਸੀ। ਸ਼ਿਵ-ਪਾਰਬਤੀ ਦੀ ਪੂਜਾ ਹੁੰਦੀ, ਭਜਨ ਗਾਏ ਜਾਂਦੇ, ਪ੍ਰਾਰਥਨਾਵਾਂ ਹੁੰਦੀਆਂ, ਕਥਾਵਾਂ ਸੁਣਾਈਆਂ ਜਾਂਦੀਆਂ, ਟੱਲੀਆਂ ਗੂੰਜਦੀਆਂ। ਈਸਟ ਇੰਡੀਆ ਕੰਪਨੀ ਦੇ ਇਕ ਅਫਸਰ ਸਰ ਐਸਟਿਨ ਨੇ ਖੁਦਾਈ ਕਰ ਕੇ ਅਣਗਿਣਤ ਮੂਰਤੀਆਂ ਅਤੇ ਪੱਥਰਾਂ 'ਤੇ ਖੁਣੀਆਂ ਲਿਖਤਾਂ ਲੱਭੀਆਂ। ਲੱਭੀਆਂ ਮੂਰਤੀਆਂ ਅਤੇ ਲਿਖਤਾਂ ਦੀਆਂ ਫੋਟੋਆਂ ਛਾਪ ਕੇ ਉਸ ਨੇ ਇਸ ਵਿਸ਼ੇ 'ਤੇ ਚਾਰ ਕਿਤਾਬਾਂ ਲਿਖੀਆਂ। ਫੋਟੋਆਂ ਵਿਚ ਸੂਰਜ ਮੰਦਰ ਅਤੇ ਗਣੇਸ਼ ਦਾ ਬੁਤ ਵੀ ਸਨ। ਉਨ੍ਹਾਂ ਸਮਿਆਂ ਦੀ ਸ਼ਾਨੋ ਸ਼ੌਕਤ ਬਾਰੇ ਇਨ੍ਹਾਂ ਲਭਤਾਂ ਉਪਰ ਆਧਾਰਤ ਦੋ ਕਿਤਾਬਾਂ ਇਸਲਾਮਾਬਾਦ ਯੂਨੀਵਰਸਿਟੀ ਦੇ ਪ੍ਰੋਫੈਸਰ ਅਬਦੁਲ ਰਹਿਮਾਨ ਨੇ ਵੀ ਲਿਖੀਆਂ। ਦੋ ਹਿੰਦੂ ਖਾਨਦਾਨ ਕੁਸ਼ਾਣ ਅਤੇ ਕਿਦਾਰ ਲੰਮਾ ਸਮਾਂ ਹਕੂਮਤ ਕਰਦੇ ਰਹੇ।

ਉਨ੍ਹਾਂ ਦੇ ਰਾਜਭਾਗ ਦੌਰਾਨ ਕੇਵਲ ਅਫਗਾਨਿਸਤਾਨ ਵਿਚ ਸ਼ਿਵ ਮੰਦਰ ਨਹੀਂ ਬਣੇ, ਹੋਰ ਪੱਛਮੀ ਏਸ਼ੀਆ ਇਲਾਕਿਆਂ ਉਪਰ ਵੀ ਮੰਦਰ ਉਸਾਰੇ ਗਏ। ਉਜ਼ਬੇਕਿਸਤਾਨ ਅਤੇ ਤਾਜਿਕਸਤਾਨ ਉਦੋਂ ਅਫਗਾਨਿਸਤਾਨ ਵਿਚ ਹੁੰਦੇ ਸਨ। ਅਬਦੁਲ ਰਹਿਮਾਨ ਦੱਸਦੇ ਹਨ ਕਿ ਬੁਖਾਰਾ ਇਲਾਕੇ ਨੂੰ ਪੁਰਾਣੇ ਵਕਤਾਂ ਵਿਚ ਸ਼ਾਹ-ਵਿਹਾਰ ਕਿਹਾ ਜਾਂਦਾ ਸੀ। ਇਥੇ ਹਿੰਦੂ ਰਾਜੇ ਦਾ ਰਾਜ ਸੀ। ਜਦੋਂ ਅਰਬਾਂ ਨੇ ਹੱਲਾ ਕੀਤਾ ਤਾਂ ਇਥੋਂ ਦੀ ਮਹਾਰਾਣੀ ਸੈਨਿਕ ਸਹਾਇਤਾ ਲੈਣ ਵਾਸਤੇ ਕਸ਼ਮੀਰ ਗਈ। ਅਰਬ ਪੁਰਾ-ਰਿਕਾਰਡ ਵਿਚ ਉਸ ਦਾ ਜ਼ਿਕਰ 'ਖਾਤੂਨ' ਲਫਜ਼ ਨਾਲ ਆਇਆ ਹੈ ਜਿਸ ਦਾ ਅਰਥ ਹੈ ਔਰਤ। ਕਸ਼ਮੀਰ ਦੇ ਪੁਰਾਣੇ ਹਿੰਦੂ ਇਤਿਹਾਸਕਾਰ ਕੱਲ੍ਹਣ ਨੇ ਦੱਸਿਆ ਹੈ ਕਿ ਕਸ਼ਮੀਰ ਦੇ ਹਿੰਦੂ ਰਾਜੇ ਵਿਰੁੱਧ ਅਰਬ ਖਲੀਫੇ ਮਾਮੂਨ ਦੀ ਭਾਰੀ ਫੌਜ ਨਾਲ ਜੰਗ ਹੋਈ ਸੀ। ਮਾਮੂਨ ਦਾ ਹੈਡਕੁਆਰਟਰ ਬਗਦਾਦ ਸੀ। ਬਗਦਾਦ ਵਿਚ ਉਦੋਂ ਇਸਲਾਮੀ ਹਕੂਮਤ ਸੀ। ਬਗਦਾਦ ਵਿਚ ਉਸ ਨੇ ਸਰਕਰਦਾ ਹਿੰਦੂ ਮਾਹਿਰ ਸੱਦੇ ਹੋਏ ਸਨ। ਖਲੀਫੇ ਨੂੰ ਕੋਈ ਬਿਮਾਰੀ ਲੱਗ ਗਈ ਸੀ ਜਿਸ ਦਾ ਇਲਾਜ ਬਨਾਰਸ ਦੇ ਵੈਦ ਨੇ ਆਯੁਰਵੈਦਿਕ ਦਵਾਈਆਂ ਨਾਲ ਕੀਤਾ ਸੀ। ਅਰਬ ਮਰੀਜ਼ ਇਲਾਜ ਕਰਾਉਣ ਵਾਸਤੇ ਹਿੰਦੂ ਵੈਦਾਂ ਨੂੰ ਤਰਜੀਹ ਦਿੰਦੇ ਸਨ। ਅਰਬਾਂ ਨੇ ਆਯੁਰਵੈਦਿਕ ਗ੍ਰੰਥਾਂ ਨੂੰ ਅਰਬੀ ਜ਼ਬਾਨ ਵਿਚ ਉਲਥਾਇਆ। ਜਿਸ ਅਰਬੀ ਕਿਤਾਬ ਵਿਚ ਇਹ ਤਰਜਮੇ ਸੰਗ੍ਰਹਿਤ ਹਨ, ਉਸ ਦਾ ਨਾਮ 'ਅਲ-ਫਰਿਸ਼ਤ' ਹੈ।

ਆਜ਼ਰਬਾਈਜਾਨ ਦੀ ਰਾਜਧਾਨੀ ਬਾਕੂ ਜਿਥੇ ਅੱਜ ਤੇਲ ਦੇ ਭੰਡਾਰ ਹਨ, ਵਿਚ ਅੱਜ ਵੀ ਹਿੰਦੂ ਮੰਦਰ ਹੈ ਜਿਸ ਵਿਚ ਪਵਿੱਤਰ ਜੋਤ ਬਲ ਰਹੀ ਹੈ। ਇਹ ਜੋਤ ਪੈਟਰੋਲੀਅਮ ਗੈਸ ਕਾਰਨ ਹੈ। ਰੂਸ ਦੇ ਜ਼ਾਰ ਸਮੇਂ ਇਸ ਮੰਦਰ ਦਾ ਪੁਜਾਰੀ ਪੰਜਾਬੀ ਸੀ। ਮੰਦਰ ਦੀਆਂ ਕੰਧਾਂ ਉਪਰ ਗੁਰਮੁਖੀ ਲਿਪੀ ਦੀ ਪੰਜਾਬੀ ਲਿਖਤ ਦੇ ਵਾਕ ਹਨ। ਇਕ ਬਾਜ਼ਾਰ ਵਿਚ ਹਿੰਦੂ ਵਪਾਰੀ ਦੁਕਾਨਦਾਰ ਸਨ, ਹਿੰਦੂਆਂ ਦੀ ਵਸੋਂ ਵਾਲੀ ਕਾਲੋਨੀ ਸੀ। ਆਜ਼ਰਬਾਈਜਾਨ ਦੀ ਜ਼ਬਾਨ ਵਿਚ ਬਾਕੂ ਇਕ ਹਿੰਦੂ ਦੇਵੀ ਦਾ ਨਾਮ ਸੀ। ਬਾਕੂ ਸ਼ਹਿਰ ਦਾ ਨਾਮ ਵੈਦਿਕ ਬਾਕੂ ਦੇਵੀ ਦੇ ਪ੍ਰਾਚੀਨ ਮੰਦਰ ਤੋਂ ਪਿਆ ਹੈ।

ਅਫਗਾਨਿਸਤਾਨ ਦੇ ਕੇਂਦੂਜ ਇਲਾਕੇ ਉਪਰ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਹਿੰਦੂ ਸੀ, ਇਤਿਹਾਸ ਦੀਆਂ ਕਿਤਾਬਾਂ ਵਿਚ ਲਿਖਿਆ ਮਿਲਦਾ ਹੈ। ਅਲਬਰੂਨੀ ਦੇ ਸਫਰਨਾਮੇ ਵਿਚ ਪ੍ਰਾਚੀਨ ਹਿੰਦੂ ਅਫਗਾਨਿਸਤਾਨ ਦਾ ਵਿਸਥਾਰ ਮਿਲਦਾ ਹੈ। ਹਿੰਦੂ ਰਾਜੇ ਖਿੰਗਲ ਦਾ ਜ਼ਿਕਰ ਹੈ ਜਿਸ ਦੇ ਸਿਕਿਆਂ ਉਪਰ ਸ਼ਿਵ ਦੀ ਤਸਵੀਰ ਸੀ। ਇਸ ਖਾਨਦਾਨ ਦਾ ਪਹਿਲਾ ਰਾਜਾ ਵਿਆਹਿਤਾਗਨੀ ਸੀ। ਗਾਰਦੇਜ ਨਗਰ ਵਿਚ ਸ਼ਿਵ ਮੰਦਰ ਸੀ ਜਿਸ ਨੂੰ ਅਰਬ ਹਮਲਾਵਰਾਂ ਨੇ ਲੁੱਟ ਲਿਆ। ਇਸ ਖਾਨਦਾਨ ਨੇ 666 ਤੋਂ 843 ਈਸਵੀ ਤੱਕ ਰਾਜ ਕੀਤਾ ਅਤੇ 843 ਤੋਂ 850 ਈਸਵੀ ਤੱਕ ਬ੍ਰਾਹਮਣ ਰਾਜੇ ਨੇ ਰਾਜ ਕੀਤਾ। ਬ੍ਰਾਹਮਣਾਂ ਦੀ ਕਾਲਕਾ ਕਮਿਊਨਿਟੀ ਅਸਰ ਰਸੂਖ ਵਾਲੀ ਸੀ। ਪਿਛੋਂ ਉਨ੍ਹਾਂ ਨੂੰ ਕਾਲਕ ਕਹਿਣ ਲੱਗੇ, ਯਾਨੀ ਕਿ ਕਾਲੀ ਪੂਜਕ। ਭਾਰਤੀ ਪੰਜਾਬ ਵਿਚ ਅਜ ਵੀ ਇਸੇ ਨਾਮ ਦਾ ਕਾਲਕਾ ਸ਼ਹਿਰ ਹੈ। ਪਿਛਲੇਰੇ ਇਤਿਹਾਸ ਦੀਆਂ ਜਿਹੜੀਆਂ ਵੱਡੀਆਂ ਹਸਤੀਆਂ ਹੋਈਆਂ ਉਨ੍ਹਾਂ ਦੇ ਨਾਮ ਹਨ- ਸਾਮੰਤਦੇਵ, ਭੀਮਦੇਵ, ਜੈਪਾਲ ਦੇਵ, ਅਨੰਦਪਾਲ ਅਤੇ ਤ੍ਰਿਲੋਚਨ। ਜਦੋਂ ਮਹਿਮੂਦ ਗਜ਼ਨਵੀ ਨੇ ਪਿਤਾ ਸਮੇਤ ਹਮਲਾ ਕੀਤਾ ਸੀ, 980 ਈਸਵੀ ਵਿਚ ਜੈਪਾਲ ਦੇਵ ਹਾਰ ਗਿਆ, ਸਦਮਾ ਬਰਦਾਸ਼ਤ ਨਾ ਕਰ ਸਕਣ ਕਾਰਨ ਖੁਦਕੁਸ਼ੀ ਕਰ ਲਈ।

ਸੱਤਵੀਂ ਸਦੀ ਦੇ ਸ਼ੁਰੂ ਵਿਚ ਹਿਊਨਸਾਂਗ ਇਨ੍ਹਾਂ ਇਲਾਕਿਆਂ ਵਿਚ ਆਇਆ ਸੀ, ਉਦੋਂ ਕਾਲਬ ਘਾਟੀ ਦੇ ਇਲਾਕੇ ਤੇ ਹਿੰਦੂ ਖੱਤਰੀ ਰਾਜਾ ਸ਼ਾਹੀ ਖਿੰਗਲ ਰਾਜ ਕਰਦਾ ਸੀ। ਗਰਦੇਸ਼ ਦੀ ਇਕ ਚਟਾਨ ਉਪਰ ਇਹ ਨਾਮ ਲਿਖਿਆ ਹੋਇਆ ਹੈ। ਕਾਬਲ ਅਤੇ ਗੰਧਾਰ ਦੇ ਹਿੰਦੂ ਸ਼ਾਹੀ ਰਾਜਿਆਂ ਦੇ ਕਸ਼ਮੀਰ ਅਤੇ ਪੂਰਬੀ ਹੋਰ ਗਵਾਂਢੀ ਇਲਾਕਿਆਂ ਦੇ ਰਾਜ ਕਰਦੇ ਲੋਕਾਂ ਨਾਲ ਸਬੰਧ ਹੋਣਗੇ।

ਜਿਥੇ ਅੱਜ ਕਾਬਲ ਦੀ ਸ਼ਾਹੀ ਮਸਜਿਦ ਹੈ, ਉਥੇ ਪੁਰਾਣੇ ਸਮਿਆਂ ਵਿਚ ਹਿੰਦੂ ਮੰਦਰ ਹੁੰਦਾ ਸੀ ਜਿਸ ਦੀ ਕਹਾਣੀ ਅਫਗਾਨ ਇਸਲਾਮਿਕ ਪਰੰਪਰਾ ਵਿਚ ਮੌਜੂਦ ਹੈ ਤੇ ਜ਼ਿਕਰ ਹੈ ਕਿ ਕਿਵੇਂ ਸਬੁਕਤਗਿਨ ਹਥ ਵਿਚ ਕਿਰਪਾਨ ਫੜ ਕੇ ਕਦਮ-ਕਦਮ 'ਤੇ ਲੜਿਆ ਤਾਂ ਕਿਤੇ ਮੰਦਰ ਢਾਹੁਣ ਅਤੇ ਮਸਜਿਦ ਉਸਾਰਨ ਵਿਚ ਕਾਮਯਾਬ ਹੋਇਆ।

ਸਬੁਕਤਗਿਨ ਨੇ ਹਿੰਦੂ ਹਕੂਮਤ ਦੇ ਫਰੰਟੀਅਰਾਂ 'ਤੇ ਹੱਲੇ ਕਰਦਿਆਂ ਸ਼ਾਹੀਆਂ ਨੂੰ ਕਾਬਲ ਤੋਂ ਉਖਾੜ ਕੇ ਹਿੰਦੂ-ਕੁਸ਼ ਪਹਾੜੀਆਂ ਦੇ ਪਿਛੇ ਧੱਕ ਦਿੱਤਾ। ਹਿੰਦੂ-ਕੁਸ਼ ਸ਼ਬਦ ਦਾ ਮਾਇਨਾ ਹੈ ਹਿੰਦੂਆਂ ਨੂੰ ਕਤਲ ਕਰਨ ਵਾਲਾ। ਇਹ ਨਾਮ ਇਸ ਕਰ ਕੇ ਪਿਆ ਕਿਉਂਕਿ ਮਹਿਮੂਦ ਗਜ਼ਨੀ ਨੇ ਜੋ ਲੋਕ ਬੰਦੀ ਬਣਾਏ ਸਨ, ਉਹ ਭਾਰੀ ਗਿਣਤੀ ਵਿਚ ਸਫਰ ਦੌਰਾਨ ਮਰ ਗਏ। ਇਸ ਸਦਮੇ ਪਿਛੋਂ ਸ਼ਾਹੀਆਂ ਨੇ ਆਪਣੀ ਰਾਜਧਾਨੀ ਕੂਬਾ (ਕਾਬਲ) ਦੀ ਥਾਂ ਉਦਭੰਡਪੁਰੇ ਕਰ ਲਈ ਜਿਸ ਦਾ ਫਰੰਟੀਅਰ ਵਿਚ ਹੁਣ ਨਾਮ ਉਂਦ ਹੈ। ਸਬੁਕਤਗਿਨ ਦੇ ਬੇਟੇ ਮਹਿਮੂਦ ਨੇ ਹਮਲੇ ਜਾਰੀ ਰੱਖੇ ਤੇ ਉਂਦ ਉਪਰ ਵੀ ਕਾਬਜ਼ ਹੋ ਗਿਆ। ਪਿਛੋਂ ਇਸ ਸ਼ਾਹੀ ਖਾਨਦਾਨ ਨੇ ਲਾਹੌਰ ਨੂੰ ਰਾਜਧਾਨੀ ਬਣਾਇਆ। ਲਾਹੌਰ ਹਾਰਨ ਪਿਛੋਂ ਹਿਮਾਚਲ ਦੀਆਂ ਕਾਂਗੜਾ ਪਹਾੜੀਆਂ ਵਿਚ ਚਲੇ ਗਏ।

ਹਿੰਦੂ ਰਾਜੇ ਵੇਕ ਦੀ ਭਾਗਵਾਨ ਸ਼ਿਵ ਵਿਚ ਸ਼ਰਧਾ ਦੀ ਲਿਖਤ ਮਿਲੀ ਜੋ ਇੰਡੀਅਨ ਹਿਸਟਰੀ ਕਾਂਗਰਸ ਦੇ ਸੈਸ਼ਨ ਵਿਚ ਕਾਇਦ-ਏ-ਆਜ਼ਮ ਲਾਅ ਯੂਨੀਵਰਸਿਟੀ ਇਸਲਾਮਾਬਾਦ ਦੇ ਪ੍ਰੋਫੈਸਰ ਹਸਨ ਜਾਨੀ ਪੁਰਾ-ਖੋਜੀ ਨੇ ਪੜ੍ਹੀ। ਇਸ ਲਿਖਤ ਉਪਰ ਸਾਲ 138 ਖੁਣਿਆ ਹੋਇਆ ਹੈ ਜੋ 959 ਈਸਵੀ ਬਣਦਾ ਹੈ। ਉਦੋਂ ਇਥੇ ਭੀਮਪਾਲ ਦਾ ਰਾਜ ਸੀ। ਇਹ ਲਿਖਤ ਮਜ਼ਾਰ-ਏ-ਸ਼ਰੀਫ ਵਿਚ ਹੈ। ਗਿਆਰਾਂ ਪੰਕਤੀਆਂ ਦੀ ਲਿਖਤ ਪੱਛਮੀ ਸ਼ਾਰਦਾ ਸ਼ੈਲੀ ਦੀ ਦਸਵੀਂ ਸਦੀ ਈਸਵੀ ਸੰਸਕ੍ਰਿਤ ਹੈ ਤੇ ਸ਼ਬਦ ਜੋੜਾਂ ਦੀਆਂ ਕਈ ਗਲਤੀਆਂ ਹਨ। ਪੱਥਰ ਦਾ ਉਪਰਲਾ ਖੱਬਾ ਹਿੱਸਾ ਕਿਉਂਕਿ ਤੋੜ ਦਿੱਤਾ, ਇਸ ਉਪਰ ਲਿਖਿਆ ਓਮ ਸ਼ਬਦ ਗਾਇਬ ਹੈ।

ਲਿਖਿਆ ਹੈ, "ਰਾਜਾ ਵੇਕ ਦੀ ਅੱਠ ਪਰਤੀ ਸੱਤਾ ਸੀ। ਧਰਤੀ, ਵਪਾਰ ਅਤੇ ਕਿਲ੍ਹੇ ਜਿੱਤੇ।" ਉਸ ਦੇ ਸ਼ਾਸਨ ਕਾਲ ਵਿਚ ਮੈਤਸੇ ਵਿਖੇ ਆਪਣੇ ਤੇ ਆਪਣੇ ਬੇਟੇ ਦੇ ਪੁੰਨ ਕਰਮ ਵਜੋਂ ਇਥੇ ਪਰਿਮਾਹ (ਮਹਾਨ) ਮੈਤਿਆ ਨੇ ਸ਼ਿਵ ਮੰਦਰ ਦੀ ਉਸਾਰੀ ਕਰਵਾਈ ਜਿਸ 'ਚ ਸ਼ਿਵ ਤੇ ਅੰਮਾ ਗਲਵਕੜੀ ਪਾਈ ਮੂਰਤੀਮਾਨ ਹਨ। ਜਾਨੀ ਨੇ ਦੱਸਿਆ, "ਲਿਖਤ ਵਿਚ ਰਾਜੇ ਦਾ ਨਾਮ ਸ਼ਾਹੀ ਵੇਕ ਲਿਖਿਆ ਹੈ ਤੇ ਉਸ ਦੇ ਨਾਮ ਨਾਲ 'ਇਰਿਆਤਮੱਤੂ ਕਸਾਂਗੀਨੰਦ' ਵਿਸ਼ੇਸ਼ਣ ਲਾਏ ਹਨ। ਇਹ ਉਹੀ ਰਾਜਾ ਲਗਦਾ ਹੈ ਜਿਸ ਦੇ ਨਾਮ ਖਿੰਗਲ ਜਾਂ ਖਿੰਖਲ ਵੀ ਹਨ, ਤੇ ਮੰਨ ਲੈਣਾ ਚਾਹੀਦਾ ਹੈ, ਇਹ ਸ਼ਾਹੀ ਵੰਸ਼ ਦਾ ਸ਼ਾਸਕ ਸੀ।" ਇਹ ਵੇਕ ਦੇਵ ਦਾ ਪੂਰਵਜ ਸੀ। ਅਫਗਾਨਿਸਤਾਨ ਤੋਂ ਜਿਹੜੇ ਸਿੱਕੇ ਮਿਲੇ ਤੇ ਜਿਸ ਦਾ ਜ਼ਿਕਰ ਅਰਬ ਸ਼ਾਸਕ ਯਾਕੂਬੀ ਨੇ ਵੀ ਕੀਤਾ, ਵੇਕ ਦੇਵ ਤੋਂ ਇਕ ਪੀੜ੍ਹੀ ਪਹਿਲਾਂ ਉਤਰੀ ਅਫਗਾਨਿਸਤਾਨ ਦਾ ਹਾਕਮ ਹੋਵੇਗਾ। ਸੋ ਹਿੰਦੂ-ਕੁਸ਼ ਤੋਂ ਪਾਰ ਉਤਰੀ ਅਫਗਾਨਿਸਤਾਨ ਵਿਚ ਇਹ ਉਹੀ ਰਾਜਾ ਹੈ ਜਿਸ ਨੇ 8 ਪਰਤੀ ਸ਼ਕਤੀਆਂ ਨਾਲ ਧਰਤੀ, ਮੰਡੀਆਂ ਅਤੇ ਕਿਲ੍ਹੇ ਸਰ ਕੀਤੇ। ਇਸ ਲਿਖਤ ਦਾ ਇਸ਼ਾਰਾ ਇਹ ਹੈ ਕਿ ਹਮਲੇ ਵੇਲੇ ਜੇ ਇਹ ਰਾਜਾ ਰਾਜ ਕਰਦਾ ਹੁੰਦਾ, ਤਦ ਇਸ ਨੇ ਦੱਖਣੀ ਅਰਬ ਧਾੜਵੀਆਂ ਨੂੰ ਹਰਾ ਦੇਣਾ ਸੀ।

ਜਾਨੀ ਨੇ ਅਧਿਐਨ ਦੌਰਾਨ ਪਤਾ ਲਾਇਆ ਕਿ ਹਿੰਦੂ ਸ਼ਾਹੀ ਹਾਕਮ ਭੀਮਪਾਲ ਦੀ ਸਲਤਨਤ ਟੁੱਟ ਕੇ ਦੋ ਸ਼ਾਖਾਵਾਂ ਵਿਚ ਵੰਡੀ ਗਈ। ਇਕ ਸ਼ਾਖ ਦੇ ਮੁਖੀ ਜੈਪਾਲ ਨੇ ਲਾਮਗਣ ਅਤੇ ਪੰਜਾਬ ਉਪਰ ਰਾਜ ਕੀਤਾ ਤੇ ਦੂਜੀ ਸ਼ਾਖ ਦੇ ਮੁਖੀ ਵੇਕ ਨੇ ਉਤਰੀ ਅਫਗਾਨਿਸਤਾਨ ਸੰਭਾਲਿਆ। ਦਸਵੀਂ ਸਦੀ ਦੇ ਆਖਰੀ ਅੱਧ ਵਿਚ ਸਬੁਕਤਗਿਨ ਦੀ ਜਿੱਤ ਨੇ ਉਤਰੀ ਸ਼ਾਖਾ ਦੀ ਹਿੰਦੂ ਹਕੂਮਤ ਖਤਮ ਕਰ ਦਿੱਤੀ।

***ਆਜ਼ਰਬਾਈਜਾਨ ਦੀ ਰਾਜਧਾਨੀ ਬਾਕੂ ਜਿਥੇ ਅੱਜ ਤੇਲ ਦੇ ਭੰਡਾਰ ਹਨ, ਵਿਚ ਅੱਜ ਵੀ ਹਿੰਦੂ ਮੰਦਰ ਹੈ ਜਿਸ ਵਿਚ ਪਵਿੱਤਰ ਜੋਤ ਬਲ ਰਹੀ ਹੈ। ਇਹ ਜੋਤ ਪੈਟਰੋਲੀਅਮ ਗੈਸ ਕਾਰਨ ਹੈ। ਰੂਸ ਦੇ ਜ਼ਾਰ ਸਮੇਂ ਇਸ ਮੰਦਰ ਦਾ ਪੁਜਾਰੀ ਪੰਜਾਬੀ ਸੀ। ਮੰਦਰ ਦੀਆਂ ਕੰਧਾਂ ਉਪਰ ਗੁਰਮੁਖੀ ਲਿਪੀ ਦੀ ਪੰਜਾਬੀ ਲਿਖਤ ਦੇ ਵਾਕ ਹਨ। ਇਕ ਬਾਜ਼ਾਰ ਵਿਚ ਹਿੰਦੂ ਵਪਾਰੀ ਦੁਕਾਨਦਾਰ ਸਨ, ਹਿੰਦੂਆਂ ਦੀ ਵਸੋਂ ਵਾਲੀ ਕਾਲੋਨੀ ਸੀ। ਆਜ਼ਰਬਾਈਜਾਨ ਦੀ ਜ਼ਬਾਨ ਵਿਚ ਬਾਕੂ ਇਕ ਹਿੰਦੂ ਦੇਵੀ ਦਾ ਨਾਮ ਸੀ। ਬਾਕੂ ਸ਼ਹਿਰ ਦਾ ਨਾਮ ਵੈਦਿਕ ਬਾਕੂ ਦੇਵੀ ਦੇ ਪ੍ਰਾਚੀਨ ਮੰਦਰ ਤੋਂ ਪਿਆ ਹੈ।***

*ਬਾਕੂ ਵਿਚ ਸਥਿਤ ਆਤਿਸ਼ਗਾਹ ਮੰਦਿਰ।*



# ਸਾਹਿਬ ਲੋਕ ਅਤੇ ਉਨਾਂ ਦੀ ਅੰਗਰੇਜ਼ੀ

*(ਪਿਛਲੇ ਸਫੇ ਤੋਂ ਜਾਰੀ)*

ਲਹਿਰ ਕਿਵੇਂ ਜਥੇਬੰਦ ਕਰ ਲਈ?? ਬੀਰ ਸਿੰਘ ਨੇ ਪੁੱਛਿਆ। ਬੀਰ ਸਿੰਘ ਕਾਲੀਆਂ ਮੋਟੀਆਂ ਅੱਖਾਂ, ਸੰਘਣੇ ਕਾਲੇ ਵਾਲ ਅਤੇ ਗੁਦਗੁਦੇ ਅੰਗਾਂ ਵਾਲਾ ਪਿਆਰਾ ਜਿਹਾ ਨੌਜੁਆਨ ਸੀ।

"ਮੇਰੇ ਪਿਆਰੇ ਬੀਰ ਸਿੰਘ! ਪੱਕੀ ਗੱਲ ਐ। ਤੈਨੂੰ ਇਹ ਤਾਂ ਉਮੀਦ ਹੈ ਨਹੀਂ, ਬਈ ਆਈ.ਸੀ.ਐਸ. ਬਣਨ ਲਈ ਇੰਗਲੈਂਡ ਪੜ੍ਹਨ ਗਏ ਹੁਸ਼ਿਆਰ ਮੁੰਡਿਆਂ ਨੇ ਇਨਕਲਾਬ ਦਾ ਬੀੜਾ ਚੁੱਕਿਆ ਹੋਊ।" ਕੁਝ ਵੀ ਹੋਵੇ, ਇਹ ਆਈ.ਸੀ.ਐਸ. ਮੁੱਖ ਤੌਰ 'ਤੇ ਬਦੇਸ਼ੀ ਸੇਵਾ ਹੈ। ਨਾ ਭਾਰਤੀ, ਨਾ ਸਿਵਲ। ਨਾ ਸੇਵਾ ਤੇ ਨਾ ਬਹੁਤੀ ਤਨਖ਼ਾਹ ਵਾਲੀ। ਇਸ 'ਚ ਪਹਿਲਾਂ ਪਹਿਲਾਂ ਤਾਂ ਕੇਵਲ ਬਰਤਾਨਵੀ ਸਨ, ਤੇ ਬਾਅਦ ਵਿਚ ਭਾਰਤੀ ਵੀ ਸ਼ਾਮਲ ਹੋ ਸਕਦੇ ਸਨ।" ਬਤਨ ਸਿੰਘ ਨੇ ਵਿਅੰਗ ਕੱਸਦਿਆਂ ਕਿਹਾ।

"ਨਾ ਹੀ ਤੈਨੂੰ ਉਨ੍ਹਾਂ ਵਚਨਬਧ ਭਾਰਤੀ ਮਜ਼ਦੂਰਾਂ ਕੋਲੋਂ ਇਨਕਲਾਬ ਦੀ ਆਸ ਹੋ ਸਕਦੀ ਹੈ ਜੋ ਬਰਤਾਨਵੀ ਕਲੋਨੀਆਂ ਅਤੇ ਸਰਪ੍ਰਸਤੀ ਅਧੀਨ ਅਫ਼ਰੀਕਾ ਅਤੇ ਵੈਸਟ ਇੰਡੀਜ਼ ਵਿਚ ਗੁਜ਼ਾਰੇ ਜੋਗੀ ਕਮਾਈ ਕਰਨ ਗਏ।"

"ਪਰ ਬ੍ਰਿਟਿਸ਼ ਕੋਲੰਬੀਆ ਤੇ ਕੈਲੀਫੋਰਨੀਆ ਦੇ ਭਾਰਤੀ ਪਰਵਾਸੀ, ਮੁਲਕ ਦੇ ਦੂਜੇ ਹਿੱਸਿਆਂ ਦੇ ਲੋਕਾਂ ਨਾਲੋਂ ਵੱਖ ਕਿਹੜੀ ਗੱਲੋਂ ਹੋਏ?" ਬੀਰ ਸਿੰਘ ਨੇ ਆਪਣੀ ਗੱਲ ਜਾਰੀ ਰੱਖਦਿਆਂ ਪੁੱਛਿਆ।

"ਦਰਅਸਲ ਉਨ੍ਹਾਂ ਦੇ ਮਾਮਲੇ 'ਚ ਚੋਣ ਦੀ ਪ੍ਰਕਿਰਿਆ ਦਾ ਸੁੱਤੇ-ਸਿਧ ਵਾਪਰ ਜਾਣਾ ਹੀ ਹੈ।" ਬਤਨ ਸਿੰਘ ਅਧਿਆਪਕ ਦੀ ਤਰ੍ਹਾਂ ਸਮਝਾਉਣ ਲੱਗਾ, "ਉਹ ਆਮ ਕਰ ਕੇ ਆਜ਼ਾਦ ਸੁਭਾਅ ਦੇ ਹੱਟੇ-ਕੱਟੇ ਜ਼ਿਮੀਦਾਰ ਸਨ ਜੋ ਆਪਣੀ ਇੱਛਾ ਨਾਲ ਵਧੇਰੇ ਆਮਦਨੀ ਵਾਲੇ ਰੁਜ਼ਗਾਰ ਲੱਭਣ ਗਏ ਸਨ। ਉਨ੍ਹਾਂ ਕੋਲ ਸਫ਼ਰ ਦੇ ਖਰਚ ਜੋਗੇ ਪੈਸੇ ਸਨ, ਜਾਂ ਉਨ੍ਹਾਂ ਨੇ ਸਕੇ-ਸਬੰਧੀਆਂ ਕੋਲੋਂ ਹੁਦਾਰ ਫੜ ਲਏ ਸਨ। ਉਹ ਵੱਡੇ ਜੇਰੇ ਵਾਲੇ ਉਦਮੀ ਲੋਕ ਸਨ ਜੋ ਆਪਣੀ ਭਾਸ਼ਾ ਤੇ ਸਭਿਆਚਾਰ ਤੋਂ ਦੂਰ ਪਰਦੇਸਾਂ ਵਿਚ ਜਾਣ ਖਾਤਰ ਲੰਮੀ ਸਮੁੰਦਰੀ ਯਾਤਰਾ ਕਰਨ ਲਈ ਤਿਆਰ ਸਨ।"

"ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਬੜੇ ਮਾਣ-ਮੱਤੇ ਸਨ। ਜਦ ਉਨ੍ਹਾਂ ਦੇ ਖ਼ਿਲਾਫ ਗੋਰੇ ਕੋਈ ਭੇਦ-ਭਾਵ ਵਰਤਦੇ, ਤਾਂ ਉਹ ਅਜਿਹੀ ਭਾਵਨਾ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਦੇਖਦੇ, ਤੇ ਕਈ ਵਾਰ ਤਾਂ ਅੜ ਵੀ ਜਾਂਦੇ। ਉਹ ਆਪਣੇ ਆਪ ਨੂੰ ਆਮ ਕਰ ਕੇ ਕਹਿੰਦੇ,

(ਜਦ) ਗੁਲਾਮ ਹਾਂ ਆਪਣੇ ਹੀ ਮੁਲਕ ਵਿਚ
ਨਫ਼ਰਤ ਹੈ ਸਾਡੇ ਲਈ ਜਿਥੇ ਵੀ ਜਾਈਏ ਅਸੀਂ
ਜ਼ਲਾਲਤ ਹੈ ਅਸਾਡੇ ਲਈ, ਕਿਤੇ ਵੀ ਜਾਈਏ ਅਸੀਂ।

"ਇਨ੍ਹਾਂ ਸਭਨਾਂ ਤੋਂ ਵੱਡੀ ਗੱਲ ਇਹ ਕਿ ਸਾਡੇ ਕੋਲ ਇਕ ਨਿਡਰ, ਨਿਝੱਕ ਤੇ ਤਕੜਾ ਇਨਕਲਾਬੀ ਲੀਡਰ ਸੀ ਲਾਲਾ ਹਰਦਿਆਲ।" ਬਤਨ ਸਿੰਘ ਮਾਣ ਨਾਲ ਗੱਲ ਜਾਰੀ ਰੱਖਦਿਆਂ ਕਹਿੰਦਾ।

"ਬਤਨ ਸਿੰਘ ਜੀ!" ਜਾਣੇ-ਪਛਾਣੇ ਅਥਲੀਟ ਅਤੇ ਪ੍ਰਤਿਭਾਸ਼ੀਲ ਕ੍ਰਿਕਟ ਖਿਡਾਰੀ ਜੈਮਲ ਸਿੰਘ ਨੇ ਕਿਹਾ, "ਤੁਹਾਨੂੰ ਗਦਰ ਲਹਿਰ ਬਾਰੇ ਇਉਂ ਖੁੱਲ੍ਹ ਕੇ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਉਸ ਸੁਕੜੂ ਜਿਹੇ ਬਦਮਾਸ਼ ਵਰਿਆਮ ਸਿੰਘ ਤੋਂ ਬਚ ਕੇ ਰਹਿਣਾ। ਉਹ ਪੁਲਿਸ ਦਾ ਮੁਖ਼ਬਰ ਹੈ। ਉਹ ਦੂਜੇ ਪਰਵਾਸੀਆਂ ਬਾਰੇ ਸੂਹ ਲੈਣ ਲਈ ਤੁਹਾਡਾ ਭਰੋਸਾ ਜਿੱਤਣ ਦੀ ਕੋਸ਼ਿਸ਼ ਕਰੇਗਾ। ਇਸ ਕਮੀਨਗੀ ਭਰੇ ਕੰਮ ਦੀ ਉਸ ਨੂੰ ਪਾਈ ਵੀ ਨਹੀਂ ਮਿਲਦੀ। ਉਸ ਨੂੰ ਤਾਂ ਬੱਸ ਕੁਰਸੀ ਦਾ ਲਾਲਚ ਹੈ।"

"ਕਿਉਂ ਉਹ ਕੁਰਸੀ ਖਰੀਦ ਨਹੀਂ ਸਕਦਾ?" ਬਤਨ ਸਿੰਘ ਨੇ ਪੁੱਛਿਆ।

"ਇਹ ਉਸ ਕੁਰਸੀ ਦੀ ਗੱਲ ਨਹੀਂ ਜੀ। ਉਹ ਤਾਂ ਸਰਕਾਰੀ ਮੁਲਾਜ਼ਮਾਂ ਦੀ ਤਰ੍ਹਾਂ ਕੁਰਸੀ 'ਤੇ ਬੈਠਣ ਦੀ ਸਹੂਲਤ ਭਾਲਦੈ; ਜਦ ਕਿ ਆਮ ਲੋਕਾਂ ਨੂੰ ਭੁੰਞੇ ਬੈਠਣਾ ਪੈਂਦਾ ਹੈ। ਉਹ ਤਾਂ ਕੁਰਸੀ-ਨਸ਼ੀਨ ਬਣਨਾ ਚਾਹੁੰਦੈ।"

"ਵਿਚਾਰਾ!" ਬਤਨ ਸਿੰਘ ਦੇ ਮੂੰਹੋਂ ਨਿਕਲਿਆ।

---

ਹੁਸ਼ਿਆਰਪੁਰ ਛਾਉਣੀ ਤੋਂ ਬਰਤਾਨਵੀ ਫੌਜੀ ਅਕਸਰ ਪਿੱਪਲਾਂਵਾਲੇ ਦੇ ਖੇਤਾਂ ਵਿਚ ਜਾਨਵਰਾਂ ਤੇ ਪੰਛੀਆਂ ਦਾ ਸ਼ਿਕਾਰ ਕਰਨ ਆ ਜਾਂਦੇ।

ਇਕ ਦਿਨ ਬੋਹੜ ਦੇ ਛਾਂਦਾਰ ਰੁੱਖਾਂ 'ਚ ਟਿਕਾਣਾ ਕਰੀਂ ਬੈਠੇ ਮੋਰਾਂ 'ਤੇ ਦੋ ਫੌਜੀਆਂ ਦੀ ਨੀਤ ਫਿੱਟ ਗਈ, ਤੇ ਉਹ ਉਨ੍ਹਾਂ ਨੂੰ ਮਾਰਨ ਆ ਗਏ। ਇਕ ਸ਼ਿਕਾਰੀ ਨੇ ਇਕ ਮੋਰ ਦਾ ਨਿਸ਼ਾਨਾ ਸਿੰਨ੍ਹਿਆ ਤੇ ਬੰਦੂਕ ਚਲਾ ਦਿੱਤੀ। ਮੋਰ ਧੜੰਮ ਕਰ ਕੇ ਹੇਠਾਂ ਆ ਡਿੱਗਿਆ। ਉਸ ਦੀ ਖ਼ੂਬਸੂਰਤ ਨੀਲੀ ਗਰਦਨ ਲਹੂ ਲੁਹਾਣ ਸੀ। ਉਸ ਦੀ ਸ਼ਾਨਦਾਰ ਪੂਛ ਦੇ ਖੰਭ ਬੇ-ਹਰਕਤ ਪਏ ਸਨ।

ਪਿੰਡ ਦੇ ਲੋਕ ਭੈ-ਭੀਤ ਹੋ ਗਏ। ਉਹ ਗੁੱਸੇ ਦੇ ਭਰੇ ਹੋਏ ਘਰਾਂ 'ਚੋਂ ਬਾਹਰ ਨਿਕਲ ਆਏ ਪਰ ਉਹ ਮਜਬੂਰ ਸਨ। ਉਹ ਹਾਕਮ ਜਮਾਤ ਦੇ ਲੋਕਾਂ ਦਾ ਵਿਰੋਧ ਕਰਨ ਤੋਂ ਡਰਦੇ ਸਨ।

ਲੋਕਾਂ ਦੀ ਭੀੜ 'ਚੋਂ ਬਤਨ ਸਿੰਘ ਅੱਗੇ ਵਧਿਆ। ਉਸ ਦਾ ਚਿਹਰਾ ਤਣਿਆ ਹੋਇਆ ਸੀ ਤੇ ਅੱਖਾਂ ਗੁਸੈਲੀਆਂ ਸਨ। ਉਸ ਨੇ ਝਪਟ ਮਾਰ ਕੇ ਬੰਦੂਕ ਦੀ ਨਾਲੀ ਆਪਣੇ ਹੱਥਾਂ 'ਚ ਲੈ ਲਈ।

"ਤੁਸੀਂ ਪਿੰਡ 'ਚ ਮੋਰ ਨਹੀਂ ਮਾਰ ਸਕਦੇ। ਇਹ ਤਾਂ ਸਾਡੇ ਬੱਚਿਆਂ ਨੇ ਪਾਲੇ ਹੋਏ ਨੇ", ਉਹ ਉਚੀ ਆਵਾਜ਼ 'ਚ ਬੋਲਿਆ।

"ਨਹੀਂ, ਇਹ ਤਾਂ ਜੰਗਲੀ ਪੰਛੀ ਨੇ।" ਫੌਜੀ ਨੇ ਜੁਆਬ ਦਿੱਤਾ।

"ਨਹੀਂ... ਇਹ ਜੰਗਲੀ ਬਿਲਕੁਲ ਨਹੀਂ, ਤੇ ਜੇ ਤੂੰ ਦੂਜੇ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਤੇਰੀ ਬੰਦੂਕ ਖੋਹ ਲਵਾਂਗਾ।" ਬਤਨ ਸਿੰਘ ਨੇ ਮੋੜਵਾਂ ਉਤਰ ਦਿੱਤਾ।

ਹੈਰਾਨੀ ਦੀ ਗੱਲ ਹੈ ਕਿ ਫੌਜੀ ਇਕਦਮ ਮੰਨ ਗਿਆ ਕਿ ਉਹ ਮੁੜ ਕਦੀ ਮੋਰਾਂ ਦਾ ਸ਼ਿਕਾਰ ਨਹੀਂ ਕਰੇਗਾ।

ਪਿੰਡ ਦੇ ਲੋਕ ਬਤਨ ਸਿੰਘ 'ਤੇ ਬੜਾ ਫ਼ਖ਼ਰ ਮਹਿਸੂਸ ਕਰ ਰਹੇ ਸਨ।

"ਇਹਦੇ 'ਚ ਗਦਰੀਆਂ ਵਾਲੀ ਆਤਮਾ ਹੈ।" ਜੈਮਲ ਸਿੰਘ ਨੇ ਵਡਿਆਈ ਕੀਤੀ।

"ਇਸ 'ਚ ਕੋਈ ਸ਼ੱਕ ਨਹੀਂ।"

ਪਿੰਡ ਵਾਸੀ ਉਸ ਦੇ ਸ਼ੁਕਰਗੁਜ਼ਾਰ ਸਨ।

## ਕਾਵਿ-ਵਿਅੰਗ

### ਚਾਪਲੂਸੀ

ਚਾਪਲੂਸੀ ਦਾ ਆਉਂਦਾ ਹੈ ਢੰਗ ਜਿਸ ਨੂੰ, ਕਾਰਜ ਉਸ ਦੇ ਆਉਂਦੇ ਨੇ ਰਾਸ ਬਹੁਤੇ।
ਜਿਹੜੇ ਕੇਂਦਰ 'ਚ ਨਕਲ ਦਾ ਬੋਲਬਾਲਾ, ਵਿਦਿਆਰਥੀ ਉਸ ਦੇ ਹੁੰਦੇ ਨੇ ਪਾਸ ਬਹੁਤੇ।
ਮੱਲਾਂ ਮਾਰਦੇ ਉਹ ਹੀ ਮੈਦਾਨ ਅੰਦਰ, ਜਿਹੜੇ ਭਲਵਾਨਾਂ ਨੇ ਕੀਤੇ ਅਭਿਆਸ ਬਹੁਤੇ।
ਕਰਦਾ ਕੰਮ ਦੀ ਜਦੋਂ ਕੋਈ ਗੱਲ 'ਚੋਹਲਾ', ਸਮਝਦੇ ਉਸ ਨੂੰ ਲੋਕ ਬਕਵਾਸ ਬਹੁਤੇ।

*-ਰਮੇਸ਼ ਬੱਗਾ ਚੋਹਲਾ, ਫੋਨ: 91-94631-32719*

# ਮਾਂ ਦੀ ਅਹੀ ਤਹੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਰੂਸ ਦੇ ਪ੍ਰਧਾਨ ਸ੍ਰੀ ਪੂਟਿਨ ਨੇ ਪਿਛਲੇ ਦਿਨੀਂ ਇਕ ਨਵਾਂ ਕਾਨੂੰਨ ਪਾਸ ਕੀਤਾ ਹੈ ਜੋ ਪਹਿਲੀ ਜੁਲਾਈ ਤੋਂ ਲਾਗੂ ਹੋ ਰਿਹਾ ਹੈ। ਇਸ ਅਨੁਸਾਰ ਫਿਲਮਾਂ, ਥੀਏਟਰ, ਸੰਗੀਤ, ਮੀਡੀਆ ਆਦਿ ਵਿਚ ਗੰਦੇ ਸ਼ਬਦਾਂ ਦੀ ਵਰਤੋਂ 'ਤੇ ਪਾਬੰਦੀ ਲਾਈ ਗਈ ਹੈ। ਪਾਬੰਦੀ ਤੋੜਨ ਵਾਲੇ ਵਿਅਕਤੀ ਨੂੰ 2500 ਰੂਬਲ ਅਤੇ ਕਾਰੋਬਾਰ ਨੂੰ 50,000 ਰੂਬਲ ਦਾ ਜੁਰਮਾਨਾ ਭਰਨਾ ਪੈ ਸਕਦਾ ਹੈ। ਬੋਲਚਾਲ ਦੀ ਰੂਸੀ ਭਾਸ਼ਾ ਵਿਚ ਗੰਦੇ ਸ਼ਬਦਾਂ ਦਾ ਬੇਹੱਦ ਪ੍ਰਯੋਗ ਹੁੰਦਾ ਹੈ। ਰੂਸੀ ਫਿਲਮ ਇੰਡਸਟਰੀ 'ਤੇ ਇਸ ਪਾਬੰਦੀ ਦਾ ਖਾਸਾ ਅਸਰ ਪਵੇਗਾ ਕਿਉਂਕਿ ਫਿਲਮੀ ਸੰਵਾਦਾਂ ਵਿਚ ਗਾਲਾਂ ਦੀ ਬਹੁਤ ਵਰਤੋਂ ਕੀਤੀ ਹੁੰਦੀ ਹੈ। ਮੈਂ ਇਥੇ ਗੰਦਾ ਸ਼ਬਦ ਵਰਤ ਰਿਹਾ ਹਾਂ ਕਿਉਂਕਿ ਪੰਜਾਬੀ ਵਿਚ ਇਸ ਆਸ਼ੇ ਲਈ ਮੈਨੂੰ ਕੋਈ ਬਹੁਤਾ ਢੁਕਵਾਂ ਸ਼ਬਦ ਮਿਲ ਨਹੀਂ ਰਿਹਾ। ਪਾਠਕ ਜੇ ਚਾਹੁਣ ਤਾਂ ਅਪਸ਼ਬਦ, ਗਾਲਾਂ, ਬਦਕਲਾਮੀ ਆਦਿ ਵੀ ਵਰਤ ਸਕਦੇ ਹਨ। ਪੂਟਿਨ ਸਾਹਿਬ ਨੇ ਇਹ ਵਿਵਸਥਾ ਰੂਸੀ ਭਾਸ਼ਾ ਦੀ ਸੁੱਧਤਾ ਅਤੇ ਪਰਿਵਾਰਕ ਮੁੱਲਾਂ ਨੂੰ ਕਾਇਮ ਰੱਖਣ ਲਈ ਕੀਤੀ ਹੈ।

ਕਿਹਾ ਜਾਂਦਾ ਹੈ ਕਿ ਇਸ ਪਿਛੇ ਰੂਸੀ ਜੀਵਨ ਵਿਚ ਔਰਥੋਡੌਕਸ ਚਰਚ ਦੇ ਵਧ ਰਹੇ ਪ੍ਰਭਾਵ ਅਤੇ ਜ਼ਬਰਦਸਤ ਟਕਰਾਅ ਵਿਚ ਪਏ ਯੂਕਰੇਨ ਵਿਚ ਰੂਸੀ ਭਾਸ਼ਾ ਬਚਾਉਣ ਦਾ ਆਸ਼ਾ ਕੰਮ ਕਰ ਰਿਹਾ ਹੈ। ਆਲੋਚਕਾਂ ਤੇ ਟਿੱਪਣੀਕਾਰਾਂ ਨੇ ਇਸ ਦਾ ਖੂਬ ਨੋਟਿਸ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸਲੀ ਭਾਵਨਾਵਾਂ ਪ੍ਰਗਟਾਉਣ ਲਈ ਲਚਰ ਸ਼ਬਦਾਂ ਦੀ ਵਰਤੋਂ ਲਾਜ਼ਮੀ ਹੁੰਦੀ ਹੈ। ਗਾਲਾਂ ਲੋਕਾਂ ਦੀ ਨਿੱਤ ਦੀ ਗੱਲਬਾਤ ਦਾ ਅਨਿਖੜਵਾਂ ਭਾਗ ਹਨ। ਦੱਬੇ-ਕੁਚਲੇ ਅਤੇ ਰਾਜਸੀ ਤੌਰ 'ਤੇ ਦਮਿਤ ਲੋਕਾਂ ਦੀਆਂ ਭਾਵਨਾਵਾਂ ਉਨ੍ਹਾਂ ਦੇ ਮੂੰਹੋਂ ਨਿਕਲੀਆਂ ਗਾਲਾਂ ਤੋਂ ਬਿਨਾਂ ਪ੍ਰਗਟਾਈਆਂ ਨਹੀਂ ਜਾ ਸਕਦੀਆਂ। ਯੁਧ ਨਾਲ ਸਬੰਧਤ ਫਿਲਮਾਂ ਤਾਂ ਗਾਲਾਂ ਤੋਂ ਬਿਨਾਂ ਚੱਲ ਹੀ ਨਹੀਂ ਸਕਦੀਆਂ ਕਿਉਂਕਿ ਨੀਰਸ ਜ਼ਿੰਦਗੀ ਬਤੀਤ ਕਰ ਰਹੇ ਫੌਜੀਆਂ ਕੋਲ ਗੁਭ-ਗਲ੍ਹਾਟ ਕੱਢਣ ਲਈ ਹੋਰ ਕੋਈ ਸਾਧਨ ਨਹੀਂ। ਗਾਲਾਂ ਜਾਂ ਗੰਦੇ ਬੋਲ ਸਦੀਆਂ ਤੋਂ ਰੂਸੀ ਭਾਸ਼ਾ ਦਾ ਹਿੱਸਾ ਹਨ, ਇਸ ਦਾ ਕਰੂਰ ਯਥਾਰਥ। ਆਲੋਚਕਾਂ ਦਾ ਇਹ ਵੀ ਕਹਿਣਾ ਹੈ ਕਿ ਲੀਡਰ ਲੋਕ ਖੁਦ ਨਿੱਜੀ ਜ਼ਿੰਦਗੀ ਵਿਚ ਗੰਦੀਆਂ ਗਾਲਾਂ ਦੀ ਖੁਲ੍ਹ ਕੇ ਵਰਤੋਂ ਕਰਦੇ ਹਨ ਇਸ ਲਈ ਲੋਕਾਂ 'ਤੇ ਮੜ੍ਹਿਆ ਨਵਾਂ ਕਾਨੂੰਨ ਨਿਰਾ ਪਖੰਡ ਹੈ। ਪੁਸ਼ਕਿਨ, ਦਾਸਤੋਵਸਕੀ, ਸੋਲੀਜ਼ੇਤਿਸਨ, ਸ਼ੋਲੋਖੋਵ ਆਦਿ ਜਿਹੇ ਰੂਸ ਦੇ ਵੱਡੇ ਲੇਖਕਾਂ ਨੇ ਅਜਿਹੇ ਗੰਦੇ ਬੋਲਾਂ ਦੀ ਖੁਲ੍ਹ ਕੇ ਵਰਤੋਂ ਕੀਤੀ ਹੈ। ਮੈਂ ਆਪਣੇ ਨਿੱਜੀ ਤਜ਼ਰਬੇ ਤੋਂ ਕਹਿ ਸਕਦਾ ਹਾਂ ਕਿ ਵੱਡੇ ਤੋਂ ਵੱਡੇ ਰਾਜਸੀ ਲੀਡਰ, ਸਾਹਿਤਕਾਰ, ਕਲਾਕਾਰ, ਧਾਰਮਿਕ ਲੀਡਰ, ਅਧਿਆਪਕ ਆਦਿ ਦੇ ਮੂੰਹੋਂ ਸਹਿਜ ਸੁਭਾਅ ਗੰਦੀਆਂ ਗਾਲਾਂ ਨਿਕਲਦੀਆਂ ਮੈਂ ਆਪ ਸੁਣੀਆਂ ਹਨ। ਕਈਆਂ ਦਾ ਤਾਂ ਗੰਦੀ ਗਾਲ ਤਕੀਆ ਕਲਾਮ ਹੀ ਬਣ ਚੁੱਕਾ ਹੈ।

ਹਰ ਭਾਸ਼ਾ ਵਿਚ ਕਈ ਪੱਧਰਾਂ ਦੀਆਂ ਅਸ਼ਲੀਲ ਉਕਤੀਆਂ ਵਰਤੀਆਂ ਜਾਂਦੀਆਂ ਹਨ। ਮਿਸਾਲ ਵਜੋਂ ਪੰਜਾਬੀ ਦੇ ਕੁਬੋਲ ਦਾਦੇ ਮਹੱਗਿਆ, ਕੁੱਤਾ, ਕੁੱਤੀ, ਸਾਲਾ ਆਦਿ ਕੁਝ ਹੱਦ ਤੱਕ ਸਹਿਣਯੋਗ ਹਨ। ਇਸ ਤੋਂ ਅੱਗੇ ਕੰਜਰ ਜਾਂ ਕੰਜਰੀ, ਹਰਾਮਜ਼ਾਦਾ, ਸਾਲਾ ਕੁੱਤਿਆਂ ਦਾ ਆਦਿ ਭਾਵੇਂ ਬਹੁਤ ਨਿੰਦਣਯੋਗ ਬਚਨ ਹਨ ਪਰ ਫਿਰ ਵੀ ਇਹ ਇਸਤਰੀ ਮਰਦ ਦੀ ਸਾਂਝੀ ਸੰਗਤ ਜਾਂ ਪਰਿਵਾਰ ਵਿਚ ਬੋਲੇ ਜਾ ਸਕਦੇ ਹਨ। ਹਰ ਭਾਸ਼ਾ ਵਿਚ ਸਭ ਤੋਂ ਪਹਿਲੇ ਦਰਜੇ ਦੀਆਂ ਗਾਲ੍ਹਾਂ ਸਿਧੀਆਂ ਲਿੰਗ ਸਬੰਧੀ ਹੁੰਦੀਆਂ ਹਨ ਖਾਸ ਤੌਰ 'ਤੇ ਇਸਤਰੀ ਅਤੇ ਮਰਦ ਦੇ ਗੁਪਤ ਅੰਗਾਂ ਜਾਂ ਸੰਭੋਗ ਵੱਲ ਸੰਕੇਤ ਕਰਦੀਆਂ। ਬਹੁਤਾ ਦੱਸਣ ਦੀ ਲੋੜ ਨਹੀਂ, ਪੰਜਾਬੀ ਵਿਚ 'ਮਾਂ ਚੋ..., ਭੈਣ ਚੋ...' ਆਦਿ ਅਤੇ ਹੋਰ ਬੇਸ਼ੁਮਾਰ ਲੰਬੀਆਂ ਲੰਬੀਆਂ ਗਾਲ੍ਹਾਂ ਇਸੇ ਕੋਟੀ ਵਿਚ ਆਉਂਦੀਆਂ ਹਨ। ਬਹੁਤ ਸਮਾਂ ਪਹਿਲਾਂ ਮੈਨੂੰ ਇਕ ਇੰਗਲੈਂਡ ਰਹਿੰਦਾ ਬੰਦਾ ਮਿਲਿਆ ਸੀ ਜਿਸ ਨੇ ਦੱਸਿਆ ਸੀ ਕਿ ਉਸ ਨੇ ਪੰਜਾਬੀ ਗਾਲ੍ਹਾਂ ਦਾ ਇਕ ਵੱਡਾ ਸਾਰਾ ਸੰਗ੍ਰਿਹ ਤਿਆਰ ਕੀਤਾ ਹੈ ਜਿਸ ਵਿਚ ਇਕ ਇਕ ਸਫੇ ਜਿੱਡੀਆਂ ਲੰਮੀਆਂ ਗਾਲਾਂ ਵੀ ਹਨ।



ਰੂਸ ਵਿਚ ਜਿਨ੍ਹਾਂ ਉਕਤੀਆਂ 'ਤੇ ਪਾਬੰਦੀ ਲਾਈ ਗਈ ਹੈ ਉਹ ਇਸਤਰੀ ਮਰਦ ਦੇ ਗੁਪਤ ਲਿੰਗਾਂ, ਸੰਭੋਗ ਅਤੇ ਵੇਸਵਾ ਨਾਲ ਸਬੰਧਤ ਹਨ। ਰੂਸੀ ਵਿਚ ਭਾਸ਼ਾ ਦੇ ਅਜਿਹੇ ਲੱਚਰ ਪ੍ਰਯੋਗ ਲਈ 'ਮਾਤ' ਸ਼ਬਦ ਦੀ ਵਰਤੋਂ ਹੁੰਦੀ ਹੈ ਤੇ ਸੱਚੀ ਗੱਲ ਹੈ ਕਿ ਮੋਟੇ ਤੌਰ 'ਤੇ ਇਸ ਸ਼ਬਦ ਨੇ ਹੀ ਮੈਨੂੰ ਹਥਲਾ ਲੇਖ ਲਿਖਣ ਲਈ ਪ੍ਰੇਰਿਆ ਹੈ। ਇਹ ਗੱਲ ਸਰਬਗਿਆਤ ਹੈ ਕਿ 'ਗੰਦੀ ਗਾਲ' ਉਤੇ ਆਮ ਤੌਰ 'ਤੇ ਮਰਦਾਂ ਦੀ ਇਜਾਰੇਦਾਰੀ ਹੈ ਅਤੇ ਮਰਦ ਪ੍ਰਧਾਨ ਸਮਾਜ ਵਿਚ ਗਾਲਾਂ ਦੇ ਜ਼ਰੀਏ ਔਰਤਾਂ ਨੂੰ ਹੇਚ ਕੀਤਾ ਜਾਂਦਾ ਹੈ, ਕਹਿ ਲਵੋ ਕਿ ਦੂਜੇ ਨੂੰ ਉਸ ਦੇ ਨਿਕਟਤਮ ਇਸਤਰੀ ਸਬੰਧੀਆਂ ਵੱਲ ਇੰਗਤ ਹੋ ਕੇ ਹੀ ਥੱਲੇ ਲਾਇਆ ਜਾਂਦਾ ਹੈ। ਇਹ ਇਕ ਤਰ੍ਹਾਂ ਔਰਤ ਦਾ ਭਾਸ਼ਾਈ ਜਬਰਜਿਨਾਹ ਹੈ। ਬੋਲਚਾਲ ਵਿਚ ਗਾਲ੍ਹਾਂ ਦੀ ਵਰਤੋਂ ਏਨੀ ਸਹਿਜ ਅਤੇ ਭਰਪੂਰ ਹੋ ਚੁੱਕੀ ਹੈ ਕਿ ਅਕਸਰ ਹੀ ਮਨੁਖ ਆਪਣੇ ਆਪ ਨੂੰ ਵੀ ਗਾਲ੍ਹ ਕਢਦਾ ਆਪਣੀ ਮਾਂ-ਭੈਣ ਇਕ ਕਰ ਦਿੰਦਾ ਹੈ। ਮਨੁਖ ਦਾ ਸਭ ਤੋਂ ਭਾਵਕ, ਜੈਵਿਕ ਅਤੇ ਘਣਾ ਸਬੰਧ ਆਪਣੀ ਮਾਂ ਨਾਲ ਹੁੰਦਾ ਹੈ, ਇਸ ਲਈ ਬਹੁਤੀਆਂ ਗਾਲ੍ਹਾਂ ਮਾਂ ਵੱਲ ਹੀ ਸੇਧਿਤ ਹੁੰਦੀਆਂ ਹਨ। ਉਂਜ ਵੀ ਔਰਤ ਕਿਸੇ ਵੀ ਰਿਸ਼ਤੇ ਵਿਚ ਹੋਵੇ, ਮਨੁਖ ਜਾਤੀ ਦੀ ਜਣਨੀ ਹੈ, ਉਸ ਦੀ ਮਾਂ ਹੀ ਹੈ। ਇਹੀ ਕਾਰਨ ਹੈ ਕਿ ਗੰਦੀਆਂ ਗਾਲ੍ਹਾਂ ਲਈ ਰੂਸੀ ਭਾਸ਼ਾ ਵਿਚ 'ਮਾਤ' ਸ਼ਬਦ ਰੂੜ੍ਹ ਹੋ ਗਿਆ ਹੈ, ਇਹ ਮਾਤ ਸ਼ਬਦ ਪੰਜਾਬੀ ਦੇ ਮਾਤਾ ਸ਼ਬਦ ਦਾ ਹੀ ਅਰਥਾਵਾਂ ਅਤੇ ਸੁਜਾਤੀ ਹੈ।

ਰੂਸੀ ਹਿੰਦ-ਯੂਰਪੀ ਭਾਸ਼ਾ ਪਰਿਵਾਰ ਦੀ ਸਲਾਵਿਕ ਸ਼ਾਖਾ ਨਾਲ ਸਬੰਧ ਰਖਦੀ ਹੈ। ਬੇਸ਼ੁਮਾਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਮਾਂ, ਪਿਉ, ਭਰਾ, ਭੈਣ ਜਿਹੇ ਮੁਢਲੇ ਮਨੁਖੀ ਸਬੰਧ ਦਰਸਾਉਂਦੇ ਸ਼ਬਦਾਂ ਦੀ ਮੂਲਕ ਸਾਂਝ ਹੈ। ਬਾਕੀਆਂ ਦੀ ਚਰਚਾ ਫਿਰ ਕਦੇ ਕਰਾਂਗੇ, ਅੱਜ ਮਾਤਾ ਸ਼ਬਦ ਲੈਂਦੇ ਹਾਂ। ਇਸ ਦਾ ਭਾਰੋਪੀ ਮੂਲ 'ਮਾਤਰ' ਜਿਹਾ ਹੈ। ਗੁਰੂ ਅਰਜਨ ਦੇਵ ਨੇ ਤਾਂ ਮਾਂ ਦੇ ਅਰਥਾਂ ਵਿਚ ਮਾਤਰ ਸ਼ਬਦ ਵੀ ਵਰਤਿਆ ਹੈ, "ਮਾਤਰ ਪਿਤਰ ਤਿਆਗਕੈ ਮਨ ਸੰਤਨ ਪਾਹਿ ਬੇਚਾਇਓ॥" ਮਾਤਾ ਲਈ ਪੰਜਾਬੀ ਵਿਚ ਮਾਤ ਸ਼ਬਦ ਵੀ ਚਲਦਾ ਹੈ ਜਿਵੇਂ ਮਾਤ-ਪਿਤਾ ਸ਼ਬਦ ਜੁੱਟ ਵਿਚ। ਫਾਰਸੀ ਵਿਚ ਇਸ ਲਈ ਮਾਦਰ ਸ਼ਬਦ ਹੈ ਤਾਂ ਅੰਗਰੇਜ਼ੀ ਵਿਚ 'ਮਦਰ', ਲਾਤੀਨੀ ਵਿਚ ਮਟਰ, ਅੰਗਰੇਜ਼ੀ ਮੈਟਰਨਲ ਇਸੇ ਤੋਂ ਬਣਿਆ। ਯੂਨਾਨੀ ਵਿਚ ਮੈਟਰ ਹੈ, ਇਤਾਲਵੀ ਵਿਚ ਮਾਦਰ, ਅਲਬੇਨੀਅਨ ਵਿਚ ਮੌਤਰੇ। ਰੂਸੀ ਵਿਚ ਜਾ ਕੇ ਇਹ 'ਮਾਤੇ' ਰੂਪ ਧਾਰ ਲੈਂਦਾ ਹੈ। ਗੰਦੀ ਭਾਸ਼ਾ ਦੇ ਅਰਥਾਂ ਵਿਚ ਉਪਰ ਚਰਚਿਤ ਸ਼ਬਦ ਰੂਸੀ ਮਾਤਰਿਤ ਤੋਂ ਬਣਿਆ ਜਾਂ ਇਸ ਦਾ ਸੰਖੇਪ ਹੈ। ਇਸ ਦਾ ਸ਼ਾਬਦਿਕ ਅਰਥ ਹੈ, "ਕਿਸੇ ਦੀ ਮਾਂ ਨੂੰ ਫਿਟਕਾਰਨਾ ਜਾਂ ਨੌਲਣਾ॥" ਅਸਲ ਵਿਚ ਬਹੁਤ ਸਾਰੀਆਂ ਸਲਾਵਿਕ ਭਾਸ਼ਾਵਾਂ ਵਿਚ ਇਸ ਆਸ਼ੇ ਲਈ 'ਮਾਤ' ਸ਼ਬਦ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਸੋ, ਗਾਲ੍ਹ ਕੱਢਣਾ ਮੁਢਲੇ ਤੌਰ 'ਤੇ ਕਿਸੇ ਦੀ ਮਾਂ ਦੀ ਅਹੀ ਤਹੀ ਫੇਰਨਾ ਹੀ ਹੈ।

ਪੰਜਾਬੀ ਦੀ ਹੀ ਤਰਾਂ ਰੂਸੀ ਵਿਚ ਵੀ ਗਾਲ੍ਹਾਂ ਨਾਲ ਸਬੰਧਤ ਬੋਲਾਂ ਵਿਚ ਆਮ ਤੌਰ 'ਤੇ ਇਸਤਰੀ ਮਰਦ ਦੇ ਲਿੰਗ, ਸੰਭੋਗ, ਵੇਸਵਾਗੀਰੀ ਜਾਂ ਫਿਰ ਹੱਗਣ ਵੱਲ ਇਸ਼ਾਰਾ ਹੁੰਦਾ ਹੈ। ਪਰ ਰੂਸੀ ਭਾਸਾ ਵਿਚ ਇਨ੍ਹਾਂ ਭਾਵਾਂ ਨੂੰ ਦਰਸਾਉਂਦੇ ਸ਼ਬਦ ਇਨ੍ਹਾਂ ਮੁਢਲੇ ਸ਼ਬਦਾਂ ਦੇ ਨਾਲ ਕਈ ਅਗੇਤਰ, ਪਿਛੇਤਰ ਜਾਂ ਵਧੇਤਰ ਲਗ ਕੇ ਬਣਦੇ ਹਨ। ਨਵੇਂ ਬਣੇ ਸ਼ਬਦਾਂ ਦੀ ਗਿਣਤੀ ਸੈਂਕੜਿਆਂ ਵਿਚ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਇਹ ਰੂਸੀ ਭਾਸ਼ਾ ਦੀ ਅਮੀਰੀ ਦੇ ਸੂਚਕ ਹਨ। ਗਾਲ੍ਹਾਂ ਲਈ ਨਿਸ਼ਾਨਾ ਬਣਾਏ ਮੁਢਲੇ ਅੰਗਾਂ ਜਾਂ ਸਬੰਧਾਂ ਨੂੰ ਦਰਸਾਉਂਦੇ ਕਈ ਮੂਲ ਸ਼ਬਦ ਹਿੰਦ-ਯੂਰਪੀ ਭਾਸ਼ਾਵਾਂ ਨਾਲ ਸਾਂਝੇ ਹਨ ਪਰ ਮੈਂ ਬਹੁਤਿਆਂ ਦਾ ਪੰਜਾਬੀ ਨਾਲ ਨਿਸ਼ਚਿਤ ਨਾਤਾ ਨਹੀਂ ਲੱਭ ਸਕਿਆ। ਜ਼ਰੂਰੀ ਨਹੀਂ ਹਰ ਹਿੰਦ-ਯੂਰਪੀ ਖਾਸੇ ਵਾਲੇ ਸ਼ਬਦ ਦੇ ਸਗੋਤਰੇ ਇਸ ਪਰਿਵਾਰ ਦੀ ਹਰ ਭਾਸ਼ਾ ਵਿਚ ਹੋਣ, ਕੁਝ ਤਾਂ ਸਿਰਫ ਇਸ ਦੀ ਕਿਸੇ ਸ਼ਾਖਾ ਵਿਚ ਹੀ ਸੀਮਿਤ ਰਹਿ ਜਾਂਦੇ ਹਨ। ਹਾਂ, ਸੰਭੋਗ ਸ਼ਬਦ ਲਈ ਵਰਤੇ ਜਾਂਦੇ ਇਕ ਸ਼ਬਦ ਦਾ ਰਿਸ਼ਤਾ ਜ਼ਰੂਰ ਪੰਜਾਬੀ ਨਾਲ ਜੋੜ ਸਕਿਆ ਹਾਂ ਜਿਸ ਦਾ ਜ਼ਿਕਰ ਕਰਨ ਜਾ ਰਿਹਾ ਹਾਂ। ਸੰਭੋਗ ਕਰਨ ਦੇ ਅਰਥਾਂ ਲਈ ਰੂਸੀ ਗਾਲ੍ਹਾਂ ਵਿਚ ਵਰਤੇ ਸ਼ਬਦ ਦਾ ਮੁਢਲਾ ਰੂਪ ਹੈ, 'ਯਬਾਤ।' ਇਸ ਤੋਂ ਬਣੀ ਗਾਲ 'ਯੋਬ ਤਵੋਊ ਮਤ' ਆਮ ਤੌਰ 'ਤੇ 'ਸੱਚੀਂ?', 'ਵਾਹ!' ਜਿਹੇ ਅਰਥਾਂ ਵਿਚ ਵਰਤੀ ਜਾਂਦੀ ਹੈ ਪਰ ਇਸ ਦਾ ਸ਼ਾਬਦਿਕ ਅਰਥ ਹੈ, ਤੇਰੀ ਮਾਂ ਚੋ..., ਤੇਰੀ ਮਾਂ ਨੂੰ ਯਾਂ। ਪੰਜਾਬੀ ਵਿਚ ਅਜਿਹੇ ਆਸ਼ੇ ਲਈ 'ਭੈਣ ਦੀ ਯਾ ਗਿਆ' ਜਿਹੀ ਉਕਤੀ ਵੀ ਵਰਤੀ ਜਾਂਦੀ ਹੈ। ਇਕ ਹੋਰ ਰੂਸੀ ਗਾਲ 'ਯੋਬਨੀ ਵ ਰੋਤ' ਹੈਰਾਨੀ ਦੇ ਭਾਵ ਵਿਅਕਤ ਕਰਨ ਲਈ ਵਰਤੀ ਜਾਂਦੀ ਹੈ, ਇਸ ਦੇ ਸ਼ਾਬਦਿਕ ਅਰਥ ਮੌਖਿਕ ਸੰਭੋਗ ਵੱਲ ਇਸ਼ਾਰਾ ਕਰਦੇ ਹਨ। ਇਸੇ ਸ਼ਬਦ ਦੀ ਵਰਤੋਂ ਵਾਲੀ ਇਕ ਹੋਰ ਗਾਲ ਦਾ ਅਰਥ ਬਣਦਾ ਹੈ 'ਇਕ ਵਾਰੀ ਭੋਗਿਆ' ਪਰ ਇਸ ਨੂੰ ਪਾਗਲ, ਜਨੂੰਨੀ, ਝੱਲਾ ਆਦਿ ਦੇ ਭਾਵ ਦਰਸਾਉਣ ਲਈ ਵਰਤਿਆ ਜਾਂਦਾ ਹੈ। ਧਿਆਨ ਦਿਓ, ਅੰਗਰੇਜ਼ੀ ਦਾ ਸ਼ਬਦ 'ਫੱਕ' ਜਿਸ ਦਾ ਮੁਢਲਾ ਅਰਥ ਤਾਂ ਸੰਭੋਗ ਕਰਨਾ ਹੈ ਪਰ ਇਹ ਅਜਿਹਾ ਖੁਲ੍ਹਾ ਸ਼ਬਦ ਬਣ ਗਿਆ ਹੈ ਕਿ ਇਸ ਦੀ ਹਰ ਤਰ੍ਹਾਂ ਦੇ ਤੀਬਰ ਭਾਵ ਦਰਸਾਉਣ ਲਈ ਖੁਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ।

ਖੈਰ, ਚਰਚਿਤ ਰੂਸੀ ਸ਼ਬਦ ਵਿਚ ਆਇਆ ਭੋਗ ਦੇ ਅਰਥਾਂ ਵਾਲਾ ਸ਼ਬਦ ਹਿੰਦ-ਯੂਰਪੀ ਖਾਸੇ ਵਾਲਾ ਹੈ। ਇਸ ਦੇ ਯੂਨਾਨੀ ਸਗੋਤੀ ਸ਼ਬਦ ਦਾ ਅਰਥ ਹੈ ਵਿਆਹੇ ਰੂਪ ਵਿਚ ਵਸਣਾ। ਸੰਸਕ੍ਰਿਤ ਵਿਚ ਇਸ ਲਈ ਸ਼ਬਦ 'ਯਭਤਿ' ਹੈ ਜਿਸ ਦਾ ਅਰਥ ਹੈ ਭੋਗਣਾ ਜਾਂ ਭੋਗ ਕਰਨਾ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪੁਆੜਾ, ਟੰਟਾ ਆਦਿ ਦੇ ਅਰਥਾਂ ਵਾਲਾ 'ਜਭ' ਸ਼ਬਦ ਇਸੇ ਸੰਸਕ੍ਰਿਤ ਸ਼ਬਦ ਦਾ ਬਦਲਿਆ ਰੁਪਾਂਤਰ ਹੈ। ਕਿਸੇ ਕਸੂਤੀ ਸਥਿਤੀ ਵਿਚ ਹੋਈਏ ਤਾਂ ਅਸੀਂ ਕਹਿੰਦੇ ਹਾਂ, 'ਬੜੇ ਜਭ ਵਿਚ ਪਏ!' ਇਹ ਜਭ ਕੀ ਹੈ? ਸੰਭੋਗ ਦੀ ਕ੍ਰਿਆ ਵਿਚ ਪਏ ਇਸਤਰੀ-ਪੁਰਸ਼ ਸਰੀਰ ਦੇ ਅੰਗਾਂ ਨੂੰ, ਪੁੱਠੀਆਂ-ਸਿਧੀਆਂ ਅਜੀਬੋ-ਗਰੀਬ ਆਸਣਾਂ ਜਾਂ ਸਥਿਤੀਆਂ ਵਿਚ ਪਾਉਂਦੇ ਹਨ, ਇਹ ਸਥਿਤੀ ਯਭਿਤ ਹੋਣ ਦੀ ਹੈ ਜਾਂ ਪੰਜਾਬੀ ਵਿਚ 'ਜਭ' ਦੀ। ਸਭ ਪੰਜਾਬੀ ਇਸਤਰੀਆਂ-ਮਰਦ ਬਿਨਾ ਪਿਛੋਕੜ ਜਾਣੇ ਇਸ ਸ਼ਬਦ ਦੀ ਆਮ ਹੀ ਵਰਤੋਂ ਕਰਦੇ ਹਨ। ਫੇਸਬੁੱਕ ਤੇ ਇਕ ਗਰੁਪ ਦਾ ਨਾਂ ਹੈ, 'ਪੰਜਾਬੀ ਲੋਕਧਾਰਾ।' ਇਸ ਵਿਚ ਆਮ ਤੌਰ ਤੇ ਠੇਠ ਪੰਜਾਬੀ ਸ਼ਬਦਾਂ ਦੀ ਹੀ ਚਰਚਾ ਹੁੰਦੀ ਹੈ ਪਰ ਸਮੂਹ ਦੇ ਸੰਚਾਲਕ 'ਗੰਦੇ' ਸ਼ਬਦਾਂ ਦੀ ਚਰਚਾ ਨਹੀਂ ਹੋਣ ਦਿੰਦੇ ਕਿਉਂਕਿ ਉਨ੍ਹਾਂ ਅਨੁਸਾਰ ਪੰਜਾਬ ਦਾ ਸਭਿਆਚਾਰ ਬਹੁਤ ਉਚ ਪਾਏ ਦਾ ਹੈ ਜਾਂ ਸ਼ਾਇਦ ਉਹ ਲੈਂਗਿਕ ਪੱਖ ਨੂੰ ਗੰਦਾ ਸਮਝ ਕੇ ਇਸ ਨੂੰ ਅਣਡਿਠਿਆਂ ਕਰਨਾ ਚਾਹੁੰਦੇ ਹਨ। ਇਹ ਸੱਚਾਈ ਤੋਂ ਅੱਖਾਂ ਮੀਟਣਾ ਹੈ। ਮੈਂ ਉਨ੍ਹਾਂ ਨੂੰ ਕਈ ਵਾਰੀ ਸੁਝਾਅ ਦਿੱਤਾ ਕਿ ਸਭਿਆਚਾਰ ਦੇ ਹਰ ਪੱਖ ਨੂੰ ਫਰੋਲਣ ਦੀ ਲੋੜ ਹੁੰਦੀ ਹੈ ਪਰ ਉਨ੍ਹਾਂ ਮੇਰੀ ਗੱਲ ਵੱਲ ਧਿਆਨ ਨਾ ਦਿੱਤਾ। ਇਕ ਦਿਨ ਕਿਸੇ ਔਰਤ ਨੇ ਜਭ ਸ਼ਬਦ 'ਤੇ ਚਰਚਾ ਸ਼ੁਰੂ ਕਰ ਦਿੱਤੀ। ਜਦ ਮੈਂ ਇਸ ਸ਼ਬਦ ਦੀ ਅਸਲੀਅਤ ਦੱਸੀ ਤਾਂ ਸਭ ਚੁੱਪ ਹੋ ਗਏ।

ਜਭ ਵਿਚ ਪਏ ਬੰਦੇ ਦੀ ਹਾਲਤ ਤਰਸਯੋਗ ਹੁੰਦੀ ਹੈ ਜਿਵੇਂ ਹਾਲਤਾਂ ਨੇ ਉਸ ਨਾਲ ਮਖੌਲ ਕੀਤਾ ਹੁੰਦਾ ਹੈ, ਉਸ ਨੂੰ ਮੂਰਖ ਬਣਾਇਆ ਹੁੰਦਾ ਹੈ। ਕੋਈ ਹੈਰਾਨੀ ਨਹੀਂ ਕਿ ਇਸ ਤੋਂ ਬਣੇ ਸ਼ਬਦ ਜਭਲ ਦਾ ਅਰਥ ਮੂਰਖ, ਬੇਵਕੂਫ, ਮੂੜ੍ਹ ਹੁੰਦਾ ਹੈ। ਯਭਤਿ ਤੋਂ ਹੀ ਪੰਜਾਬੀ ਵਿਚ ਵਰਤਿਆ ਜਾਂਦਾ ਇਕ ਹੋਰ ਰੁਪਾਂਤਰ ਹੈ 'ਯਹਿਣਾ' ਜਿਸ ਦਾ ਅਰਥ ਔਰਤ ਨੂੰ ਭੋਗਣਾ ਹੁੰਦਾ ਹੈ। ਪੰਜਾਬੀ ਗਾਲ੍ਹਾਂ ਵਿਚ ਇਸ ਦੀ ਖਾਸੀ ਵਰਤੋਂ ਹੁੰਦੀ ਹੈ ਜਿਵੇਂ ਤੇਰੀ 'ਮਾਂ ਨੂੰ ਯਾਂ' ਜਾਂ 'ਭੈਣ ਈ ਯਾਹ ਗਿਆ!' ਹਿੰਦੀ ਨਿਰੁਕਤਕਾਰ ਅਜਿਤ ਵਡਨੇਰਕਰ ਨੇ 'ਜੱਟ ਯਮਲਾ ਪਗਲਾ ਦੀਵਾਨਾ' ਦੇਖੀ ਤਾਂ ਮੈਥੋਂ ਯਮਲਾ ਸ਼ਬਦ ਦੀ ਵਿਉਤਪਤੀ ਪੁਛ ਲਈ। ਮੈਂ ਜਭਲੀ ਮਾਰੀ, 'ਇਹ ਜਭਲ ਦਾ ਵਿਗੜਿਆ ਰੂਪ ਹੋ ਸਕਦਾ ਹੈ।' ਤੇ ਮੇਰਾ ਅਨੁਮਾਨ ਸਹੀ ਹੋ ਸਕਦਾ ਹੈ!

# ਗਾਇਕ ਅਤੇ ਲੇਖਕ ਦਲੀਪ ਸਿੰਘ 'ਦੀਪ'

## ਅਨਮੋਲ ਹੀਰੇ

ਦਲੀਪ ਸਿੰਘ ਦੀਪ ਉਨ੍ਹਾਂ ਕਲਾਕਾਰਾਂ ਵਿਚੋਂ ਹੈ, ਜਿਨ੍ਹਾਂ ਨੂੰ ਗਾਇਕ ਦੇ ਨਾਲ-ਨਾਲ ਲੇਖਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦੀਆਂ ਗੀਤਾਂ ਅਤੇ ਗ਼ਜ਼ਲਾਂ ਦੀਆਂ 6 ਕਿਤਾਬਾਂ 'ਦੀਪ ਦੇ ਗੀਤ', 'ਬਹਿ ਜਾ ਨੀਂ ਸਕੂਟਰ 'ਤੇ', 'ਦੁੱਧ ਵਾਂਗੂੰ ਪੀ ਮਿੱਤਰਾ', 'ਕੁੜੀਏ ਬਦਾਮੀ ਰੰਗੀਏ', 'ਜਗਦੇ ਦੀਪ', 'ਹੀਰਾ ਬੇਮਿਸਾਲ ਏ' ਪ੍ਰਕਾਸ਼ਤ ਹੋ ਚੁੱਕੀਆਂ

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 91-94175-33060

ਹਨ। ਉਨ੍ਹਾਂ ਦੇ ਬਹੁਤ ਸਾਰੇ ਗੀਤ ਵੀ ਰਿਕਾਰਡ ਹੋ ਚੁੱਕੇ ਹਨ। ਦਲੀਪ ਸਿੰਘ ਨੇ ਸਵਰਨ ਲਤਾ ਅਤੇ ਬਲਬੀਰ ਸੁਰੱਈਆ ਨਾਲ ਸਟੇਜਾਂ 'ਤੇ ਗਾਇਆ ਅਤੇ ਗਾਣੇ ਵੀ ਰਿਕਾਰਡ ਕਰਵਾਏ।

ਦਲੀਪ ਸਿੰਘ ਦਾ ਜਨਮ 26 ਅਗਸਤ 1924 ਨੂੰ ਮਾਤਾ ਕ੍ਰਿਸ਼ਨ ਕੌਰ, ਪਿਤਾ ਸ. ਲਾਭ ਸਿੰਘ ਹੰਸਪਾਲ ਦੇ ਘਰ ਬਿਆਸ ਦਰਿਆ ਦੇ ਕੰਢੇ ਵੱਸੇ ਪਿੰਡ ਵੜੈਚ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਰੇਲਵੇ ਵਿਚ ਇੰਜੀਨੀਅਰ ਸਨ। ਸੰਨ 1942 ਵਿਚ ਉਨ੍ਹਾਂ ਪਹਿਲੀ ਵਾਰ ਟਿੱਬਾ ਪੰਡਤਾਂ ਰਾਮਗੜ੍ਹ (ਲਾਹੌਰ) ਦੇ ਸਿੰਘ ਸਭਾ ਗੁਰਦੁਆਰੇ ਦੀ ਸਟੇਜ 'ਤੇ ਖ਼ੁਦ ਹਾਰਮੋਨੀਅਮ ਵਜਾ ਕੇ ਸ਼ਬਦ ਗਾਇਨ ਕੀਤਾ। ਸੰਗੀਤ ਦੀ ਸਿੱਖਿਆ ਉਨ੍ਹਾਂ ਰੇਡੀਓ ਆਰਟਿਸਟ ਬੰਤਾ ਸਿੰਘ ਪਾਸੋਂ ਹਾਸਲ ਕੀਤੀ। ਉਸ ਵੇਲੇ ਉਨ੍ਹਾਂ ਦੇ ਗੁਆਂਢ ਪੰਚੋਲੀ ਆਰਟ ਪਿਕਚਰ ਦੇ ਸੰਗੀਤ ਨਿਰਦੇਸ਼ਕ ਡੀ.ਐਨ. ਮਧਹੋਕ ਰਹਿੰਦੇ ਸਨ, ਇਸ ਲਈ ਦਲੀਪ ਸਿੰਘ ਨੇ ਉਨ੍ਹਾਂ ਕੋਲੋਂ ਵੀ ਗਾਇਨ ਕਲਾ ਦੀ ਸਿਖਲਾਈ ਲਈ।

ਸੰਨ 1944 ਵਿਚ ਦਲੀਪ ਸਿੰਘ ਦਾ ਵਿਆਹ ਲਾਹੌਰ 'ਚ ਬੀਬੀ ਪ੍ਰਕਾਸ਼ ਕੌਰ ਨਾਲ ਹੋਇਆ। ਦੇਸ਼ ਵੰਡ ਤੋਂ ਬਾਅਦ ਉਹ ਪਰਿਵਾਰ ਸਮੇਤ ਪਿੰਡ ਬਿਆਸ ਆ ਵੱਸੇ। ਇੱਥੇ ਉਨ੍ਹਾਂ ਦੇ ਘਰ ਪੁੱਤ ਅਜੀਤ ਸਿੰਘ ਦਾ ਜਨਮ ਹੋਇਆ। ਫਿਰ ਉਹ ਲੁਧਿਆਣਾ ਆ ਗਏ। ਇੱਥੇ ਉਨ੍ਹਾਂ ਨੇ ਪਰਿਵਾਰ ਦੇ ਗੁਜ਼ਾਰੇ ਲਈ ਕਾਰਖਾਨਾ ਲਾਇਆ ਅਤੇ ਮਾਸਟਰ ਰਤਨ ਹੈਦਰਾਬਾਦੀ ਤੇ ਮਾਸਟਰ ਸੀਤਾ ਰਾਮ ਕਲਸੀ ਪਾਸੋਂ ਸ਼ਾਸਤਰੀ ਸੰਗੀਤ ਦੀ ਸਿੱਖਿਆ ਲਈ।

ਸਾਲ 1950 ਵਿਚ ਆਲ ਇੰਡੀਆ ਰੇਡੀਓ ਨੇ 'ਏ ਕਲਾਸ' ਕਲਾਕਾਰ ਵਜੋਂ ਉਨ੍ਹਾਂ ਦੀ ਆਵਾਜ਼ ਨੂੰ ਗੀਤਾਂ ਵਿਚ ਪਰੋ ਕੇ ਘਰ-ਘਰ ਪਹੁੰਚਾਇਆ। ਸੰਨ 1961 ਵਿਚ ਉਨ੍ਹਾਂ ਦੀ ਗਾਇਕੀ ਗ੍ਰਾਮੋਫੋਨ ਰਿਕਾਰਡਾਂ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕਰਨ ਲੱਗੀ। ਇੰਗਲੈਂਡ ਦੀ ਕੋਲੰਬੀਆ ਗ੍ਰਾਮੋਫੋਨ ਕੰਪਨੀ ਅਤੇ ਐਚ.ਐਮ.ਵੀ. ਕੰਪਨੀ ਵਿਚ ਇਨ੍ਹਾਂ ਦੀ ਬਹੁਤ ਰਿਕਾਰਡਿੰਗ ਹੋਈ। ਉਨ੍ਹਾਂ ਦੇ 'ਕਿੱਥੇ ਚੱਲੀ ਏਂ ਸਰ੍ਹੋਂ ਦਾ ਫੁੱਲ ਬਣ ਕੇ, ਕੁੜੀਏ ਬਦਾਮੀ ਰੰਗੀਏ', 'ਮੇਰੇ ਰੰਗ 'ਤੇ ਦੁਪੱਟਾ ਕਿਹੜਾ ਸੱਜਦਾ, ਕੁੜੀਆਂ ਨੂੰ ਪੁੱਛਦੀ ਫਿਰਾਂ', 'ਨੀਂ ਮੱਸਿਆ ਮੈਂ ਚੱਲਿਆ', 'ਕਾਹਨੂੰ ਦੇਨੀਂ ਏਂ ਧੱਕੇ ਦਾ ਭਾੜਾ, ਬੋਤਾ ਲੈ ਜਾ ਮਿੱਤਰਾਂ ਦਾ', 'ਨੀ ਬਿੱਲੋ ਖਾ ਲੈ ਨਾਸ਼ਪਾਤੀਆਂ, ਨਿੱਤ-ਨਿੱਤ ਨਹੀਂ ਸ਼ਹਿਰ ਵਿਚ ਆਉਣਾ', 'ਨੱਕੇ ਮੋੜਦੀ ਝਾਂਜਰਾਂ ਵਾਲੀ, ਪਾਣੀ 'ਚ ਪਿਆਰ ਘੋਲਦੀ', 'ਮੈਂ ਬੀ.ਏ. ਪਾਸ ਤੂੰ ਅੱਠਵੀਂ ਫੇਲ੍ਹ, ਮੇਰਾ ਮੰਨਦਾ ਫਿਰ ਨਹੀਂ ਕਹਿਣਾ, ਤੇਰੇ ਘਰ ਨਹੀਂ ਰਹਿਣਾ' ਆਦਿ ਗਾਣੇ ਬਹੁਤ ਮਕਬੂਲ ਹੋਏ। ਇਹ ਰਿਕਾਰਡ ਸਾਲਾਂਬੱਧੀ ਲੋਕਾਂ ਦੇ ਬਨੇਰਿਆਂ, ਵਿਆਹਾਂ ਤੇ ਹੋਰ ਖ਼ੁਸ਼ੀਆਂ ਦੇ ਮੌਕੇ 'ਤੇ ਘਰ ਦੇ ਵਿਹੜਿਆਂ ਅਤੇ ਪਿੰਡਾਂ ਦੇ ਅਖਾੜਿਆਂ ਵਿਚ ਵੱਜਦੇ ਰਹੇ। ਉਨ੍ਹਾਂ ਨੇ ਦੋ ਪੰਜਾਬੀ ਫ਼ਿਲਮਾਂ 'ਤੇਰੀ ਮੇਰੀ ਇੱਕ ਜਿੰਦੜੀ' ਅਤੇ 'ਕਵਿਤਾ' ਵਿਚ ਬਤੌਰ ਪਿੱਠਵਰਤੀ ਗਾਇਕ ਗਾਣੇ ਗਾਏ।



ਦਲੀਪ ਸਿੰਘ 'ਦੀਪ' ਰਿਕਾਰਡ (ਤਵੇ) ਬਣਾਉਣ ਵਾਲੀ ਐਚ.ਐਮ.ਵੀ. ਕੰਪਨੀ ਦੇ ਸਟੂਡੀਓ ਵਿਚ ਆਪਣਾ ਗੀਤ ਰਿਕਾਰਡ ਕਰਵਾਉਂਦੇ ਹੋਏ। ਉਨ੍ਹਾਂ ਨਾਲ ਪ੍ਰਸਿੱਧ ਗਾਇਕਾ ਸਵਰਨ ਲਤਾ ਗਾਉਂਦੀ ਹੋਈ। ਮੁਹੰਮਦ ਸਦੀਕ ਢੋਲਕੀ ਵਜਾਉਂਦੇ ਹੋਏ

ਅੱਜ-ਕੱਲ੍ਹ ਉਹ ਆਪਣੇ ਪੋਤਰੇ ਬਲਬੀਰ ਸਿੰਘ ਨਾਲ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਸੰਗੀਤਕ ਮੁਕਾਬਲਿਆਂ ਲਈ ਤਿਆਰ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਗੁਰੂ ਨਾਨਕ ਦੇਵ ਐਜੂਕੇਸ਼ਨਲ ਇੰਸਟੀਚਿਊਟ ਆਫ਼ ਅੰਮ੍ਰਿਤਸਰ (ਰਜਿ.) ਸੰਸਥਾ ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾ ਰਹੇ ਹਨ। ਇਹ ਸੰਸਥਾ ਸਰਬੋਤਮ ਗਾਇਕ, ਤਬਲਾ ਵਾਦਕ ਅਤੇ ਨਾਚ-ਕਲਾ ਜਿਹੇ ਪੰਜ ਐਵਾਰਡ ਮੁਕਾਬਲੇ



ਦਲੀਪ ਸਿੰਘ 'ਦੀਪ'

ਕਰਵਾ ਚੁੱਕੀ ਹੈ। ਇਸ ਸੰਸਥਾ ਦਾ ਮੁੱਖ ਮੰਤਵ ਅਜੋਕੀ ਪੀੜ੍ਹੀ ਨੂੰ ਸੰਗੀਤ, ਸੱਭਿਆਚਾਰ ਅਤੇ ਆਪਣੇ ਵਿਰਸੇ ਨਾਲ ਜੋੜਨਾ ਹੈ।

ਚਿੱਤ ਚੇਤਾ



ਕਾਨਾ ਸਿੰਘ
ਫੋਨ:91-95019-44944

# ਕੋਠੇ 'ਤੇ

**'ਕੋਠੇ 'ਤੇ' ਨਾਂ ਦੇ ਇਸ ਲੇਖ ਵਿਚ 'ਚਿੱਤ-ਚੇਤਾ' ਵਾਲੀ ਲੇਖਕਾ ਕਾਨਾ ਸਿੰਘ ਦੀ ਜ਼ਿੰਦਗੀ, ਉਸ ਦੇ ਪਰਿਵਾਰ ਤੇ ਉਸ ਦੇ ਆਲੇ-ਦੁਆਲੇ ਦੇ ਮੁੱਦੇ-ਮਸਲੇ ਅਤੇ ਨਾਲ ਹੀ ਉਸ ਦਾ ਭੋਲਾਪਣ ਇਕੋ ਵੇਲੇ ਆਣ ਹਾਜ਼ਰ ਹੋਏ ਹਨ। ਕਾਨਾ ਸਿੰਘ ਦੇ ਚਿੱਤ-ਚੇਤੇ ਨਾਲ ਜੁੜੀਆਂ ਇਨ੍ਹਾਂ ਗੱਲਾਂ ਦਾ ਰੰਗ ਨਿਵੇਕਲਾ ਵੀ ਹੈ ਅਤੇ ਨਿਆਰਾ ਵੀ। ਇਸ ਲੇਖ ਵਿਚ ਧੀਆਂ ਦੇ ਦਰਦ ਦੀ ਘੁੱਟੀ ਵੀ ਰਲੀ ਹੋਈ ਹੈ। ਕਾਨਾ ਸਿੰਘ ਆਪਣੀ ਇਹ ਕਹਾਣੀ ਸੁਣਾਉਣ ਲਈ ਨਿੱਕੀਆਂ-ਨਿੱਕੀਆਂ ਕਹਾਣੀਆਂ ਦੀਆਂ ਲੜੀਆਂ ਜੋੜੀ ਜਾਂਦੀ ਹੈ। ਆਪਣੀਆਂ ਰਚਨਾਵਾਂ ਵਿਚ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਰਸਦਾਰ, ਸੁਘੜ, ਚੁਸਤ ਲਿਖਤ ਸਿਰਜ ਲੈਂਦੀ ਹੈ। -ਸੰਪਾਦਕ**

ਮੇਰੀ ਜਿੰਦਰ ਭੈਣ ਜੀ ਗੁਜਰਖਾਨ ਵਿਚ ਹੀ ਵਿਆਹੀ ਹੋਈ ਸੀ। ਸਾਡੀ ਗਲੀ ਦੇ ਐਨ ਆਖਰੀ ਮੋੜ ਉਤੇ। ਤਿਮੰਜ਼ਿਲੀ ਇਮਾਰਤ ਅਤੇ ਉਸ ਦੇ ਨਾਲ ਹੀ ਲਗਦੀ ਵੱਡੀ ਸਾਰੀ ਹਵੇਲੀ ਸੀ ਉਸ ਦੇ ਸਹੁਰਿਆਂ ਦੀ। ਸ਼ਹਿਰ ਦੇ ਪੰਜ ਪਤਵੰਤਿਆਂ ਵਿਚੋਂ ਇਕ ਸੀ ਬੂਟਾ ਸਿੰਘ ਪੰਸਾਰੀ ਤੇ ਉਸ ਦੇ ਇਕਲੌਤੇ ਪੁੱਤਰ, ਗੁਰਬਖ਼ਸ਼ ਨਾਲ ਵਿਆਹੀ ਹੋਈ ਸੀ ਮੇਰੀ ਭੈਣ। ਸੁਣਦੇ ਸਾਂ ਕਿ ਬੜੀਆਂ ਅੱਡੀਆਂ ਰਗੜ-ਰਗੜ ਕੇ ਰਿਸ਼ਤਾ ਲਿਆ ਸੀ ਭੈਣ ਦੀ ਸੱਸ, ਮਾਸੀ ਨਰੈਣੀ ਨੇ।

ਬੇਜੀ ਦੱਸਦੇ ਸਨ ਕਿ ਦੋ ਸਾਲਾਂ ਦੀ ਜਿੰਦਰ, ਸ਼ਹਿਰ ਦੇ ਸੁਹਣੇ, ਸਿਹਤਮੰਦ ਬੱਚਿਆਂ ਦੇ ਮੁਕਾਬਲੇ ਵਿਚੋਂ ਅੱਵਲ ਆਈ ਸੀ। ਸੂਹੀ ਘੁਟ, ਅਤਿ ਦੀ ਗੋਰੀ, ਗੁਲਗੁਲੀ, ਨੀਲੀਆਂ ਅੱਖਾਂ ਤੇ ਸੰਘਣੇ ਵਾਲ। ਉਦੋਂ ਤੋਂ ਹੀ ਮਾਸੀ ਨਰੈਣੀ ਜਿੰਦਰ ਦਾ ਰਿਸ਼ਤਾ ਮੰਗਣ ਲੱਗ ਪਈ ਸੀ। ਉਹ ਆਪ ਵੀ ਤਾਂ ਪੁੱਜ ਕੇ ਸੁਹਣੀ ਸੀ। ਸੇਠਾਣੀ। ਚੌਧਰਾਣੀ ਸਾਹਿਬਾ!

ਜ਼ਾਹਿਰ ਹੈ ਕਿ ਨਰੈਣੀ ਦੇ ਵਿਕਾਰ ਅਨੁਸਾਰ ਜਿੰਦਰ, ਤੇ ਕੇਵਲ ਜਿੰਦਰ ਹੀ ਸੀ ਉਸ ਦੇ ਪੁੱਤਰ ਦੇ ਮੇਚ ਦੀ।

ਇਹ ਵੀ ਅਕਸਰ ਹੀ ਮਾਂ-ਚਾਚੀਆਂ ਦੀਆਂ ਗੱਲਾਂ-ਬਾਤਾਂ 'ਚੋਂ ਮੈਂ ਸੁਣਦੀ ਸਾਂ ਕਿ ਮਾਸੀ ਨਰੈਣੀ ਦੇ ਡਾਢੇਪਣ ਕਰ ਕੇ ਮੇਰੀ ਮਾਂ ਰਿਸ਼ਤੇ ਲਈ ਨਹੀਂ ਸੀ ਮੰਨਦੀ। ਨਰੈਣੀ ਨੇ ਆਪਣੀ ਸੱਸ ਨੂੰ ਡੰਗਰਾਂ ਦੀ ਹਵੇਲੀ ਵਿਚ ਰੱਖਿਆ ਹੋਇਆ ਸੀ। ਉਹਦੀ ਸੱਸ, ਸਾਧਾਰਨ ਜਿਹੀ, ਸਿਧਰੀ। ਉਹ ਸਾਰੇ ਸ਼ਹਿਰ ਦੀ 'ਬੁੱਢੀ ਮਾਂ' ਅਖਵਾਉਂਦੀ। ਕੋਈ ਗੁਆਂਢਣ ਉਸ ਨੂੰ ਨੁਹਾ ਦਿੰਦੀ ਤੇ ਕੋਈ ਉਸ ਦੀਆਂ ਜੁੰਆਂ ਕੱਢਦੀ, ਕੱਪੜੇ ਬਦਲਦੀ, ਰੋਟੀ ਖੁਆ ਦਿੰਦੀ ਪਰ ਮਾਸੀ ਨਰੈਣੀ ਤੋਂ ਚੋਰੀ ਹੀ। ਨਰੈਣੀ ਦਾ ਬਹੁਤ ਦਬਦਬਾ ਸੀ ਸਾਰੇ ਸ਼ਹਿਰ ਵਿਚ।

ਬੁੱਢੀ ਦਾ ਇਕਲੌਤਾ ਪੁੱਤਰ ਬੂਟਾ ਸਿੰਘ ਆਪਣੇ ਪਿਉ ਦੀ ਮੌਤ ਤੋਂ ਮਹੀਨਾ ਮਗਰੋਂ ਜੰਮਿਆ ਸੀ। ਉਹ ਨੇਕ ਰੂਹ ਸੀ ਪਰ ਜੋਰੂ ਦਾ ਗੁਲਾਮ। ਨਰੈਣੀ ਤੋਂ ਥਰ ਥਰ ਡਰਦਾ, ਕੰਬਦਾ। ਕਈ ਵੇਰਾਂ ਮੈਂ ਉਸ ਨੂੰ ਸੁੱਧੇ ਹਲਵਾਈ ਦੀ ਹੱਟੀ ਤੋਂ ਪੇੜਿਆਂ ਨਾਲ ਦੁੱਧ ਦਾ ਗਿਲਾਸ ਲੈ ਕੇ ਮਾਂ ਨੂੰ ਪਿਆਉਂਦਿਆਂ ਵੇਖਦੀ। ਜ਼ਾਹਿਰ ਹੈ ਮਾਸੀ ਨਰੈਣੀ ਤੋਂ ਚੋਰੀ ਹੀ।

ਨਰੈਣੀ ਤਾਂ ਬਸ ਨੌਕਰ ਹੱਥ ਬੁੱਢੀ ਲਈ ਹਵੇਲੀ ਵਿਚ ਹੀ ਰੋਟੀ ਦੀ ਥਾਲੀ ਭੇਜ ਦਿੰਦੀ ਸੀ।

ਮੈਂ ਬੁੱਢੀ ਨੂੰ ਅਕਸਰ ਹੀ ਕੋਠੀ ਗੁਰਦੁਆਰੇ ਵਿਚ ਪ੍ਰਸ਼ਾਦ ਲੈਂਦੀ ਵੇਖਦੀ। ਉਹ ਇਕ ਵੇਰਾਂ ਪ੍ਰਸ਼ਾਦ ਲੈ ਕੇ ਖਾ ਲੈਂਦੀ, ਫੇਰ ਕੁੜਤੀ ਨਾਲ ਹੱਥ ਪੂੰਝ ਕੇ ਪੋਤਰਿਆਂ-ਪੜਪੋਤਰਿਆਂ ਲਈ ਵੀ ਮੰਗਦੀ, ਵਾਰ ਵਾਰ। ਭਾਈ ਜੀ ਉਸ ਨੂੰ ਪ੍ਰਸ਼ਾਦ ਦਿੰਦੇ ਰਹਿੰਦੇ, ਹਰ ਵਾਰ।

ਅੱਜ ਸੋਚਦੀ ਹਾਂ, ਕੀ ਸਾਰੇ ਸ਼ਹਿਰ ਦੀ ਰਿਸ਼ਤੇਦਾਰ-ਬਰਾਦਰੀ ਦੀ ਪੰਚਾਇਤ ਮਾਸੀ ਨਰੈਣੀ ਨੂੰ ਕੋਈ ਨਕੇਲ ਨਹੀਂ ਸੀ ਪਾ ਸਕਦੀ?

ਪੰਸਾਰੀ ਦੀ ਦੁਕਾਨ ਦੀ ਰੋਜ਼ ਦੀ ਵਟਕ ਮਾਸੀ ਨਰੈਣੀ ਆਪ ਗਿਣਦੀ ਸੀ, ਆਪਣੀ ਕੋਠੀ ਦੀ ਬੈਠਕ ਵਿਚ ਵੀਹ-ਵੀਹ ਦੀ ਢੇਰੀ ਲਾ ਕੇ। ਜ਼ਾਹਿਰ ਹੈ, ਉਹ ਵੀਹਾਂ ਤੱਕ ਦੀ ਹੀ ਗਿਣਤੀ ਜਾਣਦੀ ਸੀ, ਤੇ ਇਸ ਨਾਲ ਹਜ਼ਾਰਾਂ ਗਿਣ ਲੈਂਦੀ।

ਮੈਂ ਬਾਲੜੀ ਸਾਂ। ਅਕਸਰ ਹੀ ਖੇਡਦੀ ਖੇਡਦੀ ਜਾ ਵੜਦੀ ਭੈਣ ਦੇ ਘਰ। ਮਾਸੀ ਨਰੈਣੀ ਨਾਲ ਵੀਹਾਂ ਦੀਆਂ ਢੇਰੀਆਂ ਬਣਾਨ ਤੇ ਗਿਣਨ ਵਿਚ ਮੈਂ ਮਦਦ ਕਰਦੀ। ਮਾਸੀ ਨਰੈਣੀ ਮੈਨੂੰ ਕਿਸ਼ਮਿਸ਼ਾਂ ਦਿੰਦੀ ਜਾਂ ਪਿਸਤੇ ਦੀ ਮੁੱਠ। ਮੈਨੂੰ ਉਹ ਅਕਸਰ ਪਿਆਰ ਹੀ ਕਰਦੀ ਸੀ। ਉਹਦੇ ਚਹੁੰ ਪੋਤਰਿਆਂ ਦੀ ਮਾਸੀ ਜੁ ਸਾਂ ਮੈਂ, ਉਹਦੇ ਵੱਡੇ ਪੋਤਰੇ ਜੀਤ ਦੇ ਹਾਣ ਦੀ ਵੀ। ਬਸ ਢਾਈ ਤਿੰਨ ਸਾਲ ਹੀ ਉਸ ਤੋਂ ਵੱਡੀ।...ਉਦੋਂ ਹਾਣ ਦੇ ਹੀ ਹੁੰਦੇ ਸਨ ਮਾਸੀਆਂ-ਮਾਮੇ ਤੇ ਭੂਆ-ਚਾਚੇ। ਮੇਰੇ ਪਿਤਾ ਜੀ ਦੇ ਮਾਮਾ, ਰਾਮ ਸਿੰਘ ਸੂਰੀ ਵੀ ਮੇਰੇ ਪਿਤਾ ਜੀ ਤੋਂ ਛੋਟੇ ਸਨ, ਚਾਰ ਸਾਲ।

ਹਰ ਮਹੀਨੇ ਦੀ ਸੰਗਰਾਂਦ ਅਤੇ ਹੋਰ ਪੁਰਬਾਂ ਜਾਂ ਦਿਨ-ਦਿਹਾੜਿਆਂ 'ਤੇ ਭੈਣ ਦੇ ਸਹੁਰਿਆਂ ਦੀ 'ਰੋਟੀ ਆਖੀ' ਜਾਂਦੀ। ਉਨ੍ਹਾਂ ਦਿਨਾਂ ਵਿਚ ਰੋਟੀ ਦੋਏ ਡੰਗ ਹੀ ਖੁਆਉਣ ਦੀ ਪਿਰਤ ਸੀ। ਜੇ ਭੈਣ ਦੀਆਂ ਨਨਾਣਾਂ ਪੇਕੇ ਆਉਂਦੀਆਂ ਤਾਂ ਵੀ ਰੋਟੀ ਆਖੀ ਜਾਂਦੀ। ਰੋਟੀ ਖਾਣ ਭੈਣ ਦਾ ਸਹੁਰਾ ਪਰਿਵਾਰ ਤੇ ਭੈਣ ਦੀਆਂ ਨਨਾਣਾਂ ਦੇ ਪਰਿਵਾਰ ਤਾਂ ਆਉਂਦੇ ਹੀ, ਬੂਟਾ ਸਿੰਘ ਪੰਸਾਰੀ ਦੀ ਹੱਟੀ ਦੇ ਸਾਰੇ ਪਾਂਡੀਆਂ-ਨੌਕਰਾਂ ਦਾ ਵੀ ਜਸ਼ਨ ਹੁੰਦਾ ਤੇ ਜਾਣ ਵੇਲੇ ਮਾਸੀ ਨਰੈਣੀ ਆਪਣੇ ਘਰ ਦੇ ਮੀਹਰਿਆਂ-ਨੌਕਰਾਂ ਲਈ ਵੀ ਰੋਟੀਆਂ ਤੇ ਸਬਜ਼ੀਆਂ-ਖੀਰਾਂ ਲੈ ਕੇ ਜਾਂਦੀ।

ਜਿੰਦਰ ਭੈਣ ਤੋਂ ਦੋ ਸਾਲ ਵੱਡੀ ਸੰਤ ਭੈਣ ਜੀ ਪਿੰਡੀ ਵਿਆਹੀ ਹੋਈ ਸੀ, ਬੂੜ ਸਿੰਘ ਦੇ ਇਕਲੌਤੇ ਪੁੱਤਰ ਰਘਬੀਰ ਨਾਲ। ਇਹ ਸਾਧਾਰਨ ਪਰਿਵਾਰ ਸੀ। ਭੈਣ ਦੀ ਸੱਸ ਮਰ ਚੁੱਕੀ ਸੀ ਤੇ ਅਰਜ਼ੀ-ਨਵੀਸ, ਬੂੜ ਸਿੰਘ ਦਾ ਪੁੱਤਰ ਰਘਬੀਰ ਕਲਰਕ ਸੀ।

ਦੋਹਾਂ ਭੈਣਾਂ ਦੇ ਸਹੁਰੇ ਪਰਿਵਾਰਾਂ ਦੇ ਜੀਵਨ ਪੱਧਰ 'ਚ ਇੰਨਾ ਅੰਤਰ ਕਿਉਂ ਸੀ, ਉਦੋਂ ਤਾਂ ਨਹੀਂ ਸੀ ਪਤਾ, ਪਰ ਹੋਸ਼ ਸੰਭਾਲਣ 'ਤੇ ਸਮਝ ਆਈ ਕਿ ਸੰਤ ਭੈਣ ਨੂੰ ਬਚਪਨ ਵਿਚ ਚੇਚਕ ਮਾਤਾ ਨਿਕਲੀ ਸੀ। ਸੀ ਤਾਂ ਉਹ ਸੁਨੱਖੀ, ਪਰ ਸਾਰਾ ਜਿਸਮ ਦਾਗੋ-ਦਾਗ। ਰੰਗ ਵੀ ਪੀਲਾ-ਭੂਕ। ਉਹਦੇ ਵਿਆਹ ਬਾਰੇ ਤਾਂ ਮਾਪਿਆਂ ਨੇ ਸੋਚਿਆ ਹੀ ਨਹੀਂ ਸੀ, ਪਰ ਮੰਗ ਲਿਆ ਬੂੜ ਸਿੰਘ ਨੇ ਸਾਕ ਆਪ ਆ ਕੇ। ਉਹ ਮੇਰੇ ਨਾਨਾ ਜੀ ਦਾ ਗੁਰ-ਭਾਈ ਸੀ। ਦੋਵੇਂ ਰਾਧਾ ਸੁਆਮੀ।

ਨਾਨਾ ਜੀ ਨੇ ਮੇਰੀ ਨਾਨੀ ਦੇ ਮਰਨ ਮਗਰੋਂ ਹੀ ਨਾਮ ਲੈ ਲਿਆ ਸੀ, ਤੇ ਲਗਭਗ ਉਦੋਂ ਹੀ ਬੂੜ ਸਿੰਘ ਨੇ ਆਪਣੀ ਪਤਨੀ ਦੇ ਮਰਨ ਤੋਂ ਬਾਅਦ।

ਜਿੰਦਰ ਪੰਦਰਾਂ ਦੀ ਸੀ, ਤੇ ਸੰਤ ਸਤਾਰਾਂ ਦੀ। ਦੋਹਾਂ ਦੀਆਂ ਜੰਞਾਂ ਇਕੋ ਦਿਨ, ਇਕੋ ਵੇਲੇ ਢੁੱਕੀਆਂ। ਵਿਆਹ ਹੋ ਗਏ। ਸ਼ਾਇਦ ਮੈਂ ਤਿੰਨ ਸਾਲ ਦੀ ਹੋਵਾਂਗੀ। ਰਘਬੀਰ ਜੀਜਾ ਜੀ ਦਾ ਸਿਹਰਾ ਫੁੱਲਾਂ ਦਾ ਸੀ, ਤੇ ਗੁਰਬਖ਼ਸ਼ ਜੀਜਾ ਜੀ ਦਾ ਸਿਲਮਿਆਂ ਸਿਤਾਰਿਆਂ, ਨਗਾਂ ਤੇ ਲਾਲਾਂ ਨਾਲ ਗੁੰਦਿਆ, ਝਿਲਮਿਲ ਕਰਦਾ। ਪੈਰਾਂ ਤੱਕ।

ਰਘਬੀਰ ਜੀਜਾ ਜੀ ਨੂੰ ਮੈਂ ਫੁੱਲਾਂ ਵਾਲੇ ਭਾਈਆ ਜੀ ਆਖਦੀ, ਤੇ ਗੁਰਬਖ਼ਸ਼ ਨੂੰ ਸਿਹਰੇ ਵਾਲੇ। ਇਹ ਦੋਵੇਂ ਸਿਹਰੇ ਤੇ ਜੰਞਾਂ ਮੇਰੇ ਚੇਤੇ ਵਿਚ ਟਿਕੀਆਂ ਹੋਈਆਂ ਹਨ।... ਮੁੜ ਪਿੱਛੇ ਪਰਤਦੀ ਹਾਂ। ਭੈਣ ਦੇ ਰਿਸ਼ਤੇ ਵੱਲ।

ਸੁਣਦੀ ਸਾਂ ਕਿ ਬਾਲੜੀ ਜਿੰਦਰ ਜੇ ਗਲੀ ਵਿਚ ਖੇਡਣ ਨਿਕਲਦੀ ਤਾਂ ਮਾਸੀ ਨਰੈਣੀ ਆਪਣੇ ਪੁੱਤਰ ਗੁਰਬਖ਼ਸ਼ ਹੱਥ ਗੇਂਦ ਫੜਾ ਕੇ ਉਸ ਨੂੰ ਖਿਡਾਉਣ ਲਈ ਆਖਦੀ। ਉਹ ਖਿਡਾਉਂਦਾ-ਖੇਡਦਾ। ਜੇ ਮਾਸੀ ਨਰੈਣੀ ਨੂੰ ਪਤਾ ਲੱਗਦਾ ਕਿ ਪੂਰਨਮਾਸ਼ੀ ਜਾਂ ਕਿਸੇ ਹੋਰ ਦਿਨ ਦਿਹਾੜੇ ਸਾਡੀ ਮਾਂ ਬੱਚਿਆਂ ਸਮੇਤ ਪੰਜਾ ਸਾਹਿਬ ਗਈ ਹੈ, ਤੇ ਕੋਲ ਹੀ ਤਾਂ ਹੈ ਸੀ ਪੰਜਾ ਸਾਹਿਬ, ਬਸ ਦੋ ਘੰਟਿਆਂ ਦਾ ਰੇਲ ਦਾ ਸਫ਼ਰ, ਤਾਂ ਮਾਸੀ ਨਰੈਣੀ ਵੀ ਉਥੇ ਪੁੱਜ ਜਾਂਦੀ, ਗੁਰਬਖ਼ਸ਼ ਨਾਲ। ਨਰੈਣੀ ਦੀ ਸਨਕ ਜੱਗ-ਜ਼ਾਹਿਰ ਸੀ।


ਬਾਰ੍ਹਾਂ ਤੇਰ੍ਹਾਂ ਸਾਲਾਂ ਦੀ ਹੋ ਗਈ ਜਿੰਦਰ, ਸੱਤਵੀਂ ਵਿਚ।

'ਹਿੱਕੋ-ਹਿੱਕ ਪੁੱਤਰ ਹੈ ਉਸਨਾ ਤੇ ਧੀਆਂ ਦੋ ਵਿਆਹੀਆਂ ਹੋਈਆਂ ਆਪੋ ਆਪਣੇ ਘਰ। ਕੇ ਡਾਢ ਤੈ ਕੇ ਜ਼ੁਲਮ ਕਰਸੀ ਉਹ ਕੁੜੀ ਨਾਲ? ਬੁੱਢੀ ਵਿਚਾਰੀ ਤੈ ਸਿੱਧੀ ਐ ਤੈ ਯਤੀਮ ਗਰੀਬੜੀ। ਸਾਡੀ ਜਿੰਦਰ ਨਾ ਪਿੱਛਾ ਤੈ ਭਾਰੀ ਹੈ। ਅੱਸ ਆਪ ਤੈ ਸਾਰੀ ਸਾਡੀ ਖੁਖਰੈਣ 'ਬਲਾਦਰੀ' ਸਾਡੇ ਨਾਲ। ਤੂੰ ਫ਼ਿਕਰ ਨਾ ਕਰ ਤੇ ਮੰਨ ਜਾ। ਹੈਡਾ ਸੁਹਣਾ ਤੇ ਲਾਇਕ ਹੈ ਗੁਰਬਖ਼ਸ਼!'

ਬੇਜੀ ਨੇ ਮਾਂ ਨੂੰ ਸਮਝਾਇਆ। ਹੋਰ ਵੀ ਸਭ ਪਾਸਿਓਂ ਇਹੋ ਸੁਣਨ ਨੂੰ ਮਿਲਦਾ। ਗੁਰਬਖ਼ਸ਼ ਜੀਜਾ ਜੀ ਸਨ ਵੀ ਅਤਿ ਦੇ ਸੁਹਣੇ ਤੇ ਸਮਾਰਟ। ਪੜ੍ਹਾਈ ਦੇ ਨਾਲ ਨਾਲ ਪਿਉ ਦੀ ਦੁਕਾਨ ਵੀ ਸੰਭਾਲ ਰਹੇ। ਉਹ ਦਸਵੀਂ ਵਿਚ ਸਨ, ਤੇ ਭੈਣ ਸੱਤਵੀਂ ਵਿਚ; ਮੰਗਣੀ ਹੋ ਗਈ।

ਵਿਆਹ ਮਗਰੋਂ ਜਿਵੇਂ ਹੋਣਾ ਕੁਦਰਤੀ ਹੀ ਸੀ, ਮਾਸੀ ਨਰੈਣੀ ਮਾਸੀ ਘੱਟ ਤੇ ਸੱਸਾਂ ਵਿਚੋਂ ਸੱਸ ਹੋ ਨਿਬੜੀ। ਜਿੰਦਰ ਭੈਣ ਜੀ ਨੂੰ ਘੱਟ-ਵੱਧ ਹੀ ਪੇਕੇ ਆਉਣ ਦੇਂਦੀ। ਗਲੀ ਦੇ ਦੋ ਸਿਰਿਆਂ 'ਤੇ ਪੇਕੇ-ਸਹੁਰੇ। ਗੁਰਦੁਆਰੇ ਜਾਂਦੀ ਭੈਣ ਬੂਹੇ ਅੱਗਿਉਂ ਲੰਘਦੀ ਗਿੱਚੀ ਭੁਆ ਕੇ ਤਕ ਨਾ ਸਕਦੀ ਪੇਕੇ-ਘਰ ਵੱਲ, ਜੇ ਉਸ ਦੀ ਸੱਸ ਦੀ ਮਨਸ਼ਾ ਨਾ ਹੋਵੇ ਤਾਂ। ਇਹਦੇ ਸਾਹਵੇਂ ਸੰਤ ਭੈਣ ਭਾਵੇਂ ਗਰੀਬ ਸੀ, ਪਰ ਸੁਖੀ ਸੀ। ਬੂੜ ਸਿੰਘ, ਭਗਤ। ਬੰਦਗੀਵਾਨ। ਸ਼ਾਕਾਹਾਰੀ ਤੇ ਭੈਣ ਦੀ ਇਕੋ ਇਕ ਨਨਾਣ। ਬਾਲੜੀ ਜਿਹੀ ਤੇਜੀ।

ਮੈਂ ਛੁੱਟੀਆਂ ਵਿਚ ਅਕਸਰ ਹੀ ਪਿੰਡੀ ਜਾਂਦੀ, ਨਾਨਕੇ। ਭੈਣ ਦੇ ਘਰ ਵੀ ਰੱਜ ਖੇਡਦੀ-ਖਾਂਦੀ। ਤੇਜੀ ਨਾਲ ਮੈਂ ਗੀਟੇ ਖੇਡਦੀ। ਮੇਰੇ ਨਾਨਾ ਜੀ ਤੇ ਭੈਣ ਦੇ ਸਹੁਰਾ ਜੀ ਨੂੰ ਅਕਸਰ ਹੀ ਇਕੱਠੇ




ਵੇਖਦੀ। ਨਾਨਾ ਜੀ ਦੇ ਲੱਕੜੀ-ਕੋਲੇ ਦੇ ਟਾਲ ਦੇ ਦੀਵਾਨ 'ਤੇ ਗੋਲ-ਲਮੂਤਰੇ ਸਰਾਹਣਿਆਂ ਨਾਲ ਢੋਅ ਲਾਈ ਬੈਠੇ ਉਹ ਦੋਵੇਂ ਬਚਨ-ਬਿਲਾਸ ਕਰਦੇ ਰਹਿੰਦੇ। ਜਿਤਨੀ ਵਾਰ ਸਤਿ ਸ੍ਰੀ ਅਕਾਲ ਬੁਲਾਵਾਂ, ਟਕਾ-ਟਕਾ ਮਿਲ ਜਾਂਦਾ, ਦੋਹਾਂ ਕੋਲੋਂ।

ਜਿੰਦਰ ਭੈਣ ਦੇ ਘਰ ਤਾਂ ਮਾਸੀ ਨਰੈਣੀ ਦੀ ਰੌਂ-ਰੱਥ ਵੇਖ ਕੇ ਹੀ ਟਿਕਿਆ ਜਾ ਸਕਦਾ ਸੀ, ਬਸ ਪਲ ਦਾ ਪਲ। ਰਾਤ ਕਦੇ ਨਹੀਂ ਸਾਂ ਰਹੀ। ਕਦੇ ਮਾਸੀ ਨਰੈਣੀ 'ਰੱਖ ਸਾਈਂ ਨੀਂ' ਕਰਦੀ ਤੇ ਕਦੇ ਉਹਦੇ ਘਰ ਮੇਰੇ ਵੜਦਿਆਂ ਹੀ ਮੂੰਹ ਫੇਰ ਲੈਂਦੀ।

ਗਰਮੀ ਦੀਆਂ ਛੁੱਟੀਆਂ ਦੇ ਦਿਨ। ਪਿੰਡੀ ਤੋਂ ਮੇਰੀ ਮੋਹਣੀ ਮਾਸੀ ਆਈ ਹੋਈ ਸੀ, ਸਣੇ ਪਰਿਵਾਰ ਤੇ ਨਾਲੇ ਸੰਤ ਭੈਣ ਜੀ ਵੀ ਨਨਾਣ, ਤੇਜੀ ਅਤੇ ਦੋਹਾਂ ਬਾਲਕਾਂ ਨਾਲ। ਕਲਕੱਤੇ ਤੋਂ ਬਚਨ ਭਾਈਆ ਜੀ (ਜੀਜਾ) ਮਿੰਦਰ ਭੈਣ ਨੂੰ ਲੈਣ ਆਏ ਹੋਏ ਸਨ। ਕੱਲਰ ਵਿਆਹੀ ਹੋਈ ਭੈਣ ਮਿੰਦਰ ਨੇ ਹੁਣ ਬਾਲਾਂ ਸਮੇਤ ਕਲਕੱਤੇ ਜਾ ਟਿਕਣਾ ਸੀ। ਇਹ ਭੈਣ ਜੀ ਮੇਰੀ ਮਾਂ ਹੀ ਸਮਝੋ ਜਿਸ ਦੇ ਵਿਆਹ ਤੋਂ ਬਾਈ ਦਿਨਾਂ ਬਾਅਦ ਮੈਂ ਜੰਮੀ ਸਾਂ ਤੇ ਜਿਸ ਦੇ ਦੁੱਧ 'ਤੇ ਮੈਂ ਪਲੀ ਸਾਂ। ਵਿਆਹ ਤੋਂ ਗਿਆਰਾਂ ਮਹੀਨੇ ਬਾਅਦ ਭੈਣ ਦਾ ਪਲੇਠੀ ਦਾ ਬਾਲਕ ਜੰਮਦਿਆਂ ਹੀ ਮਰ ਗਿਆ ਸੀ। ਭੈਣ ਦਾ ਦੁੱਧ ਮੈਂ ਹੀ ਚੁੰਘਿਆ।... ਬਚਨ ਭਾਈਆ ਜੀ ਦੀ ਮੈਂ ਲਾਡਲੀ, ਧੀ-ਸਾਲੀ ਸੀ।

ਘਰ ਵਿਚ ਗਹਿਮਾ-ਗਹਿਮੀ ਸੀ, ਰੌਣਕਾਂ ਹੀ ਰੌਣਕਾਂ। ਭੈਣਾਂ ਨੂੰ ਮਿਲਣ ਮਿਲਾਉਣ ਚਾਚੀਆਂ-ਚਾਚੇ ਵੀ ਸਣੇ ਪਰਿਵਾਰਾਂ ਦੇ ਆਏ ਹੋਏ, ਤੇ ਹੋਰ ਰਿਸ਼ਤੇਦਾਰ ਵੀ। ਬਸ ਨਹੀਂ ਸੀ ਨਜ਼ਰ ਆ ਰਹੀ ਤਾਂ ਜਿੰਦਰ ਭੈਣ। ਉਸ ਦੀ ਗੈਰ-ਹਾਜ਼ਰੀ ਸਭ ਨੂੰ ਅਖਰ ਰਹੀ ਸੀ। ਉਸ ਨੂੰ ਬੁਲਾਉਣ ਦੀਆਂ ਤਜਵੀਜ਼ਾਂ ਸਭ ਘੜਦੇ-ਬੁਣਦੇ। ਆਖਰ ਬਚਨ ਭਾਈਆ ਜੀ ਦਾ ਮਨਸੂਬਾ ਸਭ ਨੂੰ ਮਾਫ਼ਕ ਆਇਆ।

ਮੈਨੂੰ ਭੇਜਿਆ ਗਿਆ ਜਿੰਦਰ ਭੈਣ ਦੇ ਘਰ, ਸੁਨੇਹਾ ਦੇਣ। ਆਖਣਾ ਸੀ ਕਿ ਅਸਾਂ ਮੱਝ ਖਰੀਦੀ ਹੈ। ਇਹ ਖ਼ਬਰ ਸੁਣ ਕੇ ਜਾਂ ਤਾਂ ਮਾਸੀ ਨਰੈਣੀ ਨੇ ਆਪ ਭੈਣ ਨਾਲ ਆ ਜਾਣਾ ਸੀ, ਤੇ ਜਾਂ ਫਿਰ ਭੈਣ-ਭਾਈਆ ਜੀ ਨੂੰ ਭੇਜ ਦੇਣਾ ਸੀ, ਵਧਾਈ ਦੇਣ।

ਕਲਕੱਤਿਓਂ ਬਚਨ ਭਾਈਆ ਜੀ ਦੀਆਂ ਲਿਆਂਦੀਆਂ ਝਾਂਜਰਾਂ ਤੇ ਰੰਗ-ਬਰੰਗੀਆਂ ਚੂੜੀਆਂ ਖੜਕਾਉਂਦੀ, ਬੋਸਕੀ ਦੇ ਜ਼ਹਿਰ-ਮੋਹਰੇ ਰੰਗ ਦੇ ਝਾਲਰਦਾਰ ਫਰਾਕ ਵਿਚ ਨੱਚਦੀ ਮਟਕਦੀ ਬਸ ਦੌੜ ਹੀ 'ਤੇ ਪਈ ਮੈਂ ਸ਼ੂਟ ਵੱਟ ਕੇ, ਭੈਣ ਦੇ ਘਰ।

'ਮਾਸੀ ਜੀ, ਮਾਸੀ ਜੀ! ਅਸਾਂ ਮੱਝ ਖਰੀਦੀ ਏ। ਮਾਂ ਜੀ ਨੇ ਖੀਰ ਰਿੱਧੀ ਏ। ਤੁਸਾਂ ਕੀ ਬੁਲਾ ਰਹੇ ਨੇ।' ਹਫਦੀ ਹਫਦੀ ਨੇ ਸੁਨੇਹਾ ਦਿੱਤਾ।

'ਹੱਛਾ! ਚਲੋ ਸਾਰੇ ਜਾਈਏ ਚੌਧਰਾਣੀ ਜੀ ਕੀ ਮੁਬਾਰਖ਼ਾਂ ਦੇਣ।' ਮਾਸੜ ਜੀ (ਬੂਟਾ ਸਿੰਘ) ਦੇ ਕਹਿਣ ਦੀ ਦੇਰ ਸੀ ਕਿ ਗਿੰਦੀ, ਭੈਣ ਦੀ ਨਨਾਣ ਕੱਪੜੇ ਬਦਲਣ ਦੌੜ ਗਈ। ਗੁਰਬਖ਼ਸ਼ ਭਾਈਆ ਜੀ ਬੂਟਾਂ ਦੇ ਤਸਮੇ ਬੰਨ੍ਹਣ ਲੱਗੇ। ਜਿੰਦਰ ਭੈਣ ਜੀ ਵਾਲ ਸੁਆਰਨ ਲੱਗੀ। ਮਾਸੀ ਨਰੈਣੀ ਨੇ ਸਾਵਗੀਆਂ-ਪਿਸਤਿਆਂ ਨਾਲ ਮੇਰਾ 'ਬੋਝਾ' ਭਰ ਦਿੱਤਾ। ਨਿਕਲਣ ਹੀ ਲੱਗੇ ਸਾਂ ਸਾਰੇ, ਕਿ ਮਾਸੀ ਨਰੈਣੀ ਨੇ ਪੁੱਛ ਹੀ ਲਿਆ, 'ਕਾਨਾ ਕਿੱਥੇ ਬੰਨ੍ਹੀ ਨੇ ਮੱਝ?'

'ਕੋਠੇ 'ਤੇ।' ਮੇਰਾ ਜੁਆਬ ਸੀ।

ਇਸ ਸੁਆਲ ਦੇ ਜੁਆਬ ਲਈ ਤਾਂ ਮੈਨੂੰ ਕਿਸੇ ਨੇ ਤਿਆਰ ਹੀ ਨਹੀਂ ਸੀ ਕੀਤਾ!...

...ਨਵੇਂ ਮਹੱਲੇ ਦੀ ਭੀੜੀ ਗਲੀ ਵਿਚ ਉਚੇ ਥੜ੍ਹੇ ਵਾਲੇ ਉਸ ਮਕਾਨ ਵਾਲੇ ਸਾਡੇ ਘਰ ਵਿਚ ਬੱਕਰੀ ਹੁੰਦੀ ਸੀ, ਦੂਜੀ ਤੇ ਤੀਜੀ ਮੰਜ਼ਿਲ ਤਕ ਦਗੜ-ਦਗੜ ਕਰਦੀ, ਚੜ੍ਹਦੀ-ਲਹਿੰਦੀ।

ਮੈਥੋਂ ਨਿੱਕਾ ਵੀਰ ਗੁੱਲਾ ਹਮੇਸ਼ਾਂ ਬਿਮਾਰ ਰਹਿੰਦਾ ਸੀ। ਉਸ ਦਾ ਮਿਹਦਾ ਬਰਾਬਰ ਕੰਮ ਨਹੀਂ ਸੀ ਕਰਦਾ। ਉਸ ਨੂੰ ਕੇਵਲ ਬਾਕਰਾ ਦੁੱਧ ਹੀ ਮਾਫ਼ਕ ਸੀ। ਉਂਜ ਵੀ ਪੋਠੋਹਾਰ ਵਿਚ ਬਾਕਰੇ ਦੁੱਧ 'ਤੇ ਹੀ ਬੱਚੇ ਪਾਲੇ ਜਾਂਦੇ। ਬੱਕਰੀ ਦੀਆਂ ਧਾਰਾਂ ਅਸੀਂ ਬੱਚੇ ਭਿੜ-ਭਿੜ ਲੈਂਦੇ।...

ਜ਼ੋਰ ਦਾ ਠਹਾਕਾ ਲੱਗਾ। ਸਾਰੇ ਲੋਟ-ਪੋਟ।

'ਬਹਿ ਜਾਓ! ਆਰਾਮ ਕਰ ਕੇ। ਅਖੇ ਮੱਝ ਲਿਆਂਦੀ ਏ। ਪਹਿਲਾਂ ਮੱਝ ਜੋਗਾ ਘਰ ਤੇ ਬਣਾਵੋ।' ਮਾਸੀ ਨਰੈਣੀ ਗਰਜੀ।

ਬਿਟ ਬਿਟ ਤਕਦੀ ਰਹਿ ਗਈ ਮੈਂ, ਜਿੰਦਰ ਭੈਣ ਵੱਲ। ਨਿਮੋਝੂਣ। ਅਚਾਨਕ ਕੀ ਭਾਣਾ ਵਰਤ ਗਿਆ ਹੈ, ਸਮਝ ਨਾ ਆਵੇ।

# ਸਵੈ-ਪਹਿਚਾਣ

ਉਪਰਲੀ ਮੰਜ਼ਿਲ 'ਤੇ ਦਫ਼ਤਰ ਵਿਚ ਜਾਣ ਲਈ ਮੈਂ ਲਿਫ਼ਟ ਦੀ ਉਡੀਕ ਕਰ ਰਹੀ ਸੀ, ਤਾਂ ਮੇਰੇ ਨਾਲ ਹੀ ਜਾਣ ਲਈ ਖੜ੍ਹਾ ਅਧਖੜ ਜਿਹਾ ਬੰਦਾ, ਜਿਸ ਨਾਲ ਅਕਸਰ ਆਹਮੋ ਸਾਹਮਣਾ ਹੁੰਦਾ ਰਹਿੰਦਾ ਸੀ, ਗੱਲੀਂ ਪੈ ਗਿਆ। ਰਸਮੀ ਦੁਆ ਸਲਾਮ ਕਰਨ ਤੋਂ ਬਾਅਦ ਉਸ ਨੇ ਪੁੱਛਿਆ, 'ਤੂੰ ਕਿਥੋਂ ਆਂ?' ਇਹ ਪਹਿਲੀ ਵਾਰ ਨਹੀਂ ਸੀ ਕਿ ਮੈਨੂੰ ਇਸ ਸੁਆਲ ਦਾ ਸਾਹਮਣਾ ਕਰਨਾ ਪਿਆ। ਅਸਲ ਵਿਚ ਇਹ ਗੱਲ ਮੈਨੂੰ ਸੈਂਕੜੇ ਵਾਰ ਪੁੱਛੀ ਗਈ ਸੀ। ਸੱਚਾਈ ਇਹ ਹੈ ਕਿ ਮੈਂ ਕੈਲੀਫੋਰਨੀਆ 'ਚ ਜੰਮੀ ਪਲੀ ਹਾਂ, ਸੋ ਮੈਂ ਹਮੇਸ਼ਾ ਇਹੀ ਜੁਆਬ ਦਿੰਦੀ ਰਹੀ ਹਾਂ ਪਰ ਮੇਰਾ ਜੁਆਬ ਸੁਣ ਕੇ ਉਹ ਡੈਂਬਰਿਆਂ ਵਾਂਗ ਝਾਕਣ ਲੱਗਾ। ਉਸ ਨੇ ਗੱਲ ਜਾਰੀ ਰੱਖੀ 'ਨਹੀਂ, ਮੇਰਾ ਭਾਵ ਹੈ, ਤੇਰਾ ਮੁਲਕ ਕਿਹੜਾ ਹੈ?'

ਮੈਂ ਅਕਸਰ ਹੈਰਾਨ ਹੁੰਦੀ ਹਾਂ ਕਿ ਇਸ ਨਾਲ ਕੀ ਫਰਕ ਪੈਂਦਾ ਹੈ। ਮੈਂ ਅਮਰੀਕਾ ਵਿਚ ਜੰਮੀ ਹਾਂ, ਇਸ ਲਈ ਮੈਂ ਆਪਣੇ ਆਪ ਨੂੰ ਅਮਰੀਕਨ ਹੀ ਸਮਝਦੀ ਹਾਂ। ਮੇਰੇ ਮਾਂ-ਪਿਉ, ਬੇਸ਼ੱਕ ਪੰਜਾਬੀ ਹਨ ਪਰ ਮੈਂ ਸਟੇਟਸ ਵਿਚ ਜੰਮੀ ਹਾਂ, ਇਹੀ ਗੱਲ ਸੀ ਜੋ ਮੈਂ ਉਸ ਬੰਦੇ ਨੂੰ ਦੱਸੀ।

ਲਿਫ਼ਟ ਵਿਚ ਸਾਡੀ ਗੱਲਬਾਤ ਚਲਦੀ ਰਹੀ। ਬੰਦੇ ਨੇ ਫਿਰ ਪੁੱਛਿਆ, 'ਤੂੰ ਅਮਰੀਕਾ ਵਿਚ ਕਿੰਨੇ ਚਿਰ ਤੋਂ ਰਹਿ ਰਹੀ ਏਂ?' ਪਰਿਵਾਰ ਅਤੇ ਦੋਸਤਾਂ ਵਿਚ ਹੁੰਦੇ ਫਿਰਕੂ ਮਖੌਲ ਅਤੇ ਟਿੱਪਣੀਆਂ 'ਤੇ ਤਾਂ ਮੈਂ ਹੱਸ ਛੱਡਦੀ ਪਰ ਇਸ ਸੁਆਲ ਦੇ ਜੁਆਬ ਲਈ ਮੈਂ ਤਿਆਰ ਨਹੀਂ ਸਾਂ। ਮੈਂ ਸੋਚਿਆ ਕਿ ਇਹ ਸਖ਼ਸ਼ ਨੂੰ ਕਿਉਂ ਲਗਦਾ ਸੀ ਕਿ ਮੈਂ ਅਮਰੀਕਾ ਤੋਂ ਬਾਹਰ ਜੰਮੀ ਹਾਂ। ਮੈਂ ਪੂਰੀ ਤਰ੍ਹਾਂ ਹੈਰਾਨ ਸਾਂ ਕਿ ਉਸ ਨੇ ਇਹ ਸਿੱਟਾ ਕਿਵੇਂ ਕੱਢਿਆ। ਮੇਰਾ ਉਚਾਰਣ ਵੀ ਓਪਰਾ ਨਹੀਂ ਸੀ। ਮੇਰਾ ਪਹਿਰਾਵਾ ਵੀ ਪੱਛਮੀ ਹੈ, ਜੋ 21 ਸਾਲ ਦੀ ਕੁੜੀ ਦਫ਼ਤਰ ਜਾਣ ਲੱਗਿਆਂ ਪਾ ਸਕਦੀ ਹੈ। ਸੋ, ਇਸ ਬੰਦੇ ਨੂੰ ਮੇਰੇ 'ਚੋਂ ਕੀ ਦਿਸਿਆ ਕਿ ਮੈਂ ਅਮਰੀਕਨ ਨਹੀਂ ਹਾਂ।

ਫਿਰ ਸੋਚਿਆ ਕਿ ਮੇਰੇ ਵਿਚ ਅਜਿਹਾ ਕੁਝ ਨਹੀਂ, ਬੱਸ ਇਸ ਬੰਦੇ ਦੀ ਮੂੜ੍ਹਤਾ ਹੀ ਹੈ।

ਬੇਸ਼ੱਕ, ਇਸ ਘਟਨਾ ਨੇ ਮੈਨੂੰ ਆਵਦੀ ਸਵੈ-ਪਹਿਚਾਣ ਬਾਰੇ ਸੋਚਣ ਲਈ ਉਕਸਾਇਆ, ਦੂਜੀ ਪੀੜ੍ਹੀ ਦੇ ਅਮਰੀਕਨ ਵਜੋਂ ਜਾਂ ਕਿਸੇ ਵੀ ਹੋਰ ਸ਼ਨਾਖਤ ਦੀ ਕੀ ਕੋਈ ਤੁਕ ਹੈ? ਜੇ ਮੇਰਾ ਜਿਉਣਾ ਤੇ ਵਿਚਰਨਾ ਕਿਸੇ ਨੂੰ ਅਮਰੀਕਨ ਨਹੀਂ ਲੱਗਦਾ ਤਾਂ ਮੈਂ ਇਸ ਪਹਿਚਾਣ ਨਾਲ ਜੁੜਨਾ, ਹੋਰ ਜਾਰੀ ਕਿਵੇਂ ਰੱਖਾਂ?

ਇਸੇ ਤਰ੍ਹਾਂ ਜਦੋਂ ਮੈਂ ਪੰਜਾਬੀਆਂ ਨੂੰ ਮਿਲਦੀ ਹਾਂ ਤਾਂ ਮੇਰੀ ਦਿੱਖ ਦੇ ਆਧਾਰ 'ਤੇ, ਉਨ੍ਹਾਂ ਨੂੰ ਮੰਨਣਾ ਔਖਾ ਹੁੰਦਾ ਹੈ ਕਿ ਮੈਂ ਪੰਜਾਬੀ ਮੂਲ ਦੀ ਹਾਂ।

ਸਵੈ-ਪਹਿਚਾਣ ਉਹ ਵਰਤਾਰਾ ਹੈ, ਜੋ ਹਰ ਜਣਾਂ, ਖੁਦ ਸਿਰਜਦਾ ਹੈ, ਜਿਸ ਨੂੰ ਹੋਰ ਸੰਸਥਾਵਾਂ, ਸਮਾਜ ਤੋਂ ਬਾਹਰਲੇ ਅਤੇ ਅੰਦਰਲੇ ਲੋਕ, ਨਿਰੰਤਰ ਦ੍ਰਿੜ ਕਰਾਉਂਦੇ ਰਹਿੰਦੇ ਹਨ। ਸਵੈ-ਪਹਿਚਾਣ, ਸਮਾਜਿਕ ਸੰਰਚਨਾ ਹੈ, ਜਿਸ ਰਾਹੀਂ ਲੋਕ, 'ਅਸੀਂ' ਨੂੰ 'ਦੂਜਿਆਂ' ਨਾਲੋਂ ਪਰਾਂ ਰੱਖਦੇ ਹਨ। ਅਮਰੀਕਾ ਵਿਚ ਬਿਨਾਂ ਆਪਣਾ ਨਸਲੀ ਪਿਛੋਕੜ ਦਿੱਤਿਆਂ, ਅਸੀਂ ਕਿਸੇ ਨੌਕਰੀ ਜਾਂ ਦਾਖਲੇ ਲਈ ਅਰਜੀ ਨਹੀਂ ਦੇ ਸਕਦੇ। ਸੰਸਥਾਵਾਂ ਦੀ ਇਹ ਨਿਰੰਤਰ ਬਾਹਮਰੋੜੀ, ਸਾਨੂੰ ਫਿਰਕੂ ਪ੍ਰਸੰਗ ਵਿਚ ਸੋਚਣ ਲਈ ਮਜਬੂਰ ਕਰਦੀ ਹੈ, ਅਮਰੀਕੀ ਲੋਕਾਂ ਨੂੰ ਵੰਡਣ ਵਾਲੇ, ਕਾਰਨਾਂ 'ਚੋਂ, ਇਹ ਸਿਰਕੱਢਵਾਂ ਹੈ। ਇਹ 'ਫਿਰਕੂ ਚੇਤਨਾ' ਨੂੰ ਪੈਦਾ ਹੀ ਨਹੀਂ, ਲਗਾਤਾਰ ਪੱਕਾ ਵੀ ਕਰਦਾ ਹੈ।

ਸਵੈ-ਪਹਿਚਾਣ ਦਾ ਮੁੱਦਾ ਹੋਰ ਵੀ ਜਟਿਲ ਬਣ ਜਾਂਦਾ ਹੈ ਜਦੋਂ ਅਸੀਂ ਦੋ ਸਭਿਆਚਾਰਾਂ ਦਰਮਿਆਨ ਫਸੇ ਹੋਈਏ। ਮਾਪਿਆਂ ਦੀ 'ਪੰਜਾਬੀਅਤ' ਅਤੇ ਆਵਦੇ, 'ਅਮਰੀਕਨ' ਹੋਣ ਦੀ ਦੋਫਾੜ ਨੇ ਮੇਰੇ 'ਚ ਭੰਬਲਭੂਸੇ ਦੀ ਬਜਾਏ, ਨਾਬਰੀ ਦਾ ਅਹਿਸਾਸ ਭਰ ਦਿੱਤਾ ਹੈ। ਕੇਵਲ ਮੈਂ ਹੀ ਦੋਨੋਂ ਸਮਾਜਾਂ ਦੀ ਅਵੱਗਿਆ ਕਰਨ ਦੀ ਚੋਣ ਨਹੀਂ ਕੀਤੀ, ਸਗੋਂ ਇਹ ਸਮਾਜ ਵੀ ਮੈਨੂੰ ਨਕਾਰਦੇ ਪ੍ਰਤੀਤ ਹੁੰਦੇ ਹਨ। ਲਗਾਤਾਰ ਇਹ ਸਿੱਧ ਕਰਨ ਦੀ ਬਜਾਏ ਕਿ ਮੈਂ ਦੂਜੇ ਅਮਰੀਕੀਆਂ ਨਾਲੋਂ ਵੱਧ ਅਮਰੀਕੀ ਹਾਂ ਜਾਂ ਦੂਜੇ ਪੰਜਾਬੀਆਂ ਨਾਲੋਂ ਵੱਧ ਪੰਜਾਬੀ ਹਾਂ, ਮੈਂ ਆਪਣੀ ਸਵੈ-ਪਹਿਚਾਣ, ਮਨੁੱਖ ਵਜੋਂ ਬਣਾਉਣ ਨੂੰ ਤਰਜੀਹ ਦਿੰਦੀ ਹਾਂ। ਮੇਰੀਆਂ ਨਜ਼ਰਾਂ ਵਿਚ ਮੈਂ ਮਨੁੱਖ ਹਾਂ, ਜੋ ਇਸ ਧਰਤੀ ਦਾ ਜਾਇਆ ਹੈ। ਹੁਣ ਮੇਰੀ ਵਿਸ਼ੇਸ਼ ਜੰਮਣ ਭੋਇੰ ਮੇਰੀ ਤਬੀਅਤ ਜਾਂ ਮੇਰੀਆਂ ਆਦਤਾਂ ਉਤੇ ਮੇਰੀਆਂ ਜੜ੍ਹਾਂ ਨਾਲੋਂ ਵੱਧ ਹਾਵੀ ਨਹੀਂ ਹੁੰਦੀ।

**-ਸਿੰਮੀ ਮਾਨ, ਕੈਲੀਫੋਰਨੀਆ**

ਕਹਾਣੀ

# ਅੱਧੀ ਰਾਤ ਦਾ ਸੂਰਜ

'ਜਾ ਦੀਵਟ ਘਰ ਆਪਨੇ, ਸੁਖੀ ਵਸਾਈਂ ਰਾਤ।'...ਕਹਿੰਦਿਆਂ ਬਿਸ਼ਨ ਸਿਹੁੰ ਨੇ ਖੂੰਡੀ ਨਾਲ ਸਵਿੱਚ ਦੱਬ ਕੇ ਬੱਤੀ ਬੁਝਾਈ, ਪੈਂਦੀਂ ਪਏ ਅੱਧ-ਹੰਢੇ ਮਟਿਆਲੇ ਜਿਹੇ ਕੰਬਲ ਨੂੰ ਛਾਤੀ ਤੱਕ ਖਿੱਚਿਆ ਤੇ ਮੰਜੇ 'ਤੇ ਟੇਢਾ ਹੋ ਗਿਆ। ਕੱਤੇ ਦਾ ਪਿਛਲਾ ਪੱਖ ਹੋਣ ਕਰਕੇ ਠੰਡ ਉਸ ਦੇ ਹੱਡਾਂ 'ਚ ਵੜਨ ਲੱਗੀ ਸੀ। ਪਿਛਲੇ ਕੁਝ ਦਿਨਾਂ ਤੋਂ ਉਸ ਦੀ ਛਾਤੀ ਰੁਕੀ ਹੋਈ ਸੀ। ਮੱਠੀ-ਮੱਠੀ ਖੰਘ ਵੀ ਸੀ। ਲੇਟਣ ਤੋਂ ਪਹਿਲਾਂ ਉਸ ਦੇ ਮਨ 'ਚ ਖਿਆਲ ਆਇਆ ਸੀ ਕਿ ਰਾਣੇ ਨੂੰ ਆਖੇ ਕਿ ਲੰਬੜਾਂ ਦੇ ਫੌਜੀ ਕੋਲੋਂ ਰੰਮ ਦੇ ਦੋ ਘੁੱਟ ਈ ਲਿਆ ਦਏ ਪਰ ਕੁਝ ਸੋਚ ਕੇ ਚੁੱਪ ਕਰ ਰਿਹਾ ਸੀ। ਫਿਰ ਸੋਚਿਆ, ਨਿੰਦਰ ਨੂੰ ਬਨਖਸ਼ੇ ਤੇ ਮਲੱਠੀ ਵਾਲੀ ਚਾਹ ਬਣਾ

ਦੀਪ ਦੇਵਿੰਦਰ ਸਿੰਘ


ਕੇ ਦੇਣ ਲਈ ਕਹਿ ਦਏਗਾ, ਆਪੇ ਫਰਕ ਪੈ ਜਾਊ। ਫਿਰ ਕੁਝ ਸੋਚ ਕੇ ਉਸ ਨੇ ਇਸ ਖਿਆਲ ਨੂੰ ਵੀ ਰੱਦ ਕਰ ਦਿੱਤਾ।

ਉਸ ਨੇ ਅੱਖਾਂ ਮੀਟ ਸੌਣ ਦਾ ਯਤਨ ਕੀਤਾ ਪਰ ਹਰ ਕੁਰ ਦਾ ਖਿਆਲ ਅਛੋਪਲੇ ਉਸ ਦੀ ਸੋਚ 'ਤੇ ਆ ਬੈਠਾ। ਉਹ ਤਾਂ ਉਸ ਦੇ ਦੱਸੇ ਬਗੈਰ ਈ ਅਹੁਰ ਜਾਣ ਲੈਂਦੀ ਸੀ। ਉਹਨੇ ਕਹਿਣਾ ਸੀ, 'ਉਠ ਰਾਣੇ ਦੇ ਭਾਅ, ਤੇਰੀ ਛਾਤੀ 'ਤੇ ਸੇਕ ਦਿਆਂ, ਵਾਈ ਖੋਰਾ ਏ ਜੁੱਸਾ ਤੇਰਾ, ਕਾਹਨੂੰ ਖਾਣੀ ਸੀ ਮਾਂਹ ਦੀ ਦਾਲ? ਤੇਰਾ ਖਿਆਲ ਮੈਂ ਨਾ ਰੱਖਾਂ ਤਾਂ ਕੌਣ ਰੱਖੇ? ਲੈ ਫੜ, ਦੋ ਘੁੱਟ ਚਾਹ ਦੇ ਪੀ ਤੇ ਮੂੰਹ ਢਕ ਕੇ ਲੰਮਾ ਪੈ...।'

ਉਸ ਦੇ ਬਗੈਰ ਤਾਂ ਹੁਣ ਬਸ...। ਕਿਹੋ ਜਿਹੀ ਔਰਤ ਸੀ ਉਹ? ਨਾ ਅੱਕਣ ਨਾ ਥੱਕਣ। ਪੱਥਰ ਦੇਹ ਦੀ ਮਾਲਕ। ਸਿਆਲੀ ਦਿਨਾਂ 'ਚ ਵੀ ਮੂੰਹ ਹਨੇਰੇ ਉਠਦੀ। ਮੱਝ ਅੱਗੇ ਭਾੜਾ ਸੁੱਟ ਧਾਰ ਕੱਢਦੀ। ਰਜਾਈ ਵਿਚ ਉਸ ਨੂੰ ਚਾਹ ਲਿਆ ਦੇਂਦੀ। ਲੋਅ ਲੱਗਦੀ ਨੂੰ ਹਾਜ਼ਰੀ ਤਿਆਰ ਕਰ ਲੈਂਦੀ। ਦੁਪਹਿਰ ਦੀ ਰੋਟੀ ਡੱਬੇ 'ਚ ਪਾ ਝੋਲਾ ਸਾਈਕਲ ਨਾਲ ਟੰਗਦੀ ਤੇ ਕਹਿੰਦੀ, 'ਟੈਮ ਸਿਰ ਨਿਕਲਿਆ ਕਰੋ ਘਰੋਂ, ਫਿਰ ਕਹਿੰਦੇ ਓ ਬੀਕੋ ਦਾ ਘੁੱਗੂ ਝੰਡਿਆ ਵਾਲੀ ਪੁਲੀ 'ਤੇ ਵੱਜ ਗਿਆ।'

ਟਿਕੀ ਰਾਤ ਵਿਚ ਰਾਣੇ ਦੇ ਕਮਰੇ ਵਿਚੋਂ ਟੈਲੀਵਿਜ਼ਨ ਦੀ ਆਵਾਜ਼ ਆ ਰਹੀ ਸੀ। ਗੁਰਦੁਆਰੇ ਵਾਲੇ ਭਾਈ ਨੇ ਵੀ ਕੀਰਤਨ ਸੋਹਿਲਾ ਮੁਕਾ ਕੇ ਕਦੋਂ ਦਾ ਸਪੀਕਰ ਬੰਦ ਕਰ ਦਿੱਤਾ ਸੀ। ਪਰਾਲੀ 'ਤੇ ਪਏ ਡੱਬੂ ਨੇ ਕੰਨ ਫੜਕਾ ਕੇ ਆਪਣੀ ਹੋਂਦ ਦਾ ਸਬੂਤ ਦਿੱਤਾ। 'ਪਤਾ ਨਹੀਂ ਦੁਨੀਆਂ ਨੂੰ ਕੀ ਵਾ ਪਈ ਵਗੀ ਜਾਂਦੀ ਐ, ਅੱਧੀ ਰਾਤ ਤਕ ਟੀ.ਵੀ. ਨੀ ਬੰਦ ਕਰਦੇ, ਖੌਰੇ ਕੀ ਲੱਭਦੇ ਐ ਇਹਦੇ 'ਚੋਂ? ਫਿਰ ਸਵੇਰੇ ਵੇਲੇ ਸਿਰ ਨਹੀਂ ਉਠਦੇ।' ਰਾਣਾ ਕਦੀ ਦਸ ਵਜੇ ਤੋਂ ਪਹਿਲਾਂ ਘਰੋਂ ਨਹੀਂ ਨਿਕਲਦਾ। ਠੇਕੇਦਾਰੀ ਕਰਦਾ, ਕਹਿੰਦਾ, ਹੁਣ ਕਿਹੜਾ ਹੱਥੀਂ ਕੰਮ ਕਰਨਾ। ਭਈਏ ਕੰਮ ਕਰਦੇ ਨੇ। ਆਪ ਸਕੂਟਰ 'ਤੇ ਗੇੜਾ ਮਾਰ ਆਉਂਦਾ। ਮੁੰਡਾ ਉਸ ਦਾ ਸੋਨੂੰ ਸੱਤਵੀਂ 'ਚੋਂ ਹਟ ਕੇ ਘਰ ਬਹਿ ਗਿਆ। ਅਖੇ, ਪੜ੍ਹ ਕੇ ਕਿਹੜੀ ਨੌਕਰੀ ਮਿਲਣੀ ਆ। ਹੁਣ ਇਕ ਹੋਰ ਈ ਡੱਬਾ ਜਿਹਾ ਲੈ ਆਇਆ, ਵਿਚ ਤਵੇ ਜਿਹੇ ਪਾ ਕੇ ਗਾਣੇ ਸੁਣੀ ਜਾਂਦੈ। ਕੋਈ ਅਵੱਲਾ ਜਿਹਾ ਨਾਂ ਲੈ ਰਿਹਾ ਸੀ। ਕਹਿੰਦਾ ਜਿਹੜੀ ਮਰਜ਼ੀ ਫਿਲਮ, ਜਿਹੋ ਜਿਹਾ ਮਰਜ਼ੀ ਗੀਤ ਇਹਦੇ ਨਾਲ ਸੁਣ ਲਉ। ਇਕ ਦਿਨ ਮੇਰੇ ਸਿਰਹਾਣੇ ਇਕ ਲਿਫਾਫਾ ਜਿਹਾ ਰੱਖ ਗਿਆ, ਕਹਿੰਦਾ, 'ਇਹਦੇ 'ਚ ਪੁਰਾਣੇ ਗੀਤ ਨੇ, ਮੇਰੇ ਡੈਡੀ ਨੂੰ ਨਾ ਦੱਸਿਓ, ਅਖੇ ਮੇਰੇ ਡੈਡੀ ਨੂੰ ਲਾਉਣ ਦੀ ਜਾਚ ਨੀ।' ਦਿਨੇ ਮਾਂ ਉਹਦੀ ਕਿਤੇ ਬਾਹਰ ਗਈ ਸੀ ਤੇ ਸੋਨੂੰ ਬੂਹਾ ਮਾਰੀ ਪੁਰਾਣੇ ਗਾਣਿਆਂ ਵਾਲੀ ਫਿਲਮ ਵੇਖਣ ਅੰਦਰ ਵੜਿਆ ਹੋਇਆ ਸੀ। ਉਸ ਨੇ ਬਾਰੀ ਨਾਲ ਕੰਨ ਲਾ ਕੇ ਪੁਰਾਣੇ ਗਾਣੇ ਦਾ ਕੋਈ ਬੋਲ ਸੁਣਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਤਾਂ ਬੰਦੇ ਜ਼ਨਾਨੀ ਦੀਆਂ ਗ਼ਲਤ ਜਿਹੀਆਂ ਆਵਾਜ਼ਾਂ ਸਨ, ਜਿਵੇਂ...। ਇਕ ਵਾਰੀ ਤਾਂ ਉਸ ਦੇ ਪੈਰਾਂ ਥੱਲਿਉਂ ਜ਼ਮੀਨ ਨਿਕਲਦੀ ਜਾਪੀ। ਕੋਈ ਚੰਗੀ ਗੱਲ ਨਹੀਂ ਲੱਗਦੀ। ਨਹੀਂ ਤਾਂ ਐਂ ਬੂਹਾ ਮਾਰਨ ਦਾ ਕੀ ਮਤਲਬ? ਉਹ ਚਾਹੁੰਦਿਆਂ ਹੋਇਆਂ ਵੀ ਬੂਹਾ ਨਹੀਂ ਸੀ ਖੜਕਾ ਸਕਿਆ। ਸੋਚਿਆ ਸੀ ਸ਼ਾਮੀਂ ਰਾਣਾ ਆਊ ਤਾਂ ਹੌਲੀ ਨਾਲ ਗੱਲ ਕਰੂ। ਪਰ ਉਹਦਾ ਵੀ ਕੀ ਪਤੈ, ਅਖੇ, 'ਤੇਰੇ ਵੇਲੇ ਲੰਘਗੇ ਹੁਣ। ਇਹ ਨਵਾਂ ਯੁੱਗ ਐ। ਤੂੰ ਆਪਣੀ ਭਗਤੀ ਭੁਗਤੀ ਕਰਿਆ ਕਰ।' ਹਰ ਕੁਰ ਭਾਵੇਂ ਅਨਪੜ੍ਹ ਸੀ, ਪਰ ਵੱਡੀਆਂ ਦੋਵੇਂ ਕੁੜੀਆਂ ਤੇ ਇਸ ਰਾਣੇ ਦਾ ਪੂਰਾ ਖਿਆਲ ਰੱਖਦੀ ਸੀ, ਹਰ ਵੇਲੇ ਚੰਗੀ ਸਿੱਖਿਆ ਦਿੰਦੀ, ਸਿਆਣੀਆਂ ਗੱਲਾਂ ਦਸਦੀ ਸੀ। ਪਰ ਹੁਣ ਉਸ ਨੇ ਨਾ ਕਦੀ ਰਾਣੇ ਨੂੰ ਤੇ ਨਾ ਨਿੰਦਰ ਨੂੰ ਵੇਖਿਆ ਕਿ ਨਿਆਣਿਆਂ ਵਲ ਤਵੱਜੋ ਦਿੰਦੇ ਹੋਣ। ਉਲਟਾ ਸ਼ਹਿ ਦੇਂਦੇ ਆ।

ਪਾਸੇ ਪਰਨੇ ਲੇਟਿਆਂ ਬਿਸ਼ਨ ਸਿਹੁੰ ਦੀ ਨਿਗ੍ਹਾ ਵਿਹੜੇ 'ਚ ਲੱਗੇ ਤੂਤ 'ਤੇ ਪਈ। ਵਿਰਲੇ ਟਾਂਵੇਂ ਬੱਦਲਾਂ ਵਿਚੋਂ ਛਣ ਕੇ ਆਉਂਦੀ ਚੰਨ ਦੀ ਚਾਨਣੀ 'ਚ ਤੂਤ ਦੇ ਪੱਤੇ ਲਿਸ਼ਕ ਰਹੇ ਸਨ। ਹਰ ਕੁਰ ਨੇ ਆਪ ਪਾਣੀ ਪਾ ਪਾ ਕੇ ਇਸ ਨੂੰ ਵੱਡਿਆਂ ਕੀਤਾ ਸੀ। ਇਸ ਦੀ ਠੰਡੀ ਛਾਂ ਥੱਲੇ ਉਹ ਕੁੜੀਆਂ ਵਹੁਟੀਆਂ ਨੂੰ ਦਸੂਤੀ, ਹੁਰਮੁਚੂ, ਫੁਲਕਾਰੀ ਤੋਪਾ ਤੇ ਪੱਖੀਆਂ ਦੀ ਬਣਵਾਈ ਸਮਝਾਉਂਦੀ ਸੀ। ਉਸ ਦੀ ਹੱਥ ਦੀ ਸਫਾਈ 'ਤੇ ਸਭ ਹੈਰਾਨ ਹੁੰਦੀਆਂ। ਖੁਸ਼ ਹੋਣ ਦੀ ਥਾਂ ਕਈ ਵਾਰ ਨਿੰਦਰ ਕਹਿੰਦੀ, ਕੌਣ ਹੁਣ ਸਿਰ ਖਪਾਈ ਕਰੇ, ਸਭ ਕੁਝ ਤਾਂ ਸ਼ਹਿਰੋਂ ਮਿਲ ਜਾਂਦਾ, ਇਦੂੰ ਕਿਤੇ ਵਧੀਆ ਮਸ਼ੀਨੀ ਕਢਾਈ ਹੁੰਦੀ ਆ। ਪਰ ਇਹਨੂੰ ਕੌਣ ਸਮਝਾਏ, ਹੱਥ ਦਾ ਹੁਨਰ ਹੋਣਾ ਬੜੀ ਗੱਲ ਹੁੰਦੀ ਐ। ਰਾਣੇ ਦੇ ਮਗਰ ਪੈ ਕੇ ਮੱਝ ਵਿਕਾ ਦਿੱਤੀ, ਅਖੇ 'ਹੁਣ ਨਹੀਂ ਗੋਹੇ ਕੂੜੇ ਨਾਲ ਹੱਥ ਲਬੇੜੇ ਜਾਂਦੇ। ਦੁੱਧ ਲਉ ਦੋ ਕਿਲੋ ਤੇ ਬਸ। ਉਹ ਖਿਝਿਆ ਸੀ, ਬਈ ਲਵੇਰਾ ਘਰੋਂ ਨਾ ਕੱਢੋ, ਬੜੀ ਬਰਕਤ ਹੁੰਦੀ ਐ ਘਰ ਦੀ ਚੀਜ਼ 'ਚ, ਪਰ ਕੌਣ ਮੰਨੇ। ਹਰ ਕੁਰ



ਹੁੰਦੀ ਤਾਂ ਉਸ ਦਾ ਪੱਖ ਭਾਰੀ ਹੋ ਜਾਣਾ ਸੀ। ਪਰ ਹੁਣ ਕੌਣ...? ਬਸ ਹਰ ਕੁਰ ਦੇ ਜ਼ਮਾਨੇ ਉਹਦੇ ਨਾਲ ਲੱਦ ਗਏ। ਉਹਦੇ ਜਿੰਨੀ ਹਿੰਮਤ ਤਾਂ ਦਸਾਂ ਨਿੰਦਰਾਂ 'ਚ ਵੀ ਨਹੀਂ ਹੋਣੀ। ਕੰਮ ਹਰ ਕੁਰ ਦੇ ਹੱਥਾਂ 'ਚੋਂ ਤਿਲਕ ਤਿਲਕ ਜਾਂਦਾ ਸੀ। ਹਫਤੇ ਦਸੀਂ ਦਿਨੀਂ ਉਹ ਵੱਡੀ ਧੀ ਮਿੰਦੋ ਵਲੋਂ ਹੋ ਆਉਂਦੀ ਤੇ ਸ਼ਾਮੀਂ ਉਸ ਦੇ ਆਉਣ ਤੋਂ ਪਹਿਲਾਂ ਘਰ ਪਹੁੰਚੀ ਹੁੰਦੀ। ਕੋਈ ਨਾ ਕੋਈ ਰੁਝੇਵਾਂ ਛੋਹ ਛੱਡਦੀ। ਸ਼ਰੀਕੇ ਬਰਾਦਰੀ 'ਚ ਪੂਰਾ ਰੋਅਬ ਰੱਖਦੀ। ਸਹੀ ਪੱਖ ਵਾਲੇ ਨਾਲ ਖਲੋਣ ਲਈ ਉਹ ਲੜਨ 'ਤੇ ਉਤਾਰੂ ਹੋ ਜਾਂਦੀ। ਕੋਈ ਮਸਲਾ ਹਲ ਹੁੰਦਾ ਨਜ਼ਰ ਨਾ ਆਉਂਦਾ ਤਾਂ ਦੂਜੇ ਕਹਿੰਦੇ, ਹਰ ਕੁਰ ਜੋ ਫੈਸਲਾ ਕਰ ਦਊ, ਮੰਨ ਲਾਂਗੇ। ਉਹ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਦਿੰਦੀ ਹੈ। ਪਰ ਅਖੀਰ ਵੇਲੇ ਉਹਦੇ ਆਪਣੀ ਹੀ ਘਰ ਵਿਚ ਉਹਦੀ ਕੋਈ ਕਦਰ ਨਹੀਂ ਸੀ ਪਈ। ਉਹਦੀ ਇਕ ਨਹੀਂ ਸੀ ਚੱਲੀ। ਬਸ, ਜਿਵੇਂ ਉਹਦਾ ਸੁਭਾਅ ਸੀ ਹਾਰ ਨਾ ਮੰਨਣ ਦਾ। ਹਾਰ ਈ ਉਹਨੂੰ ਕਬੂਲ ਨਾ ਹੋਈ। ਕਹਿਣ ਲੱਗੀ, 'ਬੱਸ ਰਾਣੇ ਦੇ ਭਾਅ ਇਦੂੰ ਵੱਧ ਨਹੀਂ ਮੈਥੋਂ ਜਰ ਹੋਣਾ', ਤੇ ਦਿਨਾਂ ਵਿਚ ਈ ਨਿਗਰਦੀ-ਨਿਗਰਦੀ ਲੰਮਿਆਂ ਰਾਹਾਂ ਨੂੰ ਪੈ ਗਈ।

ਸ਼ਾਇਦ ਜ਼ਮਾਨਾ ਬਦਲ ਰਿਹਾ ਏ, ਉਹਨੇ ਸੋਚਿਆ। ਸ਼ਾਇਦ ਇਸੇ ਲਈ ਉਹ ਇਕੱਲਾ ਜਿਹਾ ਮਹਿਸੂਸ ਕਰਨ ਲੱਗਾ ਸੀ। ਉਹਨੇ ਸਾਰੀ ਉਮਰ ਕਿਰਤ ਕੀਤੀ ਤੇ ਸਹਿਜ ਜੀਵਨ ਜੀਵਿਆ। ਸਿਆਲ ਹੁੰਦਾ ਜਾਂ ਹੁਨਾਲ ਉਹ ਸਾਇਕਲ 'ਤੇ ਬਟਾਲੇ ਕੰਮ 'ਤੇ ਜਾਂਦਾ ਰਿਹਾ। ਬੀਕੋ ਦਾ ਘੁਗੂ ਪਿੰਡ ਤੱਕ ਸੁਣਦਾ ਸੀ। ਪਾਲਾਂ ਦੀਆਂ ਪਾਲਾਂ ਗੱਭਰੂ ਕਾਮੇ ਸਾਈਕਲ ਭਜਾਉਂਦੇ ਸ਼ਹਿਰ ਵਲ ਜਾ ਰਹੇ ਹੁੰਦੇ। ਸ਼ਾਮੀਂ ਫੇਰ ਏਵੇਂ ਹੀ ਸੜਕ 'ਤੇ ਰੌਣਕ ਵਾਲਾ ਮਾਹੌਲ ਬਣਿਆ ਹੁੰਦਾ। ਉਹ ਮੁੜਦੇ ਵੇਲੇ ਨਿਆਣਿਆਂ ਲਈ ਕੁਝ ਨਾ ਕੁਝ ਝੋਲੇ ਵਿਚ ਪਾ ਲਿਆਉਂਦਾ। ਦੀਵਾਲੀ, ਵਿਸਾਖੀ ਮਠਿਆਈ ਲੈ ਆਉਂਦਾ। ਜੇ ਕਦੀ ਦਿਨ-ਦਿਹਾਰ ਉਹ ਦੋ ਕੁ ਹਾੜੇ ਪੀ ਲੈਂਦਾ ਤਾਂ ਹਰ ਕੁਰ ਮੱਤਾਂ ਦੇਣ ਬਹਿ ਜਾਂਦੀ, 'ਛੱਡ ਦੇ ਹੁਣ ਇਹ ਮੁੰਡਪੁਣੇ ਦੀਆਂ ਗੱਲਾਂ, ਸਿਆਣਾ ਬਣਿਆ ਕਰ...ਸਿਹਤ ਵਲ ਵੇਖਿਆ ਕਰ।' ਬਿਸ਼ਨ ਸਿਹੁੰ ਦਾ ਜਿਵੇਂ ਹਉਕਾ ਨਿਕਲ ਗਿਆ। 'ਆਪ ਚਲਦੀ ਬਣੀ ਮੈਨੂੰ ਅੱਧਵਾਟੇ ਛੱਡ। ਜਿਉਂ ਰੱਬ ਨੂੰ ਪਿਆਰੀ ਹੋਈ ਐ, ਕਦੀ ਸੁਫਨੇ ਵਿਚ ਵੀ ਵਿਖਾਈ ਨਹੀਂ ਦਿੱਤੀ। ਹੁਣ ਤਾਂ ਕਹਿੰਦੇ ਆ ਬੀਕੋ ਵੀ ਬੰਦ ਹੋ ਗਈ ਐ। ਬਟਾਲੇ ਦਾ ਕੰਮ ਮਰਨ ਕਿਨਾਰੇ ਆ। ਪੇਂਡੂਆਂ ਨੂੰ ਸ਼ਹਿਰੀ ਆਦਤਾਂ ਪੈ ਗਈਆਂ ਨੇ। ਕਿਸੇ ਨਾਲ ਲੈਗਾ ਦੇਗਾ ਨਹੀਂ।'

ਉਸ ਨੂੰ ਸੋਚ ਆਈ ਕਿ ਉਦੋਂ ਹਰ ਕੁਰ ਬੜਾ ਉਖੜ ਗਈ ਸੀ। ਇਕ ਦਿਨ ਬੜੀ ਹਿਰਾਸੀ ਜਿਹੀ ਸੁਰ 'ਚ ਬੋਲੀ ਸੀ, 'ਰਾਣੇ ਦੇ ਭਾਅ, ਮੈਂ ਬਹੁਤ ਦੁਖੀ ਆਂ। ਇਹ ਦਿਨ ਵੇਖਣ ਨਾਲੋਂ ਤਾਂ ਰੱਬ ਪਰਦਾ ਦੇ ਦਿੰਦਾ ਤਾਂ ਚੰਗਾ ਸੀ।' 'ਪਰ ਹੋਇਆ ਕੀ ਆ?' ਉਹ ਕੁਝ ਵੀ ਪੱਲੇ ਨਾ ਪੈਣ 'ਤੇ ਬੋਲਿਆ ਸੀ। ਉਹ ਅੱਖਾਂ ਪੂੰਝਦੀ ਕਹਿਣ ਲੱਗੀ, 'ਮੈਂ ਸ਼ੁਕਰ ਕੀਤਾ ਸੀ, ਰੱਬ ਕੰਨ 'ਵਾਜ ਪਾਈ ਆ, ਘਰ ਵਿਚ ਜਿਹੜਾ ਵੀ ਜੀਅ ਆਏ ਕਰਮਾਂ ਵਾਲਾ ਹੋਏ। ਮੈਂ ਰੱਬ ਅੱਗੇ ਅਰਦਾਸਾਂ ਕਰ ਰਹੀ ਆਂ ਤੇ ਇਹ ਤੇਰੇ ਨੂੰਹ-ਪੁੱਤ ਸ਼ਹਿਰੋਂ ਕਿਤੋਂ ਆਏ ਈ, ਕਿਸੇ ਡਾਕਟਰ ਨੂੰ ਵਿਖਾ ਕੇ। ਕਹਿਣ ਡਹੇ ਆ, ਕੁੜੀ ਆ, ਅਸਾਂ ਨਹੀਂ ਰੱਖਣੀ। ਮੈਂ ਬਥੇਰੇ ਸਿਰ ਦੇ ਠੀਕਰ ਭੰਨੇ, ਪਈ ਰੱਬ ਦਾ ਜੀਅ ਆ, ਸਿਆਣੇ ਬਣੋ। ਪੁੱਤ ਤੁਹਾਡੇ ਕੋਲ ਸੁੱਖ ਨਾਲ ਹੈ ਏ, ਇਕ ਧੀ ਨੂੰ ਵੀ ਹੋਣ ਦਿਉ। ਧੀਆਂ ਘਰਾਂ ਦੀਆਂ ਇੱਜ਼ਤਾਂ ਹੁੰਦੀਆਂ ਨੇ। ਸੁੱਖ ਮੰਗਦੀਆਂ ਨੇ ਮਾਪਿਆਂ ਦੀ। ਨੂੰਹ ਘਰ ਲਿਆਉਣੀ ਤੇ ਧੀ ਘਰੋਂ ਤੋਰਨੀ ਪੁੰਨ ਹੁੰਦੈ...।' ਅੱਗੋਂ ਰਾਣਾ ਕਹਿੰਦਾ ਛੱਡ ਮਾਤਾ ਇਨ੍ਹਾਂ ਗੱਲਾਂ 'ਚ ਕੀ ਪਿਐ? ਧੀ ਜੀਹਦੀ ਏ ਬੱਸ ਉਸੇ ਦੀ ਏ। ਕੌਣ ਬੋਝ ਚੁੱਕਦਾ ਫਿਰੇ? ਅਖ਼ਬਾਰਾਂ 'ਚ ਨਹੀਂ ਪੜ੍ਹਦੀ, ਪੜ੍ਹਦੀ ਤਾਂ ਪਤਾ ਲੱਗੇ। ਫਿਰ ਵਿਆਹਾਂ 'ਤੇ ਸੌ-ਸੌ ਖਰਚੇ...। ਮੈਂ ਕਿਹਾ, 'ਮੈਂ ਤਾਂ ਜਦ ਦਾ ਸੁਣਿਆ, ਨਿੱਕੀਆਂ-ਨਿੱਕੀਆਂ ਟੋਪੀਆਂ ਜੁਰਾਬਾਂ ਉਣਦੀ ਫਿਰਦੀ ਆਂ, ਤੁਸੀਂ ਹੋਰ ਈ ਲੋਹੜਾ ਮਾਰਨ ਲੱਗੇ ਜੇ।' ਉਹ ਬੇਸ਼ਰਮਾਂ ਵਾਂਗ ਹੱਸਿਆ ਸੀ, 'ਚੱਲ ਇਹ ਕਿਹੜਾ ਕੁੰਭ ਦਾ ਮੇਲਾ। ਫਿਰ ਸਹੀ।' ਫਿਰ ਮੈਂ ਵਹੁਟੀ ਅੱਗੇ ਝੋਲੀ ਫੈਲਾਈ, 'ਕੁੜੇ ਨਿੰਦਰ, ਤੂੰ ਸਿਆਣੀ ਐਂ, ਸਮਝਾ ਇਹਨੂੰ। ਰੱਬ ਦੇ ਜੀਅ ਨਾਲ ਪਾਪ ਨਾ ਕਮਾਉ।' ਉਹ ਬੋਲੀ, 'ਠੀਕ ਈ ਤਾਂ ਆਂਹਦੇ ਆ ਬੀ ਜੀ, ਕੁੜੀਆਂ ਜੰਮਣ ਤੇ ਸੌ-ਸੌ ਪ੍ਰੇਸ਼ਾਨੀਆਂ। ਕੌਣ ਚੁਕਦਾ ਫਿਰੇ ਇਹੋ ਜਿਹੇ ਝੰਜਟ।'

ਉਹ ਡਾਹਢੀ ਵੇਦਨਾ 'ਚ ਕਹਿ ਰਹੀ ਸੀ, 'ਅਸਾਂ ਤਾਂ ਕਦੀ ਕੁੱਤੇ ਨੂੰ ਸੋਟਾ ਨਹੀਂ ਮਾਰਿਆ, ਇਹ ਧੀ ਮਾਰਨਗੇ ਹੁਣ।' ਫਿਰ ਡੁਬਡੁਬਾਉਂਦੀਆਂ ਅੱਖਾਂ ਨਾਲ ਉਹਦੇ ਵਲ ਖਾਲੀ-ਖਾਲੀ ਝਾਕਣ ਲੱਗੀ। ਚੁੱਪ-ਚਾਪ। ਜਿਵੇਂ ਉਹਦੇ ਅੰਦਰੋਂ ਕੁਝ ਟੁੱਟ ਗਿਆ ਸੀ।

ਬੱਦਲਾਂ ਦੇ ਗਰਜਣ ਦੀ ਆਵਾਜ਼ ਆਈ। ਬਿਸ਼ਨ ਸਿਹੁੰ ਨੇ ਕੰਬਲ ਨੂੰ ਆਪਣੇ ਦੁਆਲੇ ਘੁੱਟਿਆ। ਉਸ ਨੂੰ ਯਾਦ ਆਇਆ ਕਿ ਅਗਲੇ ਦਿਨ ਹਰ ਕੁਰ ਬੱਧੀ-ਰੁੱਧੀ ਉਨ੍ਹਾਂ ਦੇ ਨਾਲ ਗਈ ਸੀ। ਹਸਪਤਾਲ ਦੇ ਬਾਹਰ ਬੈਠੀ ਮਰ-ਮਰ ਮਿੱਟੀ ਹੁੰਦੀ ਰਹੀ ਸੀ। ਆਪਣੀ ਜ਼ਾਤ ਨਾਲ ਹੁੰਦੇ ਵਰਤਾਅ ਬਾਰੇ ਸੋਚ-ਸੋਚ ਟੁੱਟਦੀ ਰਹੀ ਸੀ। ਫਿਰ ਰਾਣੇ ਨੇ ਆਸਰਾ ਦੇ ਕੇ ਨਿੰਦਰ ਨੂੰ ਹਸਪਤਾਲੋਂ ਬਾਹਰ ਲਿਆ ਕੇ ਟੈਂਪੂ 'ਚ ਬਿਠਾਇਆ ਸੀ। ਸ਼ਾਮੀਂ ਪਿੰਡ ਪਹੁੰਚੇ, ਜਿਵੇਂ ਬੜੀ ਵੱਡੀ ਜੰਗ ਜਿੱਤ ਲਈ ਹੋਵੇ।

ਕਈ ਵਾਰ ਹਰ ਕੁਰ ਅੱਧੀ ਰਾਤ ਨੂੰ ਉਠ ਬਹਿੰਦੀ, ਕਹਿੰਦੀ, 'ਰਾਣੇ ਦੇ ਭਾਅ ਮੇਰੀਆਂ ਆਂਦਰਾ ਨੂੰ ਵਲ੍ਹੇਟ ਜਿਹੇ ਪੈਂਦੇ ਆ। ਇਹ ਜੀਅ ਦੀ ਹੱਤਿਆ ਸਾਡੇ ਗਲੋਂ ਲੱਥ ਜਾਊ? ਕਹਿੰਦੇ ਆ ਬਿੱਲੀ ਮਾਰਨ ਦਾ ਪਾਪ ਕਿਸੇ ਤੀਰਥ ਸੋਨੇ ਦੀ ਬਿੱਲੀ ਚਾੜ੍ਹ ਕੇ ਲਹਿ ਜਾਂਦਾ, ਪਰ ਇਹ ਧੀ ਮਾਰਨ ਦਾ ਪਾਪ ਕਿਹੜੇ ਜਨਮ ਲਹੂ?'

ਬਿਸ਼ਨ ਸਿਹੁੰ ਨੂੰ ਵੀ ਕੁਝ ਨਾ ਅਹੁੜਦਾ ਕਹਿਣ ਨੂੰ। ਬੱਸ ਕਹਿਣ ਦੀ ਖਾਤਰ ਕਹਿੰਦਾ। ਕੀ ਫੈਦਾ ਦੂਜਿਆਂ ਦੀ ਜ਼ਿੰਦਗੀ 'ਚ ਦਖਲ ਦੇਣ ਦਾ। ਕਹਿੰਦੇ ਆ ਨਾ, ਜੋ ਕਰਨਗੇ ਸੋ ਭਰਨਗੇ...ਪੜ੍ਹੇ ਲਿਖੇ ਨੇ, ਸਮਝਦਾਰ ਨੇ, ਅਸੀਂ ਤੇ ਅਨਪੜ੍ਹ, ਜਾਹਲ...।'

'ਲੋਹੜ ਆਈ ਐ ਇਨ੍ਹਾਂ ਦੀ ਸਮਝਦਾਰੀ ਨੂੰ। ਜੋੜੀ ਮਿਲਾਉਣ ਨੂੰ ਫਿਰਦੇ ਐ, ਮੈਨੂੰ ਦੱਸ ਕਿੰਨਿਆਂ ਕੁ ਮਿਲਖਾਂ ਦੇ ਮਾਲਕ ਨੇ ਇਹ? ਮੁੰਡੇ ਭਾਵੇਂ ਮੜ੍ਹੀ 'ਤੇ ਫੋਸ ਨਾ ਮਾਰਨ। ਅਸੀਂ ਵੀ ਤਾਂ ਦੋ ਧੀਆਂ ਵਿਹਾਈਆਂ। ਹਰ ਵੇਲੇ ਦੁਖ-ਸੁਖ 'ਚ ਹਾਜ਼ਰ ਹੁੰਦੀਆਂ। ਸਾਡੇ ਕੰਨ ਪੀੜ ਵੀ ਹੋਵੇ, ਵਿਚਾਰੀਆਂ ਭੱਜੀਆਂ ਆਉਂਦੀਆਂ। ਜਵਾਈ ਰੱਬ ਦੇ ਨਾਂ ਵਾਲੇ। ਅਸੀਂ ਵੀ ਵਿਤ ਮੂਜਬ ਉਨ੍ਹਾਂ ਦੇ ਨਾਲ ਖਲੋਂਦੇ ਆਂ। ਹੋਰ ਕੀਹਨੂੰ ਕਹਿੰਦੇ ਆ ਸੁੱਖ?' 'ਹੌਸਲੇ 'ਚ ਰਹਿ ਭਲੀਏ ਲੋਕੇ। ਸਾਡੇ ਜਿੰਨਾ ਹੱਥ ਵੱਸ ਸੀ, ਅਸੀਂ ਚੰਗੀ ਨਿਭਾ ਲਈ। ਹੁਣ ਤਾਂ ਦੋ ਟੁੱਕਰਾਂ ਦੇ ਵਣਜਾਰੇ ਆਂ। ਕੋਈ ਦੇ ਦਿਉ ਤਾਂ ਵਾਹ ਭਲੀ, ਨਹੀਂ, ਆਪੇ ਜਾਣੇ ਜੀਹਨੇ ਜੀਵਨ ਬਖਸ਼ਿਐ।' ਬਿਸ਼ਨ ਸਿਹੁੰ ਨੇ ਆਪਣੇ ਵਲੋਂ ਗੱਲ ਮੁਕਾਈ। ਪਰ ਹਰ ਕੁਰ ਦਾ ਮਨ ਹਾਲੇ ਵੀ ਭਟਕਣ 'ਚੋਂ ਨਹੀਂ ਸੀ ਨਿਕਲ ਰਿਹਾ। ਉਹ ਦੂਰ ਖਲਾਅ 'ਚ ਝਾਕਦੀ ਕਹਿ ਰਹੀ ਸੀ-ਜਦੋਂ ਲਿਫਾਫੇ 'ਚ ਪਾ ਉਤੇ ਗੰਢ ਮਾਰ ਉਹ ਮਾਸ ਦਾ ਲੋਥੜਾ ਰਾਣਾ ਫੜ ਕੇ ਹਸਪਤਾਲੋਂ ਲਿਆਇਆ ਤਾਂ ਮੇਰਾ ਜੀਅ ਕਰੇ ਵੈਣ ਪਾਉਣ ਲੱਗ ਪਵਾਂ, ਫਿਰ ਕੁਝ ਸੋਚ ਕੇ ਮਨ ਮਾਰ ਲਿਆ। ਟੈਂਪੂ 'ਚ ਬੈਠਿਆਂ ਮੇਰੇ ਅੰਦਰ ਹੌਲ ਪੈਂਦੇ ਰਹੇ। ਮਨ ਕਹੇ, ਰੱਬਾ ਇਹ ਵੀ ਦਿਨ ਤੂੰ ਦਿਖਾਉਣਾ ਸੀ। ਫਿਰ ਲਿਫਾਫਾ ਰਾਣੇ ਨੇ ਹੰਸਲੀ 'ਚ ਦੇ ਮਾਰਿਆ ਤੇ ਮੇਰੀ ਭੁੱਬ ਨਿਕਲਦੀ ਨਿਕਲਦੀ ਬਚੀ। ਹੁਣ ਰਾਤ ਨੂੰ ਭੋਰਾ ਵੀ ਅੱਖ ਲਗਦੀ ਏ ਤਾਂ ਲਗਦਾ ਕੋਈ ਬੱਚਾ ਜੰਗਲ 'ਚ ਭਟਕਦਾ ਮੈਨੂੰ ਵਾਜਾਂ ਮਾਰਦਾ, ਬਾਹਾਂ ਉਲਾਰ-ਉਲਾਰ ਮਾਂ-ਮਾਂ ਕਹਿੰਦਾ ਏ।

ਨਿੰਦਰ ਕਹਿੰਦੀ ਬੀ ਜੀ ਨੂੰ ਵਹਿਮ ਹੋ ਗਿਆ। ਇਨ੍ਹਾਂ ਦਾ ਦਿਮਾਗ ਟਿਕਾਣੇ ਨਹੀਂ ਰਿਹਾ।

ਸੱਚੀਂ ਹਰ ਕੁਰ ਨੂੰ ਵਹਿਮ ਹੀ ਹੋ ਗਿਆ ਸੀ। ਉਹਦਾ ਦਿਮਾਗ ਉਹਦੇ ਵੱਸ 'ਚ ਨਹੀਂ ਸੀ ਰਿਹਾ। ਰਾਤ ਨੂੰ ਟਿਕਦੀ ਨਾ, ਕਦੀ ਕਹਿੰਦੀ ਬੜੇ ਦਿਨ ਹੋਗੇ ਮਿੰਦੋ ਨਹੀਂ ਆਈ। ਰਾਣੇ ਦੇ ਭਾਅ ਉਹਨੂੰ ਸੁਨੇਹਾ ਘੱਲ, ਮਿਲ ਜਾਏ। ਛਿੰਦੋ ਨੂੰ ਖੌਰੇ ਮੇਰਾ ਚੇਤਾ ਈ ਭੁੱਲ ਗਿਆ। ਫਿਰ ਉਹ ਖਿਝਣ ਵਾਲੀ ਸੁਰ 'ਚ ਕਹਿੰਦੀ, 'ਮੇਰੇ ਮਰਨ 'ਤੇ ਆਉਣਗੀਆਂ ਇਹ?'

ਇਕ ਦਿਨ ਸਵੇਰੇ ਹਰ ਕੁਰ ਨਹੀਂ ਉਠੀ। ਸੱਚੀਂ ਛਿੰਦੋ ਤੇ ਮਿੰਦੋ ਧਾਹੀਂ ਮਾਰਦੀਆਂ ਆ ਪਹੁੰਚੀਆਂ।

ਬਿਸ਼ਨ ਸਿਹੁੰ ਨੇ ਸੋਚਿਆ ਜਦੋਂ ਸਾਡੀਆਂ ਛਿੰਦੋ ਤੇ ਮਿੰਦੋ ਛੋਟੀਆਂ ਸਨ ਤਾਂ ਵਿਹੜੇ ਵਿਚ ਕਿਕਲੀ ਪਾਉਂਦੀਆਂ 'ਕਿਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ' ਗਾਉਂਦੀਆਂ ਤਾਂ ਕਿੰਨੀਆਂ ਚੰਗੀਆਂ ਲੱਗਦੀਆਂ ਸਨ। ਉਨ੍ਹਾਂ ਦੇ ਨਿੱਕੇ-ਨਿੱਕੇ ਹਾਸੇ, ਰੋਸੇ, ਰੁੱਸਣਾ-ਮੰਨਣਾ। ਹਰ ਕੁਰ ਨੇ ਕਦੀ ਫਿਟਕ ਨਹੀਂ ਸੀ ਪਾਈ। ਕਹਿੰਦੀ ਇਹ ਧੀਆਂ ਤਾਂ ਧੰਨ ਐ। ਦੋਵੇਂ ਚਾਈਂ-ਚਾਈਂ ਰਾਣੇ ਨੂੰ ਰੱਖੜੀ ਬੰਨ੍ਹਦੀਆਂ। ਘਰ 'ਚ ਰੌਣਕ ਲਾ ਛੱਡਦੀਆਂ। ਹੁਣ ਕੀ ਕਰਨਗੇ। ਇਹ ਪੜ੍ਹੇ ਲਿਖੇ ਸਿਆਣੇ ਲੋਕ? ਖਾਨਾਪੂਰੀ ਕਰਨ ਖਾਤਰ ਸ਼ਾਇਦ ਘਰ ਵਾਲੀਆਂ ਕੋਲੋਂ ਹੀ ਰੱਖੜੀ ਬਨਵਾ ਲਿਆ ਕਰਨਗੇ। ਖੌਰੇ ਕੀ ਕਰਨ, ਇਹ ਤਾਂ ਰੱਬ ਈ ਜਾਣੇ।

ਰਾਣੇ ਦੇ ਕਮਰੇ ਵਿਚ ਹਾਲੇ ਵੀ ਟੀ.ਵੀ. ਚੱਲ ਰਿਹਾ ਸੀ। 'ਇਕ ਤਾਂ ਇਹ ਟੀ.ਵੀ. ਦੀ ਬਿਮਾਰੀ ਚੰਬੜੀ ਐ ਇਨ੍ਹਾਂ ਨੂੰ, ਇਹਨੇ ਪਤਾ ਨਹੀਂ ਕੀ ਕਰਵਾਉਣਾ ਇਨ੍ਹਾਂ ਤੋਂ। ਰੱਬ ਸੁੱਖ ਰੱਖੇ, ਸੁੱਖ ਵਰਤਾਏ।' ਉਹਨੇ ਹਨੇਰੇ 'ਚ ਅਵਾਜਾਰੀ ਜਿਹੀ ਮਹਿਸੂਸ ਕੀਤੀ ਤੇ ਖੂੰਡੀ ਫੜ ਕੇ ਸਵਿੱਚ ਟਟੋਲ ਕੇ ਬੱਤੀ ਜਗਾਈ।

ਆਪਣੀ ਸਿਰਹਾਣੇ ਰੱਖੀ ਜ਼ਿੰਦਗੀ ਬਿਲਾਸ ਪੜ੍ਹਨ ਲੱਗਾ, ਕਿਤਾਬ ਦੀਆਂ ਪੰਕਤੀਆਂ ਦੇ ਨਾਲ-ਨਾਲ ਉਹਦੀ ਸੋਚ ਤੁਰਨ ਲੱਗੀ, ਕਹਿੰਦੇ ਐ-ਹਨ੍ਹੇਰੇ ਦਾ ਕੋਈ ਵਜੂਦ ਨਹੀਂ ਹੁੰਦਾ, ਸਿਰਫ ਚਾਨਣ ਦੀ ਅਣਹੋਂਦ ਹੁੰਦੀ ਏ। ਸਵੇਰਾ ਤਾਂ ਹੋਣਾ ਈ ਹੁੰਦੈ, ਦੇਰ ਜਾਂ ਅਵੇਰ। ਪਰ ਇਹ ਜੋ ਪੈਰੋ ਪੈਰ ਕਾਲਖ ਫੈਲਦੀ ਜਾ ਰਹੀ ਹੈ, ਇਹ ਕਦੋਂ ਧੁਖੇਗੀ? ਉਹਦੀ ਹਿਲਜੁਲ ਵੇਖ ਕੇ ਡੱਬੂ ਨੇ ਉਠ ਕੇ ਕੰਨ ਛੰਡੇ ਤੇ ਪਰਿਉਂ ਪਰਾਲੀ ਤੋਂ ਉਠ ਕੇ ਉਹਦੇ ਲਾਗੇ ਆ ਖਲੋਤਾ। ਬਿਸਨ ਸਿਹੁੰ ਨੇ ਬੜੀ ਅਪਣੱਤ ਨਾਲ ਉਹਦੇ ਵਲ ਵੇਖਿਆ ਤੇ ਉਹਦੇ ਸਿਰ 'ਤੇ ਹੱਥ ਫੇਰਿਆ। ਡੱਬੂ ਪੂਛ ਹਿਲਾਉਂਦਾ ਉਹਦੇ ਲਾਗੇ ਈ ਥੱਲੇ ਬਹਿ ਗਿਆ। ਬਿਸ਼ਨ ਸਿਹੁੰ ਦੀਆਂ ਨਜ਼ਰਾਂ ਕਿੰਨਾ ਈ ਚਿਰ ਕਿਤਾਬ 'ਚ ਗੁਆਚੀਆਂ ਜ਼ਿੰਦਗੀ ਦੇ ਕਿਸੇ ਸੱਚ ਦੀ ਤਲਾਸ਼ 'ਚ ਜੁਟੀਆਂ ਰਹੀਆਂ।

## ਮਿੰਨੀ ਕਹਾਣੀ

### ਦਾਨ

ਲੰਗਰ ਹਾਲ ਵਿਚ ਲੋਕ ਲੰਗਰ ਛੱਕ ਰਹੇ ਸਨ। ਬਹੁਤੀ ਭੀੜ ਨਾ ਹੋਣ ਕਰਕੇ ਕਾਫੀ ਸੇਵਾਦਾਰ ਵਿਹਲੇ ਹੀ ਸਨ। ਏਨੇ ਨੂੰ ਇਕ ਸੱਜਣ ਆਇਆ ਤੇ ਉਹ ਲੰਗਰ ਹਾਲ ਵਿਚ ਚੱਲਦੇ ਪੱਖਿਆਂ ਨੂੰ ਬੜੇ ਧਿਆਨ ਨਾਲ ਦੇਖਣ ਲੱਗਾ। ਹਰੇਕ ਪੱਖੇ ਨੂੰ ਜਾਂਚਣ ਲਈ ਉਹ ਪੱਖੇ ਦੇ ਨੀਚੇ ਖਲੋ ਕੇ ਗਹੁ ਨਾਲ ਤੱਕਦਾ। ਇਕ ਸੇਵਾਦਾਰ ਵੀ ਉਸ ਨੂੰ ਇਸ ਤਰ੍ਹਾਂ ਕਰਦੇ ਦੇਖ ਰਿਹਾ ਸੀ। ਆਖਰ ਸੇਵਾਦਾਰ ਨੇ ਉਸ ਨੂੰ ਪੁਛ ਹੀ ਲਿਆ, "ਕਿਆ ਦੇਖ ਰਹੇ ਹੋ ਭਾਈ ਸਾਹਿਬ, ਲੰਗਰ ਨਹੀਂ ਛੱਕਣਾ?" ਉਸ ਸੱਜਣ ਨੇ ਸੇਵਾਦਾਰ ਵੱਲ ਦੇਖਿਆ ਤੇ ਬੋਲਿਆ, "ਲੰਗਰ ਤਾਂ ਫੇਰ ਛੱਕ'ਲਾਂਗੇ, ਪਹਿਲਾਂ ਮੈਂ ਉਸ ਪੱਖੇ ਨੂੰ ਲੱਭ ਲਵਾਂ ਜਿਸ 'ਤੇ ਮੈਂ ਆਪਣਾ ਨਾਮ ਲਿਖਾ ਕੇ ਇਸ ਲੰਗਰ ਹਾਲ ਵਾਸਤੇ ਦਾਨ ਕੀਤਾ ਸੀ।

ਸੇਵਾਦਾਰ ਉਸ ਦੀ ਗੱਲ ਸੁਣ ਕੇ ਮੁਸਕਰਾਇਆ ਤੇ ਕਹਿਣ ਲੱਗਿਆ, "ਭਾਈ ਸਾਹਬ! ਦਾਨ ਤਾਂ ਉਹ ਹੁੰਦਾ ਹੈ ਜੋ ਇਕ ਹੱਥ ਦੇਵੇ ਤੇ ਦੂਜੇ ਨੂੰ ਪਤਾ ਵੀ ਨਾ ਲੱਗੇ, ਪਰ ਤੁਸੀਂ ਤਾਂ ਜੋ ਦਾਨ ਕੀਤਾ ਉਸ ਨੂੰ ਲੱਭਣ ਤੁਰ ਪਏ। ਸੱਚੇ ਪਾਤਸ਼ਾਹ ਤਾਂ ਦਾਨੀ ਦੀ ਭਾਵਨਾ ਦੇਖਦੇ ਨੇ, ਦਾਨ ਕੀਤੀ ਹੋਈ ਵਸਤੂ ਨਹੀ।" ਸੇਵਾਦਾਰ ਦੀਆਂ ਗੱਲਾਂ ਸੁਣ ਕੇ ਸੱਜਣ ਸ਼ਰਮਿੰਦਾ ਜਿਹਾ ਹੋ ਕੇ ਚੁਪ ਚਾਪ ਲੰਗਰ ਛਕਣ ਬੈਠ ਗਿਆ।

*-ਨਾਇਬ ਸਿੰਘ ਸੈਂਪਲੇ*
*ਫੋਨ: 91-98724-05203*

# ਧੀਆਂ ਨੇ ਸਜਾਏ ਸਦਾ ਵਿਹੜੇ ਅਤੇ ਬਨੇਰੇ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

'ਪੰਜਾਬ ਟਾਈਮਜ਼' ਦੇ ਪਾਠਕ, ਮੇਰੇ ਲੇਖਾਂ ਦੇ ਪ੍ਰਸ਼ੰਸਕ ਤੇ ਆਲੋਚਕ, ਨਿੱਕੀ-ਨਿੱਕੀ ਗੱਲ 'ਤੇ ਨਿਘੋਚਾਂ ਕੱਢਣ ਵਾਲੇ ਬਾਈ ਗੁਰਮੀਤ ਸਿੰਘ ਨੂੰ ਪਿਛਲੇ ਐਤਵਾਰ ਮਿਲਣ ਦਾ ਮੌਕਾ ਮਿਲਿਆ। ਕਈ ਸਾਲਾਂ ਤੋਂ ਫੋਨ 'ਤੇ ਹੀ ਗੱਲਬਾਤ ਹੋ ਰਹੀ ਸੀ। ਬਾਈ ਨਾਲ ਹੋਈ ਗੱਲਬਾਤ ਹੁਣ ਤੁਹਾਡੇ ਨਾਲ ਸਾਂਝੀ ਕਰਨ ਲੱਗਿਆ ਹਾਂ। ਬਾਈ ਦੱਸਦਾ ਸੀ:

ਅਸੀਂ ਦੋ ਭਰਾ ਸੀ, ਮੈਂ ਅਤੇ ਮੈਥੋਂ ਵੱਡਾ ਸੁਰਜੀਤ ਸਿੰਘ। ਘਰ ਦੀ ਜ਼ਮੀਨ ਥੋੜ੍ਹੀ ਸੀ। ਪਿਤਾ ਜੀ ਡਰਾਈਵਰੀ ਕਰਨ ਲੱਗ ਪਏ। ਕੁਝ ਸਾਲ ਬਾਅਦ ਹੀ ਪਿਤਾ ਜੀ ਦਾ ਐਕਸੀਡੈਂਟ ਹੋ ਗਿਆ। ਮਾਤਾ ਨੇ ਸਾਨੂੰ ਬੜੀ ਮੁਸ਼ਕਲ ਨਾਲ ਪਾਲਿਆ। ਮੇਰਾ ਭਰਾ ਚੁਸਤ, ਚਾਲਕ ਤੇ ਸਿਆਣਾ ਸੀ ਅਤੇ ਮੈਂ ਮਿੱਟੀ ਦਾ ਮਾਧੋ। ਜਿੰਨੀ ਸ਼ਾਬਾਸ਼ੇ ਭਰਾ ਦੇ ਹਿੱਸੇ ਆਉਂਦੀ, ਉਸ ਤੋਂ ਵੱਧ ਮੈਨੂੰ ਫਟਕਾਰਾਂ ਮਿਲਦੀਆਂ। ਸਾਡੇ ਦੋਵਾਂ ਭਰਾਵਾਂ ਵਿਚ ਸਮਝੋ ਜ਼ਮੀਨ ਅਸਮਾਨ ਦਾ ਫਰਕ ਸੀ। ਮਾਤਾ ਨੇ ਭਰਾ ਨੂੰ ਦਸ ਜਮਾਤਾਂ ਪੜ੍ਹਾ ਦਿੱਤੀਆਂ, ਤੇ ਮੈਂ ਵੀ ਅੱਠ ਪੜ੍ਹ ਗਿਆ। ਭਰਾ ਹਮੇਸ਼ਾ ਘਰ ਦੇ ਹਾਲਾਤ ਨੂੰ ਲੈ ਕੇ ਫਿਕਰ ਵਿਚ ਡੁੱਬਿਆ ਰਹਿੰਦਾ, ਤੇ ਮੈਂ ਬੇਫਿਕਰੀ ਦੇ ਖੰਭ ਲਾ ਕੇ ਹਮੇਸ਼ਾ ਉਡਦਾ ਰਹਿੰਦਾ। ਮਾਤਾ ਨੂੰ ਜਿੰਨਾ ਭਰੋਸਾ ਭਰਾ ਉਤੇ ਸੀ, ਉਸ ਤੋਂ ਵੱਧ ਬੇਭਰੋਸਗੀ ਮੇਰੇ 'ਤੇ ਰਹਿੰਦੀ। ਭਰਾ ਦੇ ਮੱਸ ਫੁੱਟਣ ਲੱਗੀ ਤਾਂ ਉਹ ਖੇਤੀ ਕਰਨ ਲੱਗ ਪਿਆ। ਆਪਣੇ ਮਿੱਤਰ ਹਰਪਾਲ ਨਾਲ ਵੀ ਖੇਤੀ ਵਿਚ ਹੱਥ ਵਟਾ ਦਿੰਦਾ, ਤੇ ਉਹ ਸਾਡੀ ਜ਼ਮੀਨ ਵਾਹ ਕੇ ਬੀਜ ਦਿੰਦਾ। ਹਰਪਾਲ ਹੋਰਾਂ ਦਾ ਪਰਿਵਾਰ ਪੂਰਾ ਖੇਤੀ ਦਾ ਮਾਹਰ ਸੀ। ਮੇਰੇ ਭਰਾ ਨਾਲ ਉਨ੍ਹਾਂ ਦੀ ਬਹੁਤ ਬਣਦੀ ਸੀ। ਭਰਾ ਉਨ੍ਹਾਂ ਤੋਂ ਖੇਤੀ ਦੇ ਗੁਣ ਸਿੱਖਦਾ ਗਿਆ। ਉਹ ਵੀ ਭਰਾ ਨੂੰ ਹਰਪਾਲ ਬਰਾਬਰ ਸਮਝਦੇ। ਉਧਰ ਮੈਂ ਕੰਮ ਘੱਟ ਕਰਦਾ, ਪਰ ਹੱਟੀ-ਭੱਠੀ ਬਹਿ ਕੇ ਅਖ਼ਬਾਰ ਜ਼ਰੂਰ ਪੜ੍ਹਦਾ। ਧਾਰਮਿਕ, ਰਾਜਨੀਤਿਕ, ਇਤਿਹਾਸਕ ਗੱਲਾਂ ਮੈਂ ਬੜੀ ਗੌਰ ਨਾਲ ਪੜ੍ਹਦਾ ਤੇ ਸੁਣਦਾ। ਭਰਾ ਹੋਰਾਂ ਦੀ ਰੋਟੀ ਖੇਤ ਦੇ ਆਉਂਦਾ, ਮੱਝਾਂ ਸਾਂਭ ਲੈਂਦਾ, ਪੱਠੇ ਵੱਢ ਲਿਆਉਂਦਾ ਤੇ ਪਿੰਡ ਵਿਚ ਜਿੱਥੇ ਦੋ-ਚਾਰ ਬੰਦੇ ਬੈਠੇ ਹੁੰਦੇ, ਤਾਂ ਮੈਂ ਉਥੇ ਹੀ ਬੈਠ ਜਾਂਦਾ। ਕਈ ਵਾਰ ਮਾਤਾ ਮੈਨੂੰ ਬੰਦਿਆਂ ਵਿਚ ਬੈਠੇ ਨੂੰ ਗਾਲ੍ਹਾਂ ਕੱਢ ਕੇ ਲਿਆਉਂਦੀ ਤੇ ਅਧੂਰੇ ਛੱਡੇ ਕੰਮ ਬਾਰੇ ਸੁਚੇਤ ਕਰਦੀ।

ਫਿਰ ਭਰਾ ਦੀ ਮਿਹਨਤ ਰੰਗ ਲਿਆਉਣੀ ਲੱਗੀ। ਉਹ ਮਾਮਲੇ 'ਤੇ ਹੋਰ ਜ਼ਮੀਨ ਲੈ ਕੇ ਵਾਹੀ ਕਰਨ ਲੱਗਾ। ਮਾਤਾ ਦੇ ਚਿਹਰੇ ਉਤੇ, ਤੇ ਵਿਹੜੇ ਵਿਚ ਰੌਣਕ ਪਰਤਣ ਲੱਗੀ। ਮਾਤਾ ਨੇ ਲੋਕਾਂ ਦੇ ਘਰਾਂ ਤੋਂ ਕਈ ਵਾਰ ਉਧਾਰ ਮੰਗ ਕੇ ਸਾਡੀਆਂ ਫੀਸਾਂ ਦਿੱਤੀਆਂ। ਉਹ ਕਦੇ ਕਿਸੇ ਦੀ ਧੀ ਦੇ ਦਾਜ ਦੀ ਤਿਆਰੀ ਵਾਸਤੇ ਹੱਥ ਵਟਾ ਦਿੰਦੀ, ਅਗਲਾ ਦੋ-ਚਾਰ ਛਿੱਲੜ ਮਾਤਾ ਦੇ ਹੱਥ ਧਰ ਦਿੰਦਾ। ਗਰੀਬੀ ਕੀ ਹੁੰਦੀ ਹੈ, ਇਸ ਦਾ ਪਤਾ ਮੇਰੀ ਮਾਤਾ ਅਤੇ ਮੇਰੇ ਭਰਾ ਨੂੰ ਪਤਾ ਸੀ। ਮੈਨੂੰ ਇਸ ਦਾ ਕੋਈ ਇਲਮ ਨਹੀਂ ਸੀ। ਮੈਂ ਤਾਂ ਖਾਲੀ ਜੇਬ ਹੀ ਤੀਰਥੀਂ ਜਾ ਆਉਂਦਾ। ਕਿਸੇ ਦੀ ਟਰਾਲੀ ਜਾਂ ਗੱਡੀ ਗੁਰਦੁਆਰੇ ਜਾਂਦੀ ਤਾਂ ਮੈਂ ਝੱਟ ਛਾਲ ਮਾਰ ਚੜ੍ਹ ਜਾਂਦਾ।

ਇਸੇ ਤਰ੍ਹਾਂ ਹੋਰ ਸਮਾਂ ਲੰਘਿਆ ਤਾਂ ਮਾਤਾ ਭਰਾ ਦੇ ਵਿਆਹ ਬਾਰੇ ਸੋਚਣ ਲੱਗੀ। ਭਰਾ ਬੜਾ ਸਿਆਣਾ ਤੇ ਸਮਝਦਾਰ ਸੀ, ਪਰ ਜ਼ਮੀਨ ਥੋੜ੍ਹੀ ਹੋਣ ਕਰ ਕੇ ਕੋਈ ਰਿਸ਼ਤੇ ਬਾਰੇ ਹਾਮੀ ਨਹੀਂ ਸੀ ਭਰਦਾ। ਜਦੋਂ ਹਰਪਾਲ ਦਾ ਵਿਆਹ ਹੋਇਆ ਤਾਂ ਉਸ ਵਿਚ ਇਕੱਠੇ ਹੋਏ ਮੇਲ ਵਿਚੋਂ ਕਿਸੇ ਦੀ ਅੱਖ ਨੇ ਭਰਾ ਦੀ ਸਿਆਣਪ ਤੇ ਸਮਝਦਾਰੀ ਦੇਖ ਲਈ, ਤੇ ਫਿਰ ਵਿਆਹ ਤੋਂ ਬਾਅਦ ਹਰਪਾਲ ਦੀ ਮਾਮੀ ਭਰਾ ਵਾਸਤੇ ਰਿਸ਼ਤਾ ਲੈ ਕੇ ਆਈ। ਮਾਤਾ ਤੇ ਭਰਾ ਨੂੰ ਬਿਠਾ ਕੇ ਦੱਸਣ ਲੱਗੀ, "ਭੈਣ ਜੀ, ਕੁੜੀ ਤਾਂ ਗਰੀਬ ਘਰ ਦੀ ਹੈ, ਪਰ ਸੋਹਣੀ ਤੇ ਸੁਨੱਖੀ ਰੱਜ ਕੇ। ਲੰਮੀ ਵੀ ਆਪਣੇ ਸੁਰਜੀਤ ਸਿਉਂ ਵਰਗੀ ਐ। ਜੇ ਤੁਸੀਂ ਹਾਂ ਕਰ ਦੇਵੋ ਤਾਂ ਕੁੜੀ ਦੇਖ ਲਵੋ, ਤੇ ਆਪਾਂ ਚੁੰਨੀ ਚੜ੍ਹਾ ਕੇ ਕੁੜੀ ਲੈ ਆਵਾਂਗੇ।"

ਥੋੜ੍ਹੇ ਦਿਨਾਂ ਬਾਅਦ ਭਰਾ ਤੇ ਮਾਤਾ ਨੇ ਹਰਪਾਲ ਕੇ ਪਰਿਵਾਰ ਨਾਲ ਸਲਾਹ ਕੀਤੀ। ਕੁੜੀ ਭਰਾ ਨੂੰ ਪਸੰਦ ਆ ਗਈ ਤੇ ਗਿਆਰਾਂ ਬੰਦੇ ਜਾ ਕੇ ਵਿਆਹ ਲਿਆਏ। ਭਾਬੀ ਦੇ ਆਉਣ ਨਾਲ ਸਾਡਾ ਛੋਟਾ ਜਿਹਾ ਵਿਹੜਾ ਚਾਨਣ ਨਾਲ ਭਰ ਗਿਆ। ਭਾਬੀ ਦਾ ਸੁਭਾਅ ਬੜਾ ਹੱਸਮੁਖ ਤੇ ਮਖੌਲੀਆ ਸੀ। ਉਹ ਮੇਰਾ ਵੀ ਬਹੁਤ ਖਿਆਲ ਰੱਖਦੀ। ਜੇ ਮਾਤਾ ਮੈਨੂੰ ਬੁਰਾ ਭਲਾ ਕਹਿੰਦੀ ਤਾਂ ਮਾਤਾ ਨੂੰ ਚੁੱਪ ਕਰਵਾ ਦਿੰਦੀ। ਹੁਣ ਮੈਂ ਵੀ ਭਰਾ ਦੇ ਆਖੇ ਲੱਗ ਜਾਂਦਾ, ਕਬੀਲਦਾਰੀ ਦੇ ਛੋਟੇ-ਮੋਟੇ ਕੰਮ ਕਰ ਦਿੰਦਾ। ਸ਼ਾਇਦ ਭਾਬੀ ਨੂੰ ਦਿਖਾਉਣ ਖਾਤਰ ਸਿਆਣਾ ਬਣਨ ਦੀ ਕੋਸ਼ਿਸ਼ ਕਰਦਾ, ਪਰ ਮਾੜੀ ਕਿਸਮਤ! ਕੰਮ ਪੁੱਠਾ ਹੋ ਜਾਂਦਾ। ਸਾਰੇ ਘਰ ਵਿਚ ਮੇਰੀਆਂ ਯਭਲੀਆਂ ਕਰ ਕੇ ਹਾਸਾ-ਠੱਠਾ ਹੁੰਦਾ ਰਹਿੰਦਾ।

ਥੋੜ੍ਹਾ ਸਮਾਂ ਹੋਰ ਲੰਘਿਆ ਤਾਂ ਮਾਤਾ ਨੂੰ ਪੋਤੇ ਦੀ ਉਡੀਕ ਹੋਣ ਲੱਗੀ ਪਰ ਮਾਤਾ ਦੀ ਆਸ ਨੂੰ ਬੂਰ ਪੈਂਦਾ ਦਿਖਾਈ ਨਾ ਦਿੱਤਾ। ਮਾਤਾ ਭਾਬੀ ਨੂੰ ਨਰਸਾਂ ਕੋਲ ਲਿਜਾਣ ਲੱਗੀ। ਜਦੋਂ ਕੋਈ ਗੱਲ ਨਾ ਬਣੀ ਤਾਂ ਮਾਤਾ ਨੂੰ ਭਾਬੀ ਚੰਗੀ ਲੱਗਣੋਂ ਹਟ ਗਈ। ਉਹ ਗੱਲ-ਗੱਲ 'ਤੇ ਭਾਬੀ ਨਾਲ ਲੜਦੀ। ਮੈਨੂੰ ਭਾਬੀ 'ਤੇ ਬਹੁਤ ਤਰਸ ਆਉਂਦਾ। ਉਸ ਵਿਚਾਰੀ ਦਾ ਕੀ ਕਸੂਰ ਸੀ? ਮਾਤਾ ਨੇ ਜਦੋਂ ਭਾਬੀ ਨਾਲ ਲੜਨਾ ਤਾਂ ਮੈਂ ਅੱਗੇ ਹੋ ਜਾਣਾ। ਭਰਾ ਮਾਤਾ ਦਾ ਬਹੁਤ ਸਤਿਕਾਰ ਕਰਦਾ ਸੀ, ਮਾਤਾ ਅੱਗੇ ਕਦੇ ਨਹੀਂ ਸੀ ਬੋਲਦਾ ਪਰ ਮੈਂ ਮਾਤਾ ਨੂੰ ਬੋਲਣ ਨਹੀਂ ਸੀ ਦਿੰਦਾ। ਭਾਬੀ ਦੇ ਕੋਈ ਬੱਚਾ ਨਾ ਹੋਇਆ, ਤੇ ਮਾਤਾ ਨੇ ਕੋਈ ਦਿਨ ਸੁੱਕਾ ਨਹੀਂ ਜਾਣ ਦਿੱਤਾ ਸੀ ਜਿਸ ਦਿਨ ਭਾਬੀ ਨਾਲ ਨਾ ਲੜੀ ਹੋਵੇ। ਹੁਣ ਤਾਂ ਉਹ ਭਾਬੀ 'ਤੇ ਹੱਥ ਵੀ ਚੁੱਕਣ ਲੱਗ ਪਈ ਸੀ। ਦੋ-ਚਾਰ ਵਾਰ ਤਾਂ ਹਰਪਾਲ ਦੀ ਮਾਂ ਵੀ ਮਾਤਾ ਨੂੰ ਸਮਝਾ ਕੇ ਗਈ ਸੀ ਪਰ ਮਾਤਾ ਤਾਂ ਬੱਸ ਪੋਤਾ-ਪੋਤਾ ਕਰਦੀ ਰਹਿੰਦੀ।

ਕਹਿੰਦੇ ਨੇ, ਲੜਾਈ ਦਾ ਮੂੰਹ-ਸਿਰ ਕਾਲਾ ਹੁੰਦਾ ਹੈ। ਮੇਰਾ ਭਰਾ ਅੰਦਰੇ-ਅੰਦਰ ਤੜਫਦਾ ਰਹਿੰਦਾ। ਅਖੀਰ ਇਕ ਦਿਨ ਇਸ ਲੜਾਈ ਤੋਂ ਤੰਗ ਆ ਕੇ ਸਲਫਾਸ ਦੀਆਂ ਗੋਲੀਆਂ ਖਾ ਗਿਆ। ਉਹ ਨਾ ਸਿਰਫ ਭਾਬੀ ਨੂੰ ਛੱਡ ਗਿਆ, ਸਗੋਂ ਸਾਡੇ ਘਰ ਦਾ ਰਿਜ਼ਕ ਵੀ ਉਸ ਦੇ ਨਾਲ ਹੀ ਚਲਿਆ ਗਿਆ। ਜਿਸ ਘਰ ਵਿਚ ਮਸਾਂ ਰੌਣਕਾਂ ਪਰਤੀਆਂ ਸਨ, ਉਹ ਦੁਬਾਰਾ ਬੀਆਬਾਨ ਹੋ ਗਿਆ। ਲੋਕਾਂ ਨੇ ਸਾਰਾ ਕਸੂਰ ਮਾਤਾ ਦਾ ਕੱਢਿਆ। ਉਸ ਦੀ ਸਾਰੀ ਸਿਆਣਪ ਖੂਹ ਵਿਚ ਪੈ ਗਈ ਸੀ। ਭਾਬੀ ਨੂੰ ਉਸ ਦੇ ਪੇਕੇ ਲੈ ਗਏ। ਘਰ ਖਾਲੀ ਹੋ ਗਿਆ। ਮਾਤਾ ਫਿਰ ਚੁੱਲ੍ਹੇ ਮੂਹਰੇ ਫੂਕਾਂ ਮਾਰਨ ਲੱਗ ਪਈ। ਆਰਥਿਕ ਤੰਗੀ ਆ ਗਈ। ਜਿਹੜਾ ਕੋਈ ਘਰ ਦਾ ਸਾਮਾਨ ਸੀ, ਵਿਕਣ ਲੱਗ ਪਿਆ। ਕੋਈ ਵੀ ਰਿਸ਼ਤੇਦਾਰ ਮਾਤਾ ਨਾਲ ਗੱਲ ਕਰ ਕੇ ਰਾਜ਼ੀ ਨਹੀਂ ਸੀ। ਭਰਾ ਦੀ ਮੌਤ ਤੋਂ ਬਾਅਦ ਮੈਨੂੰ ਥੋੜ੍ਹੀ ਅਕਲ ਆਉਣ ਲੱਗੀ। ਭਾਬੀ ਦੁਬਾਰਾ ਵਿਆਹ ਨਹੀਂ ਸੀ ਕਰਵਾਉਣਾ ਚਾਹੁੰਦੀ। ਫਿਰ ਇਕ ਦਿਨ ਮੈਨੂੰ ਹਰਪਾਲ ਆਪਣੀ ਮਾਮੀ ਕੋਲ ਲੈ ਗਿਆ, ਤੇ ਭਾਬੀ ਨਾਲ ਗੱਲ ਕਰਨ ਲਈ ਕਿਹਾ। ਉਧਰ ਮਾਮੀ ਨੇ ਭਾਬੀ ਨੂੰ ਸਮਝਾਇਆ। ਗਰੀਬ ਘਰ ਦੀ ਧੀ ਵਿਚਾਰੀ ਛੇਤੀ ਸਮਝ ਗਈ।

ਮਾਤਾ ਦੀ ਨਾਂਹ-ਨੁੱਕਰ ਦੇ ਬਾਵਜੂਦ ਮੈਂ ਭਾਬੀ ਨਾਲ ਲਾਵਾਂ ਲੈ ਲਈਆਂ। ਮਾਤਾ ਨੂੰ ਮੈਂ ਕਹਿ ਦਿੱਤਾ ਕਿ ਜੇ ਤੂੰ ਇਸ ਨੂੰ ਹੁਣ ਕੁਝ ਕਿਹਾ ਤਾਂ ਮੈਂ ਆਪ ਸਲਫਾਸ ਨਹੀਂ ਖਾਣੀ, ਤੇਰਾ ਗਲ ਕਹੀ ਨਾਲ ਵੱਢ ਕੇ ਤੂੜੀ ਵਾਲੇ ਅੰਦਰ ਦੱਬ ਦੇਣਾ ਹੈ ਤੇ ਧੜ ਰੇਲਵੇ ਲਾਈਨ 'ਤੇ ਸੁੱਟ ਆਉਣਾ ਹੈ। ਮਾਤਾ ਸੱਚੀਂ ਡਰ ਗਈ। ਉਹ ਕਦੇ ਨਾ ਲੜੀ, ਸਗੋਂ ਗੁਰਦੁਆਰੇ ਜਾਣ ਲੱਗ ਗਈ। ਮੈਂ ਸ਼ਹਿਰ ਕਿਸੇ ਫੈਕਟਰੀ ਵਿਚ ਚੌਕੀਦਾਰ ਲੱਗ ਗਿਆ। ਜਾਣ ਤੋਂ ਪਹਿਲਾਂ ਮੱਝਾਂ ਵਾਸਤੇ ਪੱਠੇ ਵੱਢ ਕੇ ਸੁੱਟ ਜਾਂਦਾ, ਪਿਛੋਂ ਪਾਲੋ ਮੱਝਾਂ ਸਾਂਭ ਲੈਂਦੀ।

ਜਿੰਨੀ ਆਮਦਨ ਸੀ, ਖਰਚ ਉਸ ਤੋਂ ਥੋੜ੍ਹਾ ਸੀ। ਮੈਂ ਬੱਚਤ ਦੇ ਪੈਸੇ ਪਾਲੋ ਹੱਥ ਧਰ ਦਿੰਦਾ, ਉਹ ਖੁਸ਼ ਹੋ ਜਾਂਦੀ। ਉਹ ਭਰਾ ਨੂੰ ਬਹੁਤ ਯਾਦ ਕਰਦੀ। ਮੈਂ ਵੀ ਭਰਾ ਨੂੰ ਭੁੱਲ ਨਹੀਂ ਸਕਿਆ। ਡੇਢ ਸਾਲ ਬਾਅਦ ਪਾਲੋ ਨੇ ਧੀ ਨੂੰ ਜਨਮ ਦਿੱਤਾ। ਮੈਂ ਸੋਚਦਾ, ਜੇ ਇਹ ਧੀ ਪਹਿਲਾਂ ਦਿੱਤੀ ਹੁੰਦੀ ਤਾਂ ਸ਼ਾਇਦ ਭਰਾ ਨਾ ਮਰਦਾ! ਮਾਤਾ ਨੂੰ ਵੀ ਪਾਲੋ ਹੁਣ ਚੰਗੀ ਲੱਗਦੀ। ਉਹ ਸੋਚਦੀ, ਜੇ ਪਰਮਾਤਮਾ ਨੇ ਹਨੇਰੀ ਵਗਾਈ ਹੈ, ਤਾਂ ਮੀਂਹ ਵੀ ਜ਼ਰੂਰ ਆਵੇਗਾ, ਤੇ ਤਪਦੇ ਹਿਰਦੇ ਸ਼ਾਂਤ ਕਰ ਦੇਵੇਗਾ। ਮੇਰੀ ਇਮਾਨਦਾਰੀ ਦੇਖ ਕੇ ਫੈਕਟਰੀ ਦੇ ਮਾਲਕ ਨੇ ਮੈਨੂੰ ਦਫ਼ਤਰ ਵਿਚ ਕੰਮ ਦੇ ਦਿੱਤਾ। ਨਾਲ ਹੀ ਤਨਖਾਹ ਵਧ ਗਈ। ਭਰਾ ਦੀ ਘਾਟ ਤਾਂ ਹਮੇਸ਼ਾ ਮਹਿਸੂਸ ਹੁੰਦੀ ਸੀ, ਪਰ ਘਰ ਵਿਚ ਫਿਰ ਰੌਣਕ ਆਉਣ ਲੱਗੀ। ਪਾਲੋ ਵੀ ਘਰ ਦੀਆਂ ਨਿੱਕੀਆਂ-ਨਿੱਕੀਆਂ ਚੀਜ਼ਾਂ ਬਣਾਉਣ ਲੱਗ ਪਈ। ਸਮਾਂ ਲੰਘਦਾ ਗਿਆ। ਸਾਡੀ ਧੀ ਕੋਮਲ ਮੁਟਿਆਰ ਹੋਣ ਲੱਗ ਗਈ। ਕੋਮਲ ਤੋਂ ਬਾਅਦ ਕੋਈ ਬੱਚਾ ਨਹੀਂ ਸੀ ਹੋਇਆ। ਅਸੀਂ ਕੋਮਲ ਨੂੰ ਹੀ ਪੁੱਤ ਸਮਝ ਲਿਆ। ਇਕ-ਦੋ ਵਾਰ ਮਾਤਾ ਨੇ ਪਾਲੋ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੈਂ ਕਹੀ ਨੂੰ ਹੱਥ ਪਾ ਲਿਆ ਸੀ। ਫਿਰ ਮਾਤਾ ਕਦੇ ਨਾ ਬੋਲੀ।

ਸਾਡੀ ਕੋਮਲ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਸਾਡਾ ਮਕਸਦ ਵੀ ਇਹੋ ਸੀ ਕਿ ਕੋਮਲ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹਨ ਜੋਗੀ ਹੋ ਜਾਵੇ। ਉਹ ਪੜ੍ਹਦੀ ਗਈ ਤੇ ਅਸੀਂ ਪੜ੍ਹਾਉਂਦੇ ਗਏ। ਕੋਮਲ ਬਿਲਕੁਲ ਆਪਣੀ ਮਾਂ ਵਰਗੀ ਨਿਕਲੀ ਸੀ। ਪਤਲੀ, ਲੰਮੀ, ਸੋਹਣੀ ਤੇ ਸੁਨੱਖੀ। ਤਿੱਖੇ ਨੈਣ-ਨਕਸ਼। ਜਦੋਂ ਹੱਸਦੀ ਜਿਵੇਂ ਫੁੱਲ ਖਿੜੇ ਹੋਣ। ਕੋਮਲ ਮਾਤਾ ਨੂੰ ਬਹੁਤ ਪਿਆਰ ਕਰਦੀ। ਹਮੇਸ਼ਾ 'ਦਾਦੀ ਮਾਂ, ਦਾਦੀ ਮਾਂ' ਕਰਦੀ ਰਹਿੰਦੀ। ਕੋਮਲ ਨੇ ਅਜੇ ਬੀ.ਏ. ਕਰ ਕੇ ਐਮ.ਏ. ਦਾ ਦਾਖਲਾ ਭਰਿਆ ਹੀ ਸੀ ਕਿ ਭਰਾ ਦਾ ਮਿੱਤਰ ਹਰਪਾਲ ਘਰ ਆ ਗਿਆ। ਉਸ ਨੇ ਦੱਸਿਆ ਕਿ ਉਸ ਦੀ ਘਰਵਾਲੀ ਦੀ ਰਿਸ਼ਤੇਦਾਰੀ ਵਿਚੋਂ ਕੋਈ ਮੁੰਡਾ ਅਮਰੀਕਾ ਤੋਂ ਆਇਆ ਹੈ। ਜੇ ਆਖੋ ਤਾਂ ਕੋਮਲ ਦੀ ਗੱਲ ਤੋਰੀਏ। ਅਸੀਂ ਸਾਰਿਆਂ ਨੇ ਰਾਇ ਕਰ ਕੇ ਹਾਂ ਕਰ ਦਿੱਤੀ, ਪਰ ਸਾਫ ਕਿਹਾ ਕਿ ਸਾਡੇ ਕੋਲ ਦੇਣ ਲਈ ਦਾਜ ਤੇ ਲੱਖਾਂ ਰੁਪਏ ਨਹੀਂ ਹਨ, ਤੇ ਨਾ ਹੀ ਵਿਆਹ 'ਤੇ ਖਰਚ ਕਰਨ ਜੋਗੇ ਹਾਂ। ਅਸੀਂ ਤਾਂ ਸਿਰਫ ਤਿੰਨ ਕੱਪੜਿਆਂ ਵਿਚ ਧੀ ਤੋਰ ਸਕਦੇ ਹਾਂ। ਮੁੰਡੇ ਵਾਲਿਆਂ ਵੀ ਹਾਂ ਕਰ ਦਿੱਤੀ। ਉਹ ਕਹਿੰਦੇ, ਜਿਹੋ ਜਿਹੀ ਕੁੜੀ ਉਹ ਲੱਭਦੇ ਸੀ, ਮਿਲ ਗਈ ਹੈ, ਹੋਰ ਉਨ੍ਹਾਂ ਨੂੰ ਕੁਝ ਨਹੀਂ ਚਾਹੀਦਾ। ਬੱਸ, ਹਫ਼ਤੇ ਬਾਅਦ ਕੋਮਲ ਦਾ ਵਿਆਹ ਕਰ ਦਿੱਤਾ। ਜਵਾਈ ਚਾਰ ਮਹੀਨੇ ਪਿੰਡ ਰਹਿ ਕੇ ਵਾਪਸ ਇੱਥੇ ਆ ਗਿਆ। ਫਿਰ ਸਾਲ ਪਿਛੋਂ ਕੋਮਲ ਵੀ ਇਥੇ ਆ ਗਈ। ਮੇਰੀ ਗਰੀਬ ਬੰਦੇ ਦੀ ਰੱਬ ਨੇ ਨੇੜੇ ਹੋ ਕੇ ਸੁਣ ਲਈ ਸੀ।

ਧੀ ਅਮਰੀਕਾ ਵਿਆਹੁਣ ਨਾਲ ਮੈਂ ਵੀ ਸਿਆਣਿਆਂ ਵਿਚ ਗਿਣਿਆ ਜਾਣ ਲੱਗਾ। ਫਿਰ ਕੋਮਲ ਸਿਟੀਜ਼ਨ ਹੋਈ ਤਾਂ ਉਸ ਨੇ ਸਾਨੂੰ ਇੱਥੇ ਸੱਦ ਲਿਆ। ਮੈਂ ਥੋੜ੍ਹਾ ਸਮਾਂ ਇਥੇ ਰਿਹਾ, ਫਿਰ ਵਾਪਸ ਆਪਣੀ ਮਾਤਾ ਕੋਲ ਚਲਿਆ ਗਿਆ। ਪਾਲੋ ਕੋਮਲ ਕੋਲ ਰਹਿ ਪਈ। ਮੈਂ ਆਪਣੀ ਮਾਤਾ ਦੀ ਸੇਵਾ ਕਰਨੀ ਚਾਹੁੰਦਾ ਸੀ। ਮਾਤਾ ਹੱਥ ਵਿਚ ਮਾਲਾ ਫੜ ਕੇ ਫੇਰਦੀ ਰਹਿੰਦੀ। ਕਈ ਵਾਰ ਅੱਖਾਂ ਵਿਚੋਂ ਹੰਝੂ ਕੇਰਦੀ ਭਰਾ ਨੂੰ ਯਾਦ ਕਰਦੀ ਰਹਿੰਦੀ। ਆਪ ਰੋਂਦੀ ਤੇ ਮੈਨੂੰ ਵੀ ਰੁਆ ਦਿੰਦੀ। ਫਿਰ ਜਦੋਂ ਤੁਰਨੋਂ-ਫਿਰਨੋਂ ਹਟ ਗਈ ਤਾਂ ਮੈਂ ਪਾਲੋ ਨੂੰ ਵੀ ਪਿੰਡ ਸੱਦ ਲਿਆ। ਅਸੀਂ ਦੋਵਾਂ ਨੇ ਬਹੁਤ ਸੇਵਾ ਕੀਤੀ। ਮਾਤਾ ਹਮੇਸ਼ਾ ਹੀ ਹੱਥ ਜੋੜ ਕੇ ਪਾਲੋ ਤੋਂ ਮੁਆਫ਼ੀ ਮੰਗਦੀ ਰਹਿੰਦੀ।

ਇਕ ਦਿਨ ਮਾਤਾ ਪਾਲੋ ਨੂੰ ਕਹਿੰਦੀ, "ਧੀਏ! ਮੈਂ ਜੋ ਤੇਰੇ ਨਾਲ ਕੀਤੀਆਂ, ਸ਼ਾਇਦ ਰੱਬ ਵੀ ਮੈਨੂੰ ਮੁਆਫ਼ ਨਾ ਕਰੇ। ਰੱਬ ਨੇ ਮੈਨੂੰ ਧੀ ਨਹੀਂ ਸੀ ਦਿੱਤੀ, ਜੇ ਮੈਂ ਤੈਨੂੰ ਧੀ ਸਮਝਦੀ ਤਾਂ ਸ਼ਾਇਦ ਮੇਰਾ ਪੁੱਤ ਨਾ ਮੁੱਕਦਾ। ਮੈਨੂੰ ਪੋਤੇ ਦੀ ਲਾਲਸਾ ਨੇ ਕਮਲੀ ਕਰ ਦਿੱਤਾ ਸੀ। ਮੈਨੂੰ ਮੁਆਫ਼ ਕਰ ਦੇਵੀਂ।" ਪਾਲੋ ਨੇ ਮਾਤਾ ਦੇ ਜੋੜੇ ਹੋਏ ਹੱਥ ਆਪਣੇ ਹੱਥਾਂ ਵਿਚ ਘੁੱਟ ਲਏ ਤੇ ਮਾਤਾ ਸੁਆਸ ਛੱਡ ਗਈ।

ਅਸੀਂ ਰੋਂਦਿਆਂ-ਕੁਰਲਾਉਂਦਿਆਂ ਮਾਤਾ ਦਾ ਸਸਕਾਰ ਕਰ ਦਿੱਤਾ। ਭੋਗ ਤੋਂ ਬਾਅਦ ਅਸੀਂ ਵੀ ਵਾਪਸ ਇਥੇ ਆ ਗਏ। ਕੋਮਲ ਅਤੇ ਜਵਾਈ ਨੇ ਸਾਨੂੰ ਇਕ ਦਿਨ ਵੀ ਕੋਈ ਔਖਿਆਈ ਨਹੀਂ ਆਉਣ ਦਿੱਤੀ। ਚੰਗਾ ਹੋਵੇ... ਜੇ ਸਾਡਾ ਸਮਾਜ ਪੁੱਤ-ਧੀ ਵਿਚ ਫਰਕ ਰੱਖਣੋਂ ਹਟ ਜਾਵੇ। ਫਿਰ ਕੋਈ ਮਾਤਾ ਆਪਣੇ ਪੁੱਤ ਦੀ ਕਾਤਲ ਨਹੀਂ ਬਣੇਗੀ। ਜੇ ਧੀ ਨੂੰ ਅਸੀਂ ਪੁੱਤ ਸਮਝ ਲਈਏ ਤਾਂ ਫਿਰ ਭਲਾ ਸਾਰੀ ਦੁਨੀਆਂ ਘੁੰਮ ਲਈਏ।...

ਬਾਈ ਗੁਰਮੀਤ ਨੇ ਆਪਣੀ ਇਹ ਹੱਡਬੀਤੀ ਡੁਸਕਦਿਆਂ ਹੋਇਆਂ ਸੁਣਾਈ। ਮੈਨੂੰ ਵੀ ਪਤਾ ਨਾ ਲੱਗਾ, ਕਦੋਂ ਮੇਰੀਆਂ ਅੱਖਾਂ ਵੀ ਉਛਲ ਪਈਆਂ ਸਨ।

# ਮੋਦੀ ਸਰਕਾਰ ਦੇ ਅਸਲ ਏਜੰਡੇ ਦੀਆਂ ਨਵੀਆਂ ਕਰੂੰਬਲਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੋਦੀ ਸਰਕਾਰ ਨੇ ਨਵੇਂ ਮੰਤਰੀ ਮੰਡਲ ਵਿਚ ਇਕ ਖਾਸ ਸੋਚ ਨੂੰ ਪ੍ਰਣਾਏ ਮੰਤਰੀ ਲਾਉਣ ਤੋਂ ਪਿੱਛੋਂ ਹੁਣ ਨਵੇਂ ਰਾਜਪਾਲ ਵੀ ਐਲਾਨਣੇ ਸ਼ੁਰੂ ਕਰ ਦਿੱਤੇ ਹਨ। ਮੰਤਰੀ ਮੰਡਲ ਵਿਚ ਘਟ ਗਿਣਤੀ ਫਿਰਕੇ ਨੂੰ ਨਜ਼ਮਾਂ ਹੇਪਤੁਲਾ ਤੇ ਹਰਸਿਮਰਤ ਬਾਅਦ ਰਾਹੀਂ ਨਾ ਮਾਤਰ ਥਾਂ ਦੇਣ ਤੋਂ ਪਿੱਛੋਂ ਜਾਪਦਾ ਸੀ ਕਿ ਰਾਜਪਾਲ ਵਰਗੇ ਘਟ ਸ਼ਕਤੀਸ਼ਾਲੀ ਪਰ ਉਚੇ ਮੰਨੇ ਜਾਂਦੇ ਅਹੁਦਿਆਂ ਉਤੇ ਘਟ ਗਿਣਤੀ ਫਿਰਕਿਆਂ ਨੂੰ ਯੋਗ ਥਾਂ ਦੇ ਕੇ ਪ੍ਰਧਾਨ ਮੰਤਰੀ ਆਪਣੀ ਉਸ ਸੋਚ ਉਤੇ ਪਹਿਰਾ ਦੇਣਗੇ ਜਿਸ ਦਾ ਉਹ ਪ੍ਰਚਾਰ ਕਰਦੇ ਆਏ ਹਨ।

ਭਾਜਪਾ ਧਰਮ ਨਿਰਪੱਖ ਕਦਰਾਂ-ਕੀਮਤਾਂ ਤੋਂ ਕਿਵੇਂ ਪਾਸਾ ਵਟ ਜਾਂਦੀ ਹੈ ਇਹ ਤਾਂ ਵਾਜਪਾਈ ਸਰਕਾਰ ਸਮੇਂ ਮੁਰਲੀ ਮਨੋਹਰ ਜੋਸ਼ੀ ਵਲੋਂ ਕੀਤੀਆਂ ਮਾਨਵ ਸ੍ਰੋਤ ਵਿਕਾਸ ਮੰਤਰਾਲੇ ਦੀਆਂ ਗਤੀਵਿਧੀਆਂ ਤੋਂ ਪ੍ਰਤੱਖ ਸੀ। ਪਰ ਐਲ ਕੇ ਅਡਵਾਨੀ ਤੇ ਜੋਸ਼ੀ ਨੂੰ ਅਰੁਣ ਜੇਤਲੀ ਤੇ ਸਿਮਰਤੀ ਈਰਾਨੀ ਦੇ ਟਾਕਰੇ ਉਤੇ ਪਿਛਾਂਹ ਸੁੱਟੇ ਜਾਣ ਸਮੇਂ ਜਾਪਦਾ ਸੀ ਕਿ ਪ੍ਰਧਾਨ ਮੰਤਰੀ ਆਪਣੀ ਸਰਕਾਰ ਦਾ ਬਿੰਬ ਨਿਖਾਰਨ ਦੇ ਯਤਨਾਂ ਵਿਚ ਹੈ। ਹੁਣ ਰਾਜਪਾਲਾਂ ਦੇ ਨਾਂ ਅੱਗੇ ਆਉਣ ਤੋਂ ਪਤਾ ਲਗਦਾ ਹੈ ਕਿ ਉਹ ਸੋਚ ਇਕ ਸੁਪਨਾ ਮਾਤਰ ਹੀ ਸੀ।

ਅਸਲ ਵਿਚ ਸੁਪਨਾ ਪਾਲਣ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਭਾਜਪਾ ਤਾਂ ਕੇਂਦਰ ਵਿਚ ਸੈਕੂਲਰ ਸਰਕਾਰ ਦੇ ਹੁੰਦਿਆਂ-ਸੁੰਦਿਆਂ ਰਾਜ-ਪੱਧਰ ਉਤੇ ਸੱਤਾ ਹੱਥ ਆਉਣ ਉਤੇ ਵੀ ਸਥਾਪਤ ਨਿਯਮਾਂ ਦੀ ਉਲੰਘਣਾ ਕਰਦਿਆਂ ਉਕਾ ਨਹੀਂ ਝਿਜਕਦੀ। ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਚੌਹਾਨ ਦੀ ਸਰਕਾਰ ਨੂੰ ਹੀ ਲੈ ਲਵੋ। ਜਿੰਨਾ ਢੀਠ ਹੋ ਕੇ ਉਸ ਨੇ ਪ੍ਰਾਇਮਰੀ ਤੇ ਮਿਡਲ ਦੇ ਵਿਦਿਆਰਥੀਆਂ ਲਈ ਜਨਸੰਘੀ ਸੋਚ ਵਾਲਾ ਰਸਾਲਾ 'ਦੇਵ ਪੁੱਤਰ' ਲਾਗੂ ਕੀਤਾ ਸੀ ਉਸ ਨੇ ਸਭ ਨੂੰ ਹੈਰਾਨ ਕਰ ਛੱਡਿਆ ਸੀ। ਉਸ ਨੇ ਇਹ ਪਰਚਾ ਲਾਜ਼ਮੀ ਕਰਨ ਉਤੇ ਹੀ ਸਬਰ ਨਹੀਂ ਸੀ ਕੀਤਾ ਸਾਰੇ ਸਕੂਲਾਂ ਨੂੰ ਇਸ ਦੇ ਜੀਵਨ ਮੈਂਬਰ ਬਣਨ ਉਤੇ ਵੀ ਮਜਬੂਰ ਕੀਤਾ। ਅਲ੍ਹੜ ਉਮਰੇ ਹੀ ਬੱਚਿਆਂ ਨੂੰ ਹਿੰਦੂਤਵ ਦੇ ਮਾਰਗ ਉਤੇ ਪਾਉਣ ਦਾ ਇਸ ਤੋਂ ਵਧੀਆ ਢੰਗ ਹੋਰ ਕੋਈ ਨਹੀਂ ਸੀ। ਫੇਰ ਏਨੀ ਵੱਡੀ ਬਹੁਮਤ ਲੈ ਕੇ ਕੇਂਦਰ ਉਤੇ ਬਿਰਾਜਮਾਨ ਹੋਈ, ਮੋਦੀ ਸਰਕਾਰ ਆਪਣੇ ਅਸਲੀ ਏਜੰਡੇ ਤੋਂ ਪਰੇ ਕਿਵੇਂ ਜਾ ਸਕਦੀ ਹੈ।

ਇਹ ਤਾਂ ਸਮਾਂ ਹੀ ਦੱਸੇਗਾ ਕਿ ਬਾਰ ਬਾਰ ਸੀਮਾ ਦੀ ਉਲੰਘਣਾ ਕਰਨ ਵਾਲੇ ਗਵਾਂਢੀ ਦੇਸ਼ਾਂ ਨਾਲ ਨਿਪਟਣ ਲਈ ਸਮੁੱਚੇ ਭਾਰਤ ਵਿਚ ਵੰਡੀਆਂ ਦਾ ਸ਼ਿਕਾਰ ਕੀਤੀ ਵਸੋਂ ਕਿੱਧਰ ਨੂੰ ਤੁਰਦੀ ਹੈ। ਮੋਦੀ ਸਰਕਾਰ ਨੂੰ ਆਪਣੇ ਏਜੰਡੇ ਉਤੇ ਪਹਿਰਾ ਦੇਣ ਤੋਂ ਪਹਿਲਾਂ ਆਪਣੇ ਦੇਸ਼ ਦੇ ਸਮੁੱਚੇ ਵਾਸੀਆਂ ਦਾ ਦਿਲ ਜਿੱਤਣ ਦੀ ਲੋੜ ਹੈ।

**ਨਾਬਾਲਗੀ ਅਪਰਾਧਾਂ ਨੂੰ ਨੱਥ ਪਾਉਣ ਹਿੱਤ:** ਨਵੀਂ ਦਿੱਲੀ ਵਿਚ ਦਸੰਬਰ 2012 ਦੇ ਦਾਮਨੀ ਬਲਾਤਕਾਰ ਦੇ 4 ਦੋਸ਼ੀਆਂ ਨੂੰ ਫਿਲਹਾਲ ਫਾਂਸੀ ਤੋਂ ਰਾਹਤ ਦਿੰਦੇ ਸਮੇਂ ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਨਾਬਾਲਗਾਂ ਵਲੋਂ ਕੀਤੇ ਘਿਨਾਉਣੇ ਦੋਸ਼ਾਂ ਦੀ ਸਜ਼ਾ ਉਤੇ ਪੁਨਰ ਵਿਚਾਰ ਕਰਨ ਲਈ ਕਿਹਾ ਹੈ। ਇਸ ਕੇਸ ਵਿਚ ਨਿਆਂ ਨਾਬਾਲਗ ਨਿਆਂ ਪ੍ਰਣਾਲੀ ਨੇ ਇਕ ਨਾਬਾਲਗ ਦੋਸ਼ੀ ਨੂੰ ਕੇਵਲ ਤਿੰਨ ਸਾਲ ਵਾਸਤੇ ਸੁਧਾਰ ਘਰ ਵਿਚ ਰਖਣ ਦੇ ਹੁਕਮ ਦਿਤੇ ਹਨ। ਵਰਤਮਾਨ ਨਿਆਂ ਪ੍ਰਣਾਲੀ ਨਾਬਾਲਗਾਂ ਵਾਸਤੇ ਇਸ ਤੋਂ ਵਧ ਸਜ਼ਾ ਦੇ ਹੀ ਨਹੀਂ ਸਕਦੀ।

ਭਾਵੇਂ ਸੁਪਰੀਮ ਕੋਰਟ ਦੇ ਆਦੇਸ਼ ਨੂੰ ਨਵੀਂ ਸਰਕਾਰ ਵਿਚ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਦੀ ਸੋਚ ਤੋਂ ਪ੍ਰੇਰਤ ਹੋਇਆ ਵੀ ਮੰਨ ਲਈਏ ਤਾਂ ਵੀ ਪਿਛਲੇ ਦਸਾਂ ਸਾਲਾਂ ਦੇ ਅਪਰਾਧ ਅੰਕੜਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਵਰਿਆਂ ਵਿਚ ਨਾਬਾਲਗਾਂ ਦੀ ਸ਼ਮੂਲੀਅਤ ਕਤਲ ਦੇ ਕੇਸਾਂ ਵਿਚ 116.6 ਪ੍ਰਤੀਸ਼ਤ ਵਧੀ ਹੈ ਤੇ ਬਲਾਤਕਾਰ ਦੇ ਕੇਸਾਂ ਵਿਚ 304.3 ਪ੍ਰਤੀਸ਼ਤ। ਜਿੰਨਾ ਚਿਰ ਅਜਿਹੇ ਦੋਸ਼ੀਆਂ ਨੂੰ ਸੁਧਾਰ ਘਰਾਂ ਵਿਚ ਰਖਣ ਦੀ ਥਾਂ ਸਬਕ ਸਿਖਾਊ ਸਜ਼ਾ ਨਹੀਂ ਦਿੱਤੀ ਜਾਂਦੀ ਅਜਿਹੇ ਅਪਰਾਧਾਂ ਵਿਚ ਵਾਧਾ ਹੁੰਦਾ ਰਹੇਗਾ। ਹੈਰਾਨੀ ਦੀ ਗੱਲ ਹੈ ਕਿ ਕਾਨੂੰਨ ਵਿਚ ਸੋਧ ਕਰਨ ਦੀ ਗੱਲ ਸੁਣ ਕੇ ਕੁਝ ਯੂਥ ਸੰਗਠਨ ਇਸ ਵਿਚ ਰੋੜਾ ਅਟਕਾਉਣ ਲਈ ਪਹਿਲਾਂ ਹੀ ਸਰਗਰਮ ਹੋ ਰਹੇ ਹਨ। ਉਨ੍ਹਾਂ ਤੋਂ ਪੁੱਛਣਾ ਬਣਦਾ ਹੈ ਕਿ ਕੀ ਉਹ ਉਦੋਂ ਤੱਕ ਉਡੀਕਣਾ ਚਾਹੁੰਦੇ ਹਨ ਜਦੋਂ ਤੱਕ ਉਨ੍ਹਾਂ ਦੀ ਭੈਣ ਦਾਮਨੀ ਵਾਲੀ ਸਥਿਤੀ ਦਾ ਸ਼ਿਕਾਰ ਨਹੀਂ ਹੋ ਜਾਂਦੀ! ਉਹ ਭੁੱਲ ਜਾਂਦੇ ਹਨ ਕਿ ਇਹੋ ਜਿਹੇ ਇੱਕ ਅਪਰਾਧੀ ਨੂੰ ਬਖਸ਼ਿਆਂ ਦਰਜਣਾਂ ਹੋਰ ਅਪਰਾਧੀ ਪੈਦਾ ਹੋ ਜਾਂਦੇ ਹਨ। ਅਲ੍ਹੜ ਉਮਰ ਦੇ ਨੌਜਵਾਨਾਂ ਦਾ ਉਸ ਮਾਰਗ ਤੁਰਨਾ ਕੁਦਰਤੀ ਹੈ ਜਿਸ ਵਿਚ ਸਜ਼ਾ ਦੀ ਛੋਟ ਮਿਲਦੀ ਹੋਵੇ। ਦਸੰਬਰ 2012 ਦੇ ਘਿਨਾਉਣੇ ਅਪਰਾਧ ਨੇ ਨਿਆਂ ਪ੍ਰਣਾਲੀ ਨੂੰ ਚੇਤਨ ਕੀਤਾ ਹੈ, ਇਸ ਤੋਂ ਚੰਗੇ ਨਤੀਜਿਆਂ ਦੀ ਆਸ ਰਖਣੀ ਚਾਹੀਦੀ ਹੈ।

**ਅੰਤਿਕਾ:** (ਮੰਗਤ 'ਚੰਚਲ')

ਟਾਹਣੀਆਂ ਨੂੰ ਫੁੱਲ ਬਖਸ਼ੀ
ਪੱਤਾਂ ਨੂੰ ਹਰਿਆਲੀਆਂ,
ਹਰ ਕਲੀ ਨੂੰ ਖਿੜਨ ਦਾ
ਅਹਿਸਾਸ ਬਖਸ਼ੀਂ ਮਾਲਕਾ।
ਮੱਥਿਆਂ ਵਿਚ ਗਿਆਨ ਦਾ
ਸੂਰਜ ਸਦਾ ਮਘਦਾ ਰਹੇ,
ਤਰਕ ਦਾ ਨਸ਼ਤਰ ਅਸਾਨੂੰ
ਖਾਸ ਬਖਸ਼ੀਂ ਮਾਲਕਾ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਪੰਜਾਬ ਨੂੰ ਅੱਗ

ਚੁੱਲ੍ਹਿਆਂ ਦੇ ਵਿਚ ਘਾਹ ਨਾ ਉਗਣ, ਨਾ ਉਹ ਆਵੇ ਰੁੱਤ ਕਦੇ।
ਫਿਰ ਕੁੱਖਾਂ ਨਾ ਸੁੰਨੀਆਂ ਹੋਵਣ, ਮਰਨ ਨਾ ਐਂਵੇ ਪੁੱਤ ਕਦੇ।
ਮੌਸਮ, ਵਕਤ ਨੇ ਬਦਲੀ ਜਾਣਾ, ਭੁੱਲਣਾ ਕਦੇ ਚੁਰਾਸੀ ਨਹੀਂ।
ਜਿਸ ਨੂੰ ਚੇਤੇ ਕਰਕੇ ਰਹਿੰਦੀ, ਬੁੱਲ੍ਹੀਆਂ ਉਤੇ ਹਾਸੀ ਨਹੀਂ।
ਅੱਗਾਂ ਹੱਥੀਂ ਆਪ ਲਗਾ ਕੇ, ਆਪ ਬੁਝਾਈਆਂ ਜਾਵਣ ਨਾ।
ਹਾਕਮ ਆਫਰੇ ਫਿਰਨ ਦੁਬਾਰਾ, ਖੌਫ ਰਤਾ ਵੀ ਖਾਵਣ ਨਾ।
ਸਿਸਕੀਆਂ ਭਰਦੇ ਵਾਰਿਸ ਤੇਰੇ, ਉਦਾਸ ਹੈ ਜੀਆ-ਜੰਤ ਤੇਰਾ।
ਕਈ ਧੜਿਆਂ 'ਚ ਵੰਡ ਹੋ ਚੱਲਿਆ ਕਲਗੀਆਂ ਵਾਲਿਆ ਪੰਥ ਤੇਰਾ।
ਜਿੰਦਾਂ ਦੇ ਹਾਲਾਤ ਬਣੇ ਨੇ, ਮੂੰਹ ਨੂੰ ਆਉਂਦੀ ਝੱਗ ਬੱਲਿਆ।
ਰੱਬ ਕਰਕੇ ਕਿਤੇ ਫੇਰ ਨਾ ਪੈ ਜਾਏ, ਏਸ ਪੰਜਾਬ ਨੂੰ ਅੱਗ ਬੱਲਿਆ।

# ਬਚਪਨ ਦੀਆਂ ਪੀੜਾਂ 'ਸੋਲਡ'

ਫਿਲਮ 'ਸੋਲਡ' ਪੈਟਰੇਸ਼ੀਆ ਮੈਕਕੌਰਮਿਕ ਦੇ ਇਸੇ ਨਾਂ ਵਾਲੇ ਨਾਵਲ ਉਤੇ ਆਧਾਰਤ ਫਿਲਮ ਹੈ ਜਿਸ ਵਿਚ ਭਾਰਤ ਅਤੇ ਨੇਪਾਲ ਵਿਚ ਬੱਚਿਆਂ ਦੀ ਖਰੀਦੋ-ਫਰੋਖ਼ਤ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਨ੍ਹਾਂ ਬੱਚਿਆਂ ਨੂੰ ਸਾਰੀ ਉਮਰ ਜਿਨਸੀ ਸੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕੁੱਲ 97 ਮਿੰਟ ਦੀ ਇਹ ਫਿਲਮ, ਫਿਲਮਸਾਜ਼ ਜੈਫਰੀ ਡੀ ਬਰਾਊਨ ਨੇ ਬਣਾਈ ਹੈ। ਇਹ ਫਿਲਮ ਇਸੇ ਸਾਲ ਮਾਰਚ ਵਿਚ ਰਿਲੀਜ਼ ਹੋਈ ਸੀ ਅਤੇ ਇਹ ਉਦੋਂ ਤੋਂ ਹੀ ਦਰਸ਼ਕਾਂ ਤੇ ਫਿਲਮ ਆਲੋਚਕਾਂ ਦਾ ਧਿਆਨ ਖਿੱਚ ਰਹੀ ਹੈ। ਹੁਣ ਇਸ ਨੂੰ ਲੰਡਨ ਇੰਡੀਅਨ ਫਿਲਮ ਫੈਸਟੀਵਲ ਵਿਚ ਆਡੀਐਂਸ ਐਵਾਰਡ (ਦਰਸ਼ਕ ਇਨਾਮ) ਨਾਲ ਨਿਵਾਜਿਆ ਗਿਆ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾ ਅਮਰੀਕੀ ਅਦਾਕਾਰਾ ਗਿਲੀਅਨ ਐਂਡਰਸਨ ਨੇ ਨਿਭਾਈ ਹੈ। ਉਹ ਇਸ ਫਿਲਮ ਵਿਚ ਫੋਟੋਗ੍ਰਾਫਰ ਬਣੀ ਹੈ। ਇਕ ਦਿਨ ਫੋਟੋਆਂ ਖਿੱਚਦੀ-ਖਿੱਚਦੀ ਦਾ ਉਸ ਦਾ ਟਾਕਰਾ ਉਸ ਨੇਪਾਲੀ ਕੁੜੀ ਨਾਲ ਹੁੰਦਾ ਹੈ ਜਿਸ ਨੂੰ ਕੋਲਕਾਤਾ ਦੇ ਵੇਸਵਾਗਮਨੀ ਦੇ ਅੱਡਿਆਂ ਵਿਚ ਵੇਚ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਇਸ ਕੁੜੀ ਨੂੰ ਆਜ਼ਾਦ ਕਰਵਾਉਣ ਦੀ ਕਹਾਣੀ ਤੁਰ ਪੈਂਦੀ ਹੈ। ਇਸ ਫਿਲਮ ਬਾਰੇ ਜੈਫਰੀ ਬਰਾਊਨ ਦਾ ਕਹਿਣਾ ਹੈ: "ਇਮਨਦਾਰੀ ਨਾਲ ਕਹਾਂ ਤਾਂ ਸੱਚੀ ਗੱਲ ਇਹ ਹੈ ਕਿ ਜਦੋਂ ਮੈਂ ਇਹ ਫਿਲਮ ਬਣਾ ਰਿਹਾ ਸਾਂ ਤਾਂ ਮੇਰੇ ਜ਼ਿਹਨ ਵਿਚ ਇਸ ਧਰਤੀ ਉਤੇ ਗੁਲਾਮੀ ਭੋਗ ਰਹੇ 3 ਕਰੋੜ ਜਿਉੜਿਆਂ ਨੇ ਉਥਲ-ਪੁਥਲ ਮਚਾਈ ਹੋਈ ਸੀ। ਅਸਲ ਵਿਚ ਜਦੋਂ ਮੈਂ ਇਹ ਨਾਵਲ ਪੜ੍ਹਿਆ ਸੀ ਤਾਂ ਮੇਰਾ ਦਿਲ ਦਿਮਾਗ ਉਤੇ ਫਿਲਮ ਛਾਉਣੀ ਸ਼ੁਰੂ ਹੋ ਗਈ ਸੀ। ਮੇਰੇ ਲਈ ਇਹ ਬਹੁਤ ਵੱਡਾ ਮਸਲਾ ਸੀ। ਇਸ ਤੋਂ ਬਾਅਦ ਮੈਂ ਇਸ ਬਾਰੇ ਹੋਰ ਬੜਾ ਕੁਝ ਪੜ੍ਹਿਆ। ਮੇਰਾ ਮੁੱਖ ਮਕਸਦ ਦੁਨੀਆਂ ਦਾ ਧਿਆਨ ਬੱਚਿਆਂ ਦੀ ਇਸ ਪੀੜਾ ਵੱਲ ਦਿਵਾਉਣਾ ਸੀ।"




ਫਿਲਮ 'ਸੋਲਡ' ਵਿਚ ਗਿਲੀਅਨ ਐਂਡਰਸਨ।


'ਦਿ ਐਕਸ ਫਾਈਲਜ਼' ਫਿਲਮ ਦੀ ਪ੍ਰਸਿੱਧ ਅਦਾਕਾਰਾ ਗਿਲੀਅਨ ਐਂਡਰਸਨ, ਬਰਾਊਨ ਨਾਲੋਂ ਵੀ ਵੱਧ ਉਤਸ਼ਾਹ ਨਾਲ ਇਸ ਫਿਲਮ ਬਾਰੇ ਗੱਲ ਕਰਦੀ ਹੈ। ਉਹ ਕਹਿੰਦੀ ਹੈ ਕਿ ਜਿਉਂ ਹੀ ਬਰਾਊਨ ਨੇ ਉਸ ਨਾਲ ਇਸ ਫਿਲਮ ਦੀ ਕਹਾਣੀ ਡਿਸਕਸ ਕੀਤੀ, ਉਹ ਝੱਟ ਫਿਲਮ ਬਣਾਉਣ ਲਈ ਤਿਆਰ ਹੋ ਗਈ। ਉਹ ਇਸ ਫਿਲਮ ਨੂੰ ਆਪਣੇ ਦਿਲ ਦੇ ਬਹੁਤ ਨੇੜੇ ਦੱਸਦੀ ਹੈ। ਕਹਾਣੀ ਦੀ ਚਰਚਾ ਵੇਲੇ ਬਰਾਊਨ ਨੇ ਇਹੀ ਗੱਲ ਕਹੀ ਸੀ ਕਿ ਇਸ ਫਿਲਮ ਦੀ ਕਹਾਣੀ ਉਂਜ ਤਾਂ ਸਿਰਫ ਇਕ ਵਾਕ ਵਿਚ ਮੁੱਕ ਜਾਂਦਾ ਹੈ, ਪਰ ਅਸਲ ਮਸਲਾ ਇਸ ਮੁੱਦੇ ਨੂੰ ਉਭਾਰਨ ਦਾ ਹੈ। ਉਹ ਚਾਹੁੰਦਾ ਸੀ ਕਿ ਦੁਨੀਆਂ ਸਾਹਮਣੇ ਇਹ ਮਸਲਾ ਉਭਾਰਨ ਵਿਚ ਮੈਂ ਉਸ ਦੀ ਮੱਦਦਗਾਰ ਬਣਾਂ। ਸੋ, ਮੈਂ ਦੂਜਾ ਪਲ ਵੀ ਨਹੀਂ ਉਡੀਕਿਆ ਅਤੇ ਫਿਲਮ ਲਈ 'ਹਾਂ' ਕਰ ਦਿੱਤੀ। ਉਹ ਦੱਸਦੀ ਹੈ ਕਿ ਉਸ ਦੀਆਂ ਪਹਿਲੀਆਂ ਫਿਲਮਾਂ ਨੂੰ ਵੀ ਬਥੇਰਾ ਹੁੰਗਾਰਾ ਮਿਲਿਆ ਹੈ, ਪਰ ਜਿਸ ਤਰ੍ਹਾਂ ਦੀ ਤਸੱਲੀ ਇਸ ਫਿਲਮ ਦੀ ਚਰਚਾ ਕਰ ਕੇ ਹੋਈ ਹੈ, ਉਹ ਸੱਚਮੁੱਚ ਬਹੁਤ ਸਕੂਨ ਦੇਣ ਵਾਲੀ ਹੈ। ਜਾਪਦਾ ਹੈ, ਜਿਵੇਂ ਕਈ ਦਿਨਾਂ ਦੇ ਭੁੱਖੇ ਨੂੰ ਅੰਨ-ਪਾਣੀ ਨਸੀਬ ਹੋ ਗਿਆ ਹੋਵੇ। ਇਸ ਫਿਲਮ ਵਿਚ ਗਿਲੀਅਨ ਐਂਡਰਸਨ ਤੋਂ ਇਲਾਵਾ ਡੇਵਿਡ ਆਰਕਟ ਨੇ ਵੀ ਅਹਿਮ ਕਿਰਦਾਰ ਨਿਭਾਇਆ ਹੈ। ਇਨ੍ਹਾਂ ਤੋਂ ਇਲਾਵਾ 'ਬੈਂਡਿਟ ਕੁਈਨ' ਵਾਲੀ ਅਦਾਕਾਰਾ ਸੀਮਾ ਬਿਸਵਾਸ, ਪਰਮਬ੍ਰਤ ਚੈਟਰਜੀ, ਸ਼ੁਸਮਿਤਾ ਮੁਖਰਜੀ, ਪ੍ਰਿਯੰਕਾ ਬੋਸ, ਅੰਕੁਰ ਵਿਕਲ, ਨੀਰਜ਼ਾ ਨਾਇਕ ਆਦਿ ਅਦਾਕਾਰਾ ਨੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ।

***ਅਦਾਕਾਰਾ ਗਿਲੀਅਨ ਐਂਡਰਸਨ ਦੱਸਦੀ ਹੈ ਕਿ ਉਸ ਦੀਆਂ ਪਹਿਲੀਆਂ ਫਿਲਮਾਂ ਨੂੰ ਵੀ ਬਥੇਰਾ ਹੁੰਗਾਰਾ ਮਿਲਿਆ ਹੈ, ਪਰ ਜਿਸ ਤਰ੍ਹਾਂ ਦੀ ਤਸੱਲੀ ਇਸ ਫਿਲਮ ਦੀ ਚਰਚਾ ਕਰ ਕੇ ਹੋਈ ਹੈ, ਉਹ ਸੱਚਮੁੱਚ ਬਹੁਤ ਸਕੂਨ ਦੇਣ ਵਾਲੀ ਹੈ। ਜਾਪਦਾ ਹੈ, ਜਿਵੇਂ ਕਈ ਦਿਨਾਂ ਦੇ ਭੁੱਖੇ ਨੂੰ ਅੰਨ-ਪਾਣੀ ਨਸੀਬ ਹੋ ਗਿਆ ਹੋਵੇ।***

ਇਸ ਫਿਲਮ ਮੇਲੇ ਵਿਚ ਸ਼ੁਭਾਸ਼ੀਸ਼ ਭੁਟਿਆਨੀ ਦੀ ਫਿਲਮ 'ਕੁਸ਼' ਨੂੰ ਇਕ ਹਜ਼ਾਰ ਪੌਂਡ ਦਾ ਇਨਾਮ ਦਿੱਤਾ ਗਿਆ ਹੈ। ਇਹ ਫਿਲਮ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਨਾਲ ਸਬੰਧਤ ਹੈ। ਇਹ ਛੋਟੀ ਫਿਲਮ ਇਕ ਸਿੱਖ ਬੱਚੇ ਦੁਆਲੇ ਘੁਮਦੀ ਹੈ। ਸ਼ੁਭਾਸ਼ੀਸ਼ ਭੁਟਿਆਨੀ ਦਾ ਦਾਅਵਾ ਹੈ ਕਿ ਇਹ ਸੱਚੀ ਘਟਨਾ ਉਤੇ ਅਧਾਰਤ ਹੈ ਅਤੇ ਇਸ ਫਿਲਮ ਦੀ ਪ੍ਰੇਰਨਾ ਉਸ ਨੂੰ ਉਸ ਦੇ ਇਕ ਅਧਿਆਪਕ ਵੱਲੋਂ ਸੁਣਾਈ ਕਹਾਣੀ ਤੋਂ ਮਿਲੀ ਸੀ।

ਇਸ ਫਿਲਮ ਮੇਲੇ ਬਾਰੇ 'ਭਾਗ ਮਿਲਖਾ ਭਾਗ' ਵਿਚ ਮੁੱਖ ਕਿਰਦਾਰ ਨਿਭਾਉਣ ਵਾਲੇ ਉਮਦਾ ਅਦਾਕਾਰ ਫਰਹਾਨ ਅਖਤਰ ਦਾ ਕਹਿਣਾ ਹੈ ਕਿ ਲੰਡਨ ਇੰਡੀਅਨ ਫਿਲਮ ਫੈਸਟੀਵਲ ਨੇ ਆਪਣੇ ਪਿਛਲੇ ਸਾਲਾਂ ਦੀ ਕਾਰਗੁਜ਼ਾਰੀ ਨਾਲ ਵਾਹਵਾ ਪੈਂਠ ਪਾ ਲਈ ਹੈ। ਹੁਣ ਇਸ ਫਿਲਮ ਫੈਸਟੀਵਲ ਦੀ ਪੁੱਛ ਪ੍ਰਤੀਤ ਪਹਿਲਾਂ ਨਾਲੋਂ ਕਿਤੇ ਵੱਧ ਹੈ।




ਫਿਲਮਸਾਜ਼ ਜੈਫਰੀ ਬਰਾਊਨ ਦੀ ਫਿਲਮ 'ਸੋਲਡ' ਦੇ ਦੋ ਪੋਸਟਰ।

# ਭਾਰਤੀ ਮੂਲ ਅਮਰੀਕੀ ਅਦਾ



ਆਰਚੀ ਪੰਜਾਬੀ

ਅਮਰੀਕੀ ਟੈਲੀਵਿਜ਼ਨ ਉਤੇ ਅੱਜ ਕੱਲ੍ਹ ਭਾਰਤੀ ਮੂਲ ਦੀਆਂ ਦੋ ਅਦਾਕਾਰਾਂ ਆਰਚੀ ਪੰਜਾਬੀ (ਅਰਚਨਾ ਪੰਜਾਬੀ) ਅਤੇ ਇੰਦਰਾ ਵਰਮਾ ਖੂਬ ਛਾਈਆਂ ਹੋਈਆਂ ਹਨ। ਆਰਚੀ ਪੰਜਾਬੀ ਦਾ ਲੜੀਵਾਰ 'ਦਿ ਗੁੱਡ ਵਾਈਫ' 2009 ਤੋਂ ਚੱਲ ਰਿਹਾ ਹੈ। ਇਸੇ ਤਰ੍ਹਾਂ ਇੰਦਰਾ ਵਰਮਾ 'ਗੇਮਜ਼ ਆਫ ਥਰੋਨਜ਼' ਨਾਲ ਚਰਚਾ ਵਿਚ ਹੈ। ਅਰਚਨਾ ਪੰਜਾਬੀ ਸਿੰਧੀ ਜੋੜੀ ਗੋਬਿੰਦ ਅਤੇ ਪਦਮਾ ਪੰਜਾਬੀ ਦੇ ਘਰ 31 ਮਈ 1972 ਨੂੰ ਜਨਮੀ ਸੀ। ਬਾਅਦ ਵਿਚ ਇਹ ਜੋੜੀ ਲੰਡਨ ਵਸ ਗਈ। ਆਰਚੀ ਨੇ ਬਰੂਨਲ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਹੋਈ ਹੈ। ਉਸ ਦੀ ਪਹਿਲੀ ਟੈਲੀਵਿਜ਼ਨ ਫਿਲਮ 'ਅੰਡਰ ਦੀ ਮੂਨ' 1995 ਵਿਚ ਆਈ ਸੀ। 2002 ਵਿਚ ਆਈ ਫਿਲਮ 'ਬੈਂਡ ਇੱਟ ਲਾਈਕ ਬੈਕਹੈਮ' ਵਿਚ ਉਸ ਨੇ ਅਹਿਮ ਰੋਲ ਨਿਭਾਇਆ। ਅੱਜ ਕੱਲ੍ਹ ਉਹ 'ਸਾਂ ਐਂਡਰਿਜ਼' ਫਿਲਮ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਉਸ ਨੇ ਕਈ ਟੈਲੀਵਿਜ਼ਨ ਲੜੀਵਾਰਾਂ ਵਿਚ ਵੀ ਕੰਮ ਕੀਤਾ ਜਿਨ੍ਹਾਂ ਵਿਚ ਸਾਇਰਨ ਸਪਿਰਟਸ, ਡੈਡ, ਮਰਡਰ ਇਨ ਮਾਈਂਡ, ਵ੍ਹਾਈਟ ਟੀਥ, ਮਾਈ ਫੈਮਲੀ ਅਤੇ ਪਰਸਨਲ ਅਫੇਅਰ ਆਦਿ ਮੁੱਖ ਹਨ। ਉਸ ਨੇ ਫਿਲਮਾਂ ਅਤੇ ਟੈਲੀਵਿਜ਼ਨ ਲਈ ਲਗਾਤਾਰ ਅਤੇ ਬਰੋ-ਬਰਾਬਰ ਦਾ ਕੰਮ ਕੀਤਾ ਹੈ। ਹਾਲੀਵੁੱਡ ਫਿਲਮ ਵਿਚ ਉਸ ਨੇ ਸਭ ਤੋਂ ਪਹਿਲਾਂ 'ਦਿ ਕੌਂਸਟੈਂਟ ਗਾਰਡਨਰ' ਵਿਚ ਕੰਮ ਕੀਤਾ ਸੀ। ਇਹ ਫਿਲਮ 2005 ਵਿਚ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਨੂੰ ਆਕਸਰ ਐਵਾਰਡ ਵੀ ਮਿਲਿਆ ਸੀ। 1998 ਵਿਚ ਆਰਚੀ ਪੰਜਾਬੀ ਨੇ ਰਾਜੇਸ਼ ਨਿਹਲਾਨੀ ਨਾਲ ਵਿਆਹ ਕਰਵਾ ਲਿਆ। ਉਸ ਦਾ ਕਹਿਣਾ ਹੈ ਕਿ ਉਹ ਅੰਤ ਤੱਕ ਫਿਲਮਾਂ ਕਰਨੀਆਂ ਚਾਹੁੰਦੀ ਹੈ।

ਇੰਦਰਾ ਵਰਮਾ ਦਾ ਪਿਤਾ ਭਾਰਤ ਤੋਂ ਹੈ ਜਦ ਕਿ ਉਸ ਦੀ ਮਾਂ ਸਵਿਟਜ਼ਰਲੈਂਡ ਦੀ ਵਸਨੀਕ। ਬਾਅਦ ਵਿਚ ਇਹ ਜੋੜੀ ਵੀ ਇੰਗਲੈਂਡ ਵਿਚ ਜਾ ਵਸੀ। ਇੰਦਰਾ ਵਰਮਾ ਦਾ ਜਨਮ 14 ਮਈ 1973 ਨੂੰ ਹੋਇਆ ਅਤੇ 1996 ਵਿਚ ਉਸ ਨੂੰ 'ਕਾਮ ਸੂਤਰ' ਫਿਲਮ ਵਿਚ ਕੰਮ ਮਿਲਿਆ। ਇਸ ਫਿਲਮ ਕਰ ਕੇ ਉਸ ਦੀ ਬੜੀ ਚਰਚਾ ਹੋਈ। ਇਸ ਤੋਂ ਬਾਅਦ ਉਸ ਦੀਆਂ ਕਈ ਹੋਰ ਫਿਲਮਾਂ ਆਈਆਂ ਜਿਨ੍ਹਾਂ ਵਿਚ ਜਿਨਾਹ, ਬਰਾਈਡ ਐਂਡ ਪਰੈਜੂਡਿਸ, ਬੇਸਿਕ ਇੰਸਟਿੰਕਟ 2, ਮੈਡ ਡੌਗਸ ਆਦਿ ਮੁੱਖ ਹਨ। 1914 ਵਿਚ ਉਸ ਦੀ ਫਿਲਮ 'ਐਗਜ਼ੋਡਸ: ਗੌਡਸ ਐਂਡ ਕਿੰਗਜ਼' ਰਿਲੀਜ਼ ਹੋਈ। 1996 ਤੋਂ ਹੀ ਉਹ ਟੈਲੀਵਿਜ਼ਨ ਨਾਲ ਜੁੜੀ ਹੋਈ ਹੈ। ਉਸ ਦਾ ਪਹਿਲਾ ਟੈਲੀਵਿਜ਼ਨ ਲੜੀਵਾਰ 'ਕਰੂਸ਼ੀਅਲ ਟੇਲਜ਼' ਸੀ। ਉਸ ਦੀ ਸਭ ਤੋਂ ਵੱਧ ਚਰਚਾ 'ਗੇਮਜ਼ ਆਫ ਥਰੋਨ' ਨਾਲ ਹੋਈ। ਇੰਦਰਾ ਵਰਮਾ ਨਾਲ ਦੀ ਨਾਲ ਥਿਏਟਰ ਨਾਲ ਵੀ ਜੁੜੀ ਹੋਈ ਹੈ। ਉਸ ਨੇ ਨੈਸ਼ਨਲ ਥੀਏਟਰ (ਲੰਡਨ) ਦੇ ਨਾਟਕ 'ਸ਼ੇਕਸਪੀਅਰਜ਼ ਓਥੈਲੋ' ਵਿਚ ਅਹਿਮ ਕਿਰਦਾਰ ਨਿਭਾਇਆ। ਇਸ ਤੋਂ ਇਲਾਵਾ ਉਸ ਨੇ ਹੈਰੋਲਡ ਪੇਂਟਰ ਦੇ ਨਾਟਕ ਵਿਚ ਵੀ ਅਦਾਕਾਰੀ ਕੀਤੀ। 2002 ਵਿਚ ਹੀ ਉਸ ਨੇ ਨੈਸ਼ਨਲ ਥਿਏਟਰ ਵੱਲੋਂ ਤਿਆਰੀ ਰੂਸੀ ਲੇਖਕ ਅੰਤੋਨ ਚੈਖਵ ਦੀ ਰਚਨਾ 'ਇਵਾਨੋਵਾ' ਵਿਚ ਸਸ਼ਾ ਦਾ ਅਹਿਮ ਕਿਰਦਾਰ ਨਿਭਾਇਆ। ਇੰਦਰਾ ਵਰਮਾ ਆਪਣੇ ਪਤੀ ਕੋਲਿਨ ਟਿਰਨੀ ਨਾਲ ਹੋਰਨਸੇ (ਲੰਡਨ) ਵਿਚ ਰਹਿੰਦੀ ਹੈ। ਇਸ ਜੋੜੀ ਦੇ ਕੋਲ ਇਕ ਧੀ ਹੈ।



ਇੰਦਰਾ ਵਰਮਾ

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
**1-800-RAJ-SYAN**
*(with 17 years Experienced)*

**Call:734-261-0936**
**734-890-1767**

e-mail: raj@syanvideo.com
visit at: www.syanvideo.com

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

# ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

**Ph:575-576-4111, 575-815-8536**



# King Ways Travel Service

Fly India /Nepal/Bangladesh /
$ 899.00 + Taxes Round Trip
We have the best fares for Europe
LONDON/MUNICH/GLASSGOW/
ROME/ATHENS/MADRID/PARIS
$299.00 O/W + Plus Taxes
Group Fare / Group Tours specials

| | |
|---|---|
| DELHI | HYDRABAD |
| MUMBAI | LAHORE |
| AHMADBAD | KHATMUNDU |
| AMRITSAR | BANGKOK |
| CHANANI | SINGAPORE |

$899.00 Plus Taxes

kingwaystravel@outlook.com
Call Toll Free: 1-888-300-9579
Customer Service: 1-914-600-7224


PIND PRODUCTIONS & MBD GROUP
IN ASSOCIATION WITH
neehee's
PROUDLY PRESENTS
The JOGIYA LIVE
GURDAS MAAN
LIVE IN CONCERT
15 AUG 2014 | 8pm
@ PEASE AUDITORIUM EMU
COLLEGE PL, YPSILANTI , MI 48187
TICKETS : $35 , $45 , $75 , $100 , VIP & VVIP
FOR MORE INFO:
DAVINDER GREWAL 734 560 2886 | GOLDY DHILLON 734 444 9625
RUSTY SEKHON 734 233 8464 | BABBU NARWAL 734 564 1469
INYX Incorporated
SINGH
A Tradition Of Excellence
AQL
neehee's
KARN GILL
World Wide Travel
www.fly2world.com
Harpreet Singh 734-330-3556
MOONSTONE
TRUCK CENTER
Simply Service with a Smile
RTI
RTI LABORATORIES
STAY TUNED WWW.PINDPRODUCTIONS.NET | FACEBOOK.COM/PINDPRODUCTIONS